**Golden State Realty** JASSI GILL Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969 CA DRE# 00966763



**Law Office of M Vivek Malik**
Toll free no 866-424-4000
www.usa.immigrationlaw.com



M Vivek Malik

ACCOMPLISHED IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA | Certified Insurance Agent | **Global Green** INSURANCE AGENCY



Gurdawar Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM



Gurcharan Singh Mann

**Mann Insurance Brokers Inc.**
4123 Dyer St., #230, Union City, CA 94587



Twenty-Third Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 22, May 28, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਜਥੇਦਾਰ ਦੇ 'ਹੁਕਮ' ਨੇ ਛੇੜੀ ਨਵੀਂ ਚਰਚਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਵਧਾਈ ਸੰਦੇਸ਼ ਵਿਚ ਹਰ ਸਿੱਖ ਨੂੰ ਮਾਡਰਨ ਲਾਇਸੈਂਸੀ ਹਥਿਆਰ ਰੱਖਣ ਦੇ 'ਹੁਕਮਾਂ' ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਜਥੇਦਾਰ ਦੇ ਇਸ 'ਹੁਕਮ' ਪਿੱਛੋਂ ਜਿਥੇ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਸਖਤ ਇਤਰਾਜ਼ ਉਠਾਇਆ ਹੈ, ਉਥੇ ਪੰਥਕ ਹਲਕਿਆਂ ਵਿਚ ਵੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ।

ਜਥੇਦਾਰ ਦਾ ਤਰਕ ਹੈ ਕਿ ਗੁਰੂ ਸਾਹਿਬ ਨੇ ਅਕਾਲ ਤਖਤ ਦੀ ਸਥਾਪਨਾ ਕਰਨ ਮਗਰੋਂ ਹਰ ਸਿੱਖ ਨੂੰ ਸ਼ਸਤਰਧਾਰੀ ਹੋਣ ਦਾ ਸੰਦੇਸ਼ ਦਿੱਤਾ। ਇਹ ਸੰਦੇਸ਼ ਅੱਜ ਵੀ ਕਾਰਗਰ ਹੈ ਤੇ ਨੌਜਵਾਨ ਪੀੜ੍ਹੀ ਨੂੰ ਇਸ ਉਪਦੇਸ਼ 'ਤੇ ਚੱਲਦਿਆਂ ਸ਼ਸਤਰਧਾਰੀ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਤਲਵਾਰਬਾਜ਼ੀ, ਗਤਕਾ, ਨੇਜ਼ੇਬਾਜ਼ੀ, ਘੋੜਸਵਾਰੀ ਆਦਿ ਕਲਾਵਾਂ ਵਿਚ ਸਿੱਖਿਅਤ ਹੋਣਾ ਚਾਹੀਦਾ ਹੈ ਤੇ ਅੱਜ ਦੇ ਸਮੇਂ ਵਿਚ ਹਰ ਸਿੱਖ ਲਾਇਸੈਂਸੀ ਹਥਿਆਰ ਵੀ ਰੱਖਣ ਦਾ ਯਤਨ ਕਰੇ। ਜਥੇਦਾਰ ਦੇ ਇਸ ਬਿਆਨ ਮਗਰੋਂ ਸਾਬਕਾ ਜਥੇਦਾਰ ਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਸਵਾਲ ਕੀਤਾ ਹੈ ਕਿ ਕੀ ਇਸ ਸੰਦੇਸ਼ ਨਾਲ ਸਿੱਖ ਨੌਜਵਾਨ ਆਪਣੀ ਦਿਸ਼ਾ ਤੋਂ ਨਹੀਂ ਭਟਕਣਗੇ?

ਸ਼੍ਰੋਮਣੀ ਕਮੇਟੀ ਨੇ ਜਥੇਦਾਰ ਦੇ ਬਿਆਨ ਦਾ ਸਮਰਥਨ ਕੀਤਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਭਾਈ ਰਾਮ ਸਿੰਘ ਨੇ ਜਥੇਦਾਰ ਵੱਲੋਂ ਦਿੱਤੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਿਧਾਂਤ 'ਤੇ ਪਹਿਰਾ ਦੇਣ ਦਾ ਯਤਨ ਕੀਤਾ ਹੈ। ਗੁਰੂ ਹਰਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼



ਦੇਣਾ ਜਾਇਜ਼ ਹੈ ਤੇ ਜੋ ਵੀ ਸੰਦੇਸ਼ ਦਿੱਤਾ ਹੈ, ਉਹ ਸਿੱਖ ਨੀਤੀ, ਸਿਧਾਂਤ ਤੇ ਰਵਾਇਤ ਦੇ ਮੁਤਾਬਕ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹਥਿਆਰ ਰੱਖਣ ਦਾ ਹੁਕਮ ਸਾਨੂੰ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵੱਲੋਂ ਦਿੱਤਾ ਗਿਆ ਹੈ ਤੇ ਦੁਨੀਆ ਦੀ ਕੋਈ ਵੀ ਤਾਕਤ ਸਾਨੂੰ ਹਥਿਆਰਾਂ ਤੋਂ ਜੁਦਾ ਨਹੀਂ ਰੱਖ ਸਕਦੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਇਸ ਸਬੰਧੀ ਦਿੱਤਾ ਗਿਆ ਬਿਆਨ ਬਿਲਕੁਲ ਠੀਕ ਅਤੇ ਢੁਕਵਾਂ ਹੈ। ਕਿਸੇ ਨੂੰ ਕੋਈ ਹੱਕ ਨਹੀਂ ਕਿ ਉਹ ਜਥੇਦਾਰ ਦੇ ਬਿਆਨ 'ਤੇ ਕਿੰਤੂ-ਪ੍ਰੰਤੂ ਕਰੇ।

ਉਧਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਨੂੰ ਸਿੱਖਾਂ ਨੂੰ ਲਾਇਸੈਂਸੀ ਆਧੁਨਿਕ ਹਥਿਆਰ ਰੱਖਣ ਲਈ ਕਹਿਣ ਦੀ ਬਜਾਇ ਸਮਾਜ ਵਿਚ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸੱਭਿਅਕ ਸਮਾਜ ਵਿਚ ਰਹਿ ਰਹੇ ਹਾਂ, ਜਿਥੇ ਦੇਸ਼ ਦਾ ਸ਼ਾਸਨ ਕਾਨੂੰਨ ਦੇ ਰਾਜ ਨਾਲ ਚੱਲਦਾ ਹੈ। ਅਜਿਹੇ ਸੁਹਿਰਦ ਅਤੇ ਸਦਭਾਵਨਾ ਵਾਲੇ ਸਮਾਜ ਵਿਚ ਹਥਿਆਰਾਂ ਦੀ ਕੋਈ ਥਾਂ ਨਹੀਂ ਹੁੰਦੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਗੁਰਬਾਣੀ ਦੇ ਸੰਦੇਸ਼ ਨੂੰ ਫੈਲਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ ਜਿਸ ਵਿਚ 'ਸਰਬੱਤ ਦਾ ਭਲਾ' ਦੀ ਕਲਪਨਾ ਕੀਤੀ ਗਈ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਜਥੇਦਾਰ ਸਾਹਿਬ ਪੰਜਾਬ ਦੇ ਲੋਕਾਂ ਨੂੰ ਦੱਸਣ ਕਿ ਪੰਜਾਬ ਵਿਚ ਸਿੱਖਾਂ ਨੂੰ ਕੀ ਖਤਰਾ ਹੈ, ਜੋ ਉਨ੍ਹਾਂ ਨੂੰ ਹਥਿਆਰ ਰੱਖਣੇ ਪੈਣ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਸਾਜ਼ਿਸ਼ ਤਹਿਤ ਦਿਵਾਏ ਜਾਂਦੇ ਹਨ।

ਜਥੇਦਾਰ ਦਾ ਇਹ ਸੰਦੇਸ਼ ਉਸ ਸਮੇਂ ਆਇਆ ਹੈ ਜਦੋਂ ਪੰਜਾਬ ਨਸ਼ਿਆਂ, ਬੇਰੁਜ਼ਗਾਰੀ ਤੇ ਲਾਕਾਨੂੰਨੀ ਵਰਗੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜਥੇਦਾਰ ਦੇ ਸੰਦੇਸ਼


***(ਬਾਕੀ ਸਫਾ 6 'ਤੇ)***


## ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸਿਹਤ ਮੰਤਰੀ ਦੀ ਛੁੱਟੀ



**ਮੁਹਾਲੀ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਪਹਿਲੀ ਵੱਡੀ ਕਾਰਵਾਈ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਪੰਜਾਬ ਕੈਬਨਿਟ ਵਿਚੋਂ ਬਾਹਰ ਕਰ ਦਿੱਤਾ ਹੈ। ਵਿਜੈ ਸਿੰਗਲਾ ਨੂੰ ਸਿਹਤ ਵਿਭਾਗ ਵੱਲੋਂ ਕੀਤੀ ਜਾਣ ਵਾਲੀ ਖ਼ਰੀਦੋ-ਫ਼ਰੋਖ਼ਤ ਲਈ ਇਕ ਫੀਸਦ ਕਮਿਸ਼ਨ ਮੰਗਣ ਦੇ ਦੋਸ਼ਾਂ ਹੇਠ ਬਰਖ਼ਾਸਤ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਵਿਜੈ ਸਿੰਗਲਾ ਦੀ ਭ੍ਰਿਸ਼ਟਾਚਾਰ 'ਚ ਸ਼ਮੂਲੀਅਤ ਬਾਰੇ ਸਾਰੇ ਸਬੂਤ ਮੌਜੂਦ ਹਨ। ਮੁੱਖ ਮੰਤਰੀ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਾ ਕਰਨ ਦੀ ਆਪਣੀ ਨੀਤੀ 'ਤੇ ਦ੍ਰਿੜ ਹੈ। ਪੰਜਾਬ ਪੁਲਿਸ ਦੇ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਨੇ ਡਾ. ਵਿਜੈ ਸਿੰਗਲਾ ਤੇ ਉਸ ਦੇ ਓ.ਐਸ.ਡੀ. ਪ੍ਰਦੀਪ ਖਿਲਾਫ ਮੁਹਾਲੀ ਦੇ ਥਾਣਾ ਫੇਜ਼ 8 ਵਿਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ 8 ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਤੋਂ ਪੁੱਛਗਿਛ ਸ਼ੁਰੂ ਕਰ ਦਿੱਤੀ ਹੈ। ਡਾ. ਵਿਜੈ ਸਿੰਗਲਾ ਖਿਲਾਫ ਕੇਸ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਨਿਗਰਾਨ ਇੰਜੀਨੀਅਰ ਰਾਜਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਸ਼ਿਕਾਇਤ ਮੁਤਾਬਕ ਸਿਹਤ ਵਿਭਾਗ ਵੱਲੋਂ 41 ਕਰੋੜ ਰੁਪਏ ਦੇ ਟੈਂਡਰ ਅਲਾਟ ਕੀਤੇ ਜਾਣੇ ਹਨ ਤੇ ਮਾਰਚ ਮਹੀਨੇ ਵਿਚ 17 ਕਰੋੜ ਰੁਪਏ ਦੇ ਟੈਂਡਰ ਅਲਾਟ ਕੀਤੇ ਗਏ ਸਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਵਿਜੈ ਸਿੰਗਲਾ ਨੇ ਕੁੱਲ 58 ਕਰੋੜ ਰੁਪਏ ਦੇ ਟੈਂਡਰਾਂ ਦਾ 2 ਫੀਸਦ ਕਮਿਸ਼ਨ 1.16 ਕਰੋੜ ਰੁਪਏ ਦੀ ਮੰਗ ਕੀਤੀ ਸੀ। ਕਮਿਸ਼ਨ ਦੇਣ ਤੋਂ ਇਨਕਾਰ ਕਰਨ 'ਤੇ 10 ਲੱਖ ਰੁਪਏ ਦੀ ਮੰਗ ਕੀਤੀ ਤਾਂ ਸੌਦਾ 5 ਲੱਖ ਵਿਚ ਤੈਅ ਹੋ ਗਿਆ। ਡਾ. ਸਿੰਗਲਾ ਨੇ ਭਵਿੱਖ ਵਿਚ ਵਿਭਾਗ ਵੱਲੋਂ ਅਲਾਟ ਕੀਤੇ ਜਾਣ ਵਾਲੇ ਕੰਮਾਂ ਦਾ ਕਥਿਤ ਇਕ ਫੀਸਦ ਕਮਿਸ਼ਨ ਦੇਣ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਉਕਤ ਅਧਿਕਾਰੀ ਨੂੰ ਭਰੋਸੇ ਵਿਚ ਲੈਂਦਿਆਂ


***(ਬਾਕੀ ਸਫਾ 6 'ਤੇ)***



**Harmit Toor**
*Your Realtor® For Life!*



Broker Associate
BRE Lic.# 01462579
NMLS ID 358820

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing

2015-19 Awarded Grand Master Achievement Club Certificate

BEB BAY EAST BROKERS | EQUAL HOUSING OPPORTUNITY

Ph: 925-202-7027
HDtoor@gmail.com
WWW.BayEastBrokers.Com



Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



17 years of experience

Services
- We do Same day IRP Plates
- Truck Permits
- New company
- Truck ELD
- Trucking compliance



Rajinder Singh

159 D'Arcy Pkwy, Lathrop, CA 95330
Phone: 209 636 0880

XPressCargo

Tel.: 317-426-5410

Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸੁਪਰੀਮ ਕੋਰਟ ਵੱਲੋਂ ਨਵਜੋਤ ਸਿੱਧੂ ਨੂੰ ਇਕ ਸਾਲ ਦੀ ਕੈਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੂੰ 1988 ਦੇ ਰੋਡ ਰੇਜ ਕੇਸ 'ਚ ਇਕ ਸਾਲ ਕੈਦ ਦੀ ਸਜਾ ਸੁਣਾਈ ਹੈ। ਨਵਜੋਤ ਸਿੰਘ ਨੇ ਸੁਪਰੀਮ ਕੋਰਟ ਵਿਚ ਕੀਤੀ ਕਾਨੂੰਨੀ ਚਾਰਾਜੋਈ ਮਗਰੋਂ ਅਦਾਲਤ 'ਚ ਆਤਮ-ਸਮਰਪਣ ਕਰ ਦਿੱਤਾ ਜਿਥੋਂ ਉਨ੍ਹਾਂ ਨੂੰ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਨਵਜੋਤ ਸਿੱਧੂ ਨੇ ਜੇਲ੍ਹ ਜਾਣ ਤੋਂ ਬਚਣ ਲਈ ਸੁਪਰੀਮ ਕੋਰਟ 'ਚ ਅਰਜ਼ੀ ਦੇ ਕੇ ਸਿਹਤ ਖਰਾਬ ਹੋਣ ਦੇ ਹਵਾਲੇ ਨਾਲ ਆਤਮ-ਸਮਰਪਣ ਲਈ ਹਫਤੇ ਦੀ ਮੋਹਲਤ ਮੰਗੀ ਸੀ। ਹਾਲਾਂਕਿ ਸਥਿਤੀ ਅਸਪਸ਼ਟ ਹੋਣ ਕਰਕੇ ਸਿੱਧੂ ਨੇ ਮਗਰੋਂ ਚਾਰ ਵਜੇ ਅਦਾਲਤ ਵਿਚ ਜਾ ਕੇ ਆਤਮ-ਸਮਰਪਣ ਕਰ ਦਿੱਤਾ।

ਸੁਪਰੀਮ ਕੋਰਟ ਦੇ ਬੈਂਚ ਨੇ ਸਿੱਧੂ ਨੂੰ ਦਿੱਤੀ ਗਈ ਸਜਾ ਦੇ ਮੁੱਦੇ 'ਤੇ ਪੀੜਤ ਪਰਿਵਾਰ ਵੱਲੋਂ ਦਾਖਲ ਨਜ਼ਰਸਾਨੀ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ। ਉਂਜ ਸਿਖਰਲੀ ਅਦਾਲਤ ਨੇ ਮਈ 2018 ਵਿਚ ਸਿੱਧੂ ਨੂੰ 65 ਸਾਲ ਦੇ ਇਕ ਵਿਅਕਤੀ ਨੂੰ 'ਜਾਣਬੁੱਝ ਕੇ ਸੱਟ ਮਾਰਨ' ਦਾ ਦੋਸ਼ੀ ਠਹਿਰਾਇਆ ਸੀ ਪਰ ਇਕ ਹਜ਼ਾਰ ਰੁਪਏ ਦਾ ਜੁਰਮਾਨਾ ਲਗਾ ਕੇ ਉਸ ਨੂੰ ਛੱਡ ਦਿੱਤਾ ਗਿਆ ਸੀ। ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ,"ਸਾਨੂੰ ਲੱਗਦਾ ਹੈ ਕਿ ਰਿਕਾਰਡ 'ਚ ਇਕ ਖਾਮੀ ਸਪੱਸ਼ਟ ਹੈ। ਇਸ ਲਈ ਅਸੀਂ ਸਜਾ ਦੇ ਮੁੱਦੇ 'ਤੇ ਨਜ਼ਰਸਾਨੀ ਅਰਜ਼ੀ ਨੂੰ ਮਨਜ਼ੂਰ ਕੀਤਾ ਹੈ। ਲਾਏ ਗਏ ਜਰਮਾਨੇ ਤੋਂ ਇਲਾਵਾ ਅਸੀਂ ਇਕ ਸਾਲ ਜੇਲ੍ਹ ਦੀ ਸਜਾ ਦੇਣਾ ਠੀਕ ਸਮਝਦੇ ਹਾਂ।"

ਸਤੰਬਰ 2018 'ਚ ਸਿਖਰਲੀ ਅਦਾਲਤ ਮਾਰੇ ਗਏ ਬਜ਼ੁਰਗ ਦੇ ਪਰਿਵਾਰ ਵੱਲੋਂ ਦਾਖਲ ਕੀਤੀ ਗਈ ਨਜ਼ਰਸਾਨੀ ਪਟੀਸ਼ਨ 'ਤੇ ਵਿਚਾਰ ਕਰਨ ਲਈ ਰਾਜ਼ੀ ਹੋ ਗਈ ਸੀ ਅਤੇ ਨੋਟਿਸ ਜਾਰੀ ਕੀਤਾ ਸੀ ਜੋ ਸਜਾ ਦੀ ਮਿਆਦ ਤੱਕ ਸੀਮਤ ਸੀ। ਸੁਪਰੀਮ ਕੋਰਟ ਨੇ ਪਹਿਲਾਂ ਵੀ ਸਿੱਧੂ ਨੂੰ ਉਸ ਅਰਜ਼ੀ 'ਤੇ ਜਵਾਬ ਦਾਖਲ ਕਰਨ ਲਈ ਕਿਹਾ ਸੀ ਜਿਸ 'ਚ ਕਿਹਾ ਗਿਆ ਸੀ ਕਿ ਕੇਸ 'ਚ ਉਸ ਦੀ ਸਜਾ ਸਿਰਫ ਜਾਣਬੁੱਝ ਕੇ ਸੱਟ ਮਾਰਨ ਦੇ ਛੋਟੇ ਜਿਹੇ ਜੁਰਮ ਲਈ ਨਹੀਂ ਹੋਣੀ ਚਾਹੀਦੀ ਸੀ।



## ਅਦਾਲਤ ਦਾ ਫੈਸਲਾ ਸਿਰ ਮੱਥੇ: ਸਿੱਧੂ

**ਚੰਡੀਗੜ੍ਹ:** ਨਵਜੋਤ ਸਿੱਧੂ ਨੇ ਕਿਹਾ ਕਿ ਉਨ੍ਹਾਂ ਆਪਣੀ ਜਿੰਦਗੀ 'ਚ ਨਸ਼ਿਆਂ ਦੀ ਤਸਕਰੀ ਜਾਂ ਕੋਈ ਅਜਿਹਾ ਅਪਰਾਧ ਨਹੀਂ ਕੀਤਾ, ਜਿਸ ਦੀ ਜਾਂਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਕਰਨੀ ਪਈ ਹੋਵੇ। ਰੋਡ ਰੇਜ ਕੇਸ ਬਾਰੇ ਸਿੱਧੂ ਨੇ ਕਿਹਾ ਕਿ ਇਹ ਵੀ ਸਾਢੇ ਤਿੰਨ ਦਹਾਕੇ ਪੁਰਾਣਾ ਕੇਸ ਹੈ ਜਿਸ ਦੌਰਾਨ ਉਹ ਰਾਜਨੀਤੀ ਵਿਚ ਨਹੀਂ ਆਏ ਸਨ। ਉਨ੍ਹਾਂ ਨੇ ਅਦਾਲਤ ਦੇ ਫੈਸਲੇ ਨੂੰ ਸਿਰ ਮੱਥੇ ਆਖਿਆ।

ਸਿੱਧੂ ਨੇ 25 ਮਾਰਚ ਨੂੰ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਉਸ ਨੂੰ ਦਿੱਤੀ ਗਈ ਸਜਾ ਦੀ ਸਮੀਖਿਆ ਨਾਲ ਸਬੰਧਤ ਮਾਮਲੇ 'ਚ ਨੋਟਿਸ ਦਾ ਘੇਰਾ ਵਧਾਉਣ ਦੀ ਬੇਨਤੀ ਕਰਨ ਵਾਲੀ ਅਰਜ਼ੀ ਪ੍ਰਕਿਰਿਆ ਦੀ ਦੁਰਵਰਤੋਂ ਹੈ। ਸਿੱਧੂ ਨੇ ਕਿਹਾ ਸੀ ਕਿ ਸਿਖਰਲੀ ਅਦਾਲਤ ਨੇ ਸਮੀਖਿਆ ਪਟੀਸ਼ਨਾਂ ਦੀ ਸਮੱਗਰੀ ਦਾ ਧਿਆਨ ਨਾਲ ਅਧਿਐਨ ਕਰਨ ਤੋਂ ਬਾਅਦ ਸਜਾ ਦੀ ਮਿਆਦ ਤੱਕ ਇਸ ਦਾ ਘੇਰਾ ਸੀਮਤ ਕਰ ਦਿੱਤਾ ਹੈ। ਆਪਣੇ ਜਵਾਬ 'ਚ ਉਨ੍ਹਾਂ ਕਿਹਾ ਸੀ,"ਇਹ ਤੈਅ ਹੈ ਕਿ ਜਦੋਂ ਵੀ ਅਦਾਲਤ ਸਜਾ ਨੂੰ ਸੀਮਤ ਕਰਨ ਲਈ ਹੁਕਮ ਜਾਰੀ ਕਰਦੀ ਹੈ, ਉਦੋਂ ਤੱਕ ਸਿਰਫ ਉਸ ਪ੍ਰਭਾਵ ਲਈ ਦਲੀਲਾਂ ਸੁਣੀਆਂ ਜਾਣਗੀਆਂ ਜਦੋਂ ਤੱਕ ਕਿ ਕੁਝ ਅਸਾਧਾਰਨ ਹਾਲਾਤ/ਸਮੱਗਰੀ ਅਦਾਲਤ ਨੂੰ ਨਹੀਂ ਦਿਖਾਈ ਜਾਂਦੀ ਹੈ।

ਮੌਜੂਦਾ ਅਰਜ਼ੀਆਂ ਦੀ ਸਮੱਗਰੀ ਸਿਰਫ ਖਾਰਜ ਕੀਤੀਆਂ ਗਈਆਂ ਦਲੀਲਾਂ ਨੂੰ ਦੁਹਰਾਉਂਦੀ ਹੈ ਅਤੇ ਇਸ ਅਦਾਲਤ ਨੂੰ ਸਾਰੇ ਪਹਿਲੂਆਂ 'ਤੇ ਦਖਲ ਦੇਣ ਲਈ ਕੋਈ ਅਸਾਧਾਰਨ ਸਮੱਗਰੀ ਨਹੀਂ ਦਿਖਾਉਂਦੀ ਹੈ।" ਇਸ 'ਚ ਕਿਹਾ ਗਿਆ ਸੀ ਕਿ ਸਿਖਰਲੀ ਅਦਾਲਤ ਨੇ ਮੈਡੀਕਲ ਸਬੂਤਾਂ ਸਮੇਤ ਰਿਕਾਰਡ 'ਚ ਮੌਜੂਦ ਸਾਰੇ ਸਬੂਤਾਂ ਦਾ ਅਧਿਐਨ ਕੀਤਾ ਤਾਂ ਜੋ ਇਹ ਸਿੱਟਾ ਕੱਢਿਆ ਜਾ ਸਕੇ ਕਿ ਗੁਰਨਾਮ ਸਿੰਘ ਦੀ ਮੌਤ ਦੇ ਕਾਰਨ ਦਾ ਪਤਾ ਨਹੀਂ ਲਗਾਇਆ ਜਾ ਸਕਿਆ। ਸਿੱਧੂ ਨੇ ਕਿਹਾ ਸੀ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ 'ਮੌਤ ਪ੍ਰਤੀਵਾਦੀ (ਸਿੱਧੂ) ਦੇ ਇਕ ਵਾਰ ਨਾਲ ਹੋਈ ਸੀ ਅਤੇ ਇਸ ਅਦਾਲਤ ਨੇ ਸਹੀ ਸਿੱਟਾ ਕੱਢਿਆ ਕਿ ਇਹ ਕੇਸ ਧਾਰਾ 323 ਤਹਿਤ ਆਵੇਗਾ।' ਆਈ.ਪੀ.ਸੀ. ਦੀ ਧਾਰਾ 323 (ਜਾਣਬੁੱਝ ਕੇ ਸੱਟ ਮਾਰਨ) ਤਹਿਤ ਜ਼ਿਆਦਾ ਤੋਂ ਜ਼ਿਆਦਾ ਇਕ ਸਾਲ ਤੱਕ ਦੀ ਕੈਦ ਜਾਂ ਇਕ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਸਜਾਵਾਂ ਹੋ ਸਕਦੀਆਂ ਹਨ।

ਸੁਪਰੀਮ ਕੋਰਟ ਨੇ 15 ਮਈ, 2018 ਨੂੰ ਸਿੱਧੂ ਨੂੰ ਗੈਰ ਇਰਾਦਤਨ ਹੱਤਿਆ ਦਾ ਦੋਸ਼ੀ ਠਹਿਰਾਉਣ ਅਤੇ ਮਾਮਲੇ 'ਚ ਤਿੰਨ ਸਾਲ ਕੈਦ ਦੀ ਸਜਾ ਸੁਣਾਉਣ ਦੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮ ਨੂੰ ਖਾਰਜ ਕਰ ਦਿੱਤਾ ਸੀ ਪਰ ਉਸ ਨੇ ਉਨ੍ਹਾਂ ਨੂੰ ਇਕ ਸੀਨੀਅਰ ਸਿਟੀਜਨ ਨੂੰ ਸੱਟ ਮਾਰਨ ਦਾ ਦੋਸ਼ੀ ਠਹਿਰਾਇਆ ਸੀ। ਸਿਖਰਲੀ ਅਦਾਲਤ ਨੇ ਸਿੱਧੂ ਦੇ ਸਹਿਯੋਗੀ ਰੁਪਿੰਦਰ ਸਿੰਘ ਸੰਧੂ ਨੂੰ ਵੀ ਸਾਰੇ ਦੋਸ਼ਾਂ ਤੋਂ ਇਹ ਆਖਦਿਆਂ ਬਰੀ ਕਰ ਦਿੱਤਾ ਸੀ ਕਿ ਦਸੰਬਰ 1988 'ਚ ਜੁਰਮ ਸਮੇਂ ਸਿੱਧੂ ਨਾਲ ਉਨ੍ਹਾਂ ਦੀ ਮੌਜੂਦਗੀ ਬਾਰੇ ਕੋਈ ਭਰੋਸੇਯੋਗ ਸਬੂਤ ਨਹੀਂ ਹੈ। ਬਾਅਦ 'ਚ ਸਤੰਬਰ 2018 'ਚ ਸਿਖਰਲੀ ਅਦਾਲਤ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਾਖਲ ਨਜ਼ਰਸਾਨੀ ਪਟੀਸ਼ਨ 'ਤੇ ਵਿਚਾਰ ਕਰਨ ਲਈ ਰਾਜ਼ੀ ਹੋ ਗਈ ਸੀ। ਮੁਕੱਦਮਾ ਕਰਨ ਵਾਲੀ ਧਿਰ ਮੁਤਾਬਕ ਸਿੱਧੂ ਅਤੇ ਸੰਧੂ 27 ਦਸੰਬਰ, 1988 ਨੂੰ ਪਟਿਆਲਾ ਦੇ ਸ਼ੇਰਾਂਵਾਲਾ ਗੇਟ ਨੇੜੇ ਸੜਕ 'ਤੇ ਖੜ੍ਹੀ ਇਕ ਜਿਪਸੀ 'ਚ ਸਵਾਰ ਸਨ। ਉਸ ਸਮੇਂ ਗੁਰਨਾਮ ਸਿੰਘ ਅਤੇ ਦੋ ਹੋਰ ਵਿਅਕਤੀ ਪੈਸੇ ਕਢਵਾਉਣ ਲਈ ਬੈਂਕ ਜਾ ਰਹੇ ਸਨ। ਜਦੋਂ ਉਹ ਕਰਾਸਿੰਗ 'ਤੇ ਪਹੁੰਚੇ ਤਾਂ ਮਾਰੂਤੀ ਕਾਰ ਚਲਾ ਰਹੇ ਗੁਰਨਾਮ ਸਿੰਘ ਨੇ ਸਿੱਧੂ ਅਤੇ ਸੰਧੂ ਨੂੰ ਜਿਪਸੀ ਰਾਹ 'ਚੋਂ ਹਟਾਉਣ ਲਈ ਕਿਹਾ। ਇਸ ਮਗਰੋਂ ਦੋਵੇਂ ਧਿਰਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ ਅਤੇ ਗੱਲ ਹੱਥੋਪਾਈ ਤੱਕ ਪਹੁੰਚ ਗਈ। ਗੁਰਨਾਮ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਦੀ ਮੌਤ ਹੋ ਗਈ ਸੀ। ਸਤੰਬਰ 1999 'ਚ ਹੇਠਲੀ ਅਦਾਲਤ ਨੇ ਸਿੱਧੂ ਨੂੰ ਹੱਤਿਆ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ। ਹਾਲਾਂਕਿ ਹਾਈ ਕੋਰਟ ਨੇ ਫੈਸਲੇ ਨੂੰ ਪਲਟ ਦਿੱਤਾ ਸੀ। ਦੋਹਾਂ ਨੂੰ ਤਿੰਨ-ਤਿੰਨ ਸਾਲ ਜੇਲ੍ਹ ਦੀ ਸਜਾ ਸੁਣਾਈ ਗਈ ਸੀ ਅਤੇ ਇਕ-ਇਕ ਲੱਖ ਰੁਪਏ ਦਾ ਜੁਰਮਾਨਾ ਵੀ ਠੋਕਿਆ ਗਿਆ ਸੀ।

## ਸਿੱਧੂ ਨਾਲ ਨਾ ਖੜ੍ਹੀ ਸੂਬਾਈ ਕਾਂਗਰਸ

**ਚੰਡੀਗੜ੍ਹ:** ਇਸ ਔਖੀ ਘੜੀ ਵਿਚ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨਵਜੋਤ ਸਿੱਧੂ ਨਾਲ ਖੜ੍ਹੀ ਨਜ਼ਰ ਨਹੀਂ ਆਈ। ਸਿੱਧੂ ਦੇ ਘਰ ਸਿਰਫ 9 ਸਾਬਕਾ ਵਿਧਾਇਕ ਹੀ ਪੁੱਜੇ। ਕਾਂਗਰਸ ਦੇ ਮੌਜੂਦਾ 18 ਵਿਧਾਇਕਾਂ ਵਿਚੋਂ ਇਕ ਵੀ ਨਜ਼ਰ ਨਾ ਆਇਆ। ਉਂਜ ਕਾਂਗਰਸ ਦੀ ਕੌਮੀ ਨੇਤਾ ਪ੍ਰਿਯੰਕਾ ਗਾਂਧੀ ਨੇ ਫੋਨ ਕਰਕੇ ਸਿੱਧੂ ਨਾਲ ਹਮਦਰਦੀ ਪ੍ਰਗਟਾਈ। ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਦੋ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਤੇ ਸਾਧੂ ਧਰਮਸੋਤ ਸਮੇਤ ਸਾਬਕਾ ਵਿਧਾਇਕ ਮਦਨ ਜਲਾਲਪੁਰ ਵੀ ਨਾ ਪਹੁੰਚੇ। ਕਾਂਗਰਸੀ ਨਾ ਹੋਣ ਦੇ ਬਾਵਜੂਦ 'ਆਪ' ਦੇ ਐਮ.ਪੀ. ਰਹੇ ਡਾ. ਧਰਮਵੀਰ ਗਾਂਧੀ ਸਿੱਧੂ ਦੇ ਘਰ ਪਹੁੰਚੇ। ਸਾਬਕਾ ਉਪ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੂੰ ਸਜਾ ਹੋਣ ਨਾਲ ਕਾਂਗਰਸ ਪਾਰਟੀ ਨੂੰ ਕੋਈ ਫਰਕ ਨਹੀਂ ਪੈਂਦਾ, ਸਿੱਧੂ ਤਾਂ ਪਹਿਲਾਂ ਹੀ ਪਾਰਟੀ ਦੀਆਂ ਨੀਤੀਆਂ ਦੇ ਉਲਟ ਕੰਮ ਕਰ ਰਿਹਾ ਸੀ।

## ਚੰਗੇ ਵਤੀਰੇ ਨਾਲ ਪਹਿਲਾਂ ਵੀ ਹੋ ਸਕਦੀ ਹੈ ਰਿਹਾਈ

**ਚੰਡੀਗੜ੍ਹ:** ਨਵਜੋਤ ਸਿੰਘ ਸਿੱਧੂ ਪਟਿਆਲਾ ਜੇਲ੍ਹ ਵਿਚ ਸਾਲ ਦੀ ਕੈਦ ਕੱਟਣ ਦਰਮਿਆਨ ਜੇਕਰ ਚੰਗੇ ਵਤੀਰਾ ਵਿਖਾਉਂਦੇ ਹਨ, ਤਾਂ ਉਨ੍ਹਾਂ ਨੂੰ ਉਥੇ ਅੱਠ ਮਹੀਨਿਆਂ ਤੋਂ ਵੀ ਘੱਟ ਸਮਾਂ ਰਹਿਣਾ ਪਏਗਾ। ਚੰਗੇ ਆਚਰਨ ਲਈ ਜੇਲ੍ਹ ਅਧਿਕਾਰੀਆਂ ਤੇ ਪੰਜਾਬ ਸਰਕਾਰ ਵੱਲੋਂ ਸਿੱਧੂ ਨੂੰ ਵਿਸ਼ੇਸ਼ ਛੋਟ/ਮਾਫੀ ਦਿੱਤੀ ਜਾ ਸਕਦੀ ਹੈ। ਜੇਲ੍ਹ ਫੈਕਟਰੀ ਵਿਚ ਕੰਮ ਕਰਨ ਦੀ ਸੂਰਤ ਵਿਚ ਨਵਜੋਤ ਸਿੱਧੂ ਨੂੰ ਇਕ ਸਾਲ ਦੀ ਸਜਾ ਪਿੱਛੇ 48 ਦਿਨਾਂ ਦੀ ਛੋਟ ਮਿਲੇਗੀ। ਜੇਲ੍ਹ ਸੁਪਰਡੈਂਟ ਕੋਲ ਮੁਜਰਮ ਦੀ ਸਜਾ ਵਿਚੋਂ 30 ਦਿਨ ਦੀ ਹੋਰ ਛੋਟ ਦੇਣ ਦਾ ਅਖਤਿਆਰ ਹੁੰਦਾ ਹੈ। ਡੀ.ਜੀ.ਪੀ. ਜਾਂ ਏ.ਡੀ.ਜੀ.ਪੀ. (ਜੇਲ੍ਹਾਂ) ਨੂੰ ਵੀ ਵਧੀਕ 60 ਦਿਨਾਂ ਦੀ ਛੋਟ ਦੇਣ ਦਾ ਅਖਤਿਆਰ ਹੈ, ਪਰ ਇਹ ਆਮ ਕਰਕੇ ਵਿਸ਼ੇਸ਼ ਕੇਸਾਂ ਵਿਚ ਸਿਆਸੀ ਸਹਿਮਤੀ ਨਾਲ ਹੀ ਦਿੱਤੀ ਜਾਂਦੀ ਹੈ।

# ਜਾਖੜ ਦੀ ਦਲ ਬਦਲੀ ਅਤੇ ਸਿੱਧੂ ਨੂੰ ਜੇਲ੍ਹ ਨੇ ਨਮੋਸ਼ੀ ਵੱਲ ਧੱਕੀ ਕਾਂਗਰਸ ਪਾਰਟੀ

**ਚੰਡੀਗੜ੍ਹ:** ਪੰਜਾਬ ਦੀਆਂ ਹਾਲੀਆ ਵਿਧਾਨ ਸਭਾ ਚੋਣਾਂ 'ਚ ਹਾਰਨ ਤੋਂ ਬਾਅਦ ਕਾਂਗਰਸ ਨੂੰ ਦੋ ਵੱਡੇ ਝਟਕੇ ਲੱਗੇ ਹਨ। ਇਨ੍ਹਾਂ ਵਿਚ ਸੁਨੀਲ ਜਾਖੜ ਦਾ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣਾ ਅਤੇ ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਵੱਲੋਂ ਇਕ ਸਾਲ ਦੀ ਸਜ਼ਾ ਸੁਣਾਉਣਾ ਹੈ।

ਪਾਰਟੀ ਦੇ ਦੋ ਸਾਬਕਾ ਸੂਬਾ ਪ੍ਰਧਾਨਾਂ ਦੇ ਮਾਮਲੇ 'ਤੇ ਵਾਪਰੀਆਂ ਘਟਨਾਵਾਂ ਨੇ ਕਾਂਗਰਸੀ ਆਗੂਆਂ ਨੂੰ ਡੂੰਘੀ ਚਿੰਤਾ 'ਚ ਧੱਕ ਦਿੱਤਾ ਹੈ। ਕਾਂਗਰਸ ਦੇ ਸੱਤਾ 'ਚ ਰਹਿੰਦਿਆਂ ਸ੍ਰੀ ਜਾਖੜ ਤੇ ਸਿੱਧੂ ਨੇ ਕਾਂਗਰਸੀ ਵਰਕਰਾਂ ਤੇ ਪੰਜਾਬ ਦੇ ਲੋਕਾਂ ਵਿਚ ਆਪਣੀ ਥਾਂ ਬਣਾ ਲਈ ਸੀ। ਹਿੰਦੂ ਜਾਟ ਆਗੂ ਵਜੋਂ ਸਥਾਪਤ ਸ੍ਰੀ ਜਾਖੜ ਨੇ ਭਾਵੇਂ ਸਿਆਸੀ ਸਰਗਰਮੀਆਂ ਘਟਾ ਦਿੱਤੀਆਂ ਸਨ ਪਰ ਨਵਜੋਤ ਸਿੰਘ ਸਿੱਧੂ ਵਿਧਾਨ ਸਭਾ ਚੋਣਾਂ ਤੋਂ ਬਾਅਦ ਲਗਾਤਾਰ ਮੈਦਾਨ 'ਚ ਨਿੱਤਰੇ ਹੋਏ ਹਨ। ਅਹਿਮ ਤੱਥ ਇਹ ਹੈ ਕਿ ਕਾਂਗਰਸ ਹਾਈ ਕਮਾਨ ਵੱਲੋਂ ਅਨੁਸ਼ਾਸਨਹੀਣਤਾ ਨੂੰ ਆਧਾਰ ਬਣਾ ਕੇ ਜਾਖੜ ਖਿਲਾਫ ਕਾਰਵਾਈ ਕੀਤੀ ਜਾ ਚੁੱਕੀ ਹੈ ਜਦਕਿ ਸਿੱਧੂ ਖਿਲਾਫ ਅਨੁਸ਼ਾਸਨਹੀਣਤਾ ਦੀ ਕਾਰਵਾਈ ਵਿਚਾਰ ਅਧੀਨ ਹੈ।

ਪੰਜਾਬ ਦੀ ਸਿਆਸਤ ਵਿਚ ਪੱਕੇ ਪੈਰੀਂ ਹੋਣ ਲਈ ਜੂਝ ਰਹੀ ਭਾਜਪਾ ਨੂੰ ਸ੍ਰੀ ਜਾਖੜ ਦੀ ਸ਼ਮੂਲੀਅਤ ਨਾਲ ਵੱਡਾ ਹੁਲਾਰਾ ਮਿਲਿਆ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦੇ ਕਈ ਆਗੂਆਂ ਨੇ ਭਾਜਪਾ ਦਾ ਪੱਲਾ ਫੜਿਆ ਸੀ ਪਰ ਭਾਜਪਾ ਆਗੂਆਂ ਦਾ ਮੰਨਣਾ ਹੈ ਕਿ ਸ੍ਰੀ ਜਾਖੜ ਦਾ ਸਾਫ ਸੁਥਰਾ ਅਕਸ, ਲੋਕਾਂ ਨਾਲ ਪ੍ਰਤੀਬੱਧਤਾ ਅਤੇ ਨਿਡਰ ਆਗੂ ਵਜੋਂ ਵਿਚਰਨ ਕਾਰਨ ਭਗਵਾਂ ਪਾਰਟੀ ਲਈ ਸਿਆਸੀ ਤੌਰ 'ਤੇ ਜ਼ਿਆਦਾ ਲਾਹੇਵੰਦ ਰਹੇਗਾ। ਦੇਖਿਆ ਜਾਵੇ ਤਾਂ ਭਾਜਪਾ ਨੇ 2024 ਦੀਆਂ ਸੰਸਦੀ ਚੋਣਾਂ ਦੌਰਾਨ ਪੰਜਾਬ ਵਿਚ ਪੂਰੀ ਤਿਆਰੀ ਨਾਲ ਆਉਣ ਦਾ ਮੁੱਢ ਬੰਨ੍ਹ ਦਿੱਤਾ ਹੈ। ਪੰਜਾਬ ਦੀ ਸਿਆਸਤ ਵਿਚ ਸੁਨੀਲ ਜਾਖੜ ਇਕ ਕੱਦਾਵਰ ਆਗੂ ਦੇ ਤੌਰ 'ਤੇ ਜਾਣੇ ਜਾਂਦੇ ਸਨ। ਸਾਲ 2021 ਵਿਚ ਕਾਂਗਰਸ ਵੱਲੋਂ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਠਾਉਣ ਦੇ ਯਤਨਾਂ ਨੂੰ ਜਦੋਂ ਬੂਰ ਨਾ ਪਿਆ ਤਾਂ ਜਾਖੜ ਦੀਆਂ ਪਾਰਟੀ ਨਾਲੋਂ ਦੂਰੀਆਂ ਵਧਣ ਲੱਗੀਆਂ। ਉਸ ਤੋਂ ਬਾਅਦ ਪਾਰਟੀ ਨੇ ਜਦੋਂ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਤਾਂ ਕਾਂਗਰਸ ਅਤੇ ਜਾਖੜ ਦਰਮਿਆਨ ਸਪਸ਼ਟ ਲਕੀਰ ਖਿੱਚੀ ਗਈ।



ਸੁਨੀਲ ਜਾਖੜ ਦੂਜੀ ਪੀੜ੍ਹੀ ਦੇ ਅਜਿਹੇ ਆਗੂ ਸਨ ਜਿਨ੍ਹਾਂ ਦਾ ਸਬੰਧ ਦਹਾਕਿਆਂ ਤੋਂ ਕਾਂਗਰਸ ਨਾਲ ਬਣਿਆ ਆ ਰਿਹਾ ਸੀ। ਉਨ੍ਹਾਂ ਦੇ ਪਿਤਾ ਬਲਰਾਮ ਜਾਖੜ ਨੂੰ ਕਾਂਗਰਸ ਨੇ ਰਾਜਪਾਲ, ਕੇਂਦਰੀ ਮੰਤਰੀ, ਲੋਕ ਸਭਾ ਸਪੀਕਰ, ਪੰਜਾਬ ਦਾ ਮੰਤਰੀ ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਆਗੂ ਵੀ ਬਣਾਇਆ ਸੀ। ਉਨ੍ਹਾਂ ਦੇ ਭਰਾ ਸੱਜਣ ਕੁਮਾਰ ਜਾਖੜ ਪੰਜਾਬ 'ਚ ਮੰਤਰੀ ਤੇ ਸੁਨੀਲ ਜਾਖੜ ਖੁਦ ਤਿੰਨ ਵਾਰੀ ਵਿਧਾਇਕ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਅਤੇ ਪ੍ਰਦੇਸ਼ ਕਾਂਗਰਸ ਦੇ 4 ਸਾਲਾਂ ਤੱਕ ਪ੍ਰਧਾਨ ਸਮੇਤ ਸੰਸਦ ਮੈਂਬਰ ਵੀ ਰਹੇ। ਉਧਰ, ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੈਪਟਨ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਆਗੂਆਂ ਨੇ ਕਾਂਗਰਸ ਨੂੰ ਇਥੇ ਤੱਕ ਪਹੁੰਚਾਉਣ ਵਿਚ ਵੱਡਾ ਰੋਲ ਅਦਾ ਕੀਤਾ ਹੈ ਕਿਉਂਕਿ ਦੋਵਾਂ ਨੇ ਛੇ ਮਹੀਨੇ ਪਹਿਲਾਂ ਹੀ ਪਾਰਟੀ ਨੂੰ ਕਮਜ਼ੋਰ ਕਰਨ ਲਈ ਵਿਰੋਧੀ ਪਾਰਟੀ ਨਾਲ ਸਮਝੌਤਾ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਹੁਣ ਪਾਰਟੀ ਦੀ ਮਜ਼ਬੂਤੀ ਲਈ ਕਾਂਗਰਸ ਇੱਕਜੁੱਟ ਹੈ ਤੇ ਕਮੀਆਂ ਨੂੰ ਦੂਰ ਕਰਕੇ ਮੁੜ ਸੂਬੇ ਵਿਚ ਸਰਕਾਰ ਬਣਾਉਣ ਦੀ ਤਿਆਰੀ ਕੀਤੀ ਜਾਵੇਗੀ ਤੇ ਪਾਰਟੀ ਨੂੰ ਕਮਜ਼ੋਰ ਕਰਨ ਵਾਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪਾਰਟੀ ਨੂੰ ਕਮਜ਼ੋਰ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਾਂਗੇ: ਰਾਜਾ ਵੜਿੰਗ

**ਸੰਗਰੂਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਖਿਆ ਕਿ 'ਮੈਂ-ਮੈਂ' ਕਰਨ ਵਾਲੇ ਤੇ ਬੇਸਬਰੇ ਲੋਕਾਂ ਨੇ ਹੀ ਕਾਂਗਰਸ ਦਾ ਜਨਾਜ਼ਾ ਕੱਢਿਆ ਹੈ ਤੇ ਹਰ ਆਗੂ ਇਹ ਸਮਝਦਾ ਹੈ ਕਿ ਉਸ ਤੋਂ ਬਗੈਰ ਕਾਂਗਰਸ ਨਹੀਂ ਚੱਲ ਸਕਦੀ। ਰਾਜਾ ਵੜਿੰਗ ਸੂਬਾ ਪ੍ਰਧਾਨ ਬਣਨ ਮਗਰੋਂ ਇਥੇ ਪਾਰਟੀ ਆਗੂ ਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਦੀ ਰਿਹਾਇਸ਼ 'ਤੇ ਪਾਰਟੀ ਵਰਕਰਾਂ ਦੀ ਪਲੇਠੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜਾਣਬੁੱਝ ਕੇ ਪਾਰਟੀ ਨੂੰ ਕਮਜ਼ੋਰ ਕਰਨ ਦੀਆਂ ਕਾਰਵਾਈਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਉਹ ਇਕ ਮਹੀਨਾ ਹੋਰ ਵੇਖਣਗੇ, ਉਸ ਮਗਰੋਂ ਪਾਰਟੀ ਨੂੰ ਕਮਜ਼ੋਰ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।



## ਪੰਜਾਬ ਵਿਚ ਕਾਂਗਰਸ ਦਾ ਮੁਕੰਮਲ ਪਤਨ ਹੋਇਆ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਨੀਲ ਜਾਖੜ ਨੂੰ ਭਾਜਪਾ 'ਚ ਸ਼ਾਮਲ ਹੋਣ 'ਤੇ ਵਧਾਈ ਦਿੰਦਿਆਂ ਕਿਹਾ, 'ਸਹੀ ਪਾਰਟੀ ਵਿਚ ਸਹੀ ਆਦਮੀ।' ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਵੀ ਹੋਰ ਆਗੂ ਵੀ ਕਾਂਗਰਸ ਦੇ ਡੁੱਬਦੇ ਜਹਾਜ਼ ਨੂੰ ਛੱਡ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਵਿਚੋਂ ਵੱਡੇ ਲੀਡਰਾਂ ਦਾ ਬਾਹਰ ਨਿਕਲਣਾ ਜਾਰੀ ਰਹੇਗਾ ਤੇ ਪਾਰਟੀ ਹੁਣ ਆਪਣੀ ਤਬਾਹੀ ਵੱਲ ਵੱਧ ਰਹੀ ਹੈ। ਕੈਪਟਨ ਨੇ ਕਿਹਾ, 'ਉਨ੍ਹਾਂ (ਸੁਨੀਲ) ਵਰਗੇ ਸੱਚੇ ਤੇ ਇਮਾਨਦਾਰ ਆਗੂ ਹੁਣ ਕਾਂਗਰਸ ਵਿਚ ਸਾਹ ਨਹੀਂ ਲੈ ਸਕਦੇ।' ਉਨ੍ਹਾਂ ਕਿਹਾ ਕਿ ਜਦੋਂ ਸੁਨੀਲ ਸੂਬਾ ਪ੍ਰਧਾਨ ਸਨ ਤੇ ਪਾਰਟੀ ਵਿੱਚ ਸਭ ਕੁਝ ਵਧੀਆ ਚੱਲ ਰਿਹਾ ਸੀ, ਪਰ ਲੀਡਰਸ਼ਿਪ ਦੇ ਇਕ ਗਲਤ ਫੈਸਲੇ ਨਾਲ ਪਾਰਟੀ ਦਾ ਮੁਕੰਮਲ ਤੌਰ 'ਤੇ ਪਤਨ ਹੋ ਗਿਆ ਹੈ।

## ਸੁਨੀਲ ਜਾਖੜ ਦੇ ਫੈਸਲੇ 'ਤੇ ਸਿਆਸੀ ਧਿਰਾਂ ਹੈਰਾਨ!

**ਚੰਡੀਗੜ੍ਹ:** ਪੁਰਾਣੇ ਕਾਂਗਰਸੀ ਆਗੂ ਸੁਨੀਲ ਜਾਖੜ ਦੇ ਭਾਰਤੀ ਜਨਤਾ ਪਾਰਟੀ ਵਿਚ ਚਲੇ ਜਾਣ 'ਤੇ ਕਈ ਸਿਆਸੀ ਆਗੂਆਂ ਨੇ ਹੈਰਾਨੀ ਜ਼ਾਹਿਰ ਕੀਤੀ ਹੈ। ਉਂਝ, ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਪਹਿਲਾਂ ਜਿਸ ਢੰਗ ਨਾਲ ਸੁਨੀਲ ਜਾਖੜ ਤੋਂ ਪ੍ਰਧਾਨਗੀ ਲੈ ਕੇ ਨਵਜੋਤ ਸਿੱਧੂ ਨੂੰ ਸੌਂਪੀ ਗਈ, ਉਸ ਤੋਂ ਉਹ ਬਹੁਤ ਪ੍ਰੇਸ਼ਾਨ ਹੋਏ ਸਨ ਅਤੇ ਆਪਣੀ ਇਹ ਪ੍ਰੇਸ਼ਾਨੀ ਉਨ੍ਹਾਂ ਨਵਜੋਤ ਸਿੱਧੂ ਦੀ ਤਾਜਪੋਸ਼ੀ ਵਾਲੇ ਦਿਨ ਵੀ ਜ਼ਾਹਿਰ ਕੀਤੀ ਸੀ। ਫਿਰ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਨਵਾਂ ਮੁੱਖ ਮੰਤਰੀ ਲਾਉਣ ਬਾਰੇ ਗੱਲ ਤੁਰੀ ਤਾਂ ਬਹੁਗਿਣਤੀ ਵਿਧਾਇਕਾਂ ਨੇ ਸੁਨੀਲ ਜਾਖੜ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ ਪਰ ਉਨ੍ਹਾਂ ਦੀ ਥਾਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ।

# ਠੇਕਾ ਭਰਤੀ: ਪੰਜਾਬ ਦੀ 'ਆਪ' ਸਰਕਾਰ ਵੀ ਰਵਾਇਤੀ ਧਿਰਾਂ ਵਾਲੇ ਰਾਹ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਸੂਬੇ ਵਿਚ 1766 ਸੇਵਾ ਮੁਕਤ ਕਾਨੂੰਗੋ ਤੇ ਪਟਵਾਰੀ ਨੂੰ ਠੇਕੇ ਦੇ ਆਧਾਰ 'ਤੇ ਭਰਤੀ ਕਰਨ ਨੂੰ ਹਰੀ ਝੰਡੀ ਦਿੱਤੀ ਹੈ। ਇਹ ਮੁਲਾਜ਼ਮ ਪਟਵਾਰੀਆਂ ਦੀ ਰੈਗੂਲਰ ਨਿਯੁਕਤੀ ਤੱਕ ਸੇਵਾਵਾਂ ਨਿਭਾਉਣਗੇ।

ਪੰਜਾਬ ਸਰਕਾਰ ਮਾਲ ਵਿਭਾਗ ਵਿਚ ਪਟਵਾਰੀਆਂ ਦੀ ਪੱਕੀ ਭਰਤੀ ਤੱਕ 64 ਸਾਲ ਦੀ ਉਮਰ ਤੋਂ ਘੱਟ ਸਾਫ ਸੁਥਰੇ ਰਿਕਾਰਡ ਵਾਲੇ 1766 ਸੇਵਾਮੁਕਤ ਪਟਵਾਰੀਆਂ ਨੂੰ ਠੇਕੇ 'ਤੇ ਰੱਖਣ ਲਈ ਹਰੀ ਝੰਡੀ ਦੇਣ ਨਾਲ ਰਵਾਇਤੀ ਪਾਰਟੀਆਂ ਦੇ ਰਾਹ ਪੈ ਗਈ ਹੈ। ਜਦੋਂ ਤਤਕਾਲੀ ਕਾਂਗਰਸ ਸਰਕਾਰ ਨੇ 24 ਅਗਸਤ 2021 ਨੂੰ ਇਹੀ ਫੈਸਲਾ ਲਿਆ ਸੀ ਉਦੋਂ ਆਮ ਆਦਮੀ ਪਾਰਟੀ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਵਕਾਲਤ ਕੀਤੀ ਸੀ। ਠੇਕੇ 'ਤੇ ਭਰਤੀ ਦਾ ਵਿਰੋਧ ਕਰਦੀ ਆ ਰਹੀ ਆਮ ਆਦਮੀ ਪਾਰਟੀ ਦੇ ਰਵਾਇਤੀ ਪਾਰਟੀਆਂ ਦੇ ਰਾਹ ਪੈਣ ਕਾਰਨ ਪੰਜਾਬ ਵਿਚ 'ਬਦਲਾਅ' ਦੀ ਆਸ ਘੱਟ ਹੀ ਜਾਪਦੀ ਹੈ।

ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵੀ ਵਾਇਰਲ ਹੋਈ ਹੈ, ਜਿਸ ਵਿਚ ਤਤਕਾਲੀ ਕਾਂਗਰਸ ਸਰਕਾਰ ਸਮੇਂ ਸੇਵਾਮੁਕਤ ਪਟਵਾਰੀਆਂ ਦੀ ਭਰਤੀ ਕਰਨ ਦੇ ਫੈਸਲੇ ਖਿਲਾਫ 'ਆਪ' ਆਗੂ ਗੁਰਮੀਤ ਸਿੰਘ ਮੀਤ ਹੇਅਰ ਇਹ ਕਹਿੰਦੇ ਦਿਖਾਈ ਦੇ ਰਹੇ ਹਨ ਕਿ ਇਸ ਭਰਤੀ ਲਈ ਅਪਲਾਈ ਕਰਨ ਵਾਲੇ ਸੇਵਾਮੁਕਤ ਪਟਵਾਰੀ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਦਾ ਹੱਕ ਖੋਹ ਰਹੇ ਹਨ। ਉਹ ਵੀਡੀਓ ਰਾਹੀਂ ਸੇਵਾਮੁਕਤ ਪਟਵਾਰੀਆਂ ਨੂੰ ਸਰਕਾਰ ਦੇ ਇਸ ਭ੍ਰਿਸ਼ਟਾਚਾਰ ਵਿਚ ਭਾਗੀਦਾਰ ਨਾ ਬਣ ਕੇ ਇਹ ਅਸਾਮੀਆਂ ਨੌਜਵਾਨਾਂ ਲਈ ਛੱਡਣ ਦੀ ਅਪੀਲ ਕਰਦੇ ਸੁਣਾਈ ਦਿੰਦੇ ਹਨ।

'ਆਪ' ਸਰਕਾਰ ਦੇ ਸੇਵਾਮੁਕਤ ਪਟਵਾਰੀਆਂ ਨੂੰ ਮੁੜ ਭਰਤੀ ਕਰਨ ਦੇ ਫੈਸਲੇ ਨੇ 'ਘਰ-ਘਰ ਰੁਜ਼ਗਾਰ' ਉਡੀਕ ਰਹੇ ਨੌਜਵਾਨਾਂ ਤੋਂ ਨਵੇਂ ਮੌਕੇ ਖੋਹ ਲਏ ਹਨ। ਸੇਵਾਮੁਕਤ ਪਟਵਾਰੀਆਂ ਦੀ ਭਰਤੀ ਚਾਰ ਮੈਂਬਰੀ ਕਮੇਟੀ ਕਰੇਗੀ, ਜਿਸ ਦੇ ਮੈਂਬਰ ਸਬੰਧਤ ਜਿਲ੍ਹੇ ਦਾ ਡੀਸੀ, ਚੇਅਰਮੈਨ, ਏ.ਡੀ.ਸੀ. (ਜਨਰਲ) ਐਸ.ਡੀ.ਐਮ. ਤੇ ਜ਼ਿਲ੍ਹਾ ਮਾਲ ਅਫਸਰ ਕਮੇਟੀ ਹੋਣਗੇ। ਪਤਾ ਲੱਗਿਆ ਹੈ ਕਿ ਠੇਕੇ 'ਤੇ ਪਟਵਾਰੀ ਨੂੰ ਉੱਕਾ ਪੁੱਕਾ 25 ਹਜ਼ਾਰ ਰੁਪਏ ਮਾਣ ਭੱਤਾ ਮਿਲੇਗਾ, ਉਸ ਦਾ ਸੇਵਾ ਕਾਲ ਰਿਕਾਰਡ ਸਾਫ-ਸੁਥਰਾ ਅਤੇ ਉਮਰ 64 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਉਧਰ, ਆਲ ਇੰਡੀਆ ਕਾਨੂੰਗੋ ਐਸੋਸੀਏਸ਼ਨ ਦੇ ਮੈਂਬਰ ਅਤੇ ਸਾਬਕਾ ਸੂਬਾ ਪ੍ਰਧਾਨ ਪਟਵਾਰ ਯੂਨੀਅਨ ਮੋਹਣ ਸਿੰਘ ਭੇਡਪੁਰਾ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਸੂਬੇ ਵਿਚ ਘੱਟੋ-ਘੱਟ 3500 ਪਟਵਾਰੀਆਂ ਦੀ ਪੱਕੀ ਭਰਤੀ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸੂਬੇ 'ਚ ਕੁੱਲ 4716 ਵਿੱਚੋਂ ਕਰੀਬ 2979 ਪਟਵਾਰ ਸਰਕਲ ਖਾਲੀ ਹੋਣ ਕਰਕੇ ਸੂਬਾ ਭਰ ਦੇ ਕਰੀਬ 8200 ਪਿੰਡ ਪਟਵਾਰੀਆਂ ਤੋਂ ਸੱਖਣੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਹੀ ਸੇਵਾਵਾਂ ਦੇਣ ਲਈ ਪਟਵਾਰੀ ਨੂੰ ਵਾਧੂ ਹਲਕਿਆਂ ਦਾ ਚਾਰਜ ਦੇਣਾ ਗਲਤ ਹੈ, ਜਿਸ ਨਾਲ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਹੈ ਅਤੇ ਮਜਬੂਰੀਵੱਸ ਪਟਵਾਰੀਆਂ ਨੂੰ ਪ੍ਰਾਈਵੇਟ ਕਰਿੰਦੇ ਰੱਖਣੇ ਪੈਂਦੇ ਹਨ, ਹਾਲਾਂਕਿ ਉਹ ਇਸ ਦੇ ਖਿਲਾਫ ਹਨ।



## ਨੌਜਵਾਨਾਂ ਨੂੰ ਰੁਜ਼ਗਾਰ ਲਈ ਸਰਕਾਰ ਵਚਨਬੱਧ: ਜਿੰਪਾ

**ਚੰਡੀਗੜ੍ਹ:** ਪੰਜਾਬ ਦੇ ਮਾਲ, ਮੁੜ-ਵਸੇਬਾ ਤੇ ਆਫਤ ਪ੍ਰਬੰਧਨ ਅਤੇ ਜਲ ਸਰੋਤ ਮੰਤਰੀ ਬ੍ਰਮ ਸੰਕਰ ਜਿੰਪਾ ਨੇ ਕਿਹਾ ਕਿ ਰੁਜ਼ਗਾਰ ਦੀ ਤਲਾਸ਼ ਵਿਚ ਵਿਦੇਸ਼ ਜਾ ਰਹੇ ਪੰਜਾਬ ਦੇ ਨੌਜਵਾਨਾਂ ਨੂੰ ਰੋਕਣ ਲਈ ਰਾਜ ਸਰਕਾਰ ਵੱਲੋਂ ਵਧੀਆ ਸਿੱਖਿਆ ਦੇਣ, ਬਿਹਤਰੀਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਨੌਜਵਾਨਾਂ ਲਈ ਸੂਬੇ ਵਿਚ ਹੀ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਉਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਮਾਲਟਾ ਕਾਂਡ ਅਤੇ ਹੋਰ ਦੁਖਦਾਈ ਘਟਨਾਵਾਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਨੇ ਸੁਪਨੇ ਸਾਕਾਰ ਕਰਨ ਲਈ ਵਿਦੇਸ਼ ਭੇਜਣ ਦੇ ਓਹਲੇ ਹੋ ਰਹੀ ਮਨੁੱਖੀ ਤਸਕਰੀ ਉਤੇ ਡੂੰਘੀ ਚਿੰਤਾ ਪ੍ਰਗਟਾਈ।

## ਸ਼ਹੀਦਾਂ ਦੀ ਯਾਦ ਵਿਚ ਸਮਾਗਮ 5 ਜੂਨ ਨੂੰ

**ਇੰਡੀਆਨਾ:** ਇੰਡੀਆਨਾ: ਤੀਜੇ ਘੱਲੂਘਾਰੇ (ਜੂਨ 1984) ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਹ ਉਹ ਮਨਹੂਸ ਘੜੀ ਸੀ ਜਿਸ ਦਿਨ ਆਪਣਿਆਂ ਨੇ ਆਪਣਿਆਂ ਉਤੇ ਨਸਲਕੁਸ਼ੀ ਕੀਤੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਮੌਕੇ ਸ਼ਹੀਦਾਂ ਦੇ ਸਰਤਾਜ ਨੂੰ ਆਪਣੀ ਸ਼ਰਧਾ ਭੇਟ ਕਰਨ ਲਈ ਸੰਗਤਾਂ ਗੁਰੂਘਰ ਇਕੱਠੀਆਂ ਹੋਈਆਂ ਸਨ, ਜਦੋਂ ਸਮੇਂ ਦੀ ਹਕੂਮਤ ਦੀ ਨਿਹੱਥੇ ਨਿਰਦੋਸ਼ ਬਜ਼ੁਰਗ ਮਾਤਾਵਾਂ, ਭੈਣਾਂ, ਨੌਜਵਾਨਾਂ ਤੇ ਬੱਚਿਆਂ ਸਣੇ 37 ਗੁਰੂ ਘਰਾਂ 'ਤੇ ਟੈਂਕਾਂ ਰਾਹੀਂ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਹਮਲਾ ਕੀਤਾ। ਇਕੱਲੇ ਭਾਰਤ ਦੀ ਫੌਜ ਨੇ ਹੀ ਨਹੀਂ, ਸਗੋਂ ਤਿੰਨ ਦੇਸ਼ਾਂ ਦੀ ਇੰਟੈਲੀਜੈਂਸ ਦੀ ਮਦਦ ਨਾਲ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਗੁਰੂ ਦੇ ਲਾਲਾਂ ਨੇ ਫੌਜ ਨੂੰ ਅਜਿਹੀ ਟੱਕਰ ਦਿੱਤੀ ਕਿ ਅਨੰਦਪੁਰ ਸਾਹਿਬ ਦਾ ਯੁੱਧ ਚੇਤੇ ਕਰਵਾ ਦਿੱਤਾ।

ਸਿੱਖ ਕੌਮ ਹਮੇਸ਼ਾ ਆਪਣੇ ਸ਼ਹੀਦਾਂ ਦੀ ਯਾਦ ਮਨਾਉਂਦੀ ਆਈ ਹੈ। ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਤੀਜੇ ਘੱਲੂਘਾਰੇ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ, ਜਰਨਲ ਸੁਬੇਗ ਸਿੰਘ, ਬਾਬਾ ਠਾਰਾ ਸਿੰਘ ਅਤੇ ਹੋਰ ਅਣਗਿਣਤ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਸਿੱਖ ਸੰਗਤ (74) ਇੰਡੀਅਨਐਪਲਿਸ ਵਿਖੇ 3 ਜੂਨ, ਦਿਨ ਸ਼ੁਕਰਵਾਰ ਨੂੰ ਅਖੰਡ ਪਾਠ ਪ੍ਰਕਾਸ਼ ਕਰਵਾਏ ਜਾਣਗੇ ਅਤੇ 5 ਜੂਨ, ਐਤਵਾਰ ਨੂੰ ਭੋਗ ਪਾਏ ਜਾਣਗੇ। ਇਸ ਦੌਰਾਨ ਭਾਈ ਗੁਰਦੇਵ ਸਿੰਘ ਕੀਰਤਨ ਤੇ ਭਾਈ ਬਲਜੀਤ ਸਿੰਘ ਕਥਾ ਕਰਨਗੇ।

ਸਿੱਖ ਸੁਸਾਇਟੀ ਆਫ ਇੰਡੀਆਨਾ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤ ਨੂੰ ਇਸ ਸ਼ਹੀਦਾਂ ਦੀ ਯਾਦ ਵਿਚ ਜੁੜਨ, ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਤੇ ਆਪਣੇ ਬੱਚਿਆਂ ਨੂੰ ਇਨ੍ਹਾਂ ਲਾਸਾਨੀ ਸ਼ਹਾਦਤਾਂ ਬਾਰੇ ਦੱਸਣ ਦੀ ਅਪੀਲ ਹੈ। ਵਧੇਰੇ ਜਾਣਕਾਰੀ ਲਈ ਪੰਨਾ ਨੰਬਰ 17 'ਤੇ ਇਸ਼ਤਿਹਾਰ ਵੇਖਿਆ ਜਾ ਸਕਦਾ ਹੈ ਜਾਂ ਪਲਵਿੰਦਰ ਪਾਲ ਸਿੰਘ ਨਾਲ 317-657-1562 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟੈਕਸਾਸ: ਸਕੂਲ ਵਿਚ ਗੋਲੀਬਾਰੀ ਦੌਰਾਨ 15 ਮੌਤਾਂ

**ਟੈਕਸਾਸ:** ਅਮਰੀਕਾ ਵਿਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇੱਥੇ ਰੋਜ਼ਾਨਾ ਕਿਸੇ ਨਾ ਕਿਸੇ ਸ਼ਹਿਰ ਵਿਚ ਗੋਲੀਬਾਰੀ ਹੋਣੀ ਆਮ ਗੱਲ ਹੋ ਗਈ ਹੈ। ਅੱਜ ਟੈਕਸਾਸ ਸਟੇਟ ਦਾ ਅਨਵੇਡ ਸ਼ਹਿਰ ਜੋ ਕਿ ਸੈਨਐਨਟੋਨੀਓ ਸ਼ਹਿਰ ਤੋਂ 80 ਮੀਲ ਪੱਛਮ ਵਿਚ ਸਥਿਤ ਹੈ, ਵਿਚ ਇਕ ਐਲੀਮੈਂਟਰੀ ਸਕੂਲ ਵਿਚ ਇਕ ਬਦੂੰਕਧਾਰੀ ਨੇ ਦੁਪਹਿਰ ਵੇਲੇ ਗੋਲੀਬਾਰੀ ਕਰ ਕੇ 14 ਸਕੂਲੀ ਬੱਚਿਆਂ ਸਮੇਤ ਇਕ ਅਧਿਆਪਕ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਅਦ ਵਿਚ ਪੁਲਿਸ ਨਾਲ ਮੁੱਠਭੇੜ ਦੌਰਾਨ ਬਦੂੰਕਧਾਰੀ ਮਾਰਿਆ ਗਿਆ। ਪੁਲਿਸ ਘਟਨਾ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਟੈਕਸਾਸ ਸਟੇਟ ਦੇ ਗਵਰਨਰ ਗਰਿਗ ਐਬਟ ਨੇ ਪੀੜਤ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਦਿਆਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ।

*-ਰਿਪੋਰਟ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email: Homeomedicine@yahoo.com

**7021 Village Park Way, Dublin, CA 94568**


# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issue-less USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for a suitable match for Oct 73, 5' 8" well educated, Electronics Engineer boy working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892** 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।*** apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 312-909-3827 and bipinloi07@gmail.com 16-19

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

Jatt Sikh family in search of an outgoing, educated, family-oriented, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

## ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877


# ਪਾਕਿਸਤਾਨੀ ਮੂਲ ਦੇ ਵਿਅਕਤੀ ਨੇ ਪਰਿਵਾਰ ਦੇ ਤਿੰਨ ਜੀਆਂ ਦੀ ਹੱਤਿਆ ਕਰ ਕੇ ਕੀਤੀ ਖੁਦਕੁਸ਼ੀ


**ਟੈਕਸਾਸ:** ਸਪਰਿੰਗ, ਟੈਕਸਾਸ ਵਿਚ ਇਕ ਪਾਕਿਸਤਾਨੀ ਮੂਲ ਦੇ ਅਮਰੀਕੀ ਵਿਅਕਤੀ ਨੇ ਆਪਣੀ 4 ਸਾਲਾਂ ਦੀ ਧੀ, ਵੱਖ ਰਹਿੰਦੀ ਪਤਨੀ ਤੇ ਸੱਸ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਉਪਰੰਤ ਖੁਦਕੁਸ਼ੀ ਕਰ ਲਈ। ਇਹ ਜਾਣਕਾਰੀ ਪੁਲਿਸ ਅਧਿਕਾਰੀ ਐਡ ਗੋਂਜ਼ਾਲੇਜ਼ ਨੇ ਦਿੱਤੀ ਹੈ। ਇਹ ਘਟਨਾ ਸਪਰਿੰਗ ਦੇ ਨੀਮ ਸ਼ਹਿਰੀ ਖੇਤਰ ਹੋਸਟਨ ਵਿਚ ਵਾਪਰੀ। ਹਾਲਾਂਕਿ ਪੁਲਿਸ ਨੇ ਇਸ ਮਾਮਲੇ ਦੀ ਵਧੇਰੇ ਜਾਣਕਾਰੀ ਨਹੀਂ ਦਿੱਤੀ ਪਰ ਮਿਲੇ ਵੇਰਵੇ ਅਨੁਸਾਰ ਇਹ ਮੂਲ ਰੂਪ ਵਿਚ ਪਾਕਿਸਤਾਨੀ ਪਰਿਵਾਰ ਸੀ। ਪਤੀ-ਪਤਨੀ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਖਿੱਚੋਤਾਣ ਚੱਲ ਰਹੀ ਸੀ ਤੇ ਮਾਮਲਾ ਹੱਲ ਹੋਣ ਦੀ ਬਜਾਏ ਹੋਰ ਵਿਗੜ ਗਿਆ। ਅਪ੍ਰੈਲ ਵਿਚ ਪੁਲਿਸ ਕੋਲ ਰਿਪਰੋਟ ਦਰਜ ਕਰਵਾਈ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਧੀ ਨੇ ਆਪਣੀ ਮਾਂ ਨੂੰ ਦੱਸਿਆ ਸੀ ਕਿ ਉਸ ਦੇ ਪਿਤਾ ਨੇ ਉਸ ਨੂੰ ਕਿਹਾ ਸੀ ਕਿ ਉਹ ਟੱਬ ਵਿਚ ਵੜ ਕੇ ਆਪਣਾ ਸਿਰ ਪਾਣੀ ਵਿਚ ਡੁਬੋ ਲਵੇ। ਪੀੜਤ ਔਰਤ ਘਰ ਦੇ ਨੇੜੇ ਇਕ ਇਸਲਾਮਿਕ ਸਕੂਲ ਵਿਚ ਨੌਕਰੀ ਕਰਦੀ ਸੀ। ਪੁਲਿਸ ਨੇ ਅਜੇ ਤਕ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ। ਮਾਮਲਾ ਅਜੇ ਜਾਂਚ ਅਧੀਨ ਹੈ।

## ਜੰਗਲ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਦੋਸ਼ੀ ਨੂੰ 24 ਸਾਲਾਂ ਦੀ ਸਜ਼ਾ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਡੋਲਨ ਖੇਤਰ ਵਿਚ ਜੰਗਲ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਅਦਾਲਤ ਨੇ ਇਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੰਦਿਆਂ 24 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਡੋਲਨ ਖੇਤਰ ਵਿਚ ਪਿਛਲੇ ਸਾਲ ਸਤੰਬਰ ਵਿਚ ਲੱਗੀ ਅੱਗ ਵਿਚ ਅਨੇਕਾਂ ਘਰ ਸੜ ਕੇ ਸਵਾਹ ਹੋ ਗਏ ਸਨ, ਕਈ ਜਾਨਵਰ ਮਾਰੇ ਗਏ ਸਨ ਤੇ ਅੱਗ ਬੁਝਾਊ ਅਮਲੇ ਦਾ ਇਕ ਮੈਂਬਰ ਗੰਭੀਰ ਜ਼ਖਮੀ ਹੋ ਗਿਆ ਸੀ। ਮੋਨਟਰੇ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਦੇ ਦਫਤਰ ਵਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ 31 ਸਾਲਾ ਈਵਾਨ ਗੋਮਜ਼ ਨੂੰ ਅੱਗ ਲਾਉਣ ਤੇ ਭੰਗ ਦੀ ਖੇਤੀ ਕਰਨ ਸਮੇਤ 16 ਦੋਸ਼ਾਂ ਤਹਿਤ ਦੋਸ਼ੀ ਪਾਇਆ ਗਿਆ। ਪੁਛਗਿੱਛ ਦੌਰਾਨ ਗੋਮਜ਼ ਨੇ ਮੰਨਿਆ ਸੀ ਕਿ ਉਸ ਨੇ ਗੈਰਕਾਨੂੰਨੀ ਤੌਰ 'ਤੇ ਭੰਗ ਬੀਜੀ ਹੈ ਜਿਸ ਨੂੰ ਨਸ਼ਟ ਕਰਨ ਲਈ ਉਸ ਨੇ ਅੱਗ ਲਾਈ ਸੀ। ਬਾਅਦ ਵਿਚ ਪੁਲਿਸ ਨੇ ਘਟਨਾ ਸਥਾਨ 'ਤੇ ਕੀਤੀ ਜਾਂਚ ਵਿਚ ਦੋਸ਼ੀ ਦੇ ਬਿਆਨ ਨੂੰ ਸਹੀ ਪਾਇਆ ਸੀ। ਗੋਮਜ਼ ਦੇ ਵਕੀਲ ਮੀਸ਼ੈਲ ਬਲੈਟਰ ਨੇ ਕਿਹਾ ਹੈ ਕਿ ਉਹ ਸਜ਼ਾ ਵਿਰੁੱਧ ਅਪੀਲ ਕਰਨਗੇ।

## ਸਾਹੀ ਪਰਿਵਾਰ ਨੂੰ ਸਦਮਾ

**ਇੰਡੀਆਨਾ:** ਹਰਦਵਿੰਦਰਜੀਤ ਸਿੰਘ ਸਾਹੀ ਲੰਘੀ 20 ਮਈ ਨੂੰ ਅਕਾਲ ਚਲਾਣਾ ਕਰ ਗਏ। ਉਹ ਚਰਨਜੀਤ ਸਿੰਘ ਸਾਹੀ ਦੇ ਛੋਟੇ ਭਰਾ ਸਨ। ਉਨ੍ਹਾਂ ਦੇ ਦੇਹਾਂਤ ਨਾਲ ਪਰਿਵਾਰ ਨੂੰ ਗਹਿਰਾ ਸਦਮਾ ਪੁੱਜਾ ਹੈ। ਉਨ੍ਹਾਂ ਦਾ ਅੰਤਮ ਸੰਸਕਾਰ 28 ਮਈ ਨੂੰ 2950 N. Hgh School Rd, Inidanapoils ਵਿਖੇ ਸਵੇਰੇ 10:00 ਵਜੇ ਅਤੇ ਅੰਤਮ ਅਰਦਾਸ 425 N. High School Road, Inidanapoils 46241 ਵਿਖੇ ਹੋਵੇਗੀ। ਪਰਮਾਤਮਾ ਉਨ੍ਹਾਂ ਨੂੰ ਸਦੀਵੀ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।







Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com


www.thebainsfirm.com



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

*We sell and ship homeopathic remedies through out North America.*



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**

**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 'ਅਮੋਲਕ ਹੀਰਾ' ਪੁਸਤਕ ਰਿਲੀਜ਼ ਮੌਕੇ ਵਿਚਾਰ ਚਰਚਾ

## ਵਰਲਡ ਪੰਜਾਬੀ ਸੈਂਟਰ ਨੇ ਕਰਵਾਇਆ ਸਮਾਗਮ

**ਪਟਿਆਲਾ (ਬਿਊਰੋ):** 'ਪੰਜਾਬੀ ਟ੍ਰਿਬਿਊਨ' ਨਾਲ ਜੁੜੇ ਰਹੇ ਅਤੇ ਫਿਰ ਅਮਰੀਕਾ ਵਿਚ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਕੱਢਣ ਵਾਲੇ ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਸਮਰਪਿਤ ਪੁਸਤਕ 'ਅਮੋਲਕ ਹੀਰਾ' ਇਥੇ ਪੰਜਾਬੀ ਯੂਨੀਵਰਸਿਟੀ ਵਿਚ ਰਿਲੀਜ਼ ਕੀਤੀ ਗਈ। ਇਹ ਪੁਸਤਕ ਰਿਲੀਜ਼ ਕਰਨ ਲਈ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਉਚੇਚੇ ਤੌਰ 'ਤੇ ਪਹੁੰਚੇ। ਇਸ ਪੁਸਤਕ ਦੀ ਸੰਪਾਦਨਾ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਕੀਤੀ ਹੈ। ਇਸ ਰਿਲੀਜ਼ ਸਮਾਗਮ ਮੌਕੇ ਇਸ ਪੁਸਤਕ ਬਾਰੇ ਵਿਚਾਰ ਗੋਸ਼ਟੀ ਵੀ ਹੋਈ।

ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਉਘੇ ਸ਼ਾਇਰ ਸੁਰਜੀਤ ਪਾਤਰ ਨੇ ਕੀਤੀ। ਉਨ੍ਹਾਂ ਕਿਹਾ ਕਿ ਇਹ ਪੁਸਤਕ ਪੜ੍ਹ ਕੇ ਪੰਜਾਬ ਬਾਰੇ ਬਹੁਤ ਕੁਝ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਇਸ ਕਿਤਾਬ ਅੰਦਰ ਤਕਰੀਬਨ ਪੰਜ ਦਹਾਕਿਆਂ ਦੀ ਗਾਥਾ ਮੌਜੂਦ ਹੈ। ਇਹ ਨਵੇਂ ਸੰਵਾਦ ਨੂੰ ਵੀ ਥਾਂ ਦਿੰਦੀ ਹੈ। ਸਮਾਗਮ ਦੇ ਮੁੱਖ ਵਕਤਾ ਅਮਰਜੀਤ ਸਿੰਘ ਗਰੇਵਾਲ ਦਾ ਕਹਿਣਾ ਸੀ ਕਿ ਪੰਜਾਬ ਪਰਵਾਸ ਦੇ ਰਾਹ ਪੈ ਚੁੱਕਾ ਹੈ। ਉਚੇ-ਸੁੱਚੇ ਮਿਆਰ ਵਾਲੇ ਬਹੁਤੇ ਲੋਕ ਬੇਗਾਨੀ ਧਰਤੀ 'ਤੇ ਵੀ ਮਿਆਰ ਨੂੰ ਡਿਗਣ ਨਹੀਂ ਦਿੰਦੇ। ਅਮੋਲਕ ਸਿੰਘ ਨੇ ਵੀ ਵਿਦੇਸ਼ੀ ਧਰਤੀ 'ਤੇ ਜਾ ਕੇ ਵੀ ਪੱਤਰਕਾਰੀ ਦੇ ਮਿਆਰ ਨੂੰ ਡਿਗਣ ਨਹੀਂ ਦਿੱਤਾ। ਪ੍ਰੋ. ਬਾਵਾ ਸਿੰਘ ਨੇ ਇਸ ਪੁਸਤਕ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਨ੍ਹਾਂ ਇਸ ਪੁਸਤਕ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਇਸ ਦਾ ਮੁਲੰਕਣ ਕੀਤਾ। ਉਨ੍ਹਾਂ ਕਿਹਾ ਕਿ ਅਮੋਲਕ ਸਿੰਘ ਪੱਤਰਕਾਰ ਵਜੋਂ ਉਸਾਰੂ ਕਾਰਜਾਂ ਖਾਤਰ ਜਾਨ ਵੀ ਜੋਖਮ ਵਿਚ ਪਾਉਂਦੇ ਰਹੇ, ਇਸੇ ਕਰਕੇ ਅੱਜ ਪੰਜਾਬੀਆਂ ਦੇ ਮਨਾਂ ਅੰਦਰ 'ਪੰਜਾਬ ਟਾਈਮਜ਼' ਲਈ ਇੰਨਾ ਸਤਿਕਾਰ ਹੈ। ਪੁਸਤਕ ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਦਾ ਕਹਿਣਾ ਸੀ ਕਿ ਇਸ ਪੁਸਤਕ ਦਾ ਸੰਪਾਦਨ ਬੜਾ ਪੇਚੀਦਾ ਕੰਮ ਸੀ ਪਰ ਉਨ੍ਹਾਂ ਯਤਨ ਕੀਤਾ ਹੈ ਕਿ ਇਸ ਵਿਚੋਂ ਅਮੋਲਕ ਸਿੰਘ ਅਤੇ 'ਪੰਜਾਬ ਟਾਈਮਜ਼' ਹੀ ਨਹੀਂ, ਪੂਰੇ ਪੰਜਾਬ ਦੇ ਦਰਸ਼ਨ ਹੋ ਸਕਣ ਤਾਂ ਕਿ ਇਹ ਪੁਸਤਕ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਬਣ ਸਕੇ। ਪ੍ਰੋ. ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਪੰਜਾਬ ਵਿਚ ਤਬਦੀਲੀ ਦੇ ਹੋਰ ਕਾਰਨ ਵੀ ਹੋਣਗੇ ਪਰ ਪੂੰਜੀਵਾਦ ਵੀ ਅਹਿਮ ਕਾਰਨ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਅਮੋਲਕ ਸਿੰਘ ਵੱਲੋਂ ਇਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕੀਤੇ ਜਾਣ ਨੂੰ ਪੱਤਰਕਾਰੀ ਦਾ ਅਹਿਮ ਪੜਾਅ ਦੱਸਿਆ। ਪੱਤਰਕਾਰ ਜਸਵੀਰ ਸਮਰ ਨੇ ਅਮੋਲਕ ਸਿੰਘ ਅਤੇ ਉਨ੍ਹਾਂ ਦੇ ਜਿਗਰੀ ਦੋਸਤ ਨਰਿੰਦਰ ਸਿੰਘ ਭੁੱਲਰ ਦੇ ਹਵਾਲੇ ਨਾਲ ਅਮੋਲਕ ਸਿੰਘ ਦੀ ਪੱਤਰਕਾਰੀ ਅਤੇ 'ਪੰਜਾਬ ਟਾਈਮਜ਼' ਦੀ ਖਾਸੀਅਤ ਬਾਰੇ ਗੱਲਾਂ ਕੀਤੀਆਂ। ਇਸ ਪ੍ਰਸੰਗ ਵਿਚ ਹੀ 'ਪੰਜਾਬੀ ਟ੍ਰਿਬਿਊਨ' ਦੀ ਚਰਚਾ ਹੋਈ ਜਿਥੋਂ ਦਾ ਤਰਾਸ਼ਿਆ 'ਅਮੋਲਕ ਹੀਰਾ' ਅਮਰੀਕਾ ਵਿਚ 'ਪੰਜਾਬ ਟਾਈਮਜ਼' ਵਰਗਾ ਵਿਲੱਖਣ ਪਰਚਾ ਕੱਢਣ ਵਿਚ ਕਾਮਯਾਬ ਰਿਹਾ। ਅੰਤ ਵਿਚ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਮਾਗਮ 'ਚ ਡਾ. ਸੁਮਨਦੀਪ ਕੌਰ, ਅੰਗਰੇਜ਼ੀ ਵਿਭਾਗ ਦੇ ਰਿਸਰਚ ਸਕਾਲਰ ਹਰਵੀਰ ਪਾਲ ਸਿੰਘ, ਮਾਸਟਰ ਸਤਵੀਰ ਗਿੱਲ, ਡਾ. ਗੌਰਵੀ ਸ਼ਰਮਾ ਅਤੇ ਹੋਰਾਂ ਨੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਇਸ ਪੁਸਤਕ 'ਚ ਜਿਥੇ ਅਮੋਲਕ ਸਿੰਘ ਦੀਆਂ ਲਿਖਤਾਂ ਹਨ, ਉਥੇ ਪੱਤਰਕਾਰ ਕਰਮਜੀਤ ਸਿੰਘ, ਗੁਰਦਿਆਲ ਬੱਲ, ਪ੍ਰਿੰਸੀਪਲ ਸਰਵਣ ਸਿੰਘ, ਪ੍ਰੋ. ਹਰਪਾਲ ਸਿੰਘ, ਬੂਟਾ ਸਿੰਘ ਆਦਿ ਦੇ ਲੇਖ ਹਨ। ਪੁਸਤਕ 'ਚ ਅਨੰਦਪੁਰ ਦੇ ਮਤੇ ਤੋਂ ਲੈ ਕੇ ਸਿੱਖਾਂ ਦੇ ਰਾਜਨੀਤਕ ਸਫਰ ਸਮੇਤ ਪੰਜਾਬੀ ਸੱਭਿਆਚਾਰ ਦੀ ਮੌਲਿਕਤਾ, ਭੂਤਵਾੜੇ ਦੀ ਗਾਥਾ, ਭਗਤ ਸਿੰਘ ਦੀ ਸ਼ਹਾਦਤ, ਡਾ.ਅੰਬੇਦਕਰ ਦੀ ਵਿਚਾਰਧਾਰਾ ਅਤੇ ਪੂੰਜੀਵਾਦੀ ਦੇ ਦੌਰ ਵਿਚ ਪੰਜਾਬ ਦੀ ਆਰਥਿਕ ਦਸ਼ਾ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਹੈ। ਇਹ ਪੁਸਤਕ ਸੰਘਰਸ਼ਮਈ ਵਿਅਕਤੀਤਵ ਦੀ ਸਿਰਜਣਾ ਦੀ ਸਮਰੱਥਾ ਨੂੰ ਵੀ ਦਰਸਾਉਂਦੀ ਹੈ।




*ਪੁਸਤਕ 'ਅਮੋਲਕ ਹੀਰਾ' ਰਿਲੀਜ਼ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ (ਐਨ ਵਿਚਕਾਰ) ਅਤੇ ਪ੍ਰੋ. ਬਾਵਾ ਸਿੰਘ, ਅਮਰਜੀਤ ਸਿੰਘ ਗਰੇਵਾਲ, ਸੁਰਜੀਤ ਪਾਤਰ, ਡਾ. ਬਲਕਾਰ ਸਿੰਘ ਅਤੇ ਹੋਰ।*

# 'ਆਪ' ਵਿਧਾਇਕ ਬਲਬੀਰ ਸਿੰਘ ਨੂੰ ਤਿੰਨ ਸਾਲ ਕੈਦ

**ਰੂਪਨਗਰ:** ਹਲਕਾ ਪਟਿਆਲਾ ਦਿਹਾਤੀ ਤੋਂ 'ਆਪ' ਦੇ ਵਿਧਾਇਕ ਡਾ. ਬਲਬੀਰ ਸਿੰਘ, ਉਨ੍ਹਾਂ ਦੀ ਪਤਨੀ ਤੇ ਪੁੱਤਰ ਤੋਂ ਇਲਾਵਾ ਇਕ ਹੋਰ ਵਿਅਕਤੀ ਨੂੰ ਜਿਲ੍ਹੇ ਦੇ ਪਿੰਡ ਟੱਪਰੀਆਂ ਦਿਆਲ ਸਿੰਘ ਵਿਚ ਜ਼ਮੀਨੀ ਪਾਣੀ ਦੀ ਵਾਰੀ ਸਬੰਧੀ 11 ਸਾਲ ਪਹਿਲਾਂ ਹੋਏ ਝਗੜੇ ਦੇ ਮਾਮਲੇ ਵਿਚ ਰੂਪਨਗਰ ਦੀ ਅਦਾਲਤ ਵੱਲੋਂ ਤਿੰਨ ਸਾਲਾਂ ਦੀ ਕੈਦ ਅਤੇ 16-16 ਹਜ਼ਾਰ ਰੁਪਏ ਜੁਰਮਾਨਾ ਭਰਨ ਦੀ ਸਜਾ ਸੁਣਾਈ ਗਈ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਰਵੀ ਇੰਦਰ ਸਿੰਘ ਦੀ ਅਦਾਲਤ ਨੇ ਡਾ. ਬਲਬੀਰ ਸਿੰਘ, ਉਨ੍ਹਾਂ ਦੀ ਪਤਨੀ ਰੁਪਿੰਦਰਜੀਤ ਕੌਰ ਸੈਣੀ, ਪੁੱਤਰ ਰਾਹੁਲ ਸੈਣੀ ਅਤੇ ਵਟਾਵੇ ਪਰਮਿੰਦਰ ਸਿੰਘ ਨੂੰ ਸਜਾ ਸੁਣਾਉਣ ਤੋਂ ਬਾਅਦ ਨਿੱਜੀ ਮੁਚੱਲਕੇ ਭਰਵਾ ਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

ਸ਼ਿਕਾਇਤਕਰਤਾ ਪਰਮਜੀਤ ਕੌਰ ਤੇ ਉਨ੍ਹਾਂ ਦੇ ਪਤੀ ਸੇਵਾਮੁਕਤ ਵਿੰਗ ਕਮਾਂਡਰ ਮੇਵਾ ਸਿੰਘ ਨੇ ਦੱਸਿਆ ਕਿ ਡਾ. ਬਲਬੀਰ ਸਿੰਘ ਦੀ ਪਤਨੀ ਰੁਪਿੰਦਰਜੀਤ ਕੌਰ ਸ਼ਿਕਾਇਤਕਰਤਾ ਕਮਲਜੀਤ ਕੌਰ ਦੀ ਸਕੀ ਭੈਣ ਹੈ ਅਤੇ ਉਨ੍ਹਾਂ ਦੀ ਚਮਕੌਰ ਸਾਹਿਬ ਨੇੜੇ ਪਿੰਡ ਟੱਪਰੀਆਂ ਦਿਆਲ ਸਿੰਘ ਵਿਚ ਸਾਂਝੀ ਜਮੀਨ ਹੈ। ਉਨ੍ਹਾਂ ਦੱਸਿਆ ਕਿ 13 ਜੂਨ 2011 ਨੂੰ ਉਹ ਆਪਣੀ ਜਮੀਨ ਨੂੰ ਸਾਂਝੇ ਬੋਰ ਰਾਹੀਂ ਪਾਣੀ ਲਗਾਉਣ ਲਈ ਆਏ ਸਨ, ਇਸ ਦੌਰਾਨ ਜਦੋਂ ਉਹ ਰੋਟੀ ਖਾਣ ਉਪਰੰਤ ਵਰਾਂਡੇ ਵਿਚ ਬੈਠੇ ਆਰਾਮ ਕਰ ਰਹੇ ਸਨ ਤਾਂ ਡਾ. ਬਲਬੀਰ ਸਿੰਘ, ਉਨ੍ਹਾਂ ਦੀ ਪਤਨੀ ਰੁਪਿੰਦਰਜੀਤ ਕੌਰ ਸੈਣੀ, ਪੁੱਤਰ ਰਾਹੁਲ ਸੈਣੀ ਅਤੇ ਵਟਾਵੇ ਪਰਮਿੰਦਰ ਸਿੰਘ ਨੇ ਉਨ੍ਹਾਂ 'ਤੇ ਡੰਡਿਆਂ ਤੇ ਹੋਰ ਹਥਿਆਰਾਂ ਨਾਲ ਹਮਲਾ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੇ ਡਰਾਈਵਰ ਨੇ ਉਨ੍ਹਾਂ ਨੂੰ ਰੂਪਨਗਰ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ।

# ਐਨ.ਆਰ.ਆਈ. ਫਾਸਟ ਟਰੈਕ ਅਦਾਲਤਾਂ ਸਥਾਪਤ ਕਰਨ ਦੀ ਤਿਆਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸੂਬੇ ਵਿਚ ਫਾਸਟ-ਟਰੈਕ ਐਨ.ਆਰ.ਆਈ. ਅਦਾਲਤਾਂ ਦੀ ਗਿਣਤੀ ਵਧਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਮੌਜੂਦਾ ਸਮੇਂ ਇਕੋ-ਇਕ ਐਨ.ਆਰ.ਆਈ. ਅਦਾਲਤ ਜਲੰਧਰ ਵਿਚ ਹੈ। ਸਰਕਾਰ ਨੇ ਹੁਣ ਅਜਿਹੀਆਂ ਪੰਜ ਹੋਰ ਅਦਾਲਤਾਂ ਸਥਾਪਤ ਕਰਨ ਦਾ ਟੀਚਾ ਰੱਖਿਆ ਹੈ, ਜਿਹੜੀਆਂ ਬਠਿੰਡਾ, ਨਵਾਂਸਹਿਰ, ਪਟਿਆਲਾ, ਹੁਸ਼ਿਆਰਪੁਰ ਅਤੇ ਮੋਗਾ ਵਿਚ ਸਥਾਪਤ ਕੀਤੀਆਂ ਜਾਣਗੀਆਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਪ੍ਰਬੰਧਕੀ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਕੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਨੂੰ ਐਨ.ਆਰ.ਆਈ. ਅਦਾਲਤਾਂ ਜਲਦੀ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨਾਲ ਸਬੰਧਤ 2500 ਦੇ ਕਰੀਬ ਕੇਸ ਲਟਕੇ ਹੋਏ ਹਨ।

# ਜਥੇਦਾਰ ਦੇ 'ਹੁਕਮ' ਨੇ ਛੇੜੀ ਨਵੀਂ ਚਰਚਾ

*(ਪਹਿਲੇ ਸਫੇ ਦੀ ਬਾਕੀ)*

ਉਤੇ ਸਵਾਲ ਇਸ ਗੱਲੋਂ ਵੀ ਉਠ ਰਹੇ ਹਨ ਕਿ ਸ਼ੌਕੀਨੀ ਵਜੋਂ ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜਾਬੀ ਨੌਜਵਾਨ ਪਹਿਲਾਂ ਹੀ ਸਭ ਤੋਂ ਅੱਗੇ ਹਨ ਪਰ ਇਹ ਸਰਦੇ-ਪੁਜਦੇ ਘਰਾਂ ਦੇ ਕਾਕਿਆਂ ਦੇ ਵੱਸ ਹੀ ਗੱਲ ਹਨ। ਪੰਜਾਬ ਦੇ ਲੋਕਾਂ ਕੋਲ 4 ਲੱਖ ਦੇ ਕਰੀਬ ਲਾਇਸੈਂਸੀ ਹਥਿਆਰ ਹਨ ਜੋ ਸੂਬਾ ਪੁਲਿਸ ਦੇ ਹਥਿਆਰਾਂ ਦੇ ਭੰਡਾਰ ਤੋਂ 4 ਗੁਣਾ ਵੱਧ ਹਨ। ਪੰਜਾਬ ਵਿਚ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਆਪਣੇ ਲਾਇਸੈਂਸੀ ਹਥਿਆਰ ਸਬੰਧਤ ਥਾਣਿਆਂ ਵਿਚ ਜਮ੍ਹਾਂ ਕਰਵਾਉਣ ਦੇ ਹੁਕਮ ਦਿੱਤੇ ਗਏ ਸਨ। ਚੋਣ ਕਮਿਸ਼ਨ ਨੇ ਇਸ ਦੌਰਾਨ ਖੁਲਾਸਾ ਕੀਤਾ ਸੀ ਕਿ ਸੂਬੇ ਵਿਚ 3,90,170 ਲਾਇਸੈਂਸੀ ਹਥਿਆਰ ਹਨ। ਪੰਜਾਬ ਦੇ ਕਰੀਬ 95 ਫੀਸਦੀ ਲੋਕਾਂ ਨੇ ਆਪਣੇ ਹਥਿਆਰ ਵੀ ਥਾਣਿਆਂ ਵਿਚ ਜਮ੍ਹਾਂ ਕਰਵਾਏ ਸਨ। ਇਸ ਦੇ ਬਾਵਜੂਦ ਪੁਲਿਸ ਨੇ ਚੋਣਾਂ ਦੌਰਾਨ ਵੱਡੀ ਗਿਣਤੀ ਵਿਚ ਨਾਜਾਇਜ਼ ਹਥਿਆਰ ਬਰਾਮਦ ਕੀਤੇ ਸਨ। ਪੰਜਾਬ ਵਿਚ ਪੁਲਿਸ ਵਾਲਿਆਂ ਕੋਲ ਭਾਰਤੀ ਆਰਡੀਨੈਂਸ ਫੈਕਟਰੀ ਵਿਚ ਬਣੇ ਪਿਸਤੌਲ ਹਨ ਜਦੋਂ ਕਿ ਲੋਕਾਂ ਕੋਲ ਪੂਰੀ ਤਰ੍ਹਾਂ ਆਟੋਮੈਟਿਕ, ਬੁਲਗਾਰੀਆ ਵਿਚ ਬਣੀ ਪਿਸਤੌਲ ਅਤੇ ਅਮਰੀਕਾ ਵਿਚ ਬਣੀ ਮੈਗਨਮ ਵਰਗੇ ਪਿਸਤੌਲ ਹਨ। ਦੇਸ ਦੀ ਗੱਲ ਕਰੀਏ ਤਾਂ ਯੂਪੀ ਤੋਂ ਬਾਅਦ ਪੰਜਾਬ ਵਿਚ ਲੋਕਾਂ ਕੋਲ ਸਭ ਤੋਂ ਵੱਧ ਹਥਿਆਰ ਹਨ। ਖਦਸ਼ਾ ਜ਼ਾਹਿਰ ਕੀਤਾ ਜਾਣਾ ਲੱਗਾ ਹੈ ਕਿ ਜਥੇਦਾਰ ਦੇ 'ਹੁਕਮ' ਦਾ ਨਵੀਂ ਪੀੜ੍ਹੀ 'ਚ ਗਲਤ ਸੰਦੇਸ਼ ਜਾ ਸਕਦਾ ਹੈ।

# ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸਿਹਤ ਮੰਤਰੀ ਦੀ ਛੁੱਟੀ

*(ਪਹਿਲੇ ਸਫੇ ਦੀ ਬਾਕੀ)*

ਉਕਤ ਮਾਮਲੇ ਸਬੰਧੀ ਪੁਖਤਾ ਸਬੂਤ ਲਿਆਉਣ ਲਈ ਕਿਹਾ। ਉਕਤ ਅਧਿਕਾਰੀ ਨੇ ਸਿਹਤ ਮੰਤਰੀ ਨਾਲ ਗੱਲਬਾਤ ਦੇ ਪੁਖਤਾ ਸਬੂਤ ਮੁੱਖ ਮੰਤਰੀ ਨੂੰ ਦਿੱਤੇ। ਮੁੱਖ ਮੰਤਰੀ ਨੇ ਉਕਤ ਸਬੂਤਾਂ ਦੇ ਆਧਾਰ 'ਤੇ ਜਾਂਚ ਕਰਵਾ ਕੇ ਸਿਹਤ ਮੰਤਰੀ ਡਾ. ਵਿਜੈ ਸਿੰਗਲਾ ਨੂੰ ਅਹੁਦੇ ਤੋਂ ਹਟਾ ਦਿੱਤਾ। ਤਾਜ਼ਾ ਕਾਰਵਾਈ ਪਿੱਛੋਂ ਪੰਜਾਬ ਦੇ ਸੇਵਾਮੁਕਤ ਅਫਸਰਾਂ, ਸਾਬਕਾ ਮੰਤਰੀਆਂ ਅਤੇ ਸੇਵਾ ਕਰ ਰਹੇ ਅਫਸਰਾਂ ਵਿਰੁੱਧ ਵਿਜੀਲੈਂਸ ਵੱਲੋਂ ਦਰਜ ਕੇਸਾਂ ਵਿਚ ਵੀ ਹਿਲਜੁਲ ਹੋਣ ਲੱਗੀ ਹੈ। ਸੂਤਰਾਂ ਅਨੁਸਾਰ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ 'ਚ ਹੋਏ ਬਹੁ-ਕਰੋੜੀ ਘਪਲੇ ਦੀਆਂ ਪਰਤਾਂ ਮੁੜ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਸਿਹਤ ਮੰਤਰੀ ਖਿਲਾਫ ਮੁੱਖ ਮੰਤਰੀ ਭਗਵੰਤ ਮਾਨ ਦੀ ਵੱਡੀ ਕਾਰਵਾਈ ਤੋਂ ਬਾਅਦ ਇਸ ਘਪਲੇ ਨਾਲ ਜੁੜੇ ਸਿਆਸੀ ਆਗੂ ਤੇ ਅਧਿਕਾਰੀ ਆਪਣੇ ਬਚਾਅ ਲਈ ਭੱਜ-ਦੌੜ ਕਰਨ ਲੱਗੇ ਹਨ। ਵਿਜੀਲੈਂਸ ਬਿਊਰੋ ਨੂੰ ਸਾਰੇ ਮਾਮਲਿਆਂ ਵਿਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਹੈ।

# ਬਰਤਾਨੀਆ ਵਿਚ ਨਰਸਿੰਗ ਅਧਿਕਾਰੀ ਨੇ ਸਿੱਖ ਦੀ ਪੱਗ ਦਾ ਮਜ਼ਾਕ ਉਡਾਇਆ

**ਲੰਡਨ:** ਯੂਕੇ ਦੀ ਇਕ ਯੂਨੀਵਰਸਿਟੀ ਵਿਚ ਨਰਸ ਅਤੇ ਸੀਨੀਅਰ ਲੈਕਚਰਾਰ ਨੂੰ ਆਪਣੇ ਸਹਿਯੋਗੀ ਨਾਲ ਦੁਰਵਿਵਹਾਰ ਕਰਨ ਤੇ ਸ਼ੋਸ਼ਣ ਕਰਨ ਦੇ ਦੋਸ਼ ਹੇਠ ਹਟਾ ਦਿੱਤਾ ਗਿਆ ਹੈ। ਉਸ ਨੇ ਆਪਣੇ ਸਿੱਖ ਸਹਿਯੋਗੀ ਦੀਆਂ ਧਾਰਮਿਕ ਭਾਵਨਾਵਾਂ ਤੇ ਉਸ ਦੀ ਪੱਗ ਦਾ ਮਜ਼ਾਕ ਉਡਾਇਆ ਸੀ। ਨਰਸਿੰਗ ਐਂਡ ਮਿਡਵਾਈਫਰੀ ਕੌਂਸਲ (ਐਨ.ਐਮ.ਸੀ.) ਨੇ ਪਿਛਲੇ ਹਫਤੇ ਮੌਰਿਸ ਸਲੇਵੇਨ ਖਿਲਾਫ ਵਰਚੁਅਲ ਸੁਣਵਾਈ ਕੀਤੀ ਸੀ ਜਿਸ ਵਿਚ ਉਸ ਖਿਲਾਫ ਆਪਣੇ ਸਹਿਯੋਗੀ ਤੇ ਸਿੱਖ ਲੈਕਚਰਾਰ ਦਾ ਸ਼ੋਸ਼ਣ ਕਰਨ ਦੇ ਦੋਸ਼ ਲੱਗੇ ਸਨ।

# ਨਾਜਾਇਜ਼ ਕਬਜ਼ੇ ਛੱਡਣ ਲਈ ਮੋਹਲਤ ਵਧਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਚਾਇਤੀ ਜ਼ਮੀਨਾਂ ਤੋਂ ਸਵੈ ਇੱਛਾ ਨਾਲ ਕਬਜ਼ੇ ਛੱਡਣ ਲਈ ਕਾਬਜ਼ਕਾਰਾਂ ਨੂੰ ਹੁਣ 30 ਜੂਨ ਤੱਕ ਦੀ ਮੋਹਲਤ ਦੇ ਦਿੱਤੀ ਹੈ ਜਦੋਂ ਕਿ ਮੁੱਖ ਮੰਤਰੀ ਨੇ ਪਹਿਲਾਂ 31 ਮਈ ਤੱਕ ਦਾ ਸਮਾਂ ਦਿੱਤਾ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ 'ਜਮੀਨ ਬਚਾਓ' ਮੁਹਿੰਮ ਤਹਿਤ ਨਾਜਾਇਜ਼ ਕਬਜ਼ੇ ਹਟਾਉਣ ਲਈ ਮੁਹਿੰਮ ਵਿੱਢੀ ਹੋਈ ਹੈ ਜਿਸ ਨੂੰ ਲੈ ਕੇ ਕਿਸਾਨ ਧਿਰਾਂ ਨੇ ਆਪਣੇ ਇਤਰਾਜ਼ ਉਠਾਏ ਸਨ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਪੰਜਾਬ ਭਵਨ ਵਿਚ 23 ਕਿਸਾਨ ਧਿਰਾਂ ਦੇ ਆਗੂਆਂ ਨਾਲ ਮੀਟਿੰਗ ਕੀਤੀ। ਕਿਸਾਨ ਆਗੂਆਂ ਤੋਂ ਮਿਲੇ ਮਸ਼ਵਰੇ ਮਗਰੋਂ ਕੈਬਨਿਟ ਮੰਤਰੀ ਨੇ ਰਾਹਤ ਵਾਲੇ ਕਦਮ ਉਠਾਉਣ ਦਾ ਭਰੋਸਾ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬ ਦੇ ਨਹਿਰੀ ਪਾਣੀਆਂ ਵਿਚ ਵੀ ਘੁਲਿਆ ਜ਼ਹਿਰ

**ਚੰਡੀਗੜ੍ਹ:** ਪੰਜਾਬ ਦੀਆਂ ਨਹਿਰਾਂ ਦਾ ਪਾਣੀ ਇਸ ਹੱਦ ਤੱਕ ਪਲੀਤ ਹੋ ਗਿਆ ਹੈ ਕਿ ਨਹਿਰੀ ਵਿਭਾਗ ਨੇ ਲੋਕਾਂ ਨੂੰ ਨਹਿਰਾਂ ਦਾ ਪਾਣੀ ਨਾ ਪੀਣ ਦੀ ਸਲਾਹ ਦਿੱਤੀ ਹੈ। ਪ੍ਰਦੂਸ਼ਿਤ ਪਾਣੀ ਨੂੰ ਨਹਿਰਾਂ ਵਿਚ ਜਾਣ ਤੋਂ ਰੋਕਣ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰੀਕੇ ਹੈੱਡਵਰਕਸ ਸਬੰਧੀ ਬਣਾਈ ਗਈ ਵਿਸ਼ੇਸ਼ ਕਮੇਟੀ ਦੀ ਮੀਟਿੰਗ ਦੌਰਾਨ ਇਹ ਤੱਥ ਸਾਹਮਣੇ ਰੱਖੇ ਗਏ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਰਾਜਸਥਾਨ ਸਰਕਾਰ ਵੱਲੋਂ ਨਹਿਰੀ ਪਾਣੀ ਦੇ ਨਮੂਨੇ ਲੈ ਕੇ ਜੋ ਪਰਖ ਕਰਾਈ ਗਈ ਹੈ, ਉਸ ਮੁਤਾਬਕ ਨਹਿਰਾਂ ਦਾ ਪਾਣੀ ਬਹੁਤ ਜ਼ਿਆਦਾ ਦੂਸ਼ਿਤ ਹੈ।



ਅਧਿਕਾਰੀਆਂ ਦਾ ਦੱਸਣਾ ਹੈ ਕਿ ਰਿਪੋਰਟਾਂ ਮੁਤਾਬਕ ਇਸ ਵੇਲੇ ਨਹਿਰੀ ਪਾਣੀ ਮਨੁੱਖੀ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਇਸ ਲਈ ਨਹਿਰਾਂ ਦਾ ਪਾਣੀ ਸਿਰਫ ਸਿੰਜਾਈ ਲਈ ਵਰਤਿਆ ਜਾਵੇ। ਇਸ ਦੀ ਵਰਤੋਂ ਪੀਣ ਵਾਲੇ ਪਾਣੀ ਵਜੋਂ ਨਾ ਕੀਤੀ ਜਾਵੇ। ਇਸੇ ਤਰ੍ਹਾਂ ਦੀ ਸਲਾਹ ਰਾਜਸਥਾਨ ਵੱਲੋਂ ਆਪਣੇ ਨਾਗਰਿਕਾਂ ਨੂੰ ਦਿੱਤੀ ਗਈ ਹੈ।

ਬੀਕਾਨੇਰ ਕੈਨਾਲ, ਰਾਜਸਥਾਨ ਫੀਡਰ ਅਤੇ ਗੰਗ ਕੈਨਾਲ ਰਾਹੀਂ ਰਾਜਸਥਾਨ ਦੇ ਵੱਡੇ ਹਿੱਸੇ ਦੀਆਂ ਜ਼ਮੀਨਾਂ ਲਈ ਨਹਿਰੀ ਪਾਣੀ ਦੀ ਵਰਤੋਂ ਸਿੰਜਾਈ ਲਈ ਹੀ ਨਹੀਂ ਹੁੰਦੀ, ਸਗੋਂ ਪੀਣ ਲਈ ਵੀ ਕੀਤੀ ਜਾਂਦੀ ਹੈ। ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਦੂਸ਼ਿਤ ਪਾਣੀ ਦੀ ਜ਼ਿਆਦਾ ਸਮੱਸਿਆ ਲੁਧਿਆਣਾ ਸ਼ਹਿਰ 'ਚ ਲੱਗੇ ਉਦਯੋਗਾਂ ਦਾ ਪਾਣੀ ਸਤਲੁਜ ਦਰਿਆ ਵਿਚ ਸੁੱਟੇ ਜਾਣ ਕਾਰਨ ਪੈਦਾ ਹੁੰਦੀ ਹੈ। ਇਸੇ ਲਈ ਹਰੀਕੇ ਹੈੱਡਵਰਕਸ ਤੋਂ ਨਿਕਲਦੀਆਂ ਨਹਿਰਾਂ ਦਾ ਪਾਣੀ ਬਹੁਤ ਜ਼ਿਆਦਾ ਦੂਸ਼ਿਤ ਹੁੰਦਾ ਹੈ। ਪ੍ਰਦੂਸ਼ਣ ਰੋਕਥਾਮ ਬੋਰਡ ਦੀ ਰਿਪੋਰਟ ਮੁਤਾਬਕ ਇਨ੍ਹਾਂ ਨਹਿਰਾਂ ਦੇ ਪਾਣੀ ਵਿਚ ਬੇਹੱਦ ਜ਼ਹਿਰੀਲੇ ਤੱਤ ਹਨ।

ਪੰਜਾਬ ਦੇ ਦਿਹਾਤੀ ਜਲ ਸਪਲਾਈ ਵਿਭਾਗ ਵੱਲੋਂ ਵੀ ਹਰ ਮਹੀਨੇ ਜਲ ਘਰਾਂ ਦੇ ਪਾਣੀ ਦੇ ਨਮੂਨੇ ਲੈ ਕੇ ਬਾਕਾਇਦਾ ਪਰਖ ਕਰਾਈ ਜਾਂਦੀ ਹੈ। ਜਲ ਸਪਲਾਈ ਵਿਭਾਗ ਦੀਆਂ ਰਿਪੋਰਟਾਂ ਮੁਤਾਬਕ ਬਠਿੰਡਾ, ਬਰਨਾਲਾ, ਮਾਨਸਾ, ਸੰਗਰੂਰ, ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ ਦੀ ਵੱਡੀ ਵਸੋਂ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹੈ।

ਇਨ੍ਹਾਂ ਜ਼ਿਲ੍ਹਿਆਂ ਦੇ ਜ਼ਮੀਨ ਹੇਠਲੇ ਪਾਣੀ ਵਿਚ ਭਾਰੀ ਧਾਤਾਂ ਦੇ ਨਾਲ-ਨਾਲ ਯੂਰੇਨੀਅਮ ਵਰਗੇ ਜ਼ਹਿਰੀਲੇ ਤੱਤ ਰਿਪੋਰਟਾਂ ਵਿਚ ਆਏ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਦਰਿਆਈ ਪਾਣੀਆਂ 'ਚ ਪ੍ਰਦੂਸ਼ਣ ਖਤਮ ਕਰਨ ਲਈ 2010 ਤੋਂ ਯੋਜਨਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ, ਪਰ ਦਹਾਕੇ ਬਾਅਦ ਵੀ ਇਨ੍ਹਾਂ ਯੋਜਨਾਵਾਂ ਦਾ ਕੋਈ ਅਸਰ ਹੁੰਦਾ ਨਹੀਂ ਦਿਖ ਰਿਹਾ।

# ਸਾਬਕਾ ਮੰਤਰੀ ਤੋਤਾ ਸਿੰਘ ਦਾ ਦੇਹਾਂਤ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਖੇਤੀਬਾੜੀ ਤੇ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਦਾ ਦੇਹਾਂਤ ਹੋ ਗਿਆ। ਉਹ ਇਥੋਂ ਦੇ ਫੋਰਟਿਸ ਹਸਪਤਾਲ 'ਚ ਜੇਰੇ ਇਲਾਜ ਸਨ। ਜਥੇਦਾਰ ਪਿਛਲੇ ਕਈ ਦਿਨਾਂ ਤੋਂ ਫੇਫੜਿਆਂ ਦੀ ਇਨਫੈਕਸ਼ਨ ਤੋਂ ਪੀੜਤ ਸਨ। ਉਹ ਇਕ ਵਾਰ ਬਿਮਾਰੀ ਤੋਂ ਉੱਭਰ ਆਏ ਸਨ ਪਰ ਬੀਤੇ ਦਿਨੀਂ ਉਨ੍ਹਾਂ ਦੀ ਸਿਹਤ ਮੁੜ ਵਿਗੜ ਗਈ ਜਿਸ ਕਾਰਨ ਉਨ੍ਹਾਂ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਦਾਖ਼ਲ ਕਰਵਾਇਆ ਗਿਆ।

ਜਥੇਦਾਰ ਤੋਤਾ ਸਿੰਘ ਦੋ ਵਾਰ ਮੋਗਾ ਤੋਂ ਅਤੇ ਇਕ ਵਾਰ ਧਰਮਕੋਟ ਤੋਂ ਵਿਧਾਇਕ ਰਹੇ ਹਨ। ਤੋਤਾ ਸਿੰਘ ਪਹਿਲੀ ਵਾਰ ਮੋਗਾ ਵਿਧਾਨ ਸਭਾ ਸੀਟ ਤੋਂ ਸਾਲ 1997 ਵਿਚ ਚੋਣ ਜਿੱਤੇ ਸਨ, ਬਾਦਲ ਸਰਕਾਰ ਵਿਚ ਵੀ ਪਹਿਲੀ ਵਾਰ ਉਨ੍ਹਾਂ ਨੂੰ ਸਿੱਖਿਆ ਮੰਤਰੀ ਵਜੋਂ ਕੈਬਨਿਟ ਰੈਂਕ ਮਿਲਿਆ ਸੀ। ਉਹ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੀ ਰਹੇ। ਜਥੇਦਾਰ ਤੋਤਾ ਸਿੰਘ ਦਾ ਜਨਮ 2 ਮਾਰਚ, 1941 ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਦੀਦਾਰ ਸਿੰਘ ਵਾਲਾ ਵਿਖੇ ਪਿਤਾ ਬਾਬੂ ਸਿੰਘ ਦੇ ਘਰ ਮਾਤਾ ਬਸੰਤ ਕੌਰ ਦੀ ਕੁੱਖੋਂ ਹੋਇਆ। ਮੁਢਲੀ ਵਿੱਦਿਆ ਪਿੰਡ ਤੋਂ ਲੈਣ ਤੋਂ ਬਾਅਦ ਉਨ੍ਹਾਂ ਨੇ ਡੀ.ਐਮ. ਕਾਲਜ ਮੋਗਾ ਤੋਂ ਐਫ.ਏ. ਦੀ ਪੜ੍ਹਾਈ ਕਰਨ ਉਪਰੰਤ ਸਾਲ 1961 ਵਿਚ ਉਹ ਪਿੰਡ ਦੀਦਾਰ ਸਿੰਘ ਵਾਲਾ ਦੇ ਪਹਿਲੀ ਵਾਰ ਸਰਪੰਚ ਬਣੇ। ਜਿਥੋਂ ਉਨ੍ਹਾਂ ਦਾ ਸਿਆਸੀ ਜੀਵਨ ਸ਼ੁਰੂ ਹੋਇਆ। ਸਾਲ 1969 ਵਿਚ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਬਣੇ, ਜਦੋਂਕਿ ਪੰਜਾਬ ਦੇ ਸਿਰਫ 12 ਜ਼ਿਲ੍ਹੇ ਸਨ।



ਸਾਲ 1985 ਵਿਚ ਉਹ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਬਣੇ। ਸਾਲ 1997 ਵਿਚ ਜਥੇਦਾਰ ਤੋਤਾ ਸਿੰਘ ਪੰਜਾਬ ਦੇ ਸਿੱਖਿਆ ਮੰਤਰੀ ਬਣੇ, ਸਾਲ 2002 ਵਿਚ ਉਹ ਮੋਗਾ ਤੋਂ ਬਤੌਰ ਵਿਧਾਇਕ ਚੁਣੇ ਗਏ। ਸਾਲ 2012 ਵਿਚ ਉਹ ਹਲਕਾ ਧਰਮਕੋਟ ਤੋਂ ਵਿਧਾਇਕ ਚੁਣੇ ਗਏ ਅਤੇ ਖੇਤੀਬਾੜੀ ਮੰਤਰੀ ਬਣੇ। ਸਾਲ 1978 ਤੋਂ ਲੈ ਕੇ ਹੁਣ ਤੱਕ ਉਹ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਵੱਖ-ਵੱਖ ਅਹੁਦਿਆਂ ਉਤੇ ਬਿਰਾਜਮਾਨ ਰਹੇ।

# ਮਹਿੰਗਾਈ ਨੇ ਆਮ ਲੋਕਾਂ ਦੇ ਹੱਥ ਖੜ੍ਹੇ ਕਰਵਾਏ

**ਚੰਡੀਗੜ੍ਹ:** ਮਹਿੰਗਾਈ ਦੀ ਮਾਰ ਨੇ ਆਮ ਲੋਕਾਂ ਦੇ ਹੱਥ ਖੜ੍ਹੇ ਕਰਵਾ ਦਿੱਤੇ ਹਨ। ਪਿਛਲੇ 13 ਮਹੀਨਿਆਂ ਤੋਂ ਤੇਜੀ ਨਾਲ ਵਧ ਰਹੀ ਮਹਿੰਗਾਈ ਨੇ ਦੇਸ਼ ਦੀ ਆਬਾਦੀ ਦੇ ਵੱਡੇ ਹਿੱਸੇ ਦੀ ਜ਼ਿੰਦਗੀ ਉੱਤੇ ਬੇਹੱਦ ਬੁਰਾ ਪ੍ਰਭਾਵ ਪਾਇਆ ਹੈ। ਥੋਕ ਕੀਮਤਾਂ ਦੇ ਆਧਾਰ ਉਤੇ ਅਪਰੈਲ ਮਹੀਨੇ ਮਹਿੰਗਾਈ 15.08 ਫੀਸਦੀ ਵਧੀ। ਕੀਮਤਾਂ ਅੰਦਰ ਉਬਾਲ ਤੇਲ ਅਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਦੇ ਵਧਣ ਕਾਰਨ ਆਇਆ ਹੈ। ਪਿਛਲੇ ਸਾਲ ਦੇ ਮੁਕਾਬਲੇ ਕਣਕ, ਫਲਾਂ, ਸਬਜ਼ੀਆਂ ਅਤੇ ਖਾਣ ਵਾਲੇ ਤੇਲਾਂ ਦੀਆਂ ਕੀਮਤਾਂ ਵਿਚ ਕਾਫੀ ਵਾਧਾ ਹੋਇਆ ਹੈ। ਭਾਰਤ ਵਿਚ ਨੋਟਬੰਦੀ ਤੋਂ ਬਾਅਦ ਗੱਡੀ ਪਟੜੀ ਉਤੇ ਨਹੀਂ ਚੜ੍ਹੀ। ਉਸ ਨਾਲ ਬਹੁਤ ਸਾਰੇ ਛੋਟੇ ਕਾਰੋਬਾਰ ਬੰਦ ਹੋ ਗਏ ਅਤੇ ਲੋਕਾਂ ਦੀ ਆਮਦਨ ਨੂੰ ਭਾਰੀ ਸੱਟ ਵੱਜੀ। ਮਾਰਚ 2020 ਤੋਂ ਕੋਵਿਡ ਦੇ ਕਾਰਨ ਐਲਾਨੀ ਤਾਲਾਬੰਦੀ ਨੇ ਹਾਲਾਤ ਹੋਰ ਵੀ ਬਦਤਰ ਕਰ ਦਿੱਤੇ।

ਇਸ ਪੂਰੇ ਸਮੇਂ ਦੌਰਾਨ ਦੇਸ਼ ਦੇ 84 ਫੀਸਦੀ



ਪਰਿਵਾਰਾਂ ਦੀ ਆਮਦਨ ਵਿਚ ਗਿਰਾਵਟ ਆਈ ਹੈ। ਬਹੁਤ ਸਾਰੇ ਅਰਥਸ਼ਾਸਤਰੀ ਕਿਸੇ ਵੀ ਤਰੀਕੇ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਆਰਥਿਕ ਗਤੀਵਿਧੀਆਂ ਵਿਚ ਸ਼ਾਮਲ ਕਰਕੇ ਪੈਸਾ ਮੁਹੱਈਆ ਕਰਵਾਉਣ ਦੀ ਦਲੀਲ ਦਿੰਦੇ ਰਹੇ। ਇਸੇ ਦੌਰਾਨ ਕੇਂਦਰ ਅਤੇ ਰਾਜ ਸਰਕਾਰਾਂ ਨੇ ਪੈਟਰੋਲ ਤੇ ਡੀਜ਼ਲ 'ਤੇ ਆਬਕਾਰੀ ਡਿਊਟੀ, ਸਰਚਾਰਜ ਤੇ ਐਡੀਸ਼ਨਲ ਡਿਊਟੀ ਲਗਾ ਕੇ ਲੱਖਾਂ-ਕਰੋੜਾਂ ਰੁਪਏ ਕਮਾਏ ਪਰ ਕੱਚੇ ਤੇਲ ਦੀਆਂ ਕੀਮਤਾਂ ਵਿਚ ਆਈ ਕਮੀ ਦਾ ਲਾਭ ਲੋਕਾਂ ਤੱਕ ਕਦੇ ਵੀ ਨਹੀਂ ਪਹੁੰਚ ਸਕਿਆ। ਰੂਸ ਅਤੇ ਯੂਕਰੇਨ ਜੰਗ ਨੇ ਮਹਿੰਗਾਈ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਭਾਰਤ ਦੇ ਕੇਂਦਰੀ ਪੂਲ ਵਿਚ ਸਭ ਤੋਂ ਵੱਧ ਕਣਕ ਦੇਣ ਵਾਲੇ ਪੰਜਾਬ ਅੰਦਰ ਤਪਸ਼ ਵਧਣ ਕਾਰਨ ਕਣਕ ਦੇ ਝਾੜ ਵਿਚ ਲਗਭਗ ਵੀਹ ਫੀਸਦੀ ਤੱਕ ਕਮੀ ਦੇਖਣ ਨੂੰ ਮਿਲੀ ਹੈ।

ਆਮਦਨ ਘਟਣ ਅਤੇ ਮਹਿੰਗਾਈ ਵਧਣ ਦੇ ਕਾਰਨ ਗਰੀਬੀ ਦੀ ਰੇਖਾ ਤੋਂ ਹੇਠਾਂ ਵਾਲੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਲੋਕਾਂ ਨੂੰ ਆਪਣੇ ਖਾਣ, ਪਹਿਨਣ ਅਤੇ ਹੋਰ ਜਰੂਰੀ ਲੋੜਾਂ ਨੂੰ ਘਟਾਉਣਾ ਪੈ ਰਿਹਾ ਹੈ। ਭਾਰਤ ਵਿਚ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਦੁਨੀਆ ਦੀਆਂ ਕਈ ਸੰਸਥਾਵਾਂ ਦੀਆਂ ਰਿਪੋਰਟਾਂ ਇਹ ਕਹਿ ਰਹੀਆਂ ਹਨ ਕਿ ਅਮੀਰੀ-ਗਰੀਬੀ ਦੇ ਪਾੜੇ ਦੇ ਮਾਮਲੇ ਵਿਚ ਭਾਰਤ ਦਾ ਨੰਬਰ ਪਹਿਲੇ ਦੇਸ਼ਾਂ ਵਿਚ ਆਉਂਦਾ ਹੈ। ਇਸ ਪਾੜੇ ਨੂੰ ਘਟਾਉਣ, ਮਹਿੰਗਾਈ ਕੰਟਰੋਲ ਕਰਨ ਅਤੇ ਰੁਜ਼ਗਾਰ ਵਧਾਉਣ ਲਈ ਕੋਈ ਠੋਸ ਕਦਮ ਉਠਾਏ ਜਾਂਦੇ ਦਿਖਾਈ ਨਹੀਂ ਦੇ ਰਹੇ।

# ਪੰਜਾਬ ਵਿਚ ਐਮ.ਆਰ.ਪੀ. 'ਤੇ ਸ਼ਰਾਬ ਵੇਚਣ ਦੀ ਤਿਆਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੀਂ ਆਬਕਾਰੀ ਨੀਤੀ ਨੂੰ ਲੈ ਕੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ। ਮੀਟਿੰਗ ਵਿਚ ਜੁਲਾਈ ਮਹੀਨੇ ਤੋਂ ਲਾਗੂ ਹੋਣ ਵਾਲੀ ਨਵੀਂ ਆਬਕਾਰੀ ਨੀਤੀ ਨੂੰ ਲਾਗੂ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਪੰਜਾਬ ਸਰਕਾਰ ਨਵੀਂ ਸ਼ਰਾਬ ਨੀਤੀ ਰਾਹੀਂ ਜਿਥੇ ਖਾਲੀ ਖ਼ਜ਼ਾਨੇ ਨੂੰ ਭਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਉਥੇ ਹੀ ਸ਼ਰਾਬ ਦੇ ਕਾਰੋਬਾਰ ਵਿਚ ਹੋਣ ਵਾਲੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਵੀ ਵਿਉਂਤਬੰਦੀ ਕਰਨ ਲੱਗੀ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਦਿੱਲੀ ਦੀ ਤਰਜ਼ 'ਤੇ ਸ਼ਰਾਬ ਨੀਤੀ ਵਿਚ ਕੁਝ ਬਦਲਾਅ ਕਰ ਸਕਦੀ ਹੈ। ਇਸ ਦੇ ਨਾਲ ਹੀ ਪੰਜਾਬ ਵਿਚ ਸ਼ਰਾਬ ਨੂੰ ਐਮ.ਆਰ.ਪੀ. 'ਤੇ ਵੇਚਣ ਲਈ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਹਾਲਾਂਕਿ ਪਹਿਲਾਂ ਵੀ ਸ਼ਰਾਬ ਦੀਆਂ ਬੋਤਲਾਂ 'ਤੇ ਐਮ.ਆਰ.ਪੀ. ਲੱਗਿਆ ਹੁੰਦਾ ਹੈ, ਪਰ ਸ਼ਰਾਬ ਨੂੰ ਐਮ.ਆਰ.ਪੀ. ਤੋਂ ਮਹਿੰਗੇ ਭਾਅ 'ਤੇ ਵੇਚਿਆ ਜਾਂਦਾ ਹੈ। ਇਸ ਲਈ 'ਆਪ' ਸਰਕਾਰ ਸ਼ਰਾਬ ਨੂੰ ਐਮ.ਆਰ.ਪੀ. 'ਤੇ ਵੇਚਣ ਦੀ ਤਰਜੀਹ ਦੇ ਰਹੀ ਹੈ। ਇਸ ਤੋਂ ਇਲਾਵਾ 'ਆਪ' ਸਰਕਾਰ ਸੂਬੇ ਵਿਚ ਠੇਕਿਆਂ ਦੇ ਗਰੁੱਪਾਂ ਨੂੰ ਵੱਡਾ ਕਰਨ ਲਈ ਰਣਨੀਤੀ ਤਿਆਰ ਕਰ ਰਹੀ ਹੈ। ਹਾਲਾਂਕਿ ਇਸ ਬਾਰੇ ਅਧਿਕਾਰਤ ਫੈਸਲਾ ਕੋਈ ਨਹੀਂ ਲਿਆ ਗਿਆ। ਇਸ ਤੋਂ ਪਹਿਲਾਂ 31 ਮਾਰਚ 2022 ਨੂੰ ਪੰਜਾਬ ਸਰਕਾਰ ਨੇ ਵਿੱਤ ਵਰ੍ਹੇ 2022-23 ਦੇ ਪਹਿਲੇ ਤਿੰਨ ਮਹੀਨੇ 1 ਅਪਰੈਲ ਤੋਂ 30 ਜੂਨ ਤੱਕ ਪੁਰਾਣੀ ਸ਼ਰਾਬ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਜਦੋਂ ਕਿ ਤਿੰਨ ਮਹੀਨੇ ਸ਼ਰਾਬ ਦੇ ਠੇਕਿਆਂ ਨੂੰ ਚਲਾਉਣ ਲਈ ਮੌਜੂਦਾ ਲਾਇਸੈਂਸ ਧਾਰਕਾਂ ਨੂੰ ਗਰੁੱਪ/ਜ਼ੋਨ ਲਈ ਵਿੱਤੀ ਸਾਲ 2021-22 ਨਾਲੋਂ ਘੱਟੋ-ਘੱਟ ਗਰੰਟੀ ਮਾਲੀਏ ਉਤੇ 1.75 ਫੀਸਦ ਵਾਧੂ ਮਾਲੀਆ ਦੇਣਾ ਪਵੇਗਾ। ਪੰਜਾਬ ਸਰਕਾਰ ਨੇ ਚਲੰਤ ਮਾਲੀ ਵਰ੍ਹੇ ਲਈ ਸ਼ਰਾਬ ਦੀ ਵਿਕਰੀ ਤੋਂ 1910



ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਰੱਖਿਆ ਹੈ। ਇਸ ਤੋਂ ਪਹਿਲਾਂ 1410 ਕਰੋੜ ਰੁਪਏ ਮਾਲੀਆ ਇਕੱਠਾ ਹੁੰਦਾ ਸੀ। ਕਾਂਗਰਸ ਸਰਕਾਰ ਨੇ ਪਿਛਲੇ ਸਾਲ ਸ਼ਰਾਬ ਦੇ ਕਾਰੋਬਾਰ ਤੋਂ 7 ਹਜ਼ਾਰ ਰੁਪਏ ਦਾ ਮਾਲੀਆ ਕਮਾਉਣ ਦਾ ਟੀਚਾ ਰੱਖਿਆ ਸੀ, ਪਰ 'ਆਪ' ਸਰਕਾਰ ਇਸ ਨੂੰ 8 ਹਜ਼ਾਰ ਕਰੋੜ ਰੁਪਏ ਸਾਲਾਨਾ ਤੱਕ ਪਹੁੰਚਾਉਣ 'ਤੇ ਵਿਚਾਰ ਕਰ ਰਹੀ ਹੈ।

# ਨੂੰਹ ਦੇ ਮਾਪਿਆਂ ਖਿਲਾਫ ਧੋਖਾਧੜੀ ਦਾ ਕੇਸ ਦਰਜ

**ਸਮਰਾਲਾ:** ਇਥੋਂ ਦੇ ਪਰਿਵਾਰ ਨਾਲ ਉਨ੍ਹਾਂ ਦੀ ਨੂੰਹ ਨੇ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ। ਸਹੁਰੇ ਪਰਿਵਾਰ ਨੇ ਤਕਰੀਬਨ 24 ਲੱਖ ਰੁਪਏ ਖਰਚ ਕਰਕੇ ਆਪਣੀ ਨੂੰਹ ਨੂੰ ਇੰਗਲੈਂਡ ਭੇਜਿਆ ਪਰ ਉਥੇ ਜਾ ਕੇ ਲੜਕੀ ਨੇ ਅੱਖਾਂ ਫੇਰ ਲਈਆਂ। ਪੁਲਿਸ ਨੇ ਪੜਤਾਲ ਮਗਰੋਂ ਨੇਹਾ ਅਤੇ ਉਸ ਦੇ ਮਾਪਿਆਂ ਖਿਲਾਫ਼ ਧੋਖਾਧੜੀ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਇਸ ਲੜਕੀ ਨੇ ਆਪਣੇ ਪਤੀ ਨੂੰ ਉਥੇ ਬੁਲਾਉਣ ਦੀ ਬਜਾਇ ਉਲਟਾ ਪਤੀ ਨਾਲ ਸੰਪਰਕ ਹੀ ਤੋੜ ਲਿਆ ਅਤੇ ਸਹੁਰੇ ਪਰਿਵਾਰ ਵੱਲੋਂ ਖਰਚ ਕੀਤੀ ਰਕਮ ਵੀ ਵਾਪਸ ਨਹੀਂ ਭੇਜੀ। ਸਮਰਾਲਾ ਪੁਲਿਸ ਵੱਲੋਂ ਇਸ ਸਬੰਧੀ ਦਰਜ ਕੀਤੇ ਮਾਮਲੇ 'ਚ ਲੜਕੀ ਦੇ ਸਹੁਰੇ ਗੁਰਨਾਮ ਸਿੰਘ ਵਾਸੀ ਪਿੰਡ ਅਲੌੜ (ਥਾਣਾ ਖੰਨਾ) ਨੇ ਦੱਸਿਆ ਕਿ ਦੋ ਸਾਲ ਪਹਿਲਾਂ ਉਸ ਦੇ ਲੜਕੇ ਪ੍ਰਿੰਸ ਕੁਮਾਰ ਦਾ ਸਮਰਾਲਾ ਨਿਵਾਸੀ ਲੜਕੀ ਨੇਹਾ ਨਾਲ ਵਿਆਹ ਹੋਇਆ ਸੀ। ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਨੇ ਨੇਹਾ ਨੂੰ ਇੰਗਲੈਡ ਭੇਜਣ ਲਈ ਕਰਜ਼ ਚੁੱਕ ਕੇ ਕਰੀਬ 24 ਲੱਖ ਰੁਪਇਆ ਖਰਚ ਕੀਤਾ। ਉਸ ਵੇਲੇ ਇਹ ਗੱਲ ਤੈਅ ਹੋਈ ਸੀ ਕਿ ਨੇਹਾ ਇੰਗਲੈਂਡ ਪਹੁੰਚ ਕੇ ਆਪਣੇ ਪਤੀ ਨੂੰ ਵੀ ਉਥੇ ਬੁਲਾ ਲਵੇਗੀ। ਨੇਹਾ ਇੰਗਲੈਂਡ ਵਿਚ ਤਾਲਾਬੰਦੀ ਦਾ ਬਹਾਨਾ ਲੱਗਾ ਕੇ ਸਹੁਰੇ ਪਰਿਵਾਰ ਤੋਂ ਹੋਰ ਖਰਚਾ ਵੀ ਮੰਗਵਾਉਂਦੀ ਰਹੀ ਪਰ ਜਦੋਂ ਹੋਰ ਖਰਚਾ ਭੇਜਣਾ ਬੰਦ ਕਰ ਦਿੱਤਾ ਤਾਂ ਨੇਹਾ ਦੇ ਸੁਰ ਬਦਲ ਗਏ ਅਤੇ ਉਸ ਨੇ ਆਪਣੇ ਪਤੀ ਤੇ ਸਹੁਰੇ ਪਰਿਵਾਰ ਨਾਲ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ। ਇਸ ਤੋਂ ਬਾਅਦ ਲੜਕੀ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਕਈ ਵਾਰ ਗੱਲ ਕੀਤੀ ਗਈ ਪਰ ਨਾ ਹੀ ਨੇਹਾ ਨੇ ਆਪਣੇ ਪਤੀ ਨੂੰ ਇੰਗਲੈਂਡ ਸੱਦਿਆ ਅਤੇ ਨਾ ਹੀ ਰਕਮ ਹੀ ਵਾਪਸ ਕੀਤੀ।

# ਕੇਂਦਰ ਨੇ ਨੀਮ ਫੌਜੀ ਬਲਾਂ ਦੀਆਂ 10 ਹੋਰ ਕੰਪਨੀਆਂ ਪੰਜਾਬ ਭੇਜੀਆਂ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪਿਛਲੇ ਦਿਨੀਂ ਕੇਂਦਰ ਸਰਕਾਰ ਤੋਂ ਅਰਧ ਸੈਨਿਕ ਬਲਾਂ ਦੀਆਂ 30 ਕੰਪਨੀਆਂ ਤਾਇਨਾਤ ਕਰਨ ਦੀ ਮੰਗ ਕੀਤੀ ਸੀ। ਉਸ ਬਦਲੇ ਕੇਂਦਰ ਸਰਕਾਰ ਨੇ ਪੰਜਾਬ ਨੂੰ 10 ਕੰਪਨੀਆਂ ਦੇ ਦਿੱਤੀਆਂ ਸਨ। ਹੁਣ ਕੇਂਦਰ ਸਰਕਾਰ ਨੇ ਅਰਧ ਸੈਨਿਕ ਬਲਾਂ ਦੀਆਂ 10 ਹੋਰ ਕੰਪਨੀਆਂ ਤੁਰਤ ਅਲਾਟ ਕਰ ਦਿੱਤੀਆਂ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦਿੱਲੀ 'ਚ ਇਸ ਸਬੰਧੀ ਮੁਲਾਕਾਤ ਕੀਤੀ ਸੀ ਤੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਦਾ ਵਾਸਤਾ ਪਾਇਆ ਜਿਸ ਪਿੱਛੋਂ ਅਮਿਤ ਸ਼ਾਹ ਨੇ 10 ਹੋਰ ਕੰਪਨੀਆਂ ਤੁਰਤ ਅਲਾਟ ਕਰ ਦਿੱਤੀਆਂ ਹਨ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਸੱਤਾ ਸੰਭਾਲਣ ਤੋਂ ਬਾਅਦ ਪੰਜਾਬ ਵਿਚ ਕਾਨੂੰਨ ਵਿਵਸਥਾ ਵੱਡਾ ਮੁੱਦਾ ਬਣ ਗਈ ਹੈ।. ਪੰਜਾਬ ਵਿਚ 'ਆਪ' ਸਰਕਾਰ ਬਣਨ ਤੋਂ ਬਾਅਦ ਪਹਿਲੇ 3 ਹਫਤਿਆਂ ਵਿਚ ਹੀ ਸੂਬੇ ਵਿਚ 19 ਕਤਲ ਹੋਏ ਹਨ। ਕਈ ਘਟਨਾਵਾਂ ਵਿਚ ਖਾਲਿਸਤਾਨੀ ਝੰਡੇ ਵੀ ਲਹਿਰਾਏ ਗਏ ਹਨ। ਰਾਜ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਵਿਰੋਧੀ ਧਿਰਾਂ ਵੀ ਸੂਬਾ ਸਰਕਾਰ ਉਤੇ ਹਮਲਾਵਰ ਹੋਈਆਂ ਹਨ। ਕਾਨੂੰਨ ਵਿਵਸਥਾ ਦੀ ਇਸ ਸਥਿਤੀ ਦੇ ਚੱਲਦਿਆਂ ਸੂਬੇ ਦੇ ਡੀ.ਜੀ.ਪੀ.ਵੀ.ਕੇ. ਭਾਵਰਾ ਨੇ ਵੀ ਕੇਂਦਰ ਤੋਂ



ਸਹਿਯੋਗ ਮੰਗਦਿਆਂ ਨੀਮ ਫੌਜੀ ਬਲਾਂ ਦੀ 10 ਹੋਰ ਕੰਪਨੀਆਂ ਦੀ ਮੰਗ ਕਰਦਿਆਂ ਗ੍ਰਹਿ ਮੰਤਰੀ ਨੂੰ ਚਿੱਠੀ ਵੀ ਲਿਖੀ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦਿੱਲੀ 'ਚ ਮੁਲਾਕਾਤ ਕਰਕੇ ਸੂਬੇ ਦੀ ਕਿਸਾਨੀ ਅਤੇ ਸੁਰੱਖਿਆ ਨਾਲ ਜੁੜੇ ਵੱਖ-ਵੱਖ ਮੁੱਦਿਆਂ ਨੂੰ ਚੁੱਕਿਆ ਸੀ। ਮੁੱਖ ਮੰਤਰੀ ਨੇ ਸ਼ਾਹ ਤੋਂ ਬਾਸਮਤੀ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਪਰ ਖਰੀਦ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਜ਼ੋਰ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਾਣੀ ਦਾ ਪੱਧਰ ਹੇਠਾਂ ਡਿੱਗਦਾ ਜਾ ਰਿਹਾ ਹੈ, ਜਿਸ ਨੂੰ ਬਚਾਉਣ ਲਈ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਕੱਢਣ ਦੀ ਲੋੜ ਹੈ। ਮੁੱਖ ਮੰਤਰੀ ਨੇ ਸੂਬੇ ਵਿਚ ਕਣਕ ਦਾ ਝਾੜ ਘੱਟ ਨਿਕਲਣ ਕਰਕੇ ਕਿਸਾਨਾਂ ਨੂੰ 500 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਸਾਹ ਕੋਲ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਵਿਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰਨ ਦਾ ਮੁੱਦਾ ਉਠਾਇਆ ਅਤੇ ਇਹ ਹੁਕਮ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਕੇਂਦਰ ਸਰਕਾਰ ਦਾ ਪੱਖਪਾਤੀ ਕਦਮ ਹੈ, ਜਿਸ ਨੇ ਹਰ ਪੰਜਾਬੀ ਦੀ ਮਾਨਸਿਕਤਾ ਨੂੰ ਠੇਸ ਪਹੁੰਚਾਈ ਹੈ। ਸ੍ਰੀ ਮਾਨ ਨੇ ਪੰਜਾਬ ਵਿਚ ਡਰੋਨਾਂ ਰਾਹੀਂ ਸਰਹੱਦ ਪਾਰੋਂ ਵਧ ਰਹੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ 'ਤੇ ਨੱਥ ਪਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਤੋਂ ਸੂਬੇ ਨੂੰ ਐਂਟੀ ਡਰੋਨ ਤਕਨੀਕ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਦੀ ਰੱਖਿਆ ਲਈ ਸਿਆਸਤ ਤੋਂ ਉਪਰ ਉਠ ਕੇ ਕੇਂਦਰ ਅਤੇ ਸੂਬਾ ਸਰਕਾਰ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ।

# ਬਾਪੂ ਗੁਰਦੀਪ ਸਿੰਘ ਅਣਖੀ ਨੂੰ ਸ਼ਰਧਾਂਜਲੀਆਂ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਸਰਪ੍ਰਸਤ ਬਾਪੂ ਗੁਰਦੀਪ




ਸਿੰਘ ਅਣਖੀ ਨੂੰ ਬੀਤੀ 22 ਮਈ ਨੂੰ ਨਮ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ। ਉਹ 18 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਸ਼ਾਂਤ ਭਵਨ, ਫਰਿਜ਼ਨੋ ਵਿਖੇ ਅੰਤਮ ਸੰਸਕਾਰ ਵੇਲੇ ਹੋਏ ਸ਼ਰਧਾਂਜਲੀ ਸਮਾਗਮ ਮੌਕੇ ਬਾਪੂ ਅਣਖੀ ਦੀ ਸ਼ਖਸੀਅਤ ਦੇ ਕਈ ਪਹਿਲੂ ਉੱਭਰ ਕੇ ਸਾਹਮਣੇ ਆਏ। ਸ਼ਰਧਾਂਜਲੀ ਭੇਟ ਕਰਨ ਵਾਲੇ ਬੁਲਾਰਿਆਂ ਨੇ ਕਿਹਾ ਕਿ ਅਜਿਹੀਆਂ ਸ਼ਖਸੀਅਤਾਂ ਵਿਰਲੀਆਂ ਹੀ ਹੁੰਦੀਆਂ ਹਨ ਜੋ ਆਪਣੀ ਵਿਚਾਰਧਾਰਾ 'ਤੇ ਸਾਰੀ ਉਮਰ ਨਿਰੰਤਰ ਪਹਿਰਾ ਦਿੰਦਿਆਂ ਵੱਖੋ-ਵੱਖ ਵਿਚਾਰਧਾਰਾਵਾਂ ਵਾਲਿਆਂ ਨਾਲ ਸੁਹਿਰਦਤਾ ਨਾਲ ਸੰਵਾਦ ਰਚਾਉਂਦੀਆਂ ਰਹਿਣ ਤੇ ਹਰ ਵਿਚਾਰਧਾਰਾ ਵਾਲੇ ਲੋਕ ਉਸ ਨੂੰ ਦਿਲੋਂ ਸਤਿਕਾਰ ਦਿੰਦੇ ਹੋਣ। ਬਾਪੂ ਅਣਖੀ ਅਜਿਹੀ ਹੀ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ।

ਬੁਲਾਰਿਆਂ ਨੇ ਕਿਹਾ ਕਿ ਬਾਪੂ ਅਣਖੀ ਨੇ ਸਾਰੀ ਉਮਰ ਨਿੱਜ ਨਾਲ਼ੋਂ ਲੋਕ-ਹਿੱਤ ਨੂੰ ਉੱਪਰ ਰੱਖਿਆ ਤੇ ਅੱਤ ਦੀ ਗੁਰਬਤ 'ਚੋਂ ਗੁਜ਼ਰਨ ਦੇ ਬਾਵਜੂਦ ਆਪਣੇ ਇਖ਼ਲਾਕ 'ਤੇ ਨਿੱਕਾ ਜਿੰਨਾ ਧੱਬਾ ਵੀ ਨਹੀਂ ਲੱਗਣ ਦਿੱਤਾ।

ਬੁਲਾਰਿਆਂ ਨੇ ਪੰਜਾਬੀ ਸੂਬੇ ਲਈ ਚੱਲੇ ਅੰਦੋਲਨ, ਖੁਸ਼ ਹੈਸੀਅਤੀ ਮੋਰਚੇ 'ਚ ਉਨ੍ਹਾਂ ਦੇ ਯੋਗਦਾਨ, ਦੇਸ਼ ਵਿਚ ਐਮਰਜੈਂਸੀ ਵੇਲੇ ਕੱਟੀ ਜੇਲ੍ਹ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੋਈ ਵੀ








ਚੁਣੌਤੀ ਬਾਪੂ ਅਣਖੀ ਨੂੰ ਲੀਹੋਂ ਨਹੀਂ ਲਾਹ ਸਕੀ। ਪੰਜਾਬ 'ਚ ਚੱਲੀ ਵੱਖਵਾਦ-ਅਤਿਵਾਦ ਦੀ ਹਨੇਰੀ ਦਾ ਜ਼ਿਕਰ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ








ਇਸ ਹਨੇਰੀ ਨੇ ਜਦ ਉਨ੍ਹਾਂ ਦੇ ਛੋਟੇ ਭਰਾ ਜਰਨੈਲ ਸਿੰਘ ਤੇ ਭਤੀਜੇ ਪੱਪੀ ਨੂੰ ਨਿਗਲ ਲਿਆ ਤਾਂ ਬਾਪੂ ਅਣਖੀ ਉਸ ਵੇਲੇ ਵੀ ਡਰੇ ਨਹੀਂ, ਸਗੋਂ ਹੋਰ ਵੀ ਦ੍ਰਿੜ੍ਹਤਾ ਨਾਲ ਭਾਈਚਾਰਕ ਏਕਤਾ ਤੇ ਲੋਕ ਹਿੱਤਾਂ ਲਈ ਲੜਦੇ ਰਹੇ। ਉਨ੍ਹਾਂ ਜਗੀਰੂ ਸਮਾਜਿਕ ਰਸਮਾਂ-ਰਿਵਾਜਾਂ ਵਿਰੁੱਧ ਪ੍ਰਚਾਰ ਹੀ ਨਹੀਂ ਕੀਤਾ, ਅਜਿਹੇ ਰਸਮਾਂ ਰਿਵਾਜਾਂ ਨੂੰ ਤੋੜ ਕੇ ਵੀ ਵਿਖਾਇਆ।

ਬੁਲਾਰਿਆਂ ਨੇ ਕਿਹਾ ਕਿ ਬਾਪੂ ਅਣਖੀ ਤੁਰਦੇ-ਫਿਰਦੇ ਐਨਸਾਈਕਲੋਪੀਡੀਆ ਸਨ। ਉਹ ਕਈ ਇਤਿਹਾਸਕ ਘਟਨਾਵਾਂ ਦੇ ਚਸ਼ਮਦੀਦ ਗਵਾਹ ਸਨ। ਉਹ ਜਿੱਥੇ ਖ਼ੁਦ ਕਿਤਾਬਾਂ ਪੜ੍ਹਦੇ ਸਨ, ਉੱਥੇ ਦੂਸਰਿਆਂ ਨੂੰ ਵੀ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਗ਼ਦਰ ਲਹਿਰ ਨੂੰ ਸਮਰਪਿਤ ਪ੍ਰਕਾਸ਼ਿਤ ਕਰਵਾਈਆਂ ਗਈਆਂ ਅੱਧੀ ਦਰਜਨ ਕਿਤਾਬਾਂ ਦੇ ਪ੍ਰੇਰਨਾ ਸਰੋਤ ਤੇ ਸਮੱਗਰੀ ਮੁਹੱਈਆ ਕਰਵਾਉਣ ਵਾਲੇ ਬਾਪੂ ਅਣਖੀ ਹੀ ਸਨ। ਉਨ੍ਹਾਂ ਦੀ ਵਿਰਾਸਤ ਨੂੰ ਜਿਊਂਦਾ ਰੱਖਣਾ ਤੇ ਉਸਨੂੰ ਅੱਗੇ ਤੋਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚ ਸ਼ਰਨ ਧਾਲੀਵਾਲ, ਆਂਚਲ ਹੇਅਰ, ਨਾਨਕ ਸਿੰਘ ਜੁਟਲਾ, ਚਰਨ ਸਿੰਘ ਗਿੱਲ, ਮਹਿੰਦਰ ਦੁਸਾਂਝ, ਗਿਆਨ ਸਿੰਘ ਬਿਲਗਾ, ਸਾਧੂ ਸਿੰਘ ਸੰਘਾ, ਕਰਨਲ ਹਰਦੇਵ ਸਿੰਘ ਗਿੱਲ, ਜੋਤ ਰਣਜੀਤ, ਮਲਕੀਤ ਸਿੰਘ ਕਿੰਗਰਾ, ਇੰਦਰਜੀਤ ਚੁਗਾਵਾਂ ਸ਼ਾਮਲ ਸਨ।



ਪਰਿਵਾਰ ਵੱਲੋਂ ਅਣਖੀ ਜੀ ਦੇ ਬੇਟੇ ਹਰਜਿੰਦਰ ਢੇਸੀ ਅਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੇ ਭਾਵਪੂਰਤ ਸ਼ਰਧਾਂਜਲੀਆਂ ਭੇਟ ਕੀਤੀਆਂ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸਕੱਤਰ ਸੁਰਿੰਦਰ ਮੰਢਾਲੀ ਨੇ ਜਿੱਥੇ ਫੋਰਮ ਵਲੋਂ ਸ਼ਰਧਾਂਜਲੀ ਭੇਟ ਕੀਤੀ ਉੱਥੇ ਪਰਿਵਾਰ ਵਲੋਂ ਦੁੱਖ ਦੀ ਘੜੀ 'ਚ ਸ਼ਰੀਕ ਹੋਣ ਵਾਲਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੇ ਫਰਜ਼ ਕਵੀ ਹਰਜਿੰਦਰ ਕੰਗ ਨੇ ਨਿਭਾਏ।

ਇਸ ਮੌਕੇ ਦੇਸ਼-ਵਿਦੇਸ਼ 'ਚੋਂ ਵੱਖ ਵੱਖ ਸ਼ਖਸੀਅਤਾਂ, ਜਥੇਬੰਦੀਆਂ ਤੇ ਸੰਸਥਾਵਾਂ ਦੇ ਸ਼ੋਕ ਸੁਨੇਹੇ ਵੀ ਪੜ੍ਹ ਕੇ ਸੁਣਾਏ ਗਏ, ਜਿਨ੍ਹਾਂ 'ਚ ਤਰਕਸ਼ੀਲ ਸੁਸਾਇਟੀ ਕੈਨੇਡਾ ਵਲੋਂ ਬਲਦੇਵ ਰਹਿਪਾ ਤੇ ਅਵਤਾਰ ਸਿੰਘ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਕੈਨੇਡਾ ਵਲੋਂ ਕੁਲਵੰਤ ਸਿੰਘ ਢੇਸੀ, ਪੰਜਾਬ ਤੋਂ ਕਿਸਾਨ-ਮਜ਼ਦੂਰ ਜਥੇਬੰਦੀਆਂ ਵਲੋਂ ਮੰਗਤ ਰਾਮ ਪਾਸਲਾ, ਕੁਲਵੰਤ ਸਿੰਘ ਸੰਧੂ, ਗੁਰਚੇਤਨ ਬਾਸੀ, ਲਹਿੰਬਰ ਸਿੰਘ ਤੱਗੜ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਚਰੰਜੀ ਲਾਲ, ਕਮੇਟੀ ਦੇ ਸਾਬਕਾ ਜਨਰਲ ਸਕੱਤਰ ਰਘਬੀਰ ਕੌਰ, ਉੱਘੇ ਕਹਾਣੀਕਾਰ ਅਜਮੇਰ ਸਿੱਧੂ, ਐੱਸਐੱਫਆਈ ਦੇ ਸਾਬਕਾ ਪ੍ਰਧਾਨ ਤੇ ਡਾਕਟਰ ਸਵੈਮਾਨ ਸਿੰਘ ਦੇ ਪਿਤਾ ਜਸਵਿੰਦਰ ਪਾਲ ਸਿੰਘ, ਦੁਸਾਂਝ ਵੈਲਫੇਅਰ ਕਮੇਟੀ ਵਲੋਂ ਰਸ਼ਪਾਲ ਦੁਸਾਂਝ ਤੇ ਪਾਕਿਸਤਾਨ ਤੋਂ ਆਸਿਫ਼ ਰਜ਼ਾ ਸ਼ਾਮਲ ਸਨ।

ਇਸ ਮੌਕੇ ਮੱਖਣ ਸਿੰਘ ਬਾਸੀ, ਤਰਲੋਕ ਸਿੰਘ ਜੌਹਲ, ਨਰਿੰਦਰ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ, ਬੇਅ ਏਰੀਏ ਤੋਂ ਸ਼ਾਇਰ ਕੁਲਵਿੰਦਰ ਪਲਾਹੀ, ਮਨਜੀਤ ਕੌਰ ਪਲਾਹੀ, ਪਾਲ ਸਿੰਘ ਸਹੋਤਾ, ਅਮੋਲਕ ਸਿੰਘ ਸਿੱਧੂ, ਸੁਰਿੰਦਰ ਸਿੰਘ ਨਿੱਜਰ, ਅੰਮ੍ਰਿਤਪਾਲ ਸਿੰਘ ਨਿੱਜਰ, ਅਮਰੀਕ ਸਿੰਘ ਕਾਨਕਰਡ, ਕੁਲਵੰਤ ਧਾਲੀਆ ਆਦਿ ਹਾਜ਼ਰ ਸਨ।

# ਦਰਵੇਸ਼ ਇਨਸਾਨ ਸਨ ਗੁਰਦੀਪ ਸਿੰਘ ਅਣਖੀ

ਸ. ਗੁਰਦੀਪ ਸਿੰਘ ਅਣਖੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਉਹ ਇਕ ਦਰਵੇਸ਼ ਇਨਸਾਨ ਸਨ। ਨਿਰਸੰਦੇਹ ਉਨ੍ਹਾਂ ਦੀ ਦਰਵੇਸ਼ੀ ਮਿੱਠ ਬੋਲੜੇ, ਮਿਲਾਪੜੇ ਅਤੇ ਸੁਹਿਰਦ ਸੁਭਾਉ 'ਚੋਂ ਝਲਕਦੀ ਸੀ। ਉਹ ਕਿਸੇ ਦੇ ਸਿਰ ਨਹੀਂ ਸਨ ਆਉਂਦੇ ਅਤੇ ਨਾ ਹੀ ਕਿਸੇ ਨਾਲ ਕੌੜ-ਕਸੈਲਾ ਜਾਂ ਰੁੱਖਾ-

**ਡਾ. ਗੁਰੂਮੇਲ ਸਿੱਧੂ**

ਸੁੱਕਾ ਬੋਲਦੇ ਸਨ। ਉਨ੍ਹਾਂ ਦਾ ਸੰਗ ਕਰਕੇ ਦਿਲ ਨੂੰ ਸਕੂਨ ਅਤੇ ਮਨ ਨੂੰ ਚੈਨ ਮਿਲਦਾ ਸੀ। ਉਨ੍ਹਾਂ ਨਾਲ ਗੱਲਾਂ ਕਰਦਿਆਂ ਮਨ ਐਨਾ ਪ੍ਰਸੰਨ ਹੁੰਦਾ ਸੀ ਕਿ ਸਮੇਂ ਦੇ ਗੁਜ਼ਰਨ ਦਾ ਪਤਾ ਹੀ ਨਹੀਂ ਸੀ ਲਗਦਾ। ਉਨ੍ਹਾਂ ਦੀਆਂ ਸਹਿਜ-ਸੁਭਾਅ ਕੀਤੀਆਂ ਗੱਲਾਂ ਵੀ ਬੜੀਆਂ ਗੰਭੀਰ ਅਤੇ ਡੂੰਘੀਆਂ ਹੁੰਦੀਆਂ ਸਨ ਅਤੇ ਵਿਸ਼ਿਆਂ ਦਾ ਵਾਹਣ ਐਨਾ ਵਿਸ਼ਾਲ ਅਤੇ ਜ਼ਰਖੇਜ ਸੀ ਕਿ ਸੁਣ ਕੇ ਮਨ ਬਹਿਲ ਜਾਂਦਾ ਸੀ। ਮੈਨੂੰ ਕਈ ਸਾਲ ਅਣਖੀ ਹੋਰਾਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ।

ਸਾਬਕਾ ਐਮ.ਐਲ.ਏ. ਕਾਮਰੇਡ ਗੁਰਬਖਸ਼ ਸਿੰਘ ਹੋਰਾਂ ਨੂੰ ਫੁਰਨਾ ਫੁਰਿਆ ਕਿ ਵਿਦੇਸ਼ਾਂ ਵਿਚ ਗ਼ਦਰੀ ਬਾਬਿਆਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਇਕ ਸੰਸਥਾ ਬਣਾਈ ਜਾਵੇ। ਅਜਿਹੀ ਸੰਸਥਾ ਦੀ ਨੀਂਹ ਰੱਖਣ ਲਈ ਕਾਮਰੇਡ ਸਾਹਿਬ ਅਤੇ ਇਕ ਦੋ ਹੋਰ ਹਮਖਿਆਲੀ ਪਤਵੰਤੇ ਸੱਜਣਾਂ ਨਾਲ ਸਲਾਹ ਕੀਤੀ। ਇਕ ਦਿਨ ਉਹ ਮੇਰੇ ਘਰ ਆਏ ਅਤੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਸੰਸਥਾ ਸਥਾਪਤ ਕਰਨ ਬਾਰੇ ਸਲਾਹ ਮਸਵਰਾ ਕੀਤਾ। ਮੇਰੇ ਪਾਸ ਸ਼ਾਇਦ ਇਸ ਕਰਕੇ ਆਏ ਸਨ ਕਿਉਂਕਿ, ਉਨ੍ਹਾਂ ਨੇ ਗ਼ਦਰ ਅਤੇ ਗ਼ਦਰੀ ਬਾਬਿਆਂ ਬਾਰੇ ਲਿਖੇ ਮੇਰੇ ਕੁਝ ਲੇਖ ਅਖ਼ਬਾਰਾਂ ਵਿਚ ਪੜ੍ਹੇ ਸਨ। ਸੰਸਥਾ ਦੇ ਨਾਮਕਰਨ ਬਾਰੇ ਤਜਵੀਜ਼ਾਂ ਸਾਂਝੀਆਂ ਕੀਤੀਆਂ। ਕਾਮਰੇਡ ਹੋਰਾਂ ਨੇ ਕਿਹਾ ਕਿ ਨਾਮਕਰਨ ਵਿਚ ਸੰਸਥਾ, ਆਰਗੇਨਾਈਜ਼ੇਸ਼ਨ ਜਾਂ ਸੁਸਾਇਟੀ ਸ਼ਬਦ ਨਾ ਵਰਤੇ ਜਾਣ ਕਿਉਂਕਿ, ਇਹ ਕਈ ਸੰਸਥਾਵਾਂ ਵਲੋਂ ਪਹਿਲਾਂ ਹੀ ਵਰਤੇ ਜਾਂਦੇ ਹਨ। ਮੈਂ ਸੁਝਾ ਦਿੱਤਾ ਕਿ 'ਫੋਰਮ' ਸ਼ਬਦ ਢੁਕਵਾਂ ਰਹੇਗਾ, ਜਿਸ 'ਤੇ ਸਾਰਿਆਂ ਨੇ ਸਹਿਮਤੀ ਦਿਖਾਈ। ਆਖਿਰ 'ਇੰਡੋ-ਅਮੈਰੀਕਨ ਹੈਰੀਟੇਜ ਫੋਰਮ' ਨਾਂ 'ਤੇ ਮੋਹਰ ਲੱਗ ਗਈ। ਇਸ ਸੰਸਥਾ ਨੇ ਹਰ ਸਾਲ ਦੋ-ਤਿੰਨ ਗ਼ਦਰੀ ਬਾਬਿਆਂ ਨਾਲ ਸੰਬੰਧਤ ਸਮਾਗਮ ਕਰਾਉਣੇ ਸ਼ੁਰੂ ਕੀਤੇ। 2001 ਵਿਚ ਅਣਖੀ ਹੋਰੀਂ ਵੀ ਅਮਰੀਕਾ ਆ ਗਏ ਤੇ ਇਨ੍ਹਾਂ ਮੇਲਿਆਂ ਦੀ ਰੂਹੇ-ਰਵਾਂ ਬਣ ਗਏ। ਉਨ੍ਹਾਂ ਨਾਲ ਮੇਰਾ ਸੰਪਰਕ ਮੇਲਿਆਂ ਦੌਰਾਨ ਬਣਿਆ। ਉਨ੍ਹਾਂ ਗ਼ਦਰੀ ਬਾਬਿਆਂ ਦੀ ਸੋਚ ਨੂੰ ਅੱਗੇ ਤੋਰਨ ਦਾ ਬੀੜਾ ਚੁੱਕ ਲਿਆ ਤੇ ਇਸ ਅਹਿਦ ਨੂੰ ਆਖੀਰ ਤਕ ਸਮਰਪਿਤ ਰਹੇ। ਮੈਂ ਵੀ ਮੇਲਿਆਂ ਦੌਰਾਨ ਅਣਖੀ ਸਾਹਿਬ ਦੇ ਅੰਗ-ਸੰਗ ਰਿਹਾ। ਬਾਅਦ ਵਿਚ ਉਨ੍ਹਾਂ ਨਾਲ ਨਿੱਜੀ ਮਿਲਣੀਆਂ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਇਕ ਨੇੜਲੇ ਤੇ ਪੱਕੇ ਸੰਬੰਧ ਵਿਚ ਬਦਲ ਗਿਆ। ਮੈਂ ਅਤੇ ਕਹਾਣੀਕਾਰ ਕਰਮ ਸਿੰਘ ਮਾਨ ਉਨ੍ਹਾਂ ਨੂੰ ਤਕਰੀਬਨ ਹਰ ਮਹੀਨੇ ਮਿਲਦੇ। ਅਸੀਂ ਜਦ ਕਦੇ ਇਕੱਠੇ ਨਿਕਲਦੇ ਤਾਂ ਅਣਖੀ ਹੋਰਾਂ ਦੇ ਘਰ ਵਲ ਜਰੂਰ ਗੇੜਾ ਮਾਰਦੇ। ਜਦ ਵੀ ਜਾਂਦੇ, ਅਣਖੀ ਜੀ ਬੜੇ ਮੋਹ-ਪਿਆਰ ਅਤੇ ਤਪਾਕ ਨਾਲ ਮਿਲਦੇ। ਇਹ ਉਨ੍ਹਾਂ ਦੀ ਮਸਨੂਈ ਉਚੇਚ ਨਹੀਂ ਸਗੋਂ ਮਿਲਣਸਾਰ ਸੁਭਾ ਦੀ ਖਾਸੀਅਤ ਸੀ।

ਸੰਸਥਾਵਾਂ ਇਕ ਤੰਬੂ ਵਾਂਗ ਹੁੰਦੀਆਂ ਹਨ ਜੋ ਚੋਬਾਂ ਸਹਾਰੇ ਖੜ੍ਹਾ ਰਹਿੰਦਾ ਹੈ। ਪਰ ਜਦ ਤੰਬੂ ਦੀ ਗਭਲੀ ਮੁੱਖ ਚੋਬ ਖਿਸਕ ਜਾਏ ਤਾਂ ਉਹ ਡਿਗ ਪੈਂਦਾ ਹੈ। ਅਣਖੀ ਹੋਰਾਂ ਦੇ ਅਕਾਲ ਚਲਾਣੇ ਨਾਲ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ' ਦੀ ਮੁੱਖ ਚੋਬ ਡਿਗ ਗਈ ਹੈ, ਪਰ ਸੰਸਥਾ ਦੇ ਹੋਰ ਮੈਂਬਰ ਇਸ ਨੂੰ ਬਾਖੂਬੀ ਚਲਾਉਣਗੇ। ਇਹ ਉਨ੍ਹਾਂ ਵਲੋਂ ਅਣਖੀ ਹੋਰਾਂ ਨੂੰ ਵਡਮੁੱਲੀ ਸ਼ਰਧਾਂਜਲੀ ਹੋਵੇਗੀ।

ਅਣਖੀ ਹੋਰਾਂ ਦੀ ਜੀਵਨ ਘਾਲਣਾ ਐਨੀ ਵਿਵਿਧਮੁਖੀ ਅਤੇ ਵਿਸ਼ਾਲ ਸੀ ਕਿ ਕਿਸੇ ਇਕ ਪੱਖ 'ਤੇ ਉਂਗਲ ਧਰਨਾ ਮੁਸ਼ਕਿਲ ਹੈ। ਉਨ੍ਹਾਂ ਨੇ ਸਾਰੀ ਉਮਰ ਸਮਾਜ ਸੇਵਾ ਨੂੰ ਅਰਪਨ ਕੀਤੀ। ਪੰਜਾਬ ਵਿਚ ਰਹਿੰਦਿਆਂ ਡਰਾਮਿਆਂ, ਭਾਸ਼ਣਾਂ ਅਤੇ ਲਿਖਤਾਂ ਰਾਹੀਂ ਅਗਾਹ ਵਧੂ ਵਿਸ਼ਿਆਂ ਨੂੰ ਉਭਾਰਿਆ ਅਤੇ ਪਰਚਾਰਿਆ। ਅਮਰੀਕਾ ਆ ਕੇ ਢੇਰ ਸਾਰਾ ਪ੍ਰਗਤੀਵਾਦੀ ਸਾਹਿਤ ਪੜ੍ਹਿਆ ਤੇ ਗੁੜ੍ਹਿਆ। ਆਪਣੀ ਪੁਖਤਾ ਸੋਚ ਤੇ ਸੰਜੀਦਾ ਵਿਚਾਰਾਂ ਨੂੰ ਪ੍ਰਚੰਡ ਕਰਕੇ ਸਟੇਜਾਂ ਤੋਂ ਪ੍ਰਚਾਰਿਆ। ਉਨ੍ਹਾਂ ਪਾਸ ਵਿਚਾਰਾਂ ਦਾ ਐਨਾ ਭੰਡਾਰਾ ਸੀ ਕਿ ਕਈ ਵਾਰੀ ਸਟੇਜ ਤੋਂ ਇਹ ਕਹਿ ਕਿ 'ਤੁਹਾਡੇ ਨਾਲ ਇਕ ਦੋ ਗੱਲਾਂ ਹੀ ਕਰਨੀਆਂ ਹਨ', ਪਰ ਕਈ ਹੋਰ ਵੱਡਮੁੱਲੇ ਵਿਚਾਰ ਵੀ ਸਾਂਝੇ ਕਰ ਜਾਂਦੇ ਸਨ। ਇਹ ਉਨ੍ਹਾਂ ਦੇ ਵਿਚਾਰਾਂ ਦੇ ਮੂੰਹ-ਜ਼ੋਰ ਵੇਗ ਦੀ ਨਿਸ਼ਾਨੀ ਸੀ।

ਅਣਖੀ ਜੀ ਵਰਗੇ ਗਿਆਨਵਾਨ ਅਤੇ ਤਜਰਬੇ ਵਾਲੇ ਇਨਸਾਨ ਦੀ ਜਿੰਨੀ ਵੀ ਸ਼ਲਾਘਾ ਤੇ ਕਦਰ ਕੀਤੀ ਜਾਵੇ, ਥੋੜ੍ਹੀ ਹੈ। ਉਨ੍ਹਾਂ ਦਾ ਸਦੀਵੀ ਵਿਛੋੜਾ ਹਮੇਸ਼ਾ ਚੁੱਭਦਾ ਰਹੇਗਾ। ਇਨਸਾਨ ਨੂੰ ਇਕ ਦਿਨ ਸਰੀਰਕ ਜਾਮਾ ਛੱਡਣਾ ਪੈਂਦਾ ਹੈ, ਪਰ ਉਸ ਦੀ ਯਾਦ ਹਮੇਸ਼ਾ ਪਿੱਛੇ ਰਹਿੰਦੀ ਹੈ। ਯਾਦ ਵਿਚ ਸਮੁੱਚੀ ਸ਼ਖਸੀਅਤ ਸ਼ਾਮਿਲ ਹੁੰਦੀ ਹੈ। ਚੰਗੇ ਕੰਮ ਤੇ ਕਰਮ ਕਰਨ ਵਾਲੇ ਇਨਸਾਨ ਮਰਦੇ ਨਹੀਂ, ਸਵਰਗਵਾਸ ਹੁੰਦੇ ਹਨ। ਸ. ਗੁਰਦੀਪ ਸਿੰਘ ਅਣਖੀ ਆਪਣੇ ਸ਼ੁਭ ਕੰਮਾਂ ਤੇ ਵਿਚਾਰਾਂ ਸਦਕਾ ਹਮੇਸ਼ਾ ਯਾਦ ਆਉਂਦੇ ਰਹਿਣਗੇ। ਪਰਮਾਤਮਾ ਅੱਗੇ ਅਰਦਾਸ ਹੈ ਕਿ ਉਨ੍ਹਾਂ ਨੂੰ ਸਵਰਗ ਵਿਚ ਵਾਸਾ ਬਖਸ਼ੇ ਤੇ ਸਕੇ-ਸੰਬੰਧੀਆਂ ਨੂੰ ਸਦਮਾ ਸਹਿਣ ਦੀ ਸ਼ਕਤੀ ਦੇਵੇ।

## *ਸ਼ਿਕਾਗੋ ਡਾਊਨਟਾਊਨ ਵਿਚ ਸਮੂਹਿਕ ਗੋਲੀਬਾਰੀ: ਦੋ ਹਲਾਕ, ਅੱਠ ਜ਼ਖਮੀ*

ਸ਼ਿਕਾਗੋ (ਬਿਊਰੋ): ਲੰਘੇ ਦਿਨੀਂ ਸ਼ਿਕਾਗੋ ਡਾਊਨਟਾਊਨ ਵਿਚ ਸਮੂਹਿਕ ਗੋਲੀਬਾਰੀ ਹੋਈ, ਜਿਸ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅੱਠ ਜਣੇ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਮਾਮਲੇ ਵਿਚ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ।

**ਪੁਲਿਸ ਨੇ ਦੱਸਿਆ ਕਿ ਇਹ ਘਟਨਾ ਰਾਤ 10:40 ਵਜੇ ਤੋਂ ਬਾਅਦ ਵਾਪਰੀ। ਸ਼ਹਿਰ ਦੇ ਮੈਗਨੀਫਿਸੈਂਟ ਮਾਈਲ ਸ਼ਾਪਿੰਗ ਡਿਸਟ੍ਰਿਕਟ ਤੋਂ ਮੈਕਡੋਨਲਡ ਦੇ ਕੁਝ ਬਲਾਕਾਂ ਦੇ ਬਾਹਰ ਗੋਲੀਬਾਰੀ ਦੌਰਾਨ ਖਾਣਾ ਦੇਣ ਵਾਲੀ ਇਕ ਖਿੜਕੀ ਦੇ ਸ਼ੀਸ਼ੇ ਟੁੱਟ ਗਏ।**

**ਸ਼ਿਕਾਗੋ ਪੁਲਿਸ ਨੇ ਇਕ ਸ਼ੱਕੀ ਨੂੰ ਹਿਰਾਸਤ ਵਿਚ ਲੈਣ ਅਤੇ ਘਟਨਾ ਵਾਲੀ ਥਾਂ ਤੋਂ ਇਕ ਹੈਂਡਗਨ ਬਰਾਮਦ ਕਰਨ ਦੀ ਪੁਸ਼ਟੀ ਕੀਤੀ ਹੈ। ਅਧਿਕਾਰੀਆਂ ਨੇ ਪੀੜਤਾਂ ਦੇ ਨਾਮ, ਉਮਰ, ਜ਼ਖਮੀਆਂ ਦੀ ਸਥਿਤੀ ਅਤੇ ਗੋਲੀਬਾਰੀ ਬਾਰੇ ਵੇਰਵੇ ਜਾਰੀ ਨਹੀਂ ਕੀਤੇ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।**

**ਜ਼ਿਕਰਯੋਗ ਹੈ ਕਿ ਕੁਝ ਸਾਲਾਂ ਤੋਂ ਸ਼ਿਕਾਗੋ ਵਿਚ ਘਾਤਕ ਹਿੰਸਾ ਵਿਚ ਵਾਧਾ ਹੋਇਆ ਹੈ। ਸ਼ਿਕਾਗੋ ਦੇ ਮਿਲੇਨੀਅਮ ਪਾਰਕ ਦੇ ਡਾਊਨਟਾਊਨ ਵਿਚ ਪਿਛਲੇ ਹਫਤੇ ਗੋਲੀਬਾਰੀ ਦੌਰਾਨ ਇਕ ਨੌਜਵਾਨ ਦੀ ਮੌਤ ਹੋ ਗਈ ਸੀ ਅਤੇ ਸ਼ਹਿਰ 'ਚ ਕਰਫਿਊ ਨੂੰ ਸਖ਼ਤ ਕੀਤਾ ਗਿਆ ਸੀ।**

# 'ਅਧੂਰਾ ਪਿਆਰ' ਨੂੰ ਮਿਲਿਆ ਭਰਵਾਂ ਹੁੰਗਾਰਾ

**ਸ਼ਿਕਾਗੋ:** ਅਧੂਰਾ ਪਿਆਰ ਸੰਗੀਤਮਈ ਪਿਆਰ ਅਤੇ ਹਾਸੇ ਠੱਠੇ ਵਾਲੀ ਫਿਲਮ ਹੈ, ਜੋ ਬੀਤੇ ਦਿਨੀਂ ਐਲਕ ਗਰੋਵ ਦੇ ਕਲਾਸਿਕ ਸਿਨੇਮਾ ਵਿਚ ਰਿਲੀਜ਼ ਹੋਈ, ਜਿਸ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਫਿਲਮ ਦੇ ਨਿਰਮਾਤਾ, ਨਿਰਦੇਸ਼ਕ ਤੇ ਲੇਖਕ ਇੰਦਰਮੋਹਨ ਸਿੰਘ ਛਾਬੜਾ ਪੱਤਰਕਾਰੀ ਦੇ ਖੇਤਰ ਤੋਂ ਫਿਲਮ ਖੇਤਰ ਵਿਚ ਆਏ ਹਨ। ਉਹ ਪਹਿਲਾਂ ਦੋ ਲਘੂ ਫਿਲਮਾਂ ਬਣਾ ਚੁੱਕੇ ਹਨ ਅਤੇ 'ਅਧੂਰਾ ਪਿਆਰ' ਉਨ੍ਹਾਂ ਦੀ ਪਹਿਲੀ ਫੀਚਰ ਫਿਲਮ ਹੈ। ਇੰਦਰਮੋਹਨ ਸਿੰਘ ਨੇ ਦੱਸਿਆ ਕਿ ਫਿਲਮ ਇੱਕ ਸੱਚੀ ਘਟਨਾ 'ਤੇ ਆਧਾਰਤ ਹੈ, ਜੋ ਸਾਡੇ ਸਮਾਜ ਦਾ ਇਕ ਹਿੱਸਾ ਹੈ। ਫਿਲਮ ਦੀ ਕਹਾਣੀ ਇਕ ਅਜਿਹੀ ਕੁੜੀ ਦੀ ਕਹਾਣੀ ਹੈ, ਜੋ ਆਪਣੀ ਮਾਂ ਦੇ ਲਾਲਚ ਦਾ ਸ਼ਿਕਾਰ ਹੁੰਦੀ ਹੈ। ਮਾਂ ਵਿਦੇਸ਼ ਜਾਣ ਦੇ ਲਾਲਚ ਵਸ ਆਪਣੀ ਧੀ ਪ੍ਰੀਤੀ ਨੂੰ ਇਕ ਵੱਡੀ ਉਮਰ ਦੇ ਵਿਦੇਸ਼ੀ ਲਾੜੇ ਨਾਲ ਵਿਆਹ ਦਿੰਦੀ ਹੈ ਅਤੇ ਪ੍ਰੀਤੀ ਦੇ ਦੁਖਾਂ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਫਿਲਮ ਦੇ ਡਾਇਲਾਗ ਬਖਸ਼ਿੰਦਰ ਅਤੇ ਇੰਦਰਮੋਹਨ ਸਿੰਘ ਨੇ ਲਿਖੇ ਹਨ ਅਤੇ ਮਾਧੂਰਾ ਸੇਨ, ਪਵਨ ਕੁਮਾਰ ਅਤੇ ਗੁਰਮੁਖ ਭੁੱਲਰ, ਗੁਲਜ਼ਾਰ ਸਿੰਘ ਮੁਲਤਾਨੀ ਦੀ ਮੁੱਖ ਭੂਮਿਕਾ ਤੋਂ ਇਲਾਵਾ ਠਾਕੁਰ ਬਸਾਤੀ, ਜੱਸੀ ਪਰਮਾਰ, ਚਰਨਦੀਪ ਸਿੰਘ ਆਦਿ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਸ ਦਾ ਸੰਗੀਤ ਹਰਮੀਤ ਸਿੰਘ ਨੇ ਤਿਆਰ ਕੀਤਾ ਹੈ। ਐਡੀਟਰ ਸੁਪਇੰਦਰ ਕਲਸੀ, ਕੈਮਰਾ ਮਹਿੰਦਰ ਰਾਕਾਲਾ ਅਤੇ ਗੀਤ ਦੀਪ ਮੰਗਲੀ, ਸੁਖਵੀਰ ਸੁਖ ਅਤੇ ਯਾਦਵਿੰਦਰ ਸਰਾਂ ਨੇ ਲਿਖੇ ਹਨ। ਪਲੇਅ ਬੈਕ ਸਿੰਗਰ ਅਲਕਾ ਯਾਗਨਿਕ, ਬੱਬੂ ਗੁਰਪਾਲ, ਅਮਨ ਬੱਬੂ ਅਤੇ ਸੁਖਵੀਰ ਸੁੱਖ ਹਨ। ਇਸ ਮੌਕੇ ਬਲਜੀਵਨ ਧਾਲੀਵਾਲ ਤੇ ਦਰਸ਼ਨ ਸਿੰਘ ਕੇਹਲ ਹਾਜ਼ਰ ਸਨ। ਅਧੂਰਾ ਪਿਆਰ ਪੰਜਾਬੀ ਦੀ ਪਹਿਲੀ ਫਿਲਮ ਹੈ, ਜਿਸ ਦੀ ਸਾਰੀ ਸੂਟਿੰਗ ਸ਼ਿਕਾਗੋ ਅਤੇ ਆਸਪਾਸ ਦੇ ਇਲਾਕੇ ਵਿਚ ਹੋਈ ਹੈ। ਫਿਲਮ ਦਾ ਉਹਾਇਓ ਪ੍ਰੀਮੀਅਰ ਸਿਨਸਨੇਟੀ ਵਿਚ 20 ਅਤੇ 21 ਅਗਸਤ ਨੂੰ ਸ਼ਾਮ 6 ਵਜੇ ਹੋਵੇਗਾ ਅਤੇ ਲਾਂਗ ਆਈਲੈਂਡ ਨਿਊਯਾਰਕ, ਸਾਊਥਬੈਂਡ ਇੰਡੀਆਨਾ, ਇੰਡੀਆਨਾਐਪਲਸ ਇੰਡੀਆਨਾ ਅਤੇ ਫ੍ਰੀਮੌਂਟ ਕੈਲੀਫੋਰਨੀਆ ਵਿਚ ਵੀ ਸ਼ੋਅ ਕੀਤੇ ਜਾ ਰਹੇ ਹਨ।




ਫਿਲਮ ਅਧੂਰਾ ਪਿਆਰ ਦੇ ਪ੍ਰੀਮੀਅਰ ਮੌਕੇ ਨਿਰਦੇਸ਼ਕ ਇੰਦਰਮੋਹਨ ਸਿੰਘ ਛਾਬੜਾ ਅਤੇ ਫਿਲਮ ਦੇ ਹੀਰੋ ਗੁਰਮੁਖ ਸਿੰਘ ਭੁੱਲਰ, ਅਦਾਕਾਰਾ ਮਾਧੂਰਾ ਸੇਨ ਅਤੇ ਹੋਰ ਪਤਵੰਤੇ ਸੱਜਣ।






# ਪੰਜਾਬ ਵਿਚ ਸਿਹਤ ਸਹੂਲਤਾਂ ਨੂੰ ਪੈਰਾਂ ਸਿਰ ਕਰਨ ਵਿਚ ਜੁਟੀ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਦੀ ਤਰਜ਼ 'ਤੇ ਪੰਜਾਬ 'ਚ ਮੁਹੱਲਾ ਕਲੀਨਿਕਾਂ ਦੀ ਸ਼ੁਰੂਆਤ 15 ਅਗਸਤ



ਤੋਂ ਕਰਨਗੇ। ਸੂਬੇ 'ਚ ਸਿਹਤ ਸਹੂਲਤਾਂ ਦਾ ਨਵਾਂ ਮਾਡਲ ਪੇਸ਼ ਕਰਨ ਦੇ ਇਰਾਦੇ ਨਾਲ ਇਹ ਉਪਰਾਲਾ ਕੀਤਾ ਗਿਆ ਹੈ। ਮੁਢਲੇ ਪੜਾਅ 'ਤੇ 75 ਮੁਹੱਲਾ ਕਲੀਨਿਕ ਸ਼ੁਰੂ ਹੋਣਗੇ ਜਿਹੜੇ ਸੁਤੰਤਰਤਾ ਦਿਵਸ ਦੀ 75ਵੀਂ ਵਰ੍ਹੇਗੰਢ ਦੇ ਇਤਿਹਾਸਕ ਮੌਕੇ ਨੂੰ ਸਮਰਪਿਤ ਹੋਣਗੇ।

ਪੰਜਾਬ 'ਚ ਬੰਦ ਪਏ ਸੇਵਾ ਕੇਂਦਰਾਂ ਵਿਚ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰੀ ਰਿਹਾਇਸ਼ 'ਤੇ ਸੀਨੀਅਰ ਅਧਿਕਾਰੀਆਂ ਦੀ ਉੱਚ ਪੱਧਰੀ ਮੀਟਿੰਗ ਵਿਚ ਇਸ ਨਵੇਂ ਪ੍ਰੋਗਰਾਮ ਬਾਰੇ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਕਿਹਾ ਕਿ ਇਹ ਕਲੀਨਿਕ ਸਥਾਪਤ ਹੋਣ ਨਾਲ 'ਆਪ' ਵੱਲੋਂ ਕੀਤਾ ਵੱਡਾ ਚੋਣ ਵਾਅਦਾ ਪੂਰਾ ਹੋ ਜਾਵੇਗਾ। ਮੁੱਖ ਮੰਤਰੀ ਨੇ ਮੀਟਿੰਗ ਵਿਚ ਬੰਦ ਪਏ ਸੇਵਾ ਕੇਂਦਰਾਂ ਨੂੰ ਮੁਹੱਲਾ ਕਲੀਨਿਕਾਂ ਵਿਚ ਤਬਦੀਲ ਕਰਨ ਦੀ ਹਰੀ ਝੰਡੀ ਵੀ ਦੇ ਦਿੱਤੀ। ਇਨ੍ਹਾਂ ਸੇਵਾ ਕੇਂਦਰਾਂ ਦੀਆਂ ਇਮਾਰਤਾਂ ਨੂੰ ਇਕੋ ਦਿਖ ਵਿਚ ਰੱਖਿਆ ਜਾਵੇਗਾ ਅਤੇ ਡਾਕਟਰ ਦਾ ਕਮਰਾ, ਰਿਸੈਪਸ਼ਨ-ਕਮ-ਵੇਟਿੰਗ ਏਰੀਆ, ਫਾਰਮੇਸੀ ਵਰਗੀਆਂ ਜਰੂਰਤਾਂ ਪੂਰੀਆਂ ਕਰਨ ਦੇ ਨਾਲ-ਨਾਲ ਸਟਾਫ ਅਤੇ ਆਉਣ ਵਾਲੇ ਮਰੀਜ਼ਾਂ ਲਈ ਵੱਖਰੇ ਪਖਾਨਿਆਂ ਦੀ ਸੁਵਿਧਾ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਸੇਵਾ ਕੇਂਦਰਾਂ ਨੂੰ ਵਧੀਆ ਦਿਖ ਦੇਣ ਲਈ ਫੌਰੀ ਰੂਪ-ਰੇਖਾ ਉਲੀਕੀ ਜਾਵੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜ ਤੋਂ ਛੇ ਨੇੜਲੇ ਪਿੰਡਾਂ ਦਾ ਇਕ ਕਲੱਸਟਰ ਬਣਾ ਕੇ ਉਨ੍ਹਾਂ ਲਈ ਕਿਤੇ ਵਿਚਕਾਰ ਪੈਂਦੀ ਥਾਂ ਉੱਤੇ ਮੁਹੱਲਾ ਕਲੀਨਿਕ ਸਥਾਪਤ ਕਰਨ ਦਾ ਵੀ ਸੁਝਾਅ ਦਿੱਤਾ। ਇਸ ਨਾਲ ਮੁਹੱਲਾ ਕਲੀਨਿਕ ਨੇੜਲੇ ਪੇਂਡੂ ਇਲਾਕਿਆਂ ਦੀ ਪਹੁੰਚ ਵਿਚ ਆ ਜਾਣਗੇ। ਸੀਨੀਅਰ ਆਰਕੀਟੈਕਟ ਨੇ ਮੀਟਿੰਗ ਦੌਰਾਨ

ਇਸ ਮੌਕੇ ਸਿਹਤ ਅਤੇ ਪਰਿਵਾਰ ਭਲਾਈ ਦੇ ਸਕੱਤਰ ਨੇ ਮੁੱਖ ਮੰਤਰੀ ਨੂੰ ਪੇਂਡੂ ਇਲਾਕਿਆਂ ਵਿਚਲੇ 3000 ਸਬ-ਸੈਂਟਰਾਂ ਦੇ ਨੈੱਟਵਰਕ ਤੋਂ ਜਾਣੂ ਕਰਾਇਆ ਜਿਨ੍ਹਾਂ ਨੂੰ ਕਮਿਊਨਿਟੀ ਹੈਲਥ ਅਫਸਰਾਂ ਦੀ ਅਗਵਾਈ ਵਿਚ ਸਿਖਲਾਈ ਪ੍ਰਾਪਤ ਪੈਰਾ-ਮੈਡੀਕਲ ਸਟਾਫ ਦੁਆਰਾ ਕਾਰਗਰ ਢੰਗ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਇਨ੍ਹਾਂ ਸਬ-ਸੈਂਟਰਾਂ ਨੂੰ ਵੀ ਮੁਹੱਲਾ ਕਲੀਨਿਕਾਂ ਵਿਚ ਤਬਦੀਲ ਕਰਨ ਦੀ ਤਜਵੀਜ਼ ਪੇਸ਼ ਕੀਤੀ। ਮੁੱਖ ਮੰਤਰੀ ਨੇ ਸਿਹਤ ਸਕੱਤਰ ਨੂੰ ਠੇਕੇ ਦੇ ਆਧਾਰ 'ਤੇ ਉਨ੍ਹਾਂ ਡਾਕਟਰਾਂ/ਪੈਰਾਮੈਡੀਕਲ ਦੀਆਂ ਸੇਵਾਵਾਂ ਲੈਣ ਲਈ ਤੁਰਤ ਪ੍ਰਕਿਰਿਆ ਸ਼ੁਰੂ ਕਰਨ ਲਈ ਆਖਿਆ, ਜੋ ਮੁਹੱਲਾ ਕਲੀਨਿਕਾਂ ਵਿਚ ਆਪਣੀਆਂ ਸੇਵਾਵਾਂ ਦੇਣ ਦੇ ਇੱਛੁਕ ਹਨ। ਭਗਵੰਤ ਮਾਨ ਨੇ ਸਿਹਤ ਸਕੱਤਰ ਨੂੰ ਕਲੀਨਿਕਲ ਟੈਸਟਾਂ ਲਈ ਏਜੰਸੀ ਦੀਆਂ ਸੇਵਾਵਾਂ ਲੈਣ ਲਈ ਕਾਰਜ ਯੋਜਨਾ ਤਿਆਰ ਕਰਨ ਦੇ ਵੀ ਨਿਰਦੇਸ਼ ਦਿੱਤੇ ਜਿਸ ਬਾਰੇ ਸਿਹਤ ਸਕੱਤਰ ਨੇ ਦੱਸਿਆ ਕਿ ਲੋੜੀਂਦੇ ਸਟਾਫ ਦੀ ਭਰਤੀ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਹੈ ਅਤੇ ਕਲੀਨਿਕਲ ਟੈਸਟਾਂ ਲਈ ਏਜੰਸੀ ਦੀਆਂ ਸੇਵਾਵਾਂ ਹਾਸਲ ਕਰਨ ਲਈ ਟੈਂਡਰ ਪ੍ਰਕਿਰਿਆ 31 ਮਈ ਤੱਕ ਮੁਕੰਮਲ ਕਰ ਲਈ ਜਾਵੇਗੀ।

## ਸੇਵਾ ਕੇਂਦਰਾਂ ਬਾਰੇ ਫੈਸਲਾ ਰੱਦ ਹੋਵੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਹੈ ਕਿ 1600 ਸੇਵਾ ਕੇਂਦਰਾਂ ਨੂੰ ਮੁਹੱਲਾ ਕਲੀਨਿਕ ਵਿਚ ਬਦਲਣ ਦਾ ਗਲਤ ਫੈਸਲਾ ਤੁਰਤ ਰੱਦ ਕੀਤਾ ਜਾਵੇ ਕਿਉਂਕਿ ਇਹ ਕੇਂਦਰ 78 ਜ਼ਰੂਰੀ ਸੇਵਾਵਾਂ ਦੇਣ ਲਈ ਸਥਾਪਤ ਕੀਤੇ ਗਏ ਸਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵਾਂਗ ਸਿਰਫ 500 ਕੇਂਦਰ ਚਾਲੂ ਰੱਖਣ ਦੀ ਥਾਂ 'ਤੇ ਸਾਰੇ 2100 ਕੇਂਦਰ ਮੁੜ ਸ਼ੁਰੂ ਕਰਨ ਕੀਤੇ ਜਾਣੇ ਚਾਹੀਦੇ ਹਨ, ਪਰ 'ਆਪ' ਸਰਕਾਰ ਇਨ੍ਹਾਂ ਸੇਵਾ ਕੇਂਦਰਾਂ ਨੂੰ ਮੁਹੱਲਾ ਕਲੀਨਿਕਾਂ ਵਿਚ ਤਬਦੀਲ ਕਰ ਕੇ ਇਸ ਸਕੀਮ ਨੂੰ ਤਬਾਹ ਕਰ ਰਹੀ ਹੈ।

# ਐਗਰੋ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਲਈ ਪ੍ਰਵਾਸੀ ਪੰਜਾਬੀਆਂ ਦਾ ਸਹਿਯੋਗ ਲਵਾਂਗੇ: ਭਗਵੰਤ ਮਾਨ

**ਚੰਡੀਗੜ੍ਹ (ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਮਰੀਕਾ 'ਚ ਪਿਸਤਾ ਕਿੰਗ ਵਜੋਂ ਜਾਣੇ ਜਾਂਦੇ ਰਾਜ ਕਾਹਲੋਂ ਅਤੇ ਪੱਤਰਕਾਰ ਐੱਸ.ਅਸ਼ੋਕ ਭੌਰਾ ਨਾਲ ਆਪਣੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਵਿਸ਼ੇਸ਼ ਮੁਲਾਕਾਤ ਦੌਰਾਨ ਆਖਿਆ ਕਿ ਪੰਜਾਬ ਸਰਕਾਰ ਐਗਰੋ ਇੰਡਸਟਰੀ ਨੂੰ ਪ੍ਰਫੁੱਲਿਤ ਕਰਨ ਲਈ ਉਚੇਚੇ ਯਤਨ ਕਰ ਰਹੀ ਹੈ ਤਾਂ ਜੋ ਪੰਜਾਬ ਦਾ ਕਿਸਾਨ ਫਸਲੀ ਚੱਕਰ ਅਤੇ ਕਰਜ਼ੇ ਦੀ ਦਲਦਲ 'ਚੋਂ ਬਾਹਰ ਨਿਕਲ ਸਕੇ ਤੇ ਰੁਜ਼ਗਾਰ ਦੇ ਵਸੀਲੇ ਵਿਕਸਤ ਹੋਣ। ਇਸ ਕਾਰਜ ਵਿਚ ਪੰਜਾਬੀ ਪ੍ਰਵਾਸੀਆਂ ਵਲੋਂ ਵਿਖਾਏ ਜਾ ਰਹੇ ਉਤਸ਼ਾਹ ਦਾ ਪੰਜਾਬ ਸਰਕਾਰ ਸਤਿਕਾਰ ਕਰੇਗੀ। ਰਾਜ ਕਾਹਲੋਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਉਹ ਪੰਜਾਬ ਵਿਚ ਰੁਜ਼ਗਾਰ ਦੇ ਵੱਧ ਵਸੀਲੇ ਪੈਦਾ ਕਰ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਦੀ ਸੋਚ ਰੱਖਦੇ ਹਨ ਤੇ ਉਹ ਪੰਜਾਬ ਸਰਕਾਰ ਦੇ ਐਗਰੋ ਇੰਡਸਟਰੀ ਦੇ ਖੇਤਰ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਵਿਚ ਵੀ ਭਾਈਵਾਲ ਬਣਨਗੇ। ਉਨ੍ਹਾਂ ਦੱਸਿਆ ਕਿ ਉਹ ਪਿਸਤਾ ਨੂੰ ਕੈਲੀਫੋਰਨੀਆ ਤੋਂ ਪੰਜਾਬ ਲਿਆ ਕੇ ਪ੍ਰੋਸੈਸਿੰਗ ਕਰਨ ਲਈ ਪੰਜਾਬ ਵਿਚ ਪ੍ਰੋਸੈਸਿੰਗ ਪਲਾਂਟ ਲਗਾਉਣਾ ਚਾਹੁੰਦੇ ਹਨ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਉਨ੍ਹਾਂ ਖੁਲਾਸਾ ਕੀਤਾ ਕਿ ਕੈਲੀਫੋਰਨੀਆ ਦੇ ਸ਼ਹਿਰ ਮਰਸਿਡ ਵਿਚ ਉਨ੍ਹਾਂ ਵਲੋਂ 50 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਗਏ ਰਾਜ ਕਾਹਲੋਂ ਐਗਰੀਕਲਚਰ ਅਤੇ ਇੰਡਸਟਰੀਅਲ ਕੰਪਲੈਕਸ ਵਿਚ ਪੰਜਾਬ ਦੇ ਵਿਦਿਆਰਥੀਆਂ ਨੂੰ ਲਿਜਾ ਕੇ ਸਿੱਖਿਅਤ ਕਰਨ ਦੇ ਨਾਲ ਨਾਲ ਬਦਾਮ ਤੇ ਪਿਸਤੇ ਦੀ ਕਾਸ਼ਤ ਬਾਰੇ ਅਮਲੀ ਤੌਰ 'ਤੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਇਸ ਮੌਕੇ ਪੱਤਰਕਾਰ ਐੱਸ.ਅਸ਼ੋਕ ਭੌਰਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਕਿ ਉਹ ਐੱਨ.ਆਰ.ਆਈਜ਼ ਨੂੰ ਆਪੋ ਆਪਣੇ ਪਿੰਡ ਗੋਦ ਲੈ ਕੇ ਸਕੂਲਾਂ ਵਿਚ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਤਸ਼ਾਹਿਤ ਕਰਨ। ਇਸ 'ਤੇ ਸ. ਮਾਨ ਨੇ ਕਿਹਾ ਕਿ ਇਸ ਬਾਰੇ ਖਾਕਾ ਤਿਆਰ ਕੀਤਾ ਜਾ ਰਿਹਾ ਹੈ ਤੇ ਰਿਜ਼ਰਵ ਬੈਂਕ ਦੀਆਂ ਨੀਤੀਆਂ ਅਨੁਸਾਰ ਵਿਦੇਸ਼ਾਂ ਵਿਚੋਂ ਪੈਸਾ ਲਿਆਉਣ ਅਤੇ ਖਰਚਣ ਦੇ ਸਾਧਨ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਜਲਦ ਹੀ ਇਕ ਸੱਭਿਆਚਾਰਕ ਨੀਤੀ ਤਿਆਰ ਕਰ ਰਹੀ ਹੈ, ਜਿਸ ਵਿਚ ਐੱਸ.ਅਸ਼ੋਕ ਭੌਰਾ ਤੇ ਹੋਰਨਾਂ ਬੁੱਧੀਜੀਵੀਆਂ ਦਾ ਵੀ ਪੂਰਨ ਸਹਿਯੋਗ ਲਿਆ ਜਾਵੇਗਾ। ਇਸ ਮੌਕੇ ਪਟਿਆਲਾ ਦਿਹਾਤੀ ਤੋਂ ਵਿਧਾਇਕ ਡਾ. ਬਲਵੀਰ ਸਿੰਘ, ਮਾਰਕਫੈੱਡ ਦੇ ਸੇਵਾ ਮੁਕਤ ਅਧਿਕਾਰੀ ਬਾਲ ਮੁਕੰਦ ਸ਼ਰਮਾ ਤੇ ਪ੍ਰਿੰਸੀਪਲ ਸਕੱਤਰ ਏ ਵੇਣੂਪ੍ਰਸ਼ਾਦ ਵੀ ਹਾਜ਼ਰ ਸਨ।



ਪਿਸਤਾ ਕਿੰਗ ਰਾਜ ਕਾਹਲੋਂ (ਖੱਬਿਓਂ ਦੂਜੇ) ਤੇ ਹੋਰ ਸ਼ਖਸੀਅਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ।

# ਬਿਕਰਮ ਸਿੰਘ ਮਜੀਠੀਆ ਨੂੰ ਹਾਈ ਕੋਰਟ ਤੋਂ ਰਾਹਤ ਨਾ ਮਿਲੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਡਰੱਗ ਮਾਮਲੇ ਵਿਚ ਜ਼ਮਾਨਤ ਅਰਜ਼ੀ ਉਤੇ ਸੁਣਵਾਈ ਹੋਈ ਪਰ ਅਦਾਲਤ ਨੇ ਅਕਾਲੀ ਆਗੂ ਨੂੰ ਹਾਲ ਦੀ ਘੜੀ ਰਾਹਤ ਨਹੀਂ ਦਿੱਤੀ। ਅਦਾਲਤ ਨੇ ਮਾਮਲੇ ਦੀ ਸੁਣਵਾਈ 30 ਮਈ 'ਤੇ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬਿਕਰਮ ਮਜੀਠੀਆ 'ਤੇ ਪਿਛਲੇ ਸਾਲ ਦਸੰਬਰ ਵਿਚ ਨਸ਼ਿਆਂ ਦੇ ਮਾਮਲੇ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਮਜੀਠੀਆ ਸੁਪਰੀਮ ਕੋਰਟ ਚਲੇ ਗਏ ਸਨ। ਸੁਪਰੀਮ ਕੋਰਟ ਨੇ ਪੰਜਾਬ



ਵਿਚ ਚੋਣਾਂ ਦੇ ਮੱਦੇਨਜਰ ਪ੍ਰਚਾਰ ਕਰਨ ਹਿੱਤ ਉਨ੍ਹਾਂ ਦੀ ਗ੍ਰਿਫਤਾਰੀ 'ਤੇ 23 ਫਰਵਰੀ ਤੱਕ ਰੋਕ ਲਾ ਦਿੱਤੀ ਸੀ। ਇਸ ਤੋਂ ਬਾਅਦ ਮਜੀਠੀਆ ਨੇ 24 ਫਰਵਰੀ ਨੂੰ ਮੁਹਾਲੀ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਪਟਿਆਲਾ ਜੇਲ੍ਹ ਭੇਜਿਆ ਗਿਆ ਸੀ। ਬੀਤੇ ਦਿਨੀਂ ਦੇਸ਼ ਦੀ ਸਰਵਉਚ ਅਦਾਲਤ ਨੇ ਇਸ ਮਾਮਲੇ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਅਕਾਲੀ ਆਗੂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਜਾਣ ਲਈ ਕਿਹਾ ਸੀ।

# ਬਹਿਬਲ ਕਾਂਡ: 'ਆਪ' ਵਿਧਾਇਕ ਵੱਲੋਂ ਸਰਕਾਰ ਦੀ ਨੀਅਤ 'ਤੇ ਸਵਾਲ



**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਵਿਚ ਹਾਈ ਕੋਰਟ ਅਤੇ ਫਰੀਦਕੋਟ ਸੈਸ਼ਨ ਕੋਰਟ ਵਿਚ ਚੱਲ ਰਹੇ ਮਾਮਲਿਆਂ ਦੀ ਠੀਕ ਢੰਗ ਨਾਲ ਪੈਰਵੀ ਕੀਤੀ ਜਾਵੇ।

ਉਨ੍ਹਾਂ ਇਸ ਮਾਮਲੇ ਵਿਚ ਪੈਰਵੀ ਠੀਕ ਨਾ ਹੋਣ ਦਾ ਦੋਸ਼ ਲਾਉਂਦਿਆਂ ਅਸਿੱਧੇ ਢੰਗ ਨਾਲ ਆਪਣੀ ਹੀ ਸਰਕਾਰ ਨਾਲ ਨਾਰਾਜ਼ਗੀ ਵੀ ਪ੍ਰਗਟਾਈ ਹੈ। ਵਿਧਾਇਕ ਨੇ ਇਹ ਪੱਤਰ ਸਿਰਫ ਮੁੱਖ ਮੰਤਰੀ ਨੂੰ ਹੀ ਨਹੀਂ ਸਗੋਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ 'ਆਪ' ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੂੰ ਵੀ ਭੇਜੇ ਹਨ। ਇਸ ਦਾ ਉਤਾਰਾ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਵੀ ਭੇਜਿਆ ਗਿਆ ਹੈ। ਪੱਤਰ ਵਿਚ ਉਨ੍ਹਾਂ ਲਿਖਿਆ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਨਾਲ ਸਬੰਧਤ ਕੇਸ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਬਕਾਇਆ ਪਏ ਹਨ ਅਤੇ ਇਨ੍ਹਾਂ ਦੀ ਠੀਕ ਢੰਗ ਨਾਲ ਪੈਰਵੀ ਨਹੀਂ ਕੀਤੀ ਜਾ ਰਹੀ ਹੈ।


ਉਨ੍ਹਾਂ ਮੁਤਾਬਕ ਫਰੀਦਕੋਟ ਦੀ ਸੈਸ਼ਨ ਅਦਾਲਤ ਵਿਚ ਵੀ ਇਹ ਮਾਮਲਾ ਲਾਵਾਰਸਾਂ ਵਾਂਗ ਪਿਆ ਹੈ। 9 ਅਪਰੈਲ, 2021 ਨੂੰ ਕਾਂਗਰਸ ਸਰਕਾਰ ਵੇਲੇ ਆਈ.ਜੀ. ਦਾ ਅਹੁਦਾ ਅਤੇ ਨੌਕਰੀ ਇਸੇ ਲਈ ਛੱਡੀ ਸੀ ਕਿਉਂਕਿ ਵੇਲੇ ਦੀ ਸਰਕਾਰ ਅਤੇ ਕੁਝ ਪ੍ਰਭਾਵਸ਼ਾਲੀ ਲੋਕਾਂ ਵਿਚਾਲੇ ਮਿਲੀਭੁਗਤ ਹੋ ਚੁੱਕੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਕਥਿਤ ਦੋਸ਼ੀ ਫਰੀਦਕੋਟ ਸੈਸ਼ਨ ਕੋਰਟ ਵਿਚ ਚੱਲ ਰਹੀ ਕਾਰਵਾਈ ਨੂੰ ਰੱਦ ਕਰਵਾ ਕੇ ਬਹਿਬਲ ਕਲਾਂ ਕੇਸ ਵਿਚੋਂ ਬਰੀ ਹੋਣਾ ਚਾਹੁੰਦੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਇਕ ਨਵੀਂ ਜਾਂਚ ਕਮੇਟੀ ਬਣਾਈ ਗਈ ਸੀ ਪਰ ਉਸ ਨੇ ਹੁਣ ਤਕ ਕੁਝ ਵੀ ਠੋਸ ਕੰਮ ਨਹੀਂ ਕੀਤਾ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਹਾਈ ਕੋਰਟ ਅਤੇ ਫਰੀਦਕੋਟ ਦੀ ਸੈਸ਼ਨ ਅਦਾਲਤ ਵਿਚ ਚੱਲ ਰਹੇ ਇਸ ਸਬੰਧੀ ਕੇਸਾਂ ਦੀ ਠੀਕ ਢੰਗ ਨਾਲ ਪੈਰਵੀ ਕਰਾਉਣ ਦਾ ਪ੍ਰਬੰਧ ਕਰਨ।

2015 ਵਿਚ ਵਾਪਰੀ ਇਸ ਘਟਨਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਪੰਥ ਵੱਲੋਂ ਨਿਰੰਤਰ ਮੰਗ ਕੀਤੀ ਜਾ ਰਹੀ ਹੈ। ਇਸੇ ਮੰਗ ਦੇ ਆਧਾਰ 'ਤੇ ਹੀ ਪਿਛਲੀ ਕਾਂਗਰਸ ਸਰਕਾਰ ਸੱਤਾ ਵਿਚ ਆਈ ਸੀ ਅਤੇ ਹੁਣ 'ਆਪ' ਸਰਕਾਰ ਵੀ ਇਸ ਮਾਮਲੇ ਵਿਚ ਲੋਕਾਂ ਨੂੰ ਨਿਆਂ ਦੇਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਹੈ। ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ, ਜਿਨ੍ਹਾਂ ਇਸ ਮਾਮਲੇ ਦੀ ਜਾਂਚ ਕੀਤੀ ਸੀ, ਉਹ ਪਿਛਲੇ ਵਰ੍ਹੇ ਤੋਂ ਹੀ ਦੁਹਾਈ ਦੇ ਰਹੇ ਹਨ ਕਿ ਕੁਝ ਪ੍ਰਭਾਵਸ਼ਾਲੀ ਲੋਕ ਸੱਤਾਧਾਰੀਆਂ ਦੀ ਮਦਦ ਨਾਲ ਇਸ ਕੇਸ ਨੂੰ ਦਬਾਉਣ ਦਾ ਯਤਨ ਕਰ ਰਹੇ ਹਨ। ਇਸੇ ਕਰਕੇ ਹੀ ਉਨ੍ਹਾਂ ਵੱਲੋਂ ਕੀਤੀ ਗਈ ਜਾਂਚ ਨੂੰ ਕਿਸੇ ਤਨ-ਪੱਤਣ ਨਹੀਂ ਲੱਗਣ ਦਿੱਤਾ ਗਿਆ ਸੀ। ਉਨ੍ਹਾਂ ਰੋਸ ਵਜੋਂ ਪੰਜਾਬ ਪੁਲਿਸ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਸਿੱਖ ਜਥੇਬੰਦੀਆਂ ਨੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਸੀ ਪਰ ਹੁਣ ਆਪਣੀ ਸਰਕਾਰ ਬਣਨ ਤੋਂ ਬਾਅਦ ਇਸ ਮਾਮਲੇ ਦੀ ਚੱਲ ਰਹੀ ਜਾਂਚ ਤੋਂ ਉਹ ਸੰਤੁਸ਼ਟ ਨਹੀਂ ਹਨ।

## ਗੁਰਦੁਆਰਾ ਬੇਰ ਸਾਹਿਬ ਵਿਚ ਬੇਅਦਬੀ

**ਚੇਤਨਪੁਰਾ:** ਪਿੰਡ ਧਰਮਕੋਟ ਦੇ ਇਤਿਹਾਸਕ ਗੁਰਦੁਆਰਾ ਬਾਬਾ ਬੇਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਜਦੋਂ ਗ੍ਰੰਥੀ ਸਿੰਘ ਪਾਠ ਕਰਨ ਲਈ ਗੁਰਦੁਆਰੇ ਆਇਆ ਤਾਂ ਰੁਮਾਲੇ ਹੇਠਾਂ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜੇ ਹੋਏ ਸਨ। ਗੁਰਦੁਆਰੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਤੋਂ ਪਤਾ ਲੱਗਾ ਕਿ ਪਿੰਡ ਦੇ ਹੀ ਮੱਸਾ ਸਿੰਘ ਪੁੱਤਰ ਚੰਨਣ ਸਿੰਘ ਨੇ ਚਾਕੂ ਨਾਲ ਗੁਰੂ ਗ੍ਰੰਥ ਸਾਹਿਬ ਦੇ 39 ਅੰਗ ਪਾੜ ਦਿੱਤੇ ਹਨ। ਇਹ ਵਿਅਕਤੀ ਰੋਜ਼ਾਨਾ ਦੁਪਹਿਰ ਵੇਲੇ ਗੁਰਦੁਆਰੇ ਵਿਚ ਆਉਂਦਾ ਸੀ। ਉਧਰ, ਗੁਰਦੁਆਰੇ ਦੀ ਕਮੇਟੀ ਵੱਲੋਂ ਘਟਨਾ ਦੀ ਸੂਚਨਾ ਥਾਣਾ ਭਿੰਡੀ ਸੈਦਾ ਵਿਚ ਦਿੱਤੀ ਗਈ, ਜਿਸ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਮੁਲਜ਼ਮ ਨੂੰ ਕਾਬੂ ਕਰ ਲਿਆ।

## ਸ਼ਹੀਦ ਭਗਤ ਸਿੰਘ ਨਾਲ ਸਬੰਧਤ ਪਾਠ ਸਿਲੇਬਸ ਵਿਚੋਂ ਕੱਢਣ ਦਾ ਵਿਰੋਧ



**ਚੰਡੀਗੜ੍ਹ:** ਪੰਜਾਬ ਸਟੂਡੈਂਟਸ ਯੂਨੀਅਨ ਨੇ ਕਰਨਾਟਕਾ ਦੀ ਭਾਜਪਾ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਪਾਠ ਨੂੰ ਕੱਢ ਕੇ ਆਰ.ਐਸ.ਐਸ. ਦੇ ਸੰਸਥਾਪਕ ਅਤੇ ਸਾਬਕਾ ਸਰਸੰਘ ਸੰਚਾਲਕ ਕੇਸ਼ਵ ਬਲੀਰਾਮ ਹੇਡਗੇਵਾਰ ਨਾਲ ਸਬੰਧਤ ਪਾਠ ਸ਼ਾਮਲ ਕਰਨ ਖਿਲਾਫ ਪੰਜਾਬ ਭਰ ਵਿਚ ਧਰਨੇ ਦਿੱਤੇ। ਇਸ ਸਬੰਧੀ ਵਿਦਿਆਰਥੀ ਜਥੇਬੰਦੀ ਨੇ ਰੋਪੜ, ਨਵਾਂ ਸ਼ਹਿਰ, ਗੁਰਦਾਸਪੁਰ, ਫਰੀਦਕੋਟ, ਮੋਗਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਸੰਗਰੂਰ ਅਤੇ ਪਟਿਆਲਾ ਵਿਚ ਪ੍ਰਦਰਸ਼ਨ ਕੀਤੇ। ਪੀ.ਐਸ.ਯੂ. ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਜਪਾ ਆਰ.ਐਸ.ਐਸ. ਦਾ ਸਿਆਸੀ ਵਿੰਗ ਹੈ ਅਤੇ ਪਾਰਟੀ ਕੇਂਦਰ ਅਤੇ ਰਾਜ ਸਰਕਾਰਾਂ ਰਾਹੀਂ ਸੰਘ ਦਾ ਫਿਰਕੂ ਏਜੰਡਾ ਦੇਸ਼ ਵਿੱਚ ਲਾਗੂ ਕਰ ਰਹੀ ਹੈ। ਇਸ ਏਜੰਡੇ ਤਹਿਤ ਵਿੱਦਿਅਕ ਅਦਾਰਿਆਂ ਦਾ ਵੀ ਭਗਵਾਂਕਰਨ ਕੀਤਾ ਜਾ ਰਿਹਾ ਹੈ। ਇਸੇ ਭਗਵੇਂਕਰਨ ਦੀ ਨੀਤੀ 'ਤੇ ਚੱਲਦਿਆਂ ਕਰਨਾਟਕ ਸਰਕਾਰ ਨੇ ਦਸਵੀਂ ਜਮਾਤ ਦੇ ਸਿਲੇਬਸ ਵਿਚੋਂ ਸ਼ਹੀਦ ਭਗਤ ਸਿੰਘ ਨਾਲ ਸਬੰਧਤ ਪਾਠ ਨੂੰ ਕੱਢ ਕੇ ਆਰ.ਐਸ.ਐਸ. ਦੇ ਸੰਸਥਾਪਕ ਅਤੇ ਸਾਬਕਾ ਸਰਸੰਘ ਸੰਚਾਲਕ ਕੇਸ਼ਵ ਬਲੀਰਾਮ ਹੇਡਗੇਵਾਰ ਨਾਲ ਸਬੰਧਤ ਪਾਠ ਸ਼ਾਮਲ ਕੀਤਾ ਹੈ।

ਉਨ੍ਹਾਂ ਕਿਹਾ ਕਿ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦੇਸ ਦੀ ਆਜ਼ਾਦੀ ਵਿਚ ਅਹਿਮ ਰੋਲ ਅਦਾ ਕੀਤਾ ਹੈ, ਜਿਸ ਕਰਕੇ ਉਹ ਦੇਸ ਦੇ ਨੌਜਵਾਨਾਂ ਦੇ ਨਾਇਕ ਹਨ। ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਲਗਾਤਾਰ ਫਿਰਕੂ ਏਜੰਡੇ ਤਹਿਤ ਕੰਮ ਕਰਦਿਆਂ ਕਦੇ ਮਸਜਿਦਾਂ 'ਤੇ ਹਮਲੇ, ਕਦੇ ਘੱਟ ਗਿਣਤੀਆਂ ਖਾਸ ਕਰ ਮੁਸਲਮਾਨਾਂ ਤੇ ਈਸਾਈਆਂ 'ਤੇ ਫਿਰਕੂ ਹਮਲੇ ਕਰ ਰਹੀ ਹੈ। ਵਿਦਿਆਰਥੀ ਜਥੇਬੰਦੀ ਨੇ ਸ਼ਹੀਦ ਭਗਤ ਸਿੰਘ ਦੇ ਪਾਠਕ੍ਰਮ ਨੂੰ ਮੁੜ ਸਿਲੇਬਸ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ।

## ਗੋਆ ਦੇ ਰਾਜਭਵਨ 'ਚ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪੁਰਬ ਮਨਾਇਆ

**ਅੰਮ੍ਰਿਤਸਰ:** ਗੋਆ ਦੇ ਰਾਜਭਵਨ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਗੋਆ ਦੇ ਰਾਜਪਾਲ ਪੀ.ਐਸ. ਸ੍ਰੀਧਰਨ ਪਿਲੱਈ ਤੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਸ਼ਮੂਲੀਅਤ ਕੀਤੀ। ਇਹ ਗੁਰਮਤਿ ਸਮਾਗਮ ਗੋਆ ਦੇ ਰਾਜਪਾਲ ਵੱਲੋਂ ਗੁਰੂ ਸਿੰਘ ਸਭਾ, ਬੇਇਮ ਦੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਨਾਲ ਕਰਾਇਆ ਗਿਆ।

ਮੁੰਬਈ ਦੀ ਸਿੱਖ ਜਥੇਬੰਦੀ ਸੁਪਰੀਮ ਸਿੱਖ ਕੌਂਸਲ, ਨਵੀਂ ਮੁੰਬਈ ਦੇ ਚੇਅਰਮੈਨ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਸਮਾਗਮ ਵਿਚ ਗੋਆ ਦੇ ਰਾਜਪਾਲ ਸ੍ਰੀਧਰਨ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਉਨ੍ਹਾਂ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਸਿੱਜਦਾ ਕਰਦਿਆਂ ਕਿਹਾ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਹਿੰਦੂਆਂ ਦਾ ਜਬਰੀ ਧਰਮ ਕਰਨ ਖਿਲਾਫ ਲੜਾਈ ਵਿਚ ਗੁਰੂ ਤੇਗ ਬਹਾਦਰ ਨੇ ਆਪਣੀ ਜਾਨ ਕੁਰਬਾਨ ਕੀਤੀ ਸੀ। ਉਨ੍ਹਾਂ ਲੋਕਾਂ ਨੂੰ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਧਰਮ ਤੇ ਮਾਨਵਤਾ ਖਾਤਰ ਦਿੱਤੀਆਂ ਕੁਰਬਾਨੀਆਂ ਤੋਂ ਸੇਧ ਲੈਣ ਦੀ ਅਪੀਲ ਕੀਤੀ। ਉਨ੍ਹਾਂ ਹਰ ਸਾਲ ਰਾਜ ਭਵਨ ਵਿਚ ਗੁਰਮਤਿ ਸਮਾਗਮ ਕਰਵਾਉਣ ਦਾ ਐਲਾਨ ਵੀ ਕੀਤਾ।

## ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹੇ



**ਰੂਪਨਗਰ:** ਉੱਤਰਾਖੰਡ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਰਧਾਲੂਆਂ ਲਈ ਖੁੱਲ੍ਹ ਗਏ ਹਨ ਅਤੇ ਯਾਤਰਾ ਦੀ ਸ਼ੁਰੂਆਤ ਹੋ ਗਈ ਹੈ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗੋਬਿੰਦਘਾਟ ਤੋਂ ਗੁਰੂ ਗਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸੰਗਤਾਂ ਦਾ ਜਥਾ ਹੇਮਕੁੰਟ ਸਾਹਿਬ ਪੁੱਜ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਗ੍ਰੰਥੀ ਭਾਈ ਮਿਲਾਪ ਸਿੰਘ ਵੱਲੋਂ ਅਰਦਾਸ ਕਰਨ ਬਾਅਦ ਸਮਾਗਮਾਂ ਦੀ ਸ਼ੁਰੂਆਤ ਹੋ ਚੁੱਕੀ ਹੈ ਤੇ ਸੰਗਤਾਂ ਵਿਚ ਯਾਤਰਾ ਲਈ ਭਾਰੀ ਉਤਸ਼ਾਹ ਹੈ।

## ਗੁਟਕੇ 'ਤੇ ਤਸਵੀਰ ਲਾਉਣ ਦੇ ਮਾਮਲੇ 'ਚ ਸ਼੍ਰੋਮਣੀ ਕਮੇਟੀ ਨੇ ਜਾਂਚ ਟੀਮ ਇੰਦੌਰ ਭੇਜੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੰਦੌਰ 'ਚ ਗੁਰਬਾਣੀ ਦੇ ਗੁਟਕੇ ਅੰਦਰ ਤਸਵੀਰ ਲਗਾਉਣ ਦੇ ਮਾਮਲੇ ਦਾ ਸਖਤ ਨੋਟਿਸ ਲੈਂਦਿਆਂ ਇਸ ਸਬੰਧੀ ਪੜਤਾਲ ਦੇ ਆਦੇਸ਼ ਦਿੱਤੇ ਹਨ। ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਉਪਰੋਕਤ ਮਾਮਲਾ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਰਾਹੀਂ ਸਾਹਮਣੇ ਆਇਆ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਤੁਰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਧਰਮ ਪ੍ਰਚਾਰ ਕਮੇਟੀ ਵੱਲੋਂ ਪੜਤਾਲ ਲਈ ਪ੍ਰਚਾਰਕ ਭਾਈ ਭੁਪਿੰਦਰ ਸਿੰਘ ਦੀ ਡਿਊਟੀ ਲਾਈ ਗਈ ਸੀ, ਜਿਨ੍ਹਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੰਦੌਰ ਨੇੜਲੇ ਗੁਰਦੁਆਰਾ ਬੇਟਮਾ ਸਾਹਿਬ ਵਿਚ ਹਿੰਦੀ ਭਾਸ਼ਾ ਵਿਚ ਛਪੇ ਸੁਖਮਨੀ ਸਾਹਿਬ ਦੇ ਇਕ ਗੁਟਕੇ ਵਿਚ ਕਿਸੇ ਸਿੰਧੀ ਪਰਿਵਾਰ ਵੱਲੋਂ ਆਪਣੇ ਅਕਾਲ ਚਲਾਣਾ ਕਰ ਗਏ ਪਰਿਵਾਰਕ ਮੈਂਬਰ ਦੀ ਤਸਵੀਰ ਲਗਾਈ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਪੁੱਜੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ।

# ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਇਕਜੁੱਟਤਾ ਨਾਲ ਉਠਾਉਣ ਲਈ ਸਹਿਮਤੀ

### ਮੋਦੀ ਤੇ ਸ਼ਾਹ ਨਾਲ ਮੁਲਾਕਾਤ ਕਰੇਗੀ 11 ਮੈਂਬਰੀ ਸਾਂਝੀ ਕਮੇਟੀ



**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਲਈ ਬਣੀ 11 ਮੈਂਬਰੀ ਸਾਂਝੀ ਕਮੇਟੀ ਅਗਲੇ 15 ਦਿਨਾਂ ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰੇਗੀ। ਇਹ ਫੈਸਲਾ 11 ਮੈਂਬਰੀ ਸਾਂਝੀ ਕਮੇਟੀ ਦੀ ਪਲੇਠੀ ਮੀਟਿੰਗ ਦੌਰਾਨ ਕੀਤਾ ਗਿਆ ਹੈ, ਜਿਸ ਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ। 11 ਮੈਂਬਰੀ ਸਾਂਝੀ ਕਮੇਟੀ ਦੀ ਪਲੇਠੀ ਮੀਟਿੰਗ ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਹੋਈ ਹੈ, ਜਿਸ ਤੋਂ ਬਾਅਦ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਾਂਝੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਹਰ ਪੱਧਰ 'ਤੇ ਇਕਜੁੱਟਤਾ ਨਾਲ ਉਠਾਉਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਅਗਲੇ 15 ਦਿਨਾਂ ਤੱਕ ਇਹ ਕਮੇਟੀ ਇਸ ਮਾਮਲੇ ਸਬੰਧੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰੇਗੀ। ਇਹ ਤੋਂ ਪਹਿਲਾਂ ਬੰਦੀ ਸਿੰਘਾਂ ਦੀ ਇਕ ਸੂਚੀ ਤਿਆਰ ਕੀਤੀ ਜਾਵੇਗੀ, ਜਿਸ ਵਿਚ ਮੁਕੰਮਲ ਵੇਰਵੇ ਦਰਜ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਦਿੱਲੀ ਦੇ ਮੁੱਖ ਮੰਤਰੀ ਅਤੇ ਭਾਈ ਗੁਰਦੀਪ ਸਿੰਘ ਖੈੜਾ ਦੀ ਰਿਹਾਈ ਲਈ ਕਰਨਾਟਕ ਸਰਕਾਰ ਦੇ ਮੁੱਖ ਮੰਤਰੀ ਨਾਲ ਵੀ ਮੁਲਾਕਾਤ ਕਰੇਗੀ ਕਿਉਂਕਿ ਦੋਵੇਂ ਸੂਬਿਆਂ ਦੀਆਂ ਸਰਕਾਰਾਂ ਇਨ੍ਹਾਂ ਸਿੰਘਾਂ ਦੀ ਰਿਹਾਈ ਵਿਚ ਅੜਿੱਕਾ ਬਣੀਆਂ ਹੋਈਆਂ ਹਨ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਕਮੇਟੀ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਸੇਵਾਮੁਕਤ ਜੱਜਾਂ ਦੀ ਇਕ ਸਲਾਹਕਾਰ ਕਮੇਟੀ ਦਾ ਗਠਿਤ ਕਰਨ ਅਤੇ ਸਮੂਹ ਜਥੇਬੰਦੀਆਂ ਦੇ ਵਿਚਾਰ ਲੈਣ ਦਾ ਵੀ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਇਸ ਕਮੇਟੀ ਦੇ ਨਾਲ ਹੋਰ ਸਬ-ਕਮੇਟੀਆਂ ਵੀ ਗਠਿਤ ਕੀਤੀਆਂ ਜਾਣਗੀਆਂ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਸ ਵੇਲੇ 22 ਬੰਦੀ ਸਿੱਖ ਕੈਦੀਆਂ ਦੀ ਸੂਚੀ ਤਿਆਰ ਹੈ, ਜਿਸ ਵਿਚ 9 ਬੰਦੀ ਸਿੱਖ 25 ਸਾਲ ਤੋਂ ਵਧੇਰੇ ਸਮੇਂ ਤੋਂ ਜੇਲ੍ਹ ਵਿਚ ਬੰਦ ਹਨ। ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਧਾਨ ਮੰਤਰੀ ਨੇ 9 ਸਿੱਖ ਕੈਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ, ਜਿਨ੍ਹਾਂ ਵਿਚੋਂ ਸਿਰਫ ਦੋ ਸਿੱਖ ਕੈਦੀ ਹੀ ਰਿਹਾਅ ਕੀਤੇ ਗਏ ਹਨ, ਜਦੋਂ ਕਿ ਬਾਕੀ ਜੇਲ੍ਹਾਂ ਵਿਚ ਹੀ ਹਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬੀਤੇ ਸਾਲ ਹੋਲੇ-ਮਹੱਲੇ ਮੌਕੇ ਕਰੋਨਾ ਪਾਬੰਦੀਆਂ ਦੌਰਾਨ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਨਗਰ ਕੀਰਤਨ ਸਜਾਉਣ ਕਾਰਨ 465 ਸਿੱਖਾਂ 'ਤੇ ਕੇਸ ਦਰਜ ਹੋਏ ਹਨ, ਜਿਨ੍ਹਾਂ ਦੀ ਪੈਰਵਾਈ ਕਰਦਿਆਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਨਾਲ ਮਿਲ ਕੇ ਕੇਸ ਖਾਰਜ ਕਰਨ ਦੀ ਮੰਗ ਕੀਤੀ ਜਾਵੇਗੀ।

## ਕਮੇਟੀ 'ਚ ਸੁਖਬੀਰ ਨੂੰ ਸ਼ਾਮਲ ਕਰਨ 'ਤੇ ਇਤਰਾਜ਼

ਗਿਆਰਾਂ ਮੈਂਬਰੀ ਸਾਂਝੀ ਕਮੇਟੀ ਵਿਚ ਸ਼ਾਮਲ ਹਰਿਆਣਾ ਕਮੇਟੀ ਦੇ ਮੁਖੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਪੱਤਰ ਸੌਂਪ ਕੇ ਮੰਗ ਕੀਤੀ ਹੈ ਕਿ ਇਸ ਕਮੇਟੀ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਾਹਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਬੇਅਦਬੀ ਕਾਂਡ, ਡੇਰਾ ਸਿਰਸਾ ਦੇ ਮੁਖੀ ਨੂੰ ਸ੍ਰੀ ਅਕਾਲ ਤਖਤ ਤੋਂ ਮੁਆਫ ਦਿਵਾਉਣ ਸਮੇਤ ਕਈ ਹੋਰ ਮਾਮਲਿਆਂ ਵਿਚ ਘਿਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਂਝ ਵੀ ਅਕਾਲੀ ਸਰਕਾਰ ਦੇ ਕਾਰਜਕਾਲ ਵੇਲੇ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੁਝ ਨਹੀਂ ਕੀਤਾ ਸੀ, ਜਿਸ ਕਰਕੇ ਉਨ੍ਹਾਂ ਨੂੰ ਇਸ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ਸੀ।

## ਰਿਹਾਈ ਲਈ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੀ ਮੰਗ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਜਨਰਲ ਸਕੱਤਰ ਤੇ ਬੁਲਾਰੇ ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਜੇਕਰ 31 ਸਾਲ ਬਾਅਦ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਾਤਲ ਏਜੀ ਪੇਰਾਰੀਵਲਨ (ਲਿੱਟੇ) ਨੂੰ ਰਿਹਾਅ ਕੀਤਾ ਜਾ ਸਕਦਾ ਹੈ ਤਾਂ ਉਸੇ ਕਾਨੂੰਨ ਅਧੀਨ ਸਿੱਖ ਬੰਦੀਆਂ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਸਜਾ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕਰਨ।

# ਤੇਲ ਕੀਮਤਾਂ ਦੇ ਮੁੱਦੇ 'ਤੇ ਕੇਂਦਰ ਤੇ ਸੂਬਾ ਸਰਕਾਰਾਂ ਆਹਮੋ-ਸਾਹਮਣੇ

**ਨਵੀਂ ਦਿੱਲੀ:** ਪੈਟਰੋਲ-ਡੀਜ਼ਲ 'ਤੇ ਐਕਸਾਈਜ਼ ਡਿਊਟੀ ਘਟਾਉਣ ਦੇ ਫੈਸਲੇ ਮਗਰੋਂ ਕੇਂਦਰ ਸਰਕਾਰ ਤੇ ਰਾਜ ਆਹਮੋ-ਸਾਹਮਣੇ ਹੋ ਗਏ ਹਨ। ਕੁਝ ਰਾਜ ਤੇਲ ਕੀਮਤਾਂ ਉਤੇ ਵੈਟ ਘਟਾਉਣ ਦੇ ਹੱਕ ਵਿਚ ਹਨ ਜਦੋਂਕਿ ਕੁਝ ਨੇ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਵੈਟ ਘਟਾਉਣ ਨਾਲ ਰਾਜਾਂ ਦੇ ਮਾਲੀਏ 'ਤੇ ਬੇਲੋੜਾ ਦਬਾਅ ਪਏਗਾ। ਇਸ ਦੌਰਾਨ ਮਹਾਰਾਸ਼ਟਰ, ਕੇਰਲਾ ਤੇ ਰਾਜਸਥਾਨ ਨੇ ਵੈਟ ਵਿਚ ਕਟੌਤੀ ਦਾ ਐਲਾਨ ਕਰ ਦਿੱਤਾ ਹੈ। ਉਧਰ, ਤਾਮਿਲ ਨਾਡੂ ਵਿਚ ਸੱਤਾਧਾਰੀ ਤੇ ਮੁੱਖ ਵਿਰੋਧੀ ਧਿਰ 'ਚ ਖਿੱਚੋਤਾਣ ਬਣ ਗਈ ਹੈ। ਅੰਨਾ ਡੀ.ਐਮ.ਕੇ. ਨੇ ਤੇਲ ਕੀਮਤਾਂ 'ਚ ਕਟੌਤੀ ਲਈ ਸੂਬਾ ਸਰਕਾਰ ਨੂੰ ਹਫਤੇ ਦਾ ਅਲਟੀਮੇਟਮ ਦਿੱਤਾ ਹੈ।

ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਨੇ ਪੈਟਰੋਲ 'ਤੇ 2.08 ਰੁਪਏ ਪ੍ਰਤੀ ਲਿਟਰ ਤੇ ਡੀਜ਼ਲ ਉਤੇ 1.44 ਰੁਪਏ ਪ੍ਰਤੀ ਲਿਟਰ ਵੈਟ ਦੀ ਕਟੌਤੀ ਕੀਤੀ ਹੈ। ਸੂਬਾ ਸਰਕਾਰ ਨੇ ਕਿਹਾ ਕਿ ਇਸ ਫੈਸਲੇ ਦੇ ਸਿੱਟੇ ਵਜੋਂ ਸਾਲਾਨਾ 2500 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਤਾਮਿਲ ਨਾਡੂ ਦੀ ਡੀ.ਐਮ.ਕੇ. ਸਰਕਾਰ




ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਟੈਕਸ ਘਟਾਉਣ ਬਾਰੇ ਸੋਚਣਾ ਮੁਨਾਸਬ ਨਹੀਂ ਹੈ। ਸੂਬੇ ਦੇ ਵਿੱਤ ਮੰਤਰੀ ਪਲਾਨੀਵੇਲ ਥਿਆਗਾ ਰਾਜਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਨਵੰਬਰ 2021 ਵਿਚ ਵੀ ਟੈਕਸ ਘਟਾਉਣ ਦਾ ਐਲਾਨ ਕੀਤਾ ਸੀ, ਜਿਸ ਕਰਕੇ ਸੂਬਾ ਪਹਿਲਾਂ ਹੀ 1000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਝੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਟੈਕਸ ਘਟਾਉਣ ਦੇ ਕੀਤੇ ਐਲਾਨ ਦੇ ਬਾਵਜੂਦ ਤੇਲ ਕੀਮਤਾਂ ਸਾਲ 2014 ਦੇ ਮੁਕਾਬਲੇ ਕਿਤੇ ਵੱਧ ਹਨ। ਪਿਛਲੇ ਸੱਤ ਸਾਲਾਂ ਵਿਚ ਪੈਟਰੋਲ 'ਤੇ ਟੈਕਸਾਂ ਵਿਚ ਵੱਡਾ ਇਜ਼ਾਫ਼ਾ ਹੋਇਆ ਹੈ। ਇਸ ਦੌਰਾਨ ਕੇਂਦਰ ਸਰਕਾਰ ਦਾ ਮਾਲੀਆ ਕਈ ਗੁਣਾਂ ਵਧਿਆ, ਪਰ ਇਸ ਦੇ ਮੁਕਾਬਲੇ ਰਾਜਾਂ ਦੇ ਮਾਲੀਏ ਵਿਚ ਓਨਾ ਵਾਧਾ ਨਹੀਂ ਹੋਇਆ। ਇਹੀ ਵਜ੍ਹਾ ਹੈ ਕਿ ਕੇਂਦਰ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ 'ਤੇ ਲੱਗਦਾ ਸੈੱਸ ਤੇ ਸਰਚਾਰਜ ਵਧਾ ਦਿੱਤਾ ਹੈ ਜਦੋਂਕਿ ਬੁਨਿਆਦੀ ਐਕਸਾਈਜ਼ ਡਿਊਟੀ ਘਟਾ ਦਿੱਤੀ ਹੈ, ਜੋ ਅੱਗੇ ਰਾਜਾਂ ਨਾਲ ਸਾਂਝੀ ਕਰਨੀ ਪੈਂਦੀ ਹੈ।" ਤਾਮਿਲ ਨਾਡੂ ਦੀ ਮੁੱਖ ਵਿਰੋਧੀ ਪਾਰਟੀ ਅੰਨਾ ਡੀ.ਐਮ.ਕੇ. ਨੇ ਸੱਤਾਧਾਰੀ ਡੀ.ਐਮ.ਕੇ. ਨੂੰ ਚੋਣਾਂ ਦੌਰਾਨ ਤੇਲ ਕੀਮਤਾਂ ਘਟਾਉਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ '72 ਘੰਟੇ' ਦਾ ਅਲਟੀਮੇਟਮ ਦਿੱਤਾ ਹੈ। ਪਿਛਲੇ ਸਾਲ ਨਵੰਬਰ ਵਿਚ ਪੈਟਰੋਲ ਤੇ ਡੀਜ਼ਲ ਉਤੇ ਕ੍ਰਮਵਾਰ ਪੰਜ ਰੁਪਏ ਤੇ 10 ਰੁਪਏ ਪ੍ਰਤੀ ਲਿਟਰ ਐਕਸਾਈਜ਼ ਡਿਊਟੀ ਘਟਾਉਣ ਮਗਰੋਂ 25 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਖਪਤਕਾਰਾਂ ਨੂੰ ਰਿਕਾਰਡ ਪੱਧਰ 'ਤੇ ਪੁੱਜੀਆਂ ਪ੍ਰਚੂਨ ਕੀਮਤਾਂ ਤੋਂ ਬਚਾਉਣ ਲਈ ਵੈਟ ਘਟਾਉਣ ਦਾ ਐਲਾਨ ਕੀਤਾ ਸੀ। ਐਨ.ਡੀ.ਏ. ਤੋਂ ਬਾਹਰਲੀਆਂ ਪਾਰਟੀਆਂ ਦੇ ਸ਼ਾਸਨ ਵਾਲੇ ਰਾਜਾਂ ਜਿਵੇਂ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਪੱਛਮੀ ਬੰਗਾਲ ਨੇ ਹਾਲਾਂਕਿ ਉਦੋਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਉਧਰ, ਕੇਰਲਾ ਦੇ ਖੱਬੇਪੱਖੀ ਜਮਹੂਰੀ ਫਰੰਟ (ਐਲ.ਡੀ.ਐਫ.) ਦੀ ਸਰਕਾਰ ਨੇ ਪੈਟਰੋਲ ਤੇ ਡੀਜ਼ਲ 'ਤੇ ਕ੍ਰਮਵਾਰ 2.41 ਰੁਪਏ ਅਤੇ 1.36 ਰੁਪਏ ਪ੍ਰਤੀ ਲਿਟਰ ਟੈਕਸ ਘਟਾਉਣ ਦਾ ਐਲਾਨ ਕੀਤਾ ਹੈ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਹਾ ਕਿ ਸੂਬਾ ਸਰਕਾਰ ਪੈਟਰੋਲ 'ਤੇ 2.48 ਰੁਪਏ ਅਤੇ ਡੀਜ਼ਲ ਉਤੇ 1.16 ਰੁਪਏ ਪ੍ਰਤੀ ਲਿਟਰ ਵੈਟ ਘਟਾਏਗੀ। ਮੱਧ ਪ੍ਰਦੇਸ਼ ਵਿਚ ਕਾਂਗਰਸ ਆਗੂ ਕਮਲ ਨਾਥ ਨੇ ਸੂਬੇ ਦੀ ਭਾਜਪਾ ਸਰਕਾਰ ਕੋਲੋਂ ਪੈਟਰੋਲੀਅਮ ਉਤਪਾਦਾਂ 'ਤੇ ਵੈਟ ਘਟਾਉਣ ਦੀ ਮੰਗ ਕੀਤੀ। ਭਾਜਪਾ ਸ਼ਾਸਿਤ ਕਰਨਾਟਕ ਵਿਚ ਮੁੱਖ ਮੰਤਰੀ ਬਸਵਰਾਜ ਬੋਮਈ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਈਂਧਣ ਟੈਕਸ ਉਤੇ ਕਟੌਤੀ ਦਾ ਵਿਚਾਰ ਕਰੇਗੀ। ਉਧਰ, ਗੋਆ ਸਰਕਾਰ ਵਿਚਲੇ ਸੂਤਰ ਨੇ ਕਿਹਾ ਕਿ ਪ੍ਰਮੋਦ ਸਾਵੰਤ ਦੀ ਅਗਵਾਈ ਵਾਲੀ ਸਰਕਾਰ ਪੈਟਰੋਲ-ਡੀਜ਼ਲ ਉਤੇ ਵੈਟ ਹੋਰ ਘਟਾਉਣ ਦੇ ਰੌਂਅ ਵਿਚ ਨਹੀਂ ਹੈ ਕਿਉਂਕਿ ਇਸ ਨਾਲ ਅਰਥਚਾਰੇ ਨੂੰ ਹੋਰ ਢਾਹ ਲੱਗੇਗੀ। ਪੱਛਮੀ ਬੰਗਾਲ 'ਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਕਿਹਾ ਕਿ 'ਆਰਥਿਕ ਨਾਕਾਬੰਦੀ' ਖਤਮ ਹੋਣ ਮਗਰੋਂ ਟੈਕਸਾਂ 'ਚ ਕਟੌਤੀ ਕਰਕੇ ਸੂਬੇ ਲਈ ਫੰਡ ਜਾਰੀ ਕੀਤੇ ਜਾਣਗੇ।

### ਰਾਜਾਂ ਲਈ ਬਹੁਤ ਕਸੂਤੀ ਸਥਿਤੀ: ਚਿਦੰਬਰਮ

**ਨਵੀਂ ਦਿੱਲੀ:** ਸੀਨੀਅਰ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਕਿਹਾ ਹੈ ਕਿ ਜੇ ਕੇਂਦਰ ਰਾਜਾਂ ਨੂੰ ਹੋਰ ਫੰਡ ਜਾਂ ਗ੍ਰਾਂਟ ਨਹੀਂ ਦਿੰਦਾ ਤਾਂ ਕੀ ਰਾਜ ਪੈਟਰੋਲ ਅਤੇ ਡੀਜ਼ਲ ਉਤੇ ਵੈਟ ਦੀ ਆਮਦਨ ਨੂੰ ਛੱਡਣ ਦੀ ਸਥਿਤੀ ਵਿਚ ਹੋਣਗੇ? ਉਨ੍ਹਾਂ ਕਿਹਾ ਕਿ ਰਾਜਾਂ ਦੀ ਸਥਿਤੀ 'ਇਕ ਪਾਸੇ ਖੂਹ ਅਤੇ ਦੂਜੇ ਪਾਸੇ ਖਾਈ' ਵਰਗੀ ਹੈ। ਸਾਬਕਾ ਵਿੱਤ ਮੰਤਰੀ ਦੀ ਇਹ ਟਿੱਪਣੀ ਸਰਕਾਰ ਵੱਲੋਂ ਪੈਟਰੋਲ ਉਤੇ 8 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਉਤੇ 6 ਰੁਪਏ ਪ੍ਰਤੀ ਲਿਟਰ ਐਕਸਾਈਜ਼ ਡਿਊਟੀ ਘਟਾਉਣ ਦੇ ਐਲਾਨ ਤੋਂ ਬਾਅਦ ਆਈ ਹੈ।

# ਭਾਜਪਾ ਸੰਸਦ ਮੈਂਬਰ ਅਰਜੁਨ ਸਿੰਘ ਮੁੜ ਤ੍ਰਿਣਮੂਲ ਕਾਂਗਰਸ 'ਚ ਸ਼ਾਮਲ

**ਕੋਲਕਾਤਾ:** ਭਾਜਪਾ ਦੇ ਲੋਕ ਸਭਾ ਮੈਂਬਰ ਅਰਜੁਨ ਸਿੰਘ ਮੁੜ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ ਟੀ.ਐਮ.ਸੀ. ਵਿਚ ਜਾਣ ਬਾਰੇ ਕਈ ਦਿਨ ਤੋਂ ਕਿਆਸਰਾਈਆਂ ਲਾਈਆਂ ਜਾ ਰਹੀਆਂ ਸਨ। ਅਰਜੁਨ ਸਿੰਘ ਦੇ ਟੀ.ਐਮ.ਸੀ. 'ਚ ਜਾਣ ਨਾਲ ਬੰਗਾਲ ਵਿਚ ਭਾਜਪਾ ਨੂੰ ਇਕ ਹੋਰ ਝਟਕਾ ਲੱਗਾ ਹੈ। ਬੈਰਕਪੁਰ ਦੇ ਸੰਸਦ ਮੈਂਬਰ ਟੀ.ਐਮ.ਸੀ. ਦੇ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੀ ਹਾਜ਼ਰੀ ਵਿਚ ਟੀ.ਐਮ.ਸੀ. ਵਿਚ ਪਰਤ ਆਏ। ਇਸ ਮੌਕੇ 24 ਪਰਗਨਾ ਜ਼ਿਲ੍ਹੇ ਦੇ ਹੋਰ ਪਾਰਟੀ ਆਗੂ, ਵਿਧਾਇਕ ਤੇ ਮੰਤਰੀ ਵੀ ਹਾਜ਼ਰ ਸਨ।

ਅਰਜੁਨ ਨੇ ਆਪਣੇ ਸੰਸਦੀ ਖੇਤਰ ਵਿਚ ਭਾਜਪਾ ਦਾ ਆਧਾਰ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਦੱਸਣਯੋਗ ਹੈ ਕਿ ਅਰਜੁਨ ਸਿੰਘ



ਦਾ ਕਾਫੀ ਸਮੇਂ ਤੋਂ ਕੇਂਦਰ ਸਰਕਾਰ ਨਾਲ ਜੂਟ ਦੀਆਂ ਕੀਮਤਾਂ ਤੈਅ ਕਰਨ 'ਤੇ ਵਿਵਾਦ ਚੱਲ ਰਿਹਾ ਸੀ। ਹਾਲ ਹੀ ਵਿਚ ਉਨ੍ਹਾਂ ਭਾਜਪਾ ਦੀ ਸੂਬਾਈ ਲੀਡਰਸ਼ਿਪ ਉਤੇ ਵੀ ਹੱਲਾ ਬੋਲਿਆ ਸੀ ਤੇ ਕਿਹਾ ਸੀ ਕਿ ਪਾਰਟੀ ਜ਼ਮੀਨ ਉਤੇ ਲੋਕਾਂ ਨਾਲ ਰਾਬਤਾ ਨਹੀਂ ਕਰ ਰਹੀ। ਕੇਂਦਰੀ ਮੰਤਰੀਆਂ ਪਿਊਸ਼ ਗੋਇਲ ਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਸੰਸਦ ਮੈਂਬਰ ਨਾਲ ਦਿੱਲੀ ਵਿਚ ਮੁਲਾਕਾਤ ਵੀ ਕੀਤੀ ਸੀ ਤਾਂ ਕਿ ਮਸਲੇ ਦਾ ਹੱਲ ਕੱਢਿਆ ਜਾ ਸਕੇ ਪਰ ਗੱਲ ਕਿਸੇ ਤਣ ਪੱਤਣ ਨਹੀਂ ਲੱਗ ਸਕੀ।

# ਪ੍ਰਦੂਸ਼ਣ ਨਾਲ 2019 ਵਿਚ ਭਾਰਤ 'ਚ 23.5 ਲੱਖ ਮੌਤਾਂ

**ਨਵੀਂ ਦਿੱਲੀ:** ਇਕ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਹਰ ਤਰ੍ਹਾਂ ਦੇ ਪ੍ਰਦੂਸ਼ਣ ਨਾਲ 2019 ਵਿਚ 23.5 ਲੱਖ ਮੌਤਾਂ ਹੋਈਆਂ ਹਨ। ਇਨ੍ਹਾਂ ਵਿਚੋਂ 16.7 ਲੱਖ ਮੌਤਾਂ ਇਕੱਲੇ ਹਵਾ ਪ੍ਰਦੂਸ਼ਣ ਕਾਰਨ ਹੋਈਆਂ ਹਨ ਜੋ ਕਿ ਵਿਸ਼ਵ ਵਿਚ ਸਭ ਤੋਂ ਵੱਧ ਹਨ।

'ਦਿ ਲਾਂਸੇਟ ਪਲੈਨੇਟਰੀ ਹੈਲਥ ਜਰਨਲ' ਵਿਚ ਪ੍ਰਕਾਸ਼ਿਤ ਅਧਿਐਨ ਮੁਤਾਬਕ ਭਾਰਤ ਵਿਚ ਹਵਾ ਪ੍ਰਦੂਸ਼ਣ ਕਾਰਨ ਜ਼ਿਆਦਾਤਰ ਮੌਤਾਂ (9.8 ਲੱਖ) ਪ੍ਰਦੂਸ਼ਣ ਦੇ ਨਿੱਕੇ-ਨਿੱਕੇ ਕਣਾਂ ਕਾਰਨ ਹੋਈਆਂ ਹਨ ਜੋ ਹਵਾ ਵਿਚ ਰਹਿੰਦੇ ਹਨ। ਆਕਾਰ ਵਿਚ ਇਹ ਢਾਈ ਮਾਈਕ੍ਰੋਨ ਜਾਂ ਉਸ ਤੋਂ ਵੀ ਘੱਟ ਛੋਟੇ ਹੁੰਦੇ ਹਨ। ਕਰੀਬ 6.1 ਲੱਖ ਮੌਤਾਂ ਘਰ 'ਚ ਪੈਦਾ ਹੁੰਦੇ ਪ੍ਰਦੂਸ਼ਣ ਕਾਰਨ ਹੋਈਆਂ ਹਨ। ਅਧਿਐਨ ਮੁਤਾਬਕ ਉਤਰੀ ਭਾਰਤ ਵਿਚ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਹੈ। ਇਥੇ ਬਿਜਲੀ ਉਤਪਾਦਨ, ਆਵਾਜਾਈ, ਸਨਅਤਾਂ, ਖੇਤੀਬਾੜੀ ਤੇ ਹੋਰ ਗਤੀਵਿਧੀਆਂ



ਕਾਰਨ ਹਵਾ ਵੱਧ ਪ੍ਰਦੂਸ਼ਿਤ ਹੈ।

ਆਲਮੀ ਪੱਧਰ ਉਤੇ ਪ੍ਰਦੂਸ਼ਣ 2019 'ਚ ਨੱਬੇ ਲੱਖ ਮੌਤਾਂ ਲਈ ਜ਼ਿੰਮੇਵਾਰ ਹੈ। ਦੁਨੀਆਂ ਭਰ ਵਿਚ ਹੋਈਆਂ ਛੇ ਮੌਤਾਂ ਵਿਚੋਂ ਇਕ ਪ੍ਰਦੂਸ਼ਣ ਕਾਰਨ ਹੋਈ ਹੈ। ਇਸ ਅਧਿਐਨ ਦੀ ਅਗਵਾਈ ਕਰਨ ਵਾਲੇ ਰਿਚਰਡ ਫੁਲਰ ਨੇ ਦੱਸਿਆ ਕਿ ਪ੍ਰਦੂਸ਼ਣ ਦਾ ਸਭ ਤੋਂ ਵੱਧ ਅਸਰ ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਉਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਦੇ ਸਿਹਤ, ਸਮਾਜ ਤੇ ਆਰਥਿਕ ਅਸਰਾਂ ਦੇ ਬਾਵਜੂਦ ਇਸ ਨੂੰ ਕੌਮਾਂਤਰੀ ਵਿਕਾਸ ਏਜੰਡੇ ਵਿਚ ਜ਼ਿਆਦਾਤਰ ਨਜ਼ਰ-ਅੰਦਾਜ਼ ਹੀ ਕੀਤਾ ਜਾਂਦਾ ਹੈ।

# ਕਤਲੇਆਮ-84 ਦੇ ਪੀੜਤਾਂ ਲਈ ਬਣੀ ਨੀਤੀ 'ਚ ਲਾਜ਼ਮੀ ਰੁਜ਼ਗਾਰ ਦੇਣ ਦੀ ਤਜਵੀਜ਼ ਨਹੀਂ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਦੰਗਿਆਂ ਦੇ ਪੀੜਤ ਪਰਿਵਾਰਾਂ ਲਈ ਪੁਨਰਵਾਸ ਨੀਤੀ ਤਹਿਤ ਰੁਜ਼ਗਾਰ ਦੀ ਅਪੀਲ ਕਰਨ ਵਾਲੀ ਇਕ ਮਹਿਲਾ ਨੂੰ ਰਾਹਤ ਦੇਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਕੇਂਦਰੀ ਯੋਜਨਾ ਵਿਚ ਸਿਰਫ ਇਹ ਤਜਵੀਜ਼ ਹੈ ਕਿ ਭਰਤੀ ਦੌਰਾਨ ਤਰਜੀਹ ਮਿਲਣੀ ਚਾਹੀਦੀ ਹੈ ਤੇ ਭਰਤੀ ਨਾ ਹੋਣ ਦੀ ਸਥਿਤੀ ਵਿਚ ਇਹ ਨਿਯੁਕਤੀ ਨੂੰ ਲਾਜ਼ਮੀ ਨਹੀਂ ਬਣਾਉਂਦਾ।

ਜਸਟਿਸ ਯਸ਼ਵੰਤ ਵਰਮਾ ਨੇ ਕਿਹਾ ਕਿ ਜਦ ਵੀ ਅਧਿਕਾਰੀਆਂ ਵੱਲੋਂ ਕੋਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਂਦੀ ਹੈ, ਤਾਂ ਉਹ ਅਰਜੀਕਰਤਾ ਦੀ ਉਮੀਦਵਾਰੀ ਉਤੇ ਵਿਚਾਰ ਕਰਨ ਲਈ ਪਾਬੰਦ ਹੋਣਗੇ। ਇਹ ਉਹ ਉਮੀਦਵਾਰ ਹੋਵੇਗਾ ਜਿਸ ਦੀ ਨਿਯੁਕਤੀ ਨੂੰ ਸਬੰਧਤ ਅਥਾਰਿਟੀ ਨੇ ਇਸ ਆਧਾਰ ਉਤੇ ਖਾਰਜ ਕਰ ਦਿੱਤਾ ਹੋਵੇ ਕਿ ਵਰਤਮਾਨ ਵਿਚ ਅਜਿਹੀ ਕੋਈ ਵਿਸ਼ੇਸ਼ ਭਰਤੀ ਮੁਹਿੰਮ ਨਹੀਂ ਹੈ। ਅਦਾਲਤ ਨੇ 20 ਮਈ ਨੂੰ ਆਪਣੇ ਆਦੇਸ਼ ਵਿਚ ਕਿਹਾ, ਕਿਉਂਕਿ ਹੁਣ ਕੋਈ ਭਰਤੀ ਨਹੀਂ ਚੱਲ ਰਹੀ, ਅਜਿਹੇ ਵਿਚ ਅਰਜੀਕਰਤਾ ਨਿਯੁਕਤੀ ਦੇ ਅਧਿਕਾਰ ਲਈ ਦਾਅਵਾ ਨਹੀਂ ਕਰ ਸਕਦਾ। ਪਟੀਸ਼ਨਕਰਤਾ ਨੇ 16 ਜਨਵਰੀ, 2006 ਦੇ ਸਰਕੂਲਰ ਦੇ ਸੰਦਰਭ ਵਿਚ ਆਪਣੀ ਨਿਯੁਕਤੀ ਉਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਹੈ ਜਿਸ ਵਿਚ 1984 ਦੇ ਦੰਗਾ ਪੀੜਤਾਂ ਨੂੰ ਰਾਹਤ ਦੇਣ ਲਈ ਇਕ ਪੁਨਰਵਾਸ ਪੈਕੇਜ ਦੀ ਵਿਆਖਿਆ ਕੀਤੀ ਗਈ ਹੈ। ਅਦਾਲਤ ਨੇ ਕਿਹਾ ਕਿ ਨੀਤੀ ਵਿਚ ਅਪਣਾਏ ਗਏ ਵੱਖ-ਵੱਖ ਹੱਲਾਂ ਵਿਚੋਂ ਇਕ ਦੰਗਿਆਂ ਵਿਚ ਮਾਰੇ ਗਏ ਲੋਕਾਂ ਦੇ ਬੱਚਿਆਂ ਤੇ ਪਰਿਵਾਰ ਦੇ ਮੈਂਬਰ ਨੂੰ ਨੌਕਰੀਆਂ ਵਿਚ ਤਰਜੀਹ ਦੇਣਾ ਸੀ ਜੋ ਕਿ ਜਾਰੀ ਹੈ। ਅਦਾਲਤ ਨੇ ਕਿਹਾ ਕਿ ਰਿਟ ਪਟੀਸ਼ਨ ਦਾ ਬਕਾਇਆ ਅਰਜ਼ੀਆਂ ਨਾਲ ਨਿਪਟਾਰਾ ਕੀਤਾ ਜਾਵੇਗਾ।

# ਡੋਮੀਨਿਕਾ ਵੱਲੋਂ ਚੋਕਸੀ ਖਿਲਾਫ ਮੁਲਕ 'ਚ ਗੈਰਕਾਨੂੰਨੀ ਦਾਖਲੇ ਦੇ ਦੋਸ਼ ਰੱਦ

**ਨਵੀਂ ਦਿੱਲੀ:** ਪੰਜਾਬ ਨੈਸ਼ਨਲ ਬੈਂਕ ਨਾਲ ਠੱਗੀ ਮਾਰਨ ਵਾਲੇ ਭਗੌੜੇ ਮੇਹੁਲ ਚੋਕਸੀ (62) ਨੂੰ ਉਸ ਸਮੇਂ ਰਾਹਤ ਮਿਲ ਗਈ ਜਦੋਂ ਡੋਮੀਨਿਕਾ ਸਰਕਾਰ ਨੇ ਉਸ ਖਿਲਾਫ ਮੁਲਕ 'ਚ ਗੈਰਕਾਨੂੰਨੀ ਢੰਗ ਨਾਲ ਦਾਖਲੇ ਦੇ ਸਾਰੇ ਦੋਸ਼ ਰੱਦ ਕਰ ਦਿੱਤੇ।

ਚੋਕਸੀ ਨੂੰ ਡੋਮੀਨਿਕਾ ਨੇ ਪਿਛਲੇ ਸਾਲ ਮਈ 'ਚ ਹਿਰਾਸਤ 'ਚ ਲਿਆ ਸੀ ਜਦੋਂ ਉਹ ਐਂਟੀਗੁਆ ਅਤੇ ਬਾਰਬੂਡਾ ਤੋਂ ਲਾਪਤਾ ਹੋ ਗਿਆ ਸੀ। ਡੋਮੀਨਿਕਾ ਹਾਈ ਕੋਰਟ ਨੇ ਉਸ ਨੂੰ 51 ਦਿਨ ਦੀ ਜ਼ਮਾਨਤ 'ਤੇ ਛੱਡ ਦਿੱਤਾ ਸੀ। ਇਸ ਦੌਰਾਨ ਭਾਰਤ ਨੇ ਉਸ ਨੂੰ ਮੁਲਕ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਸੀ.ਬੀ.ਆਈ. ਦੀ ਟੀਮ ਪ੍ਰਾਈਵੇਟ ਜੈੱਟ ਲੈ ਕੇ ਉਥੇ ਪਹੁੰਚੀ ਸੀ। ਉਸ ਦੇ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਮੇਹੁਲ ਨੂੰ ਐਂਟੀਗੁਆ ਤੋਂ 'ਭਾਰਤੀ ਦਿਖ ਵਾਲੇ ਵਿਅਕਤੀ' ਅਗਵਾ ਕਰਕੇ ਡੋਮੀਨਿਕਾ ਲੈ ਆਏ ਸਨ। ਮੇਹੁਲ ਦੇ ਤਰਜਮਾਨ ਨੇ ਲੰਡਨ 'ਚ ਦੱਸਿਆ ਕਿ ਚੋਕਸੀ ਖਿਲਾਫ ਡੋਮੀਨਿਕਾ 'ਚ ਗੈਰਕਾਨੂੰਨੀ ਦਾਖਲੇ ਦੇ ਸਾਰੇ ਦੋਸ਼ 20 ਮਈ ਨੂੰ ਰੱਦ ਕਰ ਦਿੱਤੇ ਗਏ ਹਨ।

# ਕੈਨੇਡਾ ਵਿਚ ਮੌਂਕੀਪੌਕਸ ਵਾਇਰਸ ਦੀ ਦਸਤਕ

**ਵੈਨਕੂਵਰ:** ਕੁਝ ਦਿਨਾਂ ਤੋਂ ਕੈਨੇਡਾ ਵਿਚ ਮੌਂਕੀਪੌਕਸ ਨਾਂ ਦੇ ਵਾਇਰਸ ਨੇ ਦਸਤਕ ਦਿੱਤੀ ਹੈ, ਜੋ ਦੇਸ਼ ਦੇ ਸਾਰੇ ਸੂਬਿਆਂ ਵਿਚ ਪੈਰ ਪਸਾਰ ਰਿਹਾ ਹੈ। ਬੇਸ਼ੱਕ ਕੈਨੇਡਾ ਦੇ ਸਿਹਤ ਮੰਤਰਾਲੇ ਵੱਲੋਂ ਲੋਕਾਂ ਨੂੰ ਤਸੱਲੀ ਦਿੱਤੀ ਜਾ ਰਹੀ ਹੈ ਕਿ ਇਹ ਰੋਗ ਜਾਨਲੇਵਾ ਨਹੀਂ ਹੈ ਪਰ ਕਰੋਨਾ ਦਾ ਪ੍ਰਕੋਪ ਝੱਲ ਚੁੱਕੇ ਲੋਕਾਂ ਦੇ ਮਨਾਂ ਵਿਚ ਡਰ ਹੈ।

ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਮੌਂਟਰੀਅਲ ਵਿਚ ਜਾਂਚ ਦੌਰਾਨ ਦੋ ਮਰੀਜ਼ਾਂ ਵਿਚ ਮੌਂਕੀਪੌਕਸ ਵਾਇਰਸ ਦਾ ਪਤਾ ਲੱਗਿਆ ਸੀ। ਇਸ ਮਗਰੋਂ ਕੁਝ ਹੋਰ ਸੂਬਿਆਂ ਵਿਚ ਵੀ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦਾ ਪਤਾ ਲੱਗਣ ਲੱਗਿਆ ਹੈ। ਸਿਹਤ ਵਿਭਾਗ ਅਨੁਸਾਰ ਛੂਤ ਦੀ ਇਸ ਬਿਮਾਰੀ ਕਾਰਨ ਤੇਜ਼ ਬੁਖਾਰ ਅਤੇ ਸਰੀਰ ਉਤੇ ਹਲਕੇ ਦਾਣੇ ਨਿਕਲ ਆਉਂਦੇ ਹਨ ਤੇ ਜੋੜਾਂ ਵਿਚ ਤੇਜ਼ ਦਰਦ ਹੋਣ ਲੱਗਦਾ ਹੈ। ਵਿਭਾਗ ਵੱਲੋਂ



ਜਾਰੀ ਸੂਚਨਾਵਾਂ ਅਨੁਸਾਰ ਮੌਂਕੀਪੌਕਸ ਵਾਇਰਸ ਤੋਂ ਡਰਨ ਦੀ ਲੋੜ ਨਹੀਂ ਹੈ ਕਿਉਂਕਿ ਇਸ ਦਾ ਇਲਾਜ ਅਤੇ ਦਵਾਈਆਂ ਪਹਿਲਾਂ ਹੀ ਹਸਪਤਾਲਾਂ ਵਿਚ ਮੌਜੂਦ ਹਨ। ਟੋਰਾਂਟੋ ਵਿਚ ਮੌਂਕੀਪੌਕਸ ਤੋਂ ਪੀੜਤ ਦੋ ਮਰੀਜ਼ਾਂ ਦੀ ਜਾਂਚ ਮਗਰੋਂ ਲੋਕਾਂ ਨੂੰ ਦੋ ਭੀੜ ਵਾਲੀਆਂ ਥਾਵਾਂ 'ਤੇ ਨਾ ਜਾਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

# ਤਾਲਿਬਾਨ ਵੱਲੋਂ ਮਹਿਲਾ ਐਂਕਰਾਂ ਲਈ ਨਵਾਂ ਹੁਕਮ ਲਾਗੂ

**ਇਸਲਾਮਾਬਾਦ:** ਅਫ਼ਗਾਨਿਸਤਾਨ ਦੇ ਤਾਲਿਬਾਨ ਸ਼ਾਸਕਾਂ ਨੇ ਉਹ ਹੁਕਮ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਤਹਿਤ ਦੇਸ਼ ਦੀਆਂ ਸਾਰੀਆਂ ਮਹਿਲਾ ਟੀਵੀ ਐਂਕਰਾਂ ਨੂੰ ਪ੍ਰਸਾਰਨ ਦੌਰਾਨ ਆਪਣਾ ਚਿਹਰਾ ਢਕਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨਾਂ ਨੇ ਇਸ ਹੁਕਮ ਦੀ ਨਿੰਦਾ ਕੀਤੀ ਹੈ। ਪਿਛਲੇ ਹਫਤੇ ਜਾਰੀ ਕੀਤੇ ਗਏ ਹੁਕਮਾਂ ਦਾ ਸਿਰਫ ਕੁਝ ਮੀਡੀਆ ਅਦਾਰਿਆਂ ਨੇ ਪਾਲਣ ਕੀਤਾ ਸੀ ਪਰ ਤਾਲਿਬਾਨ ਦੇ ਸ਼ਾਸਕਾਂ ਵੱਲੋਂ ਹੁਕਮ ਲਾਗੂ ਕੀਤੇ ਜਾਣ ਮਗਰੋਂ ਜ਼ਿਆਦਾਤਰ ਮਹਿਲਾ ਐਂਕਰਾਂ ਨੇ ਆਪਣੇ ਚਿਹਰੇ ਢਕੇ ਹੋਏ ਸਨ।

ਟੋਲੋ ਨਿਊਜ਼ ਦੀ ਟੀਵੀ ਐਂਕਰ ਸੋਨੀਆ ਨਿਆਜ਼ੀ ਨੇ ਕਿਹਾ, 'ਇਹ ਸਿਰਫ ਇਕ ਬਾਹਰੀ ਸੰਸਕ੍ਰਿਤੀ ਹੈ ਜੋ ਸਾਡੇ 'ਤੇ ਥੋਪੀ ਗਈ ਹੈ। ਇਹ



ਸਾਨੂੰ ਆਪਣਾ ਚਿਹਰਾ ਢਕਣ ਲਈ ਮਜਬੂਰ ਕਰਦੀ ਹੈ ਅਤੇ ਇਹ ਪ੍ਰੋਗਰਾਮ ਪੇਸ਼ ਕਰਨ ਸਮੇਂ ਸਾਡੇ ਲਈ ਸਮੱਸਿਆ ਪੈਦਾ ਕਰ ਸਕਦੀ ਹੈ।' ਇਕ ਸਥਾਨਕ ਮੀਡੀਆ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੇ ਸਟੇਸ਼ਨ ਨੂੰ ਪਿਛਲੇ ਹਫਤੇ ਹੁਕਮ ਮਿਲਿਆ ਸੀ ਪਰ ਹੁਣ ਇਹ ਹੁਕਮ ਲਾਗੂ ਕਰਨ ਲਈ ਮਜਬੂਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 1996-2001 ਤੱਕ ਅਫ਼ਗਾਨਿਸਤਾਨ 'ਚ ਤਾਲਿਬਾਨ ਦੀ ਸੱਤਾ ਦੌਰਾਨ ਮਹਿਲਾਵਾਂ 'ਤੇ ਬੁਰਕਾ ਪਹਿਨਣ ਸਮੇਤ ਕਈ ਪਾਬੰਦੀਆਂ ਲਾਈਆਂ ਗਈਆਂ ਸਨ। ਉਸ ਸਮੇਂ ਲੜਕੀਆਂ ਤੇ ਔਰਤਾਂ ਨੂੰ ਸਿੱਖਿਆ ਤੋਂ ਵਾਂਝੇ ਕਰ ਦਿੱਤਾ ਗਿਆ ਸੀ ਤੇ ਉਨ੍ਹਾਂ ਨੂੰ ਜਨਤਕ ਜ਼ਿੰਦਗੀ ਤੋਂ ਬਾਹਰ ਰੱਖਿਆ ਗਿਆ ਸੀ।

ਪੰਜਾਬ ਟਾਈਮਜ਼

ਸਨਿਚਰਵਾਰ, 28 ਮਈ 2022

# ਪੰਜਾਬ ਦੀ ਸਿਆਸਤ

ਜਦੋਂ ਤੋਂ ਪੰਜਾਬ ਵਿਚ ਭਗਵੰਤ ਮਾਨ ਦੀ ਅਗਵਾਈ ਹੇਠ ਨਵੀਂ ਸਰਕਾਰ ਬਣੀ ਹੈ, ਪੰਜਾਬ ਦੇ ਲੋਕ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਲਾਈ ਬੈਠੇ ਹਨ। ਸਰਕਾਰ ਦੇ ਹਮਾਇਤੀ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਰਹੇ ਹਨ ਅਤੇ ਆਲੋਚਨਾ ਕਰਨ ਵਾਲੇ ਵੀ ਲਗਾਤਾਰ ਆਪਣਾ ਕੰਮ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਸਰਕਾਰ ਉਸ ਢੰਗ-ਤਰੀਕੇ ਨਾਲ ਨਹੀਂ ਚਲਾਈ ਜਾ ਰਹੀ ਜਿਸ ਤਰ੍ਹਾਂ ਲੋਕਾਂ ਨਾਲ ਵਾਅਦੇ ਕੀਤੇ ਗਏ ਸਨ। ਵਿਚੋਂ-ਵਿਚੋਂ ਇਹ ਚਰਚਾ ਵੀ ਚੱਲਦੀ ਰਹੀ ਹੈ ਕਿ ਸਰਕਾਰ ਨੂੰ ਕੁਝ ਸਮਾਂ ਤਾਂ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਸਿਸਟਮ ਇੰਨਾ ਜ਼ਿਆਦਾ ਵਿਗੜ ਚੁੱਕਾ ਹੈ ਕਿ ਇਹ ਜਾਦੂ ਦੀ ਛੜੀ ਘੁਮਾਉਣ ਵਾਂਗ ਰਾਤੋ-ਰਾਤ ਠੀਕ ਨਹੀਂ ਕੀਤਾ ਜਾ ਸਕਦਾ। ਕੀਤੇ ਕੰਮਾਂ ਦੇ ਹਿਸਾਬ ਨਾਲ ਸਭ ਤੋਂ ਵੱਧ ਚਰਚਾ ਪੰਚਾਇਤੀ ਜ਼ਮੀਨਾਂ ਛੁਡਾਉਣ ਦੀ ਹੋਈ ਹੈ। ਮੀਡੀਆ ਵਿਚ ਰੋਜ਼ ਖਬਰਾਂ ਛਪਦੀਆਂ ਹਨ ਕਿ ਅੱਜ ਇੰਨੇ ਏਕੜ ਜ਼ਮੀਨ ਨਾਜਾਇਜ਼ ਕਬਜ਼ਾਕਾਰਾਂ ਕੋਲੋਂ ਛੁਡਵਾ ਲਈ ਗਈ ਹੈ। ਉਂਝ, ਹੁਣ ਕੁਝ ਕਿਸਾਨ ਜਥੇਬੰਦੀਆਂ ਨੇ ਇਸ ਕਾਰਵਾਈ ਖਿਲਾਫ ਵੀ ਆਵਾਜ਼ ਬੁਲੰਦ ਕਰਨੀ ਆਰੰਭ ਕਰ ਦਿੱਤੀ ਹੈ। ਸਰਕਾਰ ਵੱਲੋਂ ਰਿਟਾਇਰ ਹੋਏ ਪਟਵਾਰੀਆਂ ਨੂੰ ਮੁੜ ਨੌਕਰੀ ਉਤੇ ਰੱਖਣ ਦੇ ਮਾਮਲੇ ਦੀ ਸਭ ਤੋਂ ਵੱਧ ਨੁਕਤਾਚੀਨੀ ਹੋਈ ਕਿਉਂਕਿ ਜਦੋਂ ਅਮਰਿੰਦਰ ਸਿੰਘ ਸਰਕਾਰ ਨੇ ਇਹੀ ਫੈਸਲਾ ਕੀਤਾ ਸੀ ਤਾਂ ਸਭ ਤੋਂ ਵੱਧ ਰੌਲਾ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ ਪਾਇਆ ਸੀ ਅਤੇ ਦਲੀਲ ਦਿੱਤੀ ਸੀ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਰਿਟਾਇਰ ਮੁਲਾਜ਼ਮਾਂ ਨੂੰ ਨੌਕਰੀ ਉਤੇ ਕਿਉਂ ਰੱਖਿਆ ਜਾ ਰਿਹਾ ਹੈ।

ਖੈਰ, ਹੁਣ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਅਹੁਦੇ ਤੋਂ ਲਾਹੁਣ ਅਤੇ ਉਸ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਪੰਜਾਬ ਦੀ ਸਿਆਸਤ ਨਵੇਂ ਦੌਰ ਵਿਚ ਦਾਖਲ ਹੋ ਗਈ ਹੈ। ਸਿਆਸਤਦਾਨਾਂ 'ਤੇ ਰਿਸ਼ਵਤਖੋਰੀ ਦੇ ਇਲਜ਼ਾਮ ਲੱਗਦੇ ਰਹੇ ਹਨ ਅਤੇ ਆਮ ਤੌਰ 'ਤੇ ਉਨ੍ਹਾਂ ਦਾ ਜਵਾਬ ਇਹੀ ਹੁੰਦਾ ਸੀ ਕਿ ਇਹ ਇਲਜ਼ਾਮ ਝੂਠੇ ਹਨ ਅਤੇ ਸਿਆਸਤ ਤੋਂ ਪ੍ਰੇਰਤ ਹਨ। ਲੋਕ ਅਤੇ ਵਿਰੋਧੀ ਪਾਰਟੀਆਂ ਆਵਾਜ਼ ਉਠਾਉਂਦੀਆਂ ਰਹਿ ਜਾਂਦੀਆਂ ਹਨ ਪਰ ਕੋਈ ਕਾਰਵਾਈ ਨਹੀਂ ਹੁੰਦੀ। ਪਿਛਲੇ ਸਮੇਂ ਦੌਰਾਨ ਬਥੇਰੇ ਸਿਆਸਤਦਾਨਾਂ ਅਤੇ ਮੁਲਾਜ਼ਮਾਂ ਉਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗੇ ਅਤੇ ਉਨ੍ਹਾਂ ਨੇ ਜਾਇਦਾਦ ਤੇ ਪੈਸੇ ਵੀ ਬਥੇਰੇ ਇਕੱਠੇ ਕੀਤੇ ਪਰ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਹੋਈ। ਹੁਣ ਵੀ ਲੋਕ ਸਰਕਾਰ ਦੇ ਇਸ ਫੈਸਲੇ ਦੀ ਇਸੇ ਕਰਕੇ ਤਾਰੀਫ ਕਰ ਰਹੇ ਹਨ ਕਿ ਜੇ ਰਵਾਇਤੀ ਪਾਰਟੀਆਂ ਵਿਚੋਂ ਕਿਸੇ ਦੀ ਸਰਕਾਰ ਹੁੰਦੀ ਤਾਂ ਅਜਿਹੀ ਕਾਰਵਾਈ ਨਹੀਂ ਸੀ ਕੀਤੀ ਜਾਣੀ। ਬਿਨਾਂ ਸ਼ੱਕ, ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਸਖਤ ਕਾਰਵਾਈ ਨੇ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਰਿਸ਼ਵਤਖੋਰੀ ਦਾ ਮੱਕੜਜਾਲ ਤੋੜਨ ਦੀ ਆਸ ਜਗਾਈ ਹੈ ਪਰ ਵੱਡਾ ਸਵਾਲ ਇਹੀ ਹੈ ਕਿ ਅਜਿਹੀ ਇਕ-ਅੱਧ ਕਾਰਵਾਈ ਨਾਲ ਰਿਸ਼ਵਤਖੋਰੀ ਦਾ ਫਸਤਾ ਵੱਢਿਆ ਜਾ ਸਕਦਾ ਹੈ? 2015 ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਅਜਿਹੇ ਹੀ ਇਕ ਕੇਸ ਵਿਚ ਆਪਣੇ ਮੰਤਰੀ ਨੂੰ ਬਰਖਾਸਤ ਕੀਤਾ ਸੀ। ਸਵਾਲ ਹੈ ਕਿ ਕੀ ਦਿੱਲੀ ਵਿਚ ਰਿਸ਼ਵਤਖੋਰੀ ਖਤਮ ਹੋ ਗਈ ਹੈ? ਮੁੱਖ ਮੰਤਰੀ ਭਗਵੰਤ ਮਾਨ ਜਦੋਂ ਪਿੱਛੇ ਜਿਹੇ ਗੁਜਰਾਤ ਵਿਚ ਆਮ ਆਦਮੀ ਪਾਰਟੀ ਦੇ ਪ੍ਰਚਾਰ ਲਈ ਗਏ ਸਨ ਤਾਂ ਉਨ੍ਹਾਂ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਦਸ ਦਿਨਾਂ ਦੇ ਅੰਦਰ-ਅੰਦਰ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ। ਕੀ ਸੱਚਮੁੱਚ ਪੰਜਾਬ ਵਿਚ ਭ੍ਰਿਸ਼ਟਾਚਾਰ ਖਤਮ ਹੋ ਗਿਆ ਸੀ?

ਅਸਲ ਵਿਚ ਆਮ ਆਦਮੀ ਪਾਰਟੀ ਦਾ ਕੰਮ ਕਰਨ ਦਾ ਢੰਗ-ਤਰੀਕਾ ਮੁੱਢ ਤੋਂ ਹੀ ਅਜਿਹਾ ਰਿਹਾ ਹੈ ਕਿ ਇਸ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਰਹਿੰਦਾ ਹੈ ਕਿ ਲੋਕਾਂ ਦੇ ਮਨਾਂ ਅੰਦਰ ਇਹ ਜਚਾ ਦਿੱਤਾ ਜਾਵੇ ਕਿ ਸਰਕਾਰ ਕੰਮ ਕਰ ਰਹੀ ਹੈ। ਇਸੇ ਕਰਕੇ ਪੰਜਾਬ ਵਿਚ ਵੀ, ਅਤੇ ਇਸ ਤੋਂ ਪਹਿਲਾਂ ਦਿੱਲੀ ਵਿਚ ਵੀ ਇਸ ਦਾ ਸਾਰਾ ਜ਼ੋਰ ਇਸ਼ਤਿਹਾਰਬਾਜ਼ੀ 'ਤੇ ਰਿਹਾ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਵੀ ਇਸ਼ਤਿਹਾਰਾਂ ਉਤੇ ਪੈਸਾ ਪਾਣੀ ਵਾਂਗ ਰੋੜ੍ਹਿਆ ਗਿਆ। ਉਨ੍ਹਾਂ ਰਾਜਾਂ ਦੀਆਂ ਹੋਰ ਭਾਸ਼ਾਵਾਂ ਵਿਚ ਛਪਦੀਆਂ ਅਖਬਾਰਾਂ ਵਿਚ ਵੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦੇ ਵੱਡੇ-ਵੱਡੇ ਇਸ਼ਤਿਹਾਰ ਛਪਵਾਏ ਗਏ ਜਿਨ੍ਹਾਂ ਨਾਲ ਪੰਜਾਬ ਦਾ ਕੋਈ ਸਬੰਧ ਨਹੀਂ ਸੀ। ਅਜਿਹੇ ਪ੍ਰਚਾਰ ਰਾਹੀਂ ਆਪਣੀ ਗੁੱਡੀ ਚੜ੍ਹਾਏ ਜਾਣ ਦੀ ਸਭ ਤੋਂ ਵਧੀਆ ਮਿਸਾਲ ਦਿੱਲੀ ਦੇ ਸਕੂਲਾਂ ਦੀ ਹੈ। ਦਿੱਲੀ ਦੀ ਸਰਕਾਰ ਨੇ ਦਿੱਲੀ ਦੇ ਸਾਰੇ ਸਰਕਾਰੀ ਸਕੂਲਾਂ ਦੀ ਥਾਂ ਕੁਝ ਗਿਣਵੇਂ ਸਕੂਲਾਂ ਦਾ ਕਾਇਆ-ਕਲਪ ਕੀਤਾ ਹੈ ਪਰ ਪ੍ਰਚਾਰ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ, ਜਿਵੇਂ ਦਿੱਲੀ ਦੇ ਸਾਰੇ ਸਕੂਲਾਂ ਨੂੰ ਸਰਵੋਤਮ ਬਣਾ ਦਿੱਤਾ ਗਿਆ ਹੋਵੇ। ਜ਼ਾਹਿਰ ਹੈ ਕਿ ਮੁੱਦਾ ਕਿਸੇ ਵੀ ਮਸਲੇ ਨੂੰ ਜੜ੍ਹ ਤੋਂ ਫੜਨ ਦਾ ਹੈ। ਇਹ ਠੀਕ ਹੈ ਕਿ ਇੰਨੇ ਜ਼ਿਆਦਾ ਖਰਾਬ ਹੋਏ ਤਾਣੇ-ਬਾਣੇ ਨੂੰ ਰਾਤੋ-ਰਾਤ ਠੀਕ ਨਹੀਂ ਕੀਤਾ ਜਾ ਸਕਦਾ ਪਰ ਬਿਨਾਂ ਕਿਸੇ ਯੋਜਨਾ ਤੋਂ ਵੀ ਕੁਝ ਹਾਸਲ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਨੇ ਹੁਣ ਤੱਕ ਜਿੰਨੇ ਵੀ ਫੈਸਲੇ ਕੀਤੇ ਹਨ, ਉਨ੍ਹਾਂ ਤੋਂ ਸਰਕਾਰ ਦੀ ਸੰਜੀਦਗੀ 'ਤੇ ਸਵਾਲ ਉਠ ਰਹੇ ਹਨ। ਸਭ ਤੋਂ ਵੱਡੀ ਗੱਲ, ਸਰਕਾਰ ਉਤੇ ਇਸ ਦੋਸ਼ ਲਗਾਤਾਰ ਲੱਗ ਰਿਹਾ ਹੈ ਕਿ ਸਰਕਾਰ ਦਿੱਲੀ ਤੋਂ ਚਲਾਈ ਜਾ ਰਹੀ ਹੈ। ਪੰਜ ਰਾਜ ਸਭਾ ਮੈਂਬਰਾਂ ਦੀ ਨਿਯੁਕਤੀ ਨੇ ਸਾਬਤ ਕਰ ਦਿੱਤਾ ਸੀ ਕਿ ਇਹ ਪਾਰਟੀ ਪੰਜਾਬ ਦੇ ਸਰੋਕਾਰਾਂ ਅਤੇ ਮਸਲਿਆਂ ਨਾਲ ਕਿੰਨੀ ਕੁ ਜੁੜੀ ਹੋਈ ਹੈ। ਇਹ ਸਹੀ ਹੈ ਕਿ ਸਰਕਾਰ ਨੂੰ ਮੰਤਰੀ ਨੂੰ ਬਰਖਾਸਤ ਕਰਨ ਵਰਗੇ ਵੱਡੇ ਫੈਸਲੇ ਕਰਨ ਦੀ ਜ਼ਰੂਰਤ ਹੈ ਪਰ ਇਹ ਕਾਰਜ ਲਗਾਤਾਰਤਾ ਵਿਚ ਹੋਣੇ ਚਾਹੀਦੇ ਹਨ, ਸਿਰਫ ਪਾਰਟੀ ਦੀ ਸਿਆਸਤ ਚਮਕਾਉਣ ਲਈ ਨਹੀਂ। ਇਸ ਸੂਰਤ ਵਿਚ ਹੀ ਪੰਜਾਬ ਦੇ ਨੈਣ-ਨਕਸ਼ ਨਵੇਂ ਸਿਰਿਓਂ ਘੜੇ ਜਾ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੋਏ ਜਣੇ ਕਿੱਥੇ ਪਹੁੰਚੇ?

ਟਿੱਚ ਜਾਣਦੇ ਹੋਰਨਾਂ ਸਾਰਿਆਂ ਨੂੰ, 'ਹੀਰੋ' ਖੁਦ ਨੂੰ ਹੀ ਸਮਝਦੇ ਦੋਏ ਜਾਣੇ।<br>
ਆਸਮਾਨ ਸਿਰ ਵਾਂਗ ਟਟ੍ਹੀਰੀਆਂ ਦੇ, ਚੁੱਕੀ ਰੱਖਦੇ ਹੁੰਦੇ ਸੀ ਦੋਏ ਜਾਣੇ।<br>
ਇਕ ਦੂਸਰੇ ਤਾਈਂ ਹਰਾਉਣ ਦੀਆਂ, ਦਿੰਦੇ ਹੁੰਦੇ ਸੀ ਧਮਕੀਆਂ ਦੋਏ ਜਾਣੇ।<br>
ਬੋਲਣ ਲੱਗੇ ਸੀ ਲਾਉਂਦੇ ਆਕਾਸ਼ ਟਾਕੀ, ਮੋਹਰੇ ਮਾਈਕ ਦੇ ਕਿੱਲ੍ਹਦੇ ਦੋਏ ਜਾਣੇ।<br>
ਇਕ ਭਾਈ ਦੇ ਕੁਝ ਗੁਣ ਵੱਖਰੇ ਨੇ, ਵੈਸੇ ਇਕੋ ਜਿਹੇ ਜਾਪਦੇ ਦੋਏ ਜਾਣੇ।<br>
ਵੇਲੇ ਚੋਣ ਪ੍ਰਚਾਰ ਕਿਨ ਸੋਚਿਆ ਸੀ, ਬੈਠੇ ਹੋਣਗੇ ਜੇਲ੍ਹ ਵਿਚ ਦੋਏ ਜਾਣੇ।

# ਪੰਜਾਬ ਵਿਚ ਰੁਜ਼ਗਾਰ ਦਾ ਮਸਲਾ ਅਤੇ ਸਰਕਾਰ

*ਕਿਸੇ ਸਮੇਂ ਪਰਵਾਸ ਬਾਰੇ 'ਬਰੇਨ-ਡਰੇਨ' (ਬੌਧਿਕ ਹੂੰਝਾ) ਦੀ ਚਰਚਾ ਹੁੰਦੀ ਸੀ ਪਰ ਹੁਣ ਪੰਜਾਬ ਤੋਂ ਪੜ੍ਹੇ ਲਿਖੇ ਨੌਜਵਾਨਾਂ ਦਾ ਸਿਰਫ ਪਰਵਾਸ ਹੀ ਨਹੀਂ ਹੋ ਰਿਹਾ ਬਲਕਿ ਪੂੰਜੀ ਵੀ ਵਿਦੇਸ਼ ਜਾ ਰਹੀ ਹੈ। ਸਟੱਡੀ ਵੀਜ਼ੇ ਤਹਿਤ ਵਿਦੇਸ਼ ਜਾ ਰਿਹਾ ਹਰ ਨੌਜਵਾਨ 20-25 ਲੱਖ ਨਾਲ ਲਿਜਾ ਰਿਹਾ ਹੈ; ਭਾਵ ਦੋਵੇਂ ਰੂਪਾਂ ਵਿਚ ਮੁਲਕ ਦਾ ਕੀਮਤੀ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਪੰਜਾਬੀਆਂ ਵਿਚ ਪੈਦਾ ਹੋਈ ਵਿਦੇਸ਼ ਜਾਣ ਦੀ ਧੁਸ ਘਟਾਉਣ ਦਾ ਸਭ ਤੋਂ ਵੱਡਾ ਢੰਗ-ਤਰੀਕਾ ਇਹੀ ਹੈ ਕਿ ਵੱਡੀ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਉਹਨਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਏ ਕਿ ਇੱਥੇ ਉਹਨਾਂ ਦੇ ਬੱਚਿਆ ਦਾ ਭਵਿੱਖ ਸੁਰੱਖਿਅਤ ਹੈ ਪਰ ਇਸ ਕਾਰਜ ਲਈ ਵਿਸ਼ਾਲ ਨੀਤੀ ਅਤੇ ਸਾਫ ਨੀਅਤ ਦੀ ਲੋੜ ਹੈ।*

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿਚ ਬੇਰੁਜ਼ਗਾਰੀ ਵਿਕਰਾਲ ਰੂਪ ਧਾਰ ਰਹੀ ਹੈ। ਨਿਰੋਲ ਖੇਤੀ ਨਿਰਭਰ ਸੂਬਾ ਹੋਣ ਕਾਰਨ ਪਹਿਲਾਂ ਨੌਜਵਾਨਾਂ ਨੂੰ ਖੇਤੀ ਖੇਤਰ ਅਪਣਾ ਲੈਂਦਾ ਸੀ ਪਰ ਅਖੌਤੀ ਹਰੀ ਕ੍ਰਾਂਤੀ ਬਾਅਦ ਖੇਤੀ ਖੇਤਰ ਵਿਚ ਥੋਪੇ ਬੇਲੋੜੇ ਮਸ਼ੀਨੀਕਰਨ ਅਤੇ ਖੇਤੀ ਘਾਟੇ ਵਾਲਾ ਸੌਦਾ ਸਾਬਤ ਹੋਣ ਬਾਅਦ ਪੰਜਾਬ ਦੇ ਨੌਜਵਾਨਾਂ ਦੇ ਹੱਥ ਵਿਹਲੇ ਹੋ ਗਏ। ਹੁਣ ਹਾਲਤ ਇਹ ਹੈ ਕਿ ਖੇਤੀ ਖੇਤਰ ਨੌਜਵਾਨਾਂ ਨੂੰ ਆਪਣੇ ਅੰਦਰ ਸਮਾ ਨਹੀਂ ਰਿਹਾ ਅਤੇ ਸੂਬੇ ਵਿਚ ਸਨਅਤਾਂ ਲਗਾਈਆਂ ਨਹੀਂ ਗਈਆਂ, ਨਾਲ ਹੀ ਸਰਕਾਰੀ ਖੇਤਰ ਵਿਚ ਸਰਕਾਰਾਂ ਨੇ ਹੱਥ ਘੁੱਟ ਲਏ ਜਿਸ ਦੇ ਸਿੱਟੇ ਵਜੋਂ ਨੌਜਵਾਨ ਬੇਰੁਜ਼ਗਾਰੀ ਦੀ ਦਲਦਲ ਵਿਚ ਫਸ ਗਏ।

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਅਤੇ ਨਸ਼ਿਆਂ, ਖਾਸਕਰ ਚਿੱਟੇ ਨਾਲ ਨਿੱਤ ਦਿਨ ਹੋ ਰਹੀਆਂ ਮੌਤਾਂ ਦੀ ਚਰਚਾ ਬਹੁਤ ਹੋ ਰਹੀ ਹੈ ਪਰ ਇਸ ਸਭ ਦੇ ਬੁਨਿਆਦੀ ਕਾਰਨ ਬੇਰੁਜ਼ਗਾਰੀ ਦੀ ਚਰਚਾ ਬਹੁਤ ਘੱਟ ਹੋ ਰਹੀ ਹੈ। ਪੰਜਾਬ ਤੋਂ ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਦੇ ਕਈ ਕਾਰਨ ਹੋਣਗੇ ਪਰ ਨਿਸ਼ਾਨਦੇਹੀ ਤਾਂ ਕਰਨੀ ਹੀ ਪਵੇਗੀ ਕਿ ਬੇਰੁਜ਼ਗਾਰੀ ਇਸ ਦਾ ਅਹਿਮ ਕਾਰਨ ਹੈ। ਬੇਰੁਜ਼ਗਾਰੀ ਦੀ ਭੱਠੀ ਵਿਚ ਪਿਸਦੇ ਅਨੇਕਾਂ ਨੌਜਵਾਨ ਮਾਨਸਿਕ ਰੋਗੀ ਬਣ ਰਹੇ ਹਨ। ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਨੂੰ ਤਾੜਦਿਆਂ 2017 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਨੀਤੀ ਤਹਿਤ ਕੈਪਟਨ ਅਮਰਿੰਦਰ ਸਿੰਘ ਨੇ 'ਘਰ-ਘਰ ਨੌਕਰੀ' ਦੇਣ ਅਤੇ ਨਸ਼ੇ ਖਤਮ ਕਰਨ ਦਾ ਵਾਅਦਾ ਕਰਕੇ ਸੱਤਾ ਹਾਸਲ ਕੀਤੀ ਸੀ।

ਹੁਣ ਸੂਬੇ ਸੱਤਾ 'ਤੇ ਬਿਰਾਜਮਾਨ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਆਪਣੀ ਹੋਂਦ ਸਮੇਂ ਤੋਂ ਹੀ ਬੇਰੁਜ਼ਗਾਰ ਨੌਜਵਾਨਾਂ ਦੇ ਧਰਨਿਆਂ ਵਿਚ ਜਾ-ਜਾ ਕੇ ਉਹਨਾਂ ਨੂੰ ਖੂਬ ਵਿਸ਼ਵਾਸ ਦਿਵਾਇਆ ਸੀ ਕਿ 'ਆਪ' ਦੀ ਸਰਕਾਰ ਬਣਨ 'ਤੇ ਬੇਰੁਜ਼ਗਾਰੀ ਖਤਮ ਕਰ ਦਿੱਤੀ ਜਾਵੇਗੀ। 2017 ਦੀ ਚੋਣ ਸਮੇਂ ਵੀ ਆਮ ਆਦਮੀ ਪਾਰਟੀ ਦਾ ਬੇਰੁਜ਼ਗਾਰਾਂ ਨੂੰ ਕਾਫੀ ਸਾਥ ਦਿੱਤਾ ਤੇ ਹਲਕਾ ਭਦੌੜ ਤੋਂ ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦਾ ਸੂਬਾ ਪ੍ਰਧਾਨ ਪਿਰਮਲ ਸਿੰਘ ਵਿਧਾਇਕ ਬਣਿਆ ਪਰ ਪੰਜ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਉਹ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਿਆ। 2022 ਦੀ ਚੋਣ ਸਮੇਂ ਵੀ ਰਵਾਇਤੀ ਪਾਰਟੀਆਂ ਤੋਂ ਅੱਕਿਆ ਬੇਰੁਜ਼ਗਾਰਾਂ/ਮਾਪਿਆਂ ਦਾ ਵੱਡਾ ਹਿੱਸਾ ਆਮ ਆਦਮੀ ਪਾਰਟੀ ਦੇ ਪੱਖ ਵਿਚ ਭੁਗਤਿਆ ਪਰ ਹੁਣ ਲੰਘੇ ਦੋ ਮਹੀਨੇ ਤੋਂ 'ਆਪ' ਸਰਕਾਰ ਦੀ ਕਾਰਜ-ਨੀਤੀ ਬੇਰੁਜ਼ਗਾਰ ਪੱਖੀ ਨਜਰ ਨਹੀਂ ਆ ਰਹੀ।

ਹਰ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨਾਂ ਨੂੰ ਉਹਨਾਂ ਦੀ 'ਯੋਗਤਾ ਅਨੁਸਾਰ ਰੁਜ਼ਗਾਰ' ਅਤੇ 'ਰੁਜ਼ਗਾਰ ਅਨੁਸਾਰ ਮਿਹਨਤਾਨਾ' ਮੁਹੱਈਆ ਕਰਵਾਏ; ਜਦ ਤੱਕ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕਦੀ, ਤਦ ਤੱਕ ਉਹਨਾਂ ਨੂੰ ਸਨਮਾਨਜਨਕ ਬੇਰੁਜ਼ਗਾਰੀ ਭੱਤਾ ਮੁਹੱਈਆ ਕਰਵਾਏ। ਸਰਕਾਰਾਂ ਦੀ ਨੀਅਤ ਇਸ ਤਰ੍ਹਾਂ ਦੀ ਹੈ ਕਿ ਉਹ 'ਮੁਫਤ' ਦੀਆਂ ਕੁਝ ਸਹੂਲਤਾਂ ਦਾ ਐਲਾਨ ਕਰ ਦਿੰਦੀਆਂ ਹਨ ਪਰ ਬੇਰੁਜ਼ਗਾਰ ਨੌਜਵਾਨਾਂ ਲਈ 'ਰੁਜ਼ਗਾਰ ਯੋਜਨਾ' ਜਾਂ 'ਬੇਰੁਜ਼ਗਾਰੀ ਭੱਤਾ' ਸ਼ੁਰੂ ਨਹੀਂ ਕਰਦੀਆਂ।

ਕਿਸੇ ਸਮੇਂ ਪਰਵਾਸ ਬਾਰੇ 'ਬਰੇਨ-ਡਰੇਨ' (ਬੌਧਿਕ ਹੂੰਝਾ) ਦੀ ਚਰਚਾ ਹੁੰਦੀ ਸੀ ਪਰ ਹੁਣ ਪੰਜਾਬ ਤੋਂ ਪੜ੍ਹੇ ਲਿਖੇ ਨੌਜਵਾਨਾਂ ਦਾ ਸਿਰਫ ਪਰਵਾਸ ਹੀ ਨਹੀਂ ਹੋ ਰਿਹਾ ਬਲਕਿ ਪੂੰਜੀ ਵੀ ਵਿਦੇਸ਼ ਜਾ ਰਹੀ ਹੈ। ਸਟੱਡੀ ਵੀਜ਼ੇ ਤਹਿਤ ਵਿਦੇਸ਼ ਜਾ ਰਿਹਾ ਹਰ ਨੌਜਵਾਨ 20-25 ਲੱਖ ਨਾਲ ਲਿਜਾ ਰਿਹਾ ਹੈ; ਭਾਵ ਦੋਵੇਂ ਰੂਪਾਂ ਵਿਚ ਮੁਲਕ ਦਾ ਕੀਮਤੀ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਇਸ ਸੂਰਤ ਵਿਚ 'ਅੰਗਰੇਜ਼ ਵੀ ਪੰਜਾਬ ਆ ਕੇ ਨੌਕਰੀ ਮੰਗਿਆ



ਕਰਨਗੇ' ਵਰਗੇ ਹਾਸੋਹੀਣੇ ਬਿਆਨ ਜਾਰੀ ਕਰਕੇ ਤਾੜੀਆਂ ਤਾਂ ਮਰਵਾਈਆ ਜਾ ਸਕਦੀਆਂ ਹਨ ਪਰ ਨੌਜਵਾਨਾਂ ਨੂੰ ਰੋਕਿਆ ਨਹੀਂ ਜਾ ਸਕਦਾ ਹੈ। ਪੰਜਾਬੀਆਂ ਵਿਚ ਪੈਦਾ ਹੋਈ ਵਿਦੇਸ਼ ਜਾਣ ਦੀ ਧੁਸ ਘਟਾਉਣ ਦਾ ਸਭ ਤੋਂ ਵੱਡਾ ਢੰਗ-ਤਰੀਕਾ ਇਹੀ ਹੈ ਕਿ ਵੱਡੀ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਉਹਨਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਏ ਕਿ ਇੱਥੇ ਉਹਨਾਂ ਦੇ ਬੱਚਿਆ ਦਾ ਭਵਿੱਖ ਸੁਰੱਖਿਅਤ ਹੈ ਪਰ ਇਸ ਕਾਰਜ ਲਈ ਵਿਸ਼ਾਲ ਨੀਤੀ ਅਤੇ ਸਾਫ ਨੀਅਤ ਦੀ ਲੋੜ ਹੈ।

ਪੰਜਾਬ ਸਰਕਾਰ ਨੇ ਕੁਝ ਅਸਾਮੀਆਂ ਦੇ ਇਸ਼ਤਿਹਾਰ ਜਾਰੀ ਕੀਤੇ ਹਨ ਜਿਵੇਂ ਗ੍ਰਾਮ ਸੇਵਕ, ਡਾਟਾ ਐਂਟਰੀ ਅਪਰੇਟਰ, ਕਲਰਕ ਆਦਿ ਪਰ ਇਹ ਇਸ਼ਤਿਹਾਰ ਨੌਕਰੀਆਂ ਦੇਣ ਦਾ ਘੱਟ ਬਲਕਿ ਪੰਜਾਬ ਸਰਕਾਰ ਲਈ ਪੈਸੇ ਇਕੱਠੇ ਕਰਨ ਦਾ ਜ਼ਰੀਆ ਜ਼ਿਆਦਾ ਲੱਗਦੇ ਹਨ। ਉਦਾਹਰਨ ਲਈ ਗ੍ਰਾਮ ਸੇਵਕ ਦੀਆ ਨਿਗੂਣੀਆਂ ਅਸਾਮੀਆਂ ਲਈ ਜਨਰਲ ਵਰਗ ਦੇ ਉਮੀਦਵਾਰਾਂ ਦੀ ਫੀਸ 1000 ਰੁਪਏ ਪ੍ਰਤੀ ਉਮੀਦਵਾਰ ਰੱਖੀ ਹੈ; ਮੰਨ ਲਓ, ਇਸ ਵਰਗ ਵਿਚ ਡੇਢ ਲੱਖ ਉਮੀਦਵਾਰ ਅਪਲਾਈ ਕਰਦਾ ਹੈ (ਇਸੇ ਯੋਗਤਾ ਤਹਿਤ ਪਿਛਲੇ ਸਾਲ ਪਟਵਾਰੀ ਦੀ ਅਸਾਮੀ ਲਈ 2.34 ਲੱਖ ਬੇਰੁਜ਼ਗਾਰਾਂ ਨੇ ਅਪਲਾਈ ਕੀਤਾ ਸੀ) ਤਾਂ ਸਰਕਾਰ ਸਿਰਫ ਇਸੇ ਵਰਗ ਵਿਚ 15 ਕਰੋੜ ਰੁਪਏ ਇਕੱਠੇ ਕਰ ਲਵੇਗੀ। ਇਉਂ ਹਰ ਅਸਾਮੀ ਲਈ ਕਰੋੜਾਂ ਰੁਪਿਆ ਸਰਕਾਰ ਬੇਰੁਜ਼ਗਾਰਾਂ ਦੀਆਂ ਜੇਬਾਂ ਵਿਚੋਂ ਕੱਢ ਲਵੇਗੀ।

ਬਹੁਤੀਆਂ ਅਸਾਮੀਆਂ ਲਈ ਯੋਗਤਾ (ਗਰੈਜੂਏਸ਼ਨ+ਕੰਪਿਊਟਰ) ਇੱਕੋ ਹੈ ਤੇ ਬੇਰੁਜ਼ਗਾਰੀ ਦਾ ਝੰਬਿਆ ਇੱਕ ਨੌਜਵਾਨ ਕਈ ਪਾਸੇ ਅਪਲਾਈ ਕਰਦਾ ਹੈ। ਨਿਗੂਣੀਆਂ ਅਸਾਮੀਆਂ ਲਈ ਬੇਹੱਦ ਸਖਤ ਮੁਕਾਬਲੇ ਵਿਚ ਉਸ ਨੂੰ ਨੌਕਰੀ ਤਾਂ ਪਤਾ ਨਹੀਂ ਮਿਲੇਗੀ ਜਾਂ ਨਹੀਂ ਪਰ ਸੂਬਾ ਸਰਕਾਰ ਉਸ ਤੋਂ ਕਈ ਹਜ਼ਾਰ ਰੁਪਿਆ ਹਾਸਲ ਕਰ ਲਵੇਗੀ। ਅਸਲ ਵਿਚ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਬੇਰੁਜ਼ਗਾਰ ਨੌਜਵਾਨਾਂ ਤੋਂ ਕਿਸੇ ਕਿਸਮ ਦੀ ਫੀਸ ਨਾ ਲਈ ਜਾਵੇ ਤੇ ਜੇਕਰ ਫਿਰ ਵੀ ਸਰਕਾਰ ਨਹੀਂ ਮੰਨਦੀ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਇੱਕੋ ਯੋਗਤਾ ਵਾਲੀਆਂ ਸਾਰੀਆਂ ਅਸਾਮੀਆਂ ਲਈ ਸਿਰਫ ਇੱਕ ਹੀ ਟੈਸਟ ਲਿਆ ਜਾਵੇ। ਸਿਰਫ ਇੱਕ ਟੈਸਟ ਲੈਣ ਨਾਲ ਸਰਕਾਰ ਦਾ ਕੰਮ ਸੁਖਾਲਾ ਹੋਵੇਗਾ ਤੇ ਨੌਜਵਾਨਾਂ ਤੋਂ ਆਰਥਿਕ ਤੇ ਮਾਨਸਿਕ ਬੋਝ ਵੀ ਘਟੇਗਾ।

ਪੰਜਾਬ ਸਰਕਾਰ ਵੱਲੋਂ ਪਟਵਾਰੀਆਂ ਦੀ ਨਵੀਂ ਭਰਤੀ ਸ਼ੁਰੂ ਕਰਨ ਦੀ ਬਜਾਏ 1766 ਸੇਵਾ ਮੁਕਤ ਪਟਵਾਰੀ/ਕਾਨੂੰਗੋ ਠੇਕੇ 'ਤੇ ਭਰਤੀ ਕਰਨ ਦਾ ਫੈਸਲਾ ਕਿਸੇ ਵੀ ਹਿਸਾਬ ਨਾਲ ਸਹੀ ਨਹੀਂ ਕਿਹਾ ਜਾ ਸਕਦਾ ਹੈ। ਪੰਜਾਬ ਵਿਚ ਪਟਵਾਰੀਆਂ/ਕਾਨੂੰਗੋਆਂ ਦੀਆਂ ਅਸਾਮੀਆਂ ਲੰਮੇ ਸਮੇਂ ਤੋਂ ਖਾਲੀ ਹਨ ਜਿਸ ਕਾਰਨ ਇੱਕ ਪਟਵਾਰੀ ਤੋਂ ਲੱਗਭੱਗ ਚਾਰ ਪਟਵਾਰੀਆਂ ਦਾ ਕੰਮ ਲਿਆ ਜਾ ਰਿਹਾ ਹੈ। ਕੰਮ ਦੇ ਵੱਧ ਬੋਝ ਕਾਰਨ ਪਟਵਾਰੀਆਂ ਨੇ ਆਪਣੇ ਹੇਠਾਂ ਨੌਜਵਾਨ ਭਰਤੀ (ਗੈਰ-ਕਾਨੂੰਨੀ) ਕੀਤੇ ਹੋਏ ਹਨ ਜਿਨ੍ਹਾਂ ਦੀਆਂ ਤਨਖਾਹਾਂ ਦਾ ਸਿੱਧਾ ਬੋਝ ਲੋਕਾਂ ਦੀਆਂ ਜੇਬਾਂ 'ਤੇ ਪੈਂਦਾ ਹੈ।

ਘਰ-ਘਰ ਰੁਜ਼ਗਾਰ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਕੈਪਟਨ ਸਰਕਾਰ ਨੇ ਵੀ ਬੇਰੁਜ਼ਗਾਰਾਂ ਦੀ ਬਾਂਹ ਫੜਨ ਦੀ ਬਜਾਏ ਪਿਛਲੇ ਸਾਲ 2021 ਵਿਚ 1766 ਸੇਵਾ ਮੁਕਤ ਪਟਵਾਰੀ ਭਰਤੀ ਕਰਨ ਦਾ ਫੁਰਮਾਨ ਜਾਰੀ ਕੀਤਾ ਸੀ ਜਿਸ ਦਾ ਜਮਹੂਰੀ ਹਲਕਿਆਂ ਦੇ ਨਾਲ-ਨਾਲ ਆਮ ਆਦਮੀ ਪਾਰਟੀ ਨੇ ਵੀ ਸਖਤ ਵਿਰੋਧ ਕੀਤਾ ਸੀ; ਸਾਲ ਪਹਿਲਾਂ ਮੌਜੂਦਾ ਸਿੱਖਿਆ ਮੰਤਰੀ ਗੁਰਮੀਤ ਸਿੰਘ ਹੇਅਰ 1766 ਸੇਵਾ ਮੁਕਤ ਪਟਵਾਰੀ ਭਰਤੀ ਕਰਨ ਦੇ ਫੈਸਲੇ ਨੂੰ ਬੇਰੁਜ਼ਗਾਰ ਵਿਰੋਧੀ ਫੈਸਲਾ ਗਰਦਾਨ ਰਹੇ ਸਨ ਤੇ ਸੇਵਾ ਮੁਕਤ ਪਟਵਾਰੀਆਂ ਨੂੰ ਮੱਤਾਂ ਦੇ ਰਹੇ ਸਨ ਕਿ 'ਜਦ ਰੁਜ਼ਗਾਰ ਖਾਤਰ ਨੌਜਵਾਨ ਸਲਫਾਸ ਖਾ ਰਹੇ ਹੋਣ, ਉਦੋਂ ਤੁਸੀਂ ਸੇਵਾ ਮੁਕਤ ਹੋ ਕੇ ਮੁੜ ਨੌਕਰੀ ਜੁਆਇਨ ਨਾ ਕਰੋ' ਪਰ ਹੁਣ ਜਿਸ ਕੈਬਨਿਟ ਮੀਟਿੰਗ ਵਿਚ ਸੇਵਾ ਮੁਕਤ ਪਟਵਾਰੀ ਭਰਤੀ ਕਰਨ ਦਾ ਫੈਸਲਾ ਹੋਇਆ, ਉਸ ਵਿਚ ਸਿੱਖਿਆ ਮੰਤਰੀ ਮੌਜੂਦ ਸਨ।

ਆਮ ਆਦਮੀ ਪਾਰਟੀ ਦੇ ਹਮਾਇਤੀ ਦਲੀਲ ਦੇ ਰਹੇ ਹਨ ਕਿ ਜੇ ਸੂਬਾ ਸਰਕਾਰ ਨਵੇਂ ਪਟਵਾਰੀ ਭਰਤੀ ਕਰਦੀ ਹੈ ਤਾਂ ਉਹਨਾਂ ਨੂੰ ਪਹਿਲਾਂ ਡੇਢ ਸਾਲ ਦੀ ਸਿਖਲਾਈ ਦੇਣੀ ਪੈਂਦੀ ਹੈ ਤੇ ਫਿਰ ਤਜਰਬੇਕਾਰ ਪਟਵਾਰੀ ਨਾਲ ਕੁਝ ਮਹੀਨੇ ਲਾਉਣੇ ਪੈਂਦੇ ਹਨ, ਭਾਵ ਸਰਕਾਰ ਦੇ ਨਿਯਮਾਂ ਅਨੁਸਾਰ ਅੱਜ ਭਰਤੀ ਹੋਇਆ ਪਟਵਾਰੀ ਦੋ ਸਾਲ ਤੱਕ ਫੀਲਡ ਵਿਚ ਆਵੇਗਾ ਪਰ ਉਹ ਹਮਾਇਤੀ ਇਹ ਸਵਾਲ ਨਹੀਂ ਕਰਦੇ ਕਿ ਅਜੇ ਤੱਕ ਸਰਕਾਰ ਨੇ ਪਟਵਾਰੀ ਦੀਆਂ ਖਾਲੀ ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕਿਉਂ ਨਹੀਂ ਕੀਤਾ, ਕਾਂਗਰਸ ਸਰਕਾਰ ਨੇ ਪਟਵਾਰੀਆਂ ਦੀ ਇੱਕ ਭਰਤੀ ਸ਼ੁਰੂ ਕੀਤੀ ਸੀ ਜਿਸ ਦਾ ਪੇਪਰ ਵੀ ਲੈ ਲਿਆ ਸੀ ਪਰ ਦੋ ਮਹੀਨੇ ਤੋਂ ਉਹਨਾਂ ਉਮੀਦਵਾਰਾਂ ਦੀ ਭਰਤੀ ਪ੍ਰਕਿਰਿਆ ਪੂਰੀ ਕਰਕੇ ਉਹਨਾਂ ਨੂੰ ਸਿਖਲਾਈ ਲਈ ਕਿਉਂ ਨਹੀਂ ਭੇਜਿਆ ਗਿਆ।

ਪੰਜਾਬ ਇਸ ਸਮੇਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਇਸ ਲਈ ਸਰਕਾਰ ਨੂੰ ਲਕੀਰ ਦੇ ਫਕੀਰ ਬਣਨ ਦੀ ਬਜਾਏ ਅੱਜ ਦੇ ਹਾਲਾਤ ਅਨੁਸਾਰ ਫੈਸਲੇ ਕਰਨੇ ਚਾਹੀਦੇ ਹਨ। ਸਰਕਾਰ ਪਟਵਾਰੀਆਂ ਦੀ ਫੌਰੀ ਨਵੀਂ ਭਰਤੀ ਕਰਕੇ ਉਹਨਾਂ ਨੂੰ ਇੱਕੋ ਥਾਂ ਸਿਖਲਾਈ ਦੇਣ ਦੀ ਬਜਾਏ ਬਲਾਕ ਪੱਧਰ 'ਤੇ ਸਿਖਲਾਈ ਦੇ ਸਕਦੀ ਹੈ ਤੇ ਸਿਖਲਾਈ ਦੌਰਾਨ ਨਵੇਂ ਭਰਤੀ ਹੋਏ ਪਟਵਾਰੀ ਰੋਜ਼ਾਨਾ ਦੋ-ਤਿੰਨ ਘੰਟੇ ਆਪਣੇ ਪਟਵਾਰ ਸਰਕਲ ਵਿਚ ਜ਼ਰੂਰੀ ਕੰਮ ਨਜਿੱਠ ਸਕਦੇ ਹਨ।

ਬੇਰੁਜ਼ਗਾਰੀ ਨੂੰ ਦੇਖਦਿਆਂ ਸਰਕਾਰ ਨੂੰ ਸੇਵਾ ਮੁਕਤੀ ਦੀ ਉਮਰ 58 ਸਾਲ ਨੂੰ ਘਟਾਉਣ ਬਾਰੇ ਸੋਚਣਾ ਚਾਹੀਦਾ ਹੈ ਤਾਂ ਕਿ ਨਵੇਂ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਹੋ ਸਕਣ ਪਰ ਸਰਕਾਰ ਤਾਂ ਉਲਟਾ 58 ਸਾਲ ਦੀ ਉਮਰ 'ਤੇ ਸੇਵਾ ਮੁਕਤ ਹੋਏ ਸੀਨੀਅਰ ਸਿਟੀਜ਼ਨਾਂ ਨੂੰ ਮੁੜ ਭਰਤੀ ਕਰਨ ਦੇ ਰਾਹ ਤੁਰ ਪਈ ਹੈ।

ਪੰਜਾਬ ਵਿਚ ਹੁਨਰਮੰਦ ਨੌਜਵਾਨਾਂ ਦੀ ਕਮੀ ਨਹੀਂ, ਸਰਕਾਰ ਦੀ ਨੀਅਤ ਸਾਫ ਹੋਵੇ ਤਾਂ ਨੌਜਵਾਨਾਂ ਨੂੰ ਉਸਾਰੂ ਪਾਸੇ ਤੋਰਿਆ ਜਾ ਸਕਦਾ ਹੈ।

# ਕੀ ਹੁਣ ਅਯੁੱਧਿਆ ਕਾਂਡ ਵਾਰਾਨਸੀ 'ਚ ਦੁਹਰਾਇਆ ਜਾਵੇਗਾ?

## ਗਿਆਨਵਾਪੀ ਮਸਜਿਦ ਵਿਵਾਦ

ਮਸਜਿਦਾਂ ਥੱਲੇ ਮੰਦਿਰ ਹੋਣ ਦਾ ਮੁੱਦਾ ਐਸਾ ਸੰਦ ਹੈ ਜਿਸ ਰਾਹੀਂ ਸੰਘ ਬ੍ਰਿਗੇਡ ਫਿਰਕੂ ਪਾਲਾਬੰਦੀ ਕਰਕੇ ਆਪਣੇ ਸਿਆਸੀ ਏਜੰਡੇ ਨੂੰ ਅੱਗੇ ਵਧਾਉਂਦਾ ਹੈ। ਪਹਿਲਾਂ ਬਾਬਰੀ ਮਸਜਿਦ-ਰਾਮ ਮੰਦਿਰ ਵਿਵਾਦ ਉੱਪਰ ਧਾਰਮਿਕ ਜਨੂੰਨ ਭੜਕਾ ਕੇ ਅਤੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਬਾਬਰੀ ਮਸਜਿਦ ਢਾਹੀ। ਫਿਰ ਸੱਤਾ ਦੇ ਜ਼ੋਰ 2019 'ਚ ਸੁਪਰੀਮ ਕੋਰਟ ਵਿਚ ਰਾਮ ਮੰਦਿਰ ਬਣਾਉਣ ਦਾ ਫੈਸਲਾ ਕਰਵਾਇਆ ਅਤੇ 2020 'ਚ ਉੱਥੇ ਰਾਮ ਮੰਦਿਰ ਦੀ ਤਾਮੀਰ ਸ਼ੁਰੂ ਕਰ ਦਿੱਤੀ ਗਈ। ਰਾਮ ਮੰਦਿਰ ਨਿਰਮਾਣ ਨੂੰ ਬਾਕਾਇਦਾ ਚੋਣ ਮੁੱਦਾ ਬਣਾ ਕੇ ਭਾਜਪਾ ਨੇ ਹਿੰਦੂ ਵੋਟਰਾਂ ਦੀਆਂ ਭਾਵਨਾਵਾਂ ਨੂੰ ਬਖ਼ੂਬੀ ਵਰਤਿਆ। ਸੁਪਰੀਮ ਕੋਰਟ ਨੇ 9 ਨਵੰਬਰ 2019 ਦੇ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਪੱਖਪਾਤੀ ਫੈਸਲੇ 'ਚ ਇਕ ਪਾਸੇ 1992 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਨੂੰ 'ਕਾਨੂੰਨ ਦੇ ਰਾਜ ਦੀ ਘੋਰ ਉਲੰਘਣਾ' ਕਿਹਾ ਪਰ ਨਾਲ ਹੀ ਮਸਜਿਦ ਦੀ ਜਗ੍ਹਾ ਸਰਕਾਰ ਦੀ ਸਰਪ੍ਰਸਤੀ ਹੇਠ ਰਾਮ ਮੰਦਿਰ ਬਣਾਉਣ ਲਈ ਹਿੰਦੂ ਟਰੱਸਟ ਦੇ ਹਵਾਲੇ ਕਰ ਦਿੱਤੀ ਅਤੇ ਮਸਜਿਦ ਬਣਾਉਣ ਲਈ ਵੱਖਰੀ ਜਗ੍ਹਾ ਮੁਹੱਈਆ ਕਰਾਉਣ ਦਾ ਸੁਝਾਅ ਦਿੱਤਾ। ਮੁਸਲਿਮ ਭਾਈਚਾਰੇ ਨੇ ਪੇਸ਼ਕਸ਼ ਠੁਕਰਾ ਦਿੱਤੀ ਕਿ ਉਹ ਮਸਜਿਦ ਬਣਾਉਣ ਲਈ ਜ਼ਮੀਨ ਖ਼ੁਦ ਹੀ ਖ਼ਰੀਦ ਲੈਣਗੇ।

ਬਾਬਰੀ ਮਸਜਿਦ ਢਾਹੁਣ ਸਮੇਂ ਹੀ ਭਗਵੇਂ ਆਗੂਆਂ ਨੇ 'ਯੇਹ ਤੋ ਪਹਿਲੀ ਝਾਕੀ ਹੈ, ਕਾਸ਼ੀ-ਮਥੁਰਾ ਬਾਕੀ ਹੈ' ਨਾਅਰੇ ਰਾਹੀਂ ਆਪਣੇ ਅਗਲੇ ਮਨਸੂਬੇ ਸਪਸ਼ਟ ਕਰ ਦਿੱਤੇ ਸਨ। ਰਾਮ ਜਨਮਭੂਮੀ ਦਾ ਸਿਆਸੀ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਹੁਣ ਅਗਲੇ ਟੀਚੇ ਉੱਪਰ ਕੰਮ ਸ਼ੁਰੂ ਹੋ ਗਿਆ ਹੈ। ਸੰਘ ਬ੍ਰਿਗੇਡ ਦਾ ਤਰੀਕਾ ਜਾਣਿਆ-ਪਛਾਣਿਆ ਹੈ: ਪਹਿਲਾਂ ਸਥਾਨਕ ਅਦਾਲਤ ਵਿਚ ਸਿਵਲ ਪਟੀਸ਼ਨ ਪਾ ਕੇ ਧਾਰਮਿਕ ਵਿਸ਼ਵਾਸ ਦੇ ਆਧਾਰ 'ਤੇ ਮਾਲਕੀ ਦਾ ਦਾਅਵਾ ਠੋਕੋ। ਸਥਾਨਕ ਅਦਾਲਤ ਤੋਂ ਸਰਵੇ ਦੇ ਆਦੇਸ਼ ਜਾਰੀ ਕਰਵਾਓ। ਸਰਵੇ ਦੇ ਚੋਣਵੇਂ ਹਿੱਸੇ ਮੀਡੀਆ ਰਾਹੀਂ ਫੈਲਾ ਕੇ ਹਿੰਦੂ ਫਿਰਕੇ ਦੀਆਂ ਭਾਵਨਾਵਾਂ ਨੂੰ ਉਕਸਾਓ ਅਤੇ ਮੰਦਿਰ-ਮੰਦਿਰ ਦੁਹਰਾ ਕੇ ਆਪਣੇ ਬਿਰਤਾਂਤ ਦੇ ਹੱਕ 'ਚ ਫਿਰਕੂ ਲਾਮਬੰਦੀ ਕਰੋ। ਸੁਪਰੀਮ ਕੋਰਟ ਤੋਂ ਆਪਣੇ 'ਧਾਰਮਿਕ ਵਿਸ਼ਵਾਸ' ਉੱਪਰ ਇਸੇ ਤਰ੍ਹਾਂ ਕਾਨੂੰਨੀ ਮੋਹਰ ਲਗਵਾਈ ਗਈ ਅਤੇ ਆਖ਼ਿਰਕਾਰ ਬਾਬਰੀ ਮਸਜਿਦ ਵਾਲੀ ਜਗ੍ਹਾ ਦੀ ਮਾਲਕੀਅਤ ਦਾ ਫੈਸਲਾ ਰਾਮ ਲੱਲਾ ਦੇ ਹੱਕ 'ਚ ਕਰਵਾ ਲਿਆ। ਸੁਪਰੀਮ ਕੋਰਟ ਨੇ ਭਾਵੇਂ ਗਿਆਨਵਾਪੀ ਮਸਜਿਦ ਕੇਸ ਸੁਣਵਾਈ ਲਈ ਸਥਾਨਕ ਅਦਾਲਤ ਤੋਂ ਲੈ ਕੇ ਜ਼ਿਲ੍ਹਾ ਜੱਜ ਵਾਰਾਨਸੀ ਕੋਲ ਭੇਜ ਦਿੱਤਾ ਹੈ ਪਰ ਸਥਾਨਕ ਅਦਾਲਤ ਵੱਲੋਂ ਮਸਜਿਦ ਦੇ ਅੰਦਰ ਵੀਡੀਓ ਸਰਵੇਖਣ ਨੂੰ ਦਿੱਤੀ ਮਨਜ਼ੂਰੀ ਅਤੇ ਕਥਿਤ ਸ਼ਿਵਲਿੰਗ ਦੀ ਖੋਜ ਨਾਲ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੂੰ ਉਸ ਪੁਰਾਤਨ ਮੁਸਲਿਮ ਸਥਾਨ ਦੇ ਇਕ ਹਿੱਸੇ ਨੂੰ ਸੀਲ ਕਰਵਾ ਕੇ ਦਖ਼ਲਅੰਦਾਜ਼ੀ ਵਧਾਉਣ ਅਤੇ ਮੁੱਦੇ ਨੂੰ ਭੜਕਾਉਣ ਦਾ ਬਹਾਨਾ ਮਿਲ ਗਿਆ ਹੈ। ਵੀਡੀਓ ਸਰਵੇ ਲਈ ਲਗਾਏ ਐਡਵੋਕੇਟ ਕਮਿਸ਼ਨਰ ਦੀ ਪੱਖਪਾਤੀ ਭੂਮਿਕਾ ਪਹਿਲਾਂ ਹੀ ਸਵਾਲਾਂ ਦੇ ਘੇਰੇ 'ਚ ਸੀ।

ਇਸ ਫੈਸਲੇ ਨੇ 1991 ਵਾਲੇ ਪੂਜਾ ਸਥਾਨ ਕਾਨੂੰਨ ਨੂੰ ਬੇਅਸਰ ਬਣਾ ਕੇ ਹਿੰਦੂਤਵੀ ਗਰੁੱਪਾਂ ਲਈ ਮੰਦਿਰਾਂ ਦੇ ਸਬੂਤ ਲੱਭਣ ਲਈ ਕਿਸੇ ਵੀ ਮੁਸਲਿਮ ਸਥਾਨ ਦੀ ਤਲਾਸ਼ੀ ਲੈਣ ਅਤੇ ਉਨ੍ਹਾਂ ਨੂੰ ਹਿੰਦੂਆਂ ਦੇ ਪੂਜਣ ਲਈ ਖੁੱਲ੍ਹਵਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਤਾਜ ਮਹਿਲ ਅਤੇ ਕੁਤਬ ਮੀਨਾਰ ਵਰਗੀਆਂ ਇਤਿਹਾਸਕ ਇਮਾਰਤਾਂ ਉੱਪਰ ਹਿੰਦੂ ਦਾਅਵੇ ਮੁੜ ਦੁਹਰਾਏ ਜਾਣੇ ਸ਼ੁਰੂ ਹੋ ਗਏ ਹਨ।

1990ਵਿਆਂ 'ਚ ਜਦੋਂ ਰਾਮ ਜਨਮ ਭੂਮੀ ਵਿਵਾਦ ਭਖਿਆ ਹੋਇਆ ਸੀ, ਜਿਸ ਕਾਂਗਰਸ ਹਕੂਮਤ ਨੇ ਬਾਬਰੀ ਮਸਜਿਦ ਦੇ ਤਾਲੇ ਖੁੱਲ੍ਹਵਾਏ, ਉਸੇ ਕਾਂਗਰਸ ਦੀ ਨਰਸਿਮਹਾ ਰਾਓ ਸਰਕਾਰ ਨੇ 1991 'ਚ ਸੰਸਦ ਵਿਚ 'ਦਿ ਪਲੇਸਸ ਆਫ ਵਰਸ਼ਿਪ (ਸਪੈਸ਼ਲ ਪ੍ਰੋਵਿਜ਼ਨਜ਼) ਐਕਟ ਬਣਾਇਆ ਸੀ ਜਿਸ ਵਿਚ ਬਾਬਰੀ ਮਸਜਿਦ ਕੇਸ ਨੂੰ ਬਾਹਰ ਰੱਖ ਲਿਆ ਗਿਆ ਸੀ। ਇਸ ਕਾਨੂੰਨ ਮੁਤਾਬਿਕ ਅਯੁਧਿਆ ਦੀ ਰਾਮ ਜਨਮ ਭੂਮੀ ਨੂੰ ਛੱਡ ਕੇ ਮੁਲਕ ਦੇ ਹੋਰ ਵਿਵਾਦਪੂਰਨ ਪੂਜਾ ਸਥਾਨਾਂ ਦੀ 15 ਅਗਸਤ 1947 ਵਾਲੀ ਸਥਿਤੀ ਬਰਕਰਾਰ ਰੱਖੀ ਜਾਣੀ ਸੀ। ਇਹ ਕਾਨੂੰਨ ਅਦਾਲਤਾਂ ਨੂੰ ਵਿਵਾਦ ਖੜ੍ਹੇ ਕਰਨ ਵਾਲੀਆਂ ਪਟੀਸ਼ਨਾਂ ਨੂੰ ਸੁਣਵਾਈ ਲਈ ਮਨਜ਼ੂਰੀ ਦੇਣ ਤੋਂ ਰੋਕਦਾ ਸੀ। ਸੁਪਰੀਮ ਕੋਰਟ ਨੇ ਜਦੋਂ 2019 'ਚ ਬਾਬਰੀ ਮਸਜਿਦ ਕੇਸ 'ਚ ਫੈਸਲਾ ਸੁਣਾਇਆ ਜੋ ਕਾਨੂੰਨ ਦੇ ਖ਼ਿਲਾਫ ਸੀ, ਉਦੋਂ ਵੀ ਸਰਵਉੱਚ ਅਦਾਲਤ ਨੇ ਆਪਣੇ ਫੈਸਲੇ 'ਚ ਇਸ ਕਾਨੂੰਨ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਤਰ੍ਹਾਂ ਦੇ ਵਿਵਾਦਪੂਰਨ ਮਾਮਲਿਆਂ ਉੱਪਰ ਹੁਣ ਅਦਾਲਤਾਂ 'ਚ ਸੁਣਵਾਈ ਨਹੀਂ ਕੀਤੀ ਜਾਵੇਗੀ। ਭਾਜਪਾ ਨੇ ਇਸ ਕਾਨੂੰਨ ਨੂੰ ਚੁਣੌਤੀ ਦੇ ਕੇ ਅਤੇ ਸੁਪਰੀਮ ਕੋਰਟ ਨੇ ਪਿਛਲੇ ਸਾਲ ਹੀ ਇਸ ਦੀ ਸੁਣਵਾਈ ਨੂੰ ਮਨਜ਼ੂਰੀ ਦੇ ਕੇ ਇਹ ਸੰਦੇਸ਼ ਦੇ ਦਿੱਤਾ ਸੀ ਕਿ ਇਹ ਕੇਸ ਮੁੜ ਖੋਲ੍ਹੇ ਜਾਣਗੇ ਅਤੇ ਨਵੇਂ ਵਿਵਾਦ ਖੜ੍ਹੇ ਕੀਤੇ ਜਾਣਗੇ। ਉਨ੍ਹਾਂ ਕੇਸਾਂ ਦੀ ਅਦਾਲਤੀ ਸੁਣਵਾਈ ਭਗਵੇਂ ਕੈਂਪ ਨੂੰ ਉੱਥੇ ਲੱਤ ਅੜਾਉਣ ਲਈ ਮਾਹੌਲ ਭੜਕਾਉਣ ਦਾ ਮੌਕਾ ਦੇਵੇਗੀ। ਗਿਆਨਵਾਪੀ ਮਸਜਿਦ ਵਿਚ ਵੀਡੀਓ ਸਰਵੇ ਰਾਹੀਂ ਇਕ ਟੁੱਟੇ ਹੋਏ ਫੁਹਾਰੇ ਨੂੰ 'ਸ਼ਿਵਲਿੰਗ' ਐਲਾਨ ਦਿੱਤਾ ਗਿਆ ਹੈ ਜਦਕਿ ਗਿਆਨਵਾਪੀ ਮੁਕੱਦਮੇ ਨੂੰ ਮੁੱਢ 'ਚ ਹੀ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਸੀ। ਹੋ ਸਕਦਾ ਹੈ, ਭਵਿੱਖ 'ਚ ਉੱਥੇ ਬਾਬਰੀ ਮਸਜਿਦ ਦੀ ਤਰਜ਼ 'ਤੇ ਰਾਤ-ਬਰਾਤੇ ਕਿਸੇ ਹਿੰਦੂ ਭਗਵਾਨ ਦੀਆਂ ਮੂਰਤੀਆਂ ਵੀ 'ਪ੍ਰਗਟ' ਕਰ ਦਿੱਤੀਆਂ ਜਾਣ।



*ਗਿਆਨਵਾਪੀ ਮਸਜਿਦ ਦੀ ਝਲਕ।*

ਉਪਰੋਕਤ ਕਾਨੂੰਨ ਦੇ ਬਾਵਜੂਦ ਕਈ ਪੁਰਾਤਨ ਇਮਾਰਤਾਂ ਬਾਰੇ ਵਿਵਾਦ ਖੜ੍ਹੇ ਕਰਕੇ ਘਿਨਾਉਣੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਗਿਆਨਵਾਪੀ ਮਸਜਿਦ ਵਾਰਾਨਸੀ 'ਚ ਲਲਿਤਾ ਘਾਟ ਦੇ ਨੇੜੇ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਕੋਲ ਹੈ। ਪਿੱਛੇ ਜਿਹੇ ਪੰਜ ਹਿੰਦੂ ਔਰਤਾਂ ਕੋਲੋਂ ਪੂਜਾ ਦੀ ਇਜਾਜ਼ਤ ਦੇਣ ਦੀ ਪਟੀਸ਼ਨ ਦਾਇਰ ਕਰਵਾਈ ਗਈ ਜਿਨ੍ਹਾਂ 'ਚੋਂ ਇਕ ਨੇ ਹੁਣ ਆਪਣਾ ਨਾਮ ਵਾਪਸ ਲੈ ਲਿਆ ਹੈ। ਹਿੰਦੂਤਵੀ ਗਰੁੱਪ ਦਾਅਵਾ ਕਰ ਰਹੇ ਹਨ ਕਿ ਇਹ ਮਸਜਿਦ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵੱਲੋਂ 1699 'ਚ ਉਪਰੋਕਤ ਮੰਦਿਰ ਦੇ ਕੁਝ ਹਿੱਸੇ ਢਾਹ ਕੇ ਬਣਵਾਈ ਗਈ ਸੀ। 1991 'ਚ ਸ਼ਿਵ, ਮਾਂ ਸ਼੍ਰਿੰਗਰ ਗੌਰੀ ਅਤੇ ਗਣੇਸ਼ ਦੀ ਤਰਫੋਂ ਉੱਥੇ ਮੰਦਿਰ ਦੀ ਬਹਾਲੀ ਲਈ ਮੁਕੱਦਮਾ ਦਾਇਰ ਕਰਾਇਆ ਗਿਆ ਸੀ। 2019 'ਚ ਅਲਾਹਾਬਾਦ ਹਾਈਕੋਰਟ ਨੇ ਵਾਰਾਨਸੀ ਦੀ ਹੇਠਲੀ ਅਦਾਲਤ 'ਚ ਚੱਲ ਰਹੇ ਕੇਸ 'ਚ ਸਟੇਅ ਲਗਾ ਦਿੱਤਾ ਜਿਸ ਨੇ ਪੁਰਾਤੱਤਵ ਸਰਵੇ ਵਿਭਾਗ ਨੂੰ ਮਸਜਿਦ ਦੀ ਇਮਾਰਤ ਦਾ ਸਰਵੇ ਕਰਨ ਦੀ ਇਜਾਜ਼ਤ ਦਿੱਤੀ ਸੀ ਪਰ 17 ਮਈ 2022 ਨੂੰ ਸੁਪਰੀਮ ਕੋਰਟ ਨੇ ਵਾਰਾਨਸੀ ਅਦਾਲਤ ਵੱਲੋਂ ਸਰਵੇਖਣ ਦੇ ਆਦੇਸ਼ ਉੱਪਰ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਅਤੇ ਸਥਾਨਕ ਅਥਾਰਟੀਜ਼ ਨੂੰ ਉਸ ਜਗ੍ਹਾ ਦੀ 'ਸੁਰੱਖਿਆ' ਕਰਨ ਦਾ ਆਦੇਸ਼ ਦਿੱਤਾ ਜਿੱਥੇ ਸਰਵੇ ਕਰਨ ਵਾਲਿਆਂ ਨੂੰ 'ਸ਼ਿਵ ਲਿੰਗ' ਮਿਲਿਆ ਸੀ। ਨਾਲ ਹੀ ਇਹ ਵੀ ਕਿਹਾ ਕਿ ਮੁਸਲਮਾਨਾਂ ਨੂੰ ਉੱਥੇ ਨਮਾਜ਼ ਪੜ੍ਹਨ ਤੋਂ ਰੋਕਿਆ ਨਾ ਜਾਵੇ ਅਤੇ ਉਨ੍ਹਾਂ ਲਈ 'ਵਜ਼ੂ' (ਨਮਾਜ਼ ਤੋਂ ਪਹਿਲਾਂ ਹੱਥ, ਮੂੰਹ ਅਤੇ ਪੈਰ ਧੋਣ ਦੀ ਮਰਿਯਾਦਾ) ਦਾ ਇੰਤਜ਼ਾਮ ਹੋਵੇ।

ਅਜਿਹਾ ਮੁਕੱਦਮਾ ਕੁਤਬ ਮੀਨਾਰ ਬਾਰੇ 9 ਦਸੰਬਰ 2020 ਨੂੰ ਦਿੱਲੀ ਦੀ ਸਿਵਲ ਅਦਾਲਤ 'ਚ ਕੀਤਾ ਗਿਆ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ 13ਵੀਂ ਸਦੀ 'ਚ ਬਣਾਇਆ ਗਿਆ ਕੁਤਬ ਮੀਨਾਰ ਮੁਗ਼ਲ ਹੁਕਮਰਾਨ ਕੁਤਬ-ਉਦ-ਦੀਨ ਐਬਕ ਨੇ ਉੱਥੇ ਬਣੇ ਹਿੰਦੂ ਅਤੇ ਜੈਨ ਮੰਦਿਰਾਂ ਨੂੰ ਢਾਹ ਕੇ ਬਣਾਇਆ ਸੀ। ਅਦਾਲਤ ਨੇ ਇਹ ਮੁਕੱਦਮਾ ਇਹ ਦਲੀਲ ਦੇ ਕੇ ਰੱਦ ਕਰ ਦਿੱਤਾ ਕਿ ਬੀਤੇ ਦੀਆਂ ਗ਼ਲਤੀਆਂ ਨੂੰ ਅੱਜ ਅਮਨ ਨੂੰ ਭੰਗ ਕਰਨ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਇਸ ਫੈਸਲੇ ਨੂੰ ਚੁਣੌਤੀ ਦੇਣ 'ਤੇ ਵਧੀਕ ਜ਼ਿਲ੍ਹਾ ਜੱਜ ਨੇ 22 ਫਰਵਰੀ 2022 ਨੂੰ ਚੁਣੌਤੀ ਦੀ ਅਰਜ਼ੀ ਉੱਪਰ ਸੁਣਵਾਈ ਦੀ ਇਜਾਜ਼ਤ ਦੇ ਦਿੱਤੀ। ਇਸ ਦੀ ਸੁਣਵਾਈ ਲਈ 24 ਮਈ ਤੈਅ ਕਰ ਦਿੱਤੀ ਅਤੇ 10 ਮਈ ਨੂੰ 'ਮਹਾਕਾਲ ਮਾਨਵ ਸੇਵਾ' ਨਾਂ ਦੇ ਗਰੁੱਪ ਨੇ ਮੰਗ ਵੀ ਕਰ ਦਿੱਤੀ ਕਿ ਕੁਤਬ ਮੀਨਾਰ ਦਾ ਨਾਮ ਬਦਲ ਕੇ 'ਵਿਸ਼ਨੂੰ ਸਤੰਭ' ਰੱਖਿਆ ਜਾਵੇ ਕਿਉਂਕਿ ਉਨ੍ਹਾਂ ਦੇ ਦਾਅਵੇ ਅਨੁਸਾਰ ਇਹ ਪੁਰਾਤਨ ਗਣੇਸ਼ ਮੰਦਿਰ ਦੇ ਮੀਨਾਰ ਦੇ ਹਿੱਸੇ ਉੱਪਰ ਬਣਾਇਆ ਗਿਆ ਸੀ।

ਇਕ ਹੋਰ ਦਾਅਵਾ ਮੱਧ ਪ੍ਰਦੇਸ਼ ਵਿਚ ਧਾਰ ਦੇ ਭੋਜਸ਼ਾਲਾ ਕੰਪਲੈਕਸ ਬਾਰੇ ਹੈ। ਰਾਜਧਾਨੀ ਭੋਪਾਲ ਤੋਂ 250 ਕਿਲੋਮੀਟਰ ਪੂਰਬ ਵੱਲ ਧਾਰ ਵਿਚ ਭੋਜਸ਼ਾਲਾ-ਕਮਲ ਮੌਲਾ ਮਸਜਿਦ ਹੈ ਜਿਸ ਉੱਪਰ ਹਿੰਦੂ ਅਤੇ ਮੁਸਲਮਾਨ ਦੋਵੇਂ ਦਾਅਵਾ ਕਰਦੇ ਹਨ। 2003 'ਚ ਪੁਰਾਤੱਤਵ ਸਰਵੇ ਵਿਭਾਗ ਨੇ ਨੋਟੀਫਿਕੇਸ਼ਨ ਰਾਹੀਂ ਮੁਸਲਮਾਨਾਂ ਨੂੰ ਉੱਥੇ ਨਮਾਜ਼ ਪੜ੍ਹਨ ਦੀ ਇਜਾਜ਼ਤ ਦੇ ਦਿੱਤੀ ਸੀ। ਅਪਰੈਲ 2003 ਤੱਕ ਹਿੰਦੂਆਂ ਨੂੰ ਉੱਥੇ ਬਸੰਤ ਪੰਚਮੀ ਦੇ ਦਿਨ ਜਾਣ ਦੀ ਇਜਾਜ਼ਤ ਸੀ ਜਦਕਿ ਮੁਸਲਮਾਨ ਜੁੰਮੇ ਦੇ ਦਿਨ ਉੱਥੇ ਜਾ ਕੇ ਕੁਝ ਘੰਟਿਆਂ ਲਈ ਨਮਾਜ਼ ਪੜ੍ਹ ਸਕਦੇ ਸਨ। ਇਹ ਕੇਸ ਮੱਧ ਪ੍ਰਦੇਸ਼ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ ਅਤੇ ਇਸ ਦੀ ਸੁਣਵਾਈ ਜੂਨ ਵਿਚ ਹੋਵੇਗੀ।

7 ਮਈ 2022 ਨੂੰ ਭਾਜਪਾ ਦੇ ਮੀਡੀਆ ਇੰਚਾਰਜ ਰਜਨੀਸ਼ ਸਿੰਘ ਨੇ ਅਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ 'ਚ ਜਨਹਿਤ ਪਟੀਸ਼ਨ ਦਾਇਰ ਕਰਕੇ ਤਾਜ ਮਹਿਲ ਦੇ 20 ਤੋਂ ਵਧੇਰੇ ਅੰਦਰਲੇ ਬੰਦ ਕਮਰੇ ਖੋਲ੍ਹਣ ਦੀ ਮੰਗ ਕੀਤੀ ਹੈ। ਦਲੀਲ ਹੈ ਕਿ ਬਹੁਤ ਸਾਰੇ ਹਿੰਦੂ ਗਰੁੱਪਾਂ ਦਾ ਵਿਸ਼ਵਾਸ ਹੈ ਕਿ ਇੱਥੇ ਪਹਿਲਾਂ 'ਤੇਜੋ ਮਹੱਲਿਆ' ਨਾਂ ਦਾ ਪੁਰਾਤਨ ਸ਼ਿਵ ਮੰਦਿਰ ਹੁੰਦਾ ਸੀ। 12 ਮਈ ਨੂੰ ਹਾਈਕੋਰਟ ਨੇ ਪਟੀਸ਼ਨ ਇਹ ਕਹਿ ਕੇ ਰੱਦ ਕਰ ਦਿੱਤੀ ਕਿ 'ਭਲਕ ਨੂੰ ਤੁਸੀਂ ਆ ਕੇ ਜੱਜਾਂ ਦੇ ਚੈਂਬਰਾਂ ਬਾਰੇ ਦਾਅਵੇ ਕਰਨ ਲੱਗ ਜਾਵੋਗੇ, ਕ੍ਰਿਪਾ ਕਰਕੇ ਜਨਹਿਤ ਪਟੀਸ਼ਨਾਂ ਦਾ ਮਜ਼ਾਕ ਨਾ ਬਣਾਓ।' ਅਦਾਲਤੀ ਫਿਟਕਾਰ ਨੂੰ ਸੰਘੀ ਲਾਣਾ ਟਿੱਚ ਜਾਣਦਾ ਹੈ ਅਤੇ ਉਹ ਕਿਸੇ ਹੋਰ ਰੂਪ 'ਚ ਇਸ ਵਿਵਾਦ ਨੂੰ ਧੁਖਦਾ ਰੱਖੇਗਾ।

ਇਕ ਹੋਰ ਵਿਵਾਦ ਮਥੁਰਾ ਵਿਖੇ 17ਵੀਂ ਸਦੀ ਦੀ ਬਣੀ ਹੋਈ ਸ਼ਾਹੀ ਮਸਜਿਦ ਨੂੰ ਲੈ ਕੇ ਖੜ੍ਹਾ ਕੀਤਾ ਗਿਆ ਹੈ ਜਿਸ ਨੂੰ ਕ੍ਰਿਸ਼ਨ ਜਨਮ ਭੂਮੀ ਮੰਨਿਆ ਜਾਂਦਾ ਹੈ। ਇਸ ਨੂੰ ਲੈ ਕੇ ਦੋ ਕੇਸ ਅਲਾਹਾਬਾਦ ਹਾਈ ਕੋਰਟ ਵਿਚ ਅਤੇ ਇਕ ਮਥੁਰਾ ਜ਼ਿਲ੍ਹਾ ਅਦਾਲਤ 'ਚ ਵਿਚਾਰ ਅਧੀਨ ਹਨ। 12 ਨਵੰਬਰ 2020 ਨੂੰ ਹਾਈਕੋਰਟ ਵਿਚ ਜਨਹਿਤ ਪਟੀਸ਼ਨ ਪਾ ਕੇ ਮੰਗ ਕੀਤੀ ਗਈ ਕਿ ਸ੍ਰੀ ਕ੍ਰਿਸ਼ਨ ਮੰਦਿਰ ਦੇ ਨੇੜੇ ਜੋ ਸ਼ਾਹੀ ਮਸਜਿਦ ਹੈ, ਉਹ ਹਿੰਦੂਆਂ ਦੇ ਸਪੁਰਦ ਕੀਤੀ ਜਾਵੇ। ਪਟੀਸ਼ਨ ਵਿਚ 'ਸ੍ਰੀ ਕ੍ਰਿਸ਼ਨ ਜਨਮਭੂਮੀ ਮੁਕਤੀ ਅੰਦੋਲਨ ਸਮਿਤੀ' ਨੇ ਦਾਅਵਾ ਕੀਤਾ ਸੀ ਕਿ ਇਹ ਮਸਜਿਦ ਔਰੰਗਜ਼ੇਬ ਨੇ 1669 'ਚ ਭਗਵਾਨ ਕ੍ਰਿਸ਼ਨ ਮੰਦਿਰ ਤੋੜ ਕੇ ਬਣਵਾਈ ਸੀ। ਇਹ ਵੀ ਕਿਹਾ ਗਿਆ ਕਿ ਮਸਜਿਦ ਦੀਆਂ ਦੀਵਾਰਾਂ ਉੱਪਰ ਅਜੇ ਵੀ ਹਿੰਦੂ ਧਾਰਮਿਕ ਚਿੰਨ੍ਹ ਹਨ। ਪਟੀਸ਼ਨਰ ਬਿਨਾਂ ਵਕੀਲ ਅਦਾਲਤ ਵਿਚ ਚਲਿਆ ਗਿਆ ਸੀ, ਇਸ ਕਾਰਨ ਪਿਛਲੇ ਸਾਲ 19 ਜਨਵਰੀ ਨੂੰ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ ਪਰ ਹਾਈ ਕੋਰਟ ਵੱਲੋਂ ਮਾਰਚ 2022 ਨੂੰ ਉਹੀ ਪਟੀਸ਼ਨ ਬਹਾਲ ਕਰ ਦਿੱਤੀ ਗਈ ਜਿਸ ਦੀ ਸੁਣਵਾਈ ਹੁਣ 25 ਜੁਲਾਈ ਨੂੰ ਹੋਵੇਗੀ।

ਕਰਨਾਟਕ ਵਿਚ 'ਨਰਿੰਦਰ ਮੋਦੀ ਵਿਚਾਰ ਮੰਚ' ਦੇ ਮੈਂਬਰਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸ੍ਰੀਰੰਗਾਪਟਨਾ ਵਿਚਲੀ ਦੋ ਸਦੀਆਂ ਪੁਰਾਣੀ ਜਾਮੀਆ ਮਸਜਿਦ ਕਥਿਤ ਤੌਰ 'ਤੇ ਹਨੂਮਾਨ ਦਾ ਮੰਦਿਰ ਢਾਹ ਕੇ ਬਣਾਈ ਸੀ, ਇਸ ਲਈ ਹਿੰਦੂਆਂ ਨੂੰ ਉੱਥੇ ਪੂਜਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸ ਦਲੀਲ ਅਨੁਸਾਰ ਤਾਂ ਭਾਰਤ ਦੀ ਸਰਜ਼ਮੀਨ ਉੱਪਰ ਬਣੀ ਕਿਸੇ ਵੀ ਇਮਾਰਤ ਹੇਠਾਂ ਮੰਦਿਰ ਖੋਜਿਆ ਜਾ ਸਕਦਾ ਹੈ ਅਤੇ ਹਿੰਦੂਤਵ ਜਥੇਬੰਦੀਆਂ ਉੱਥੇ ਆਪਣੀ ਪਸੰਦ ਦਾ ਮੰਦਿਰ ਬਣਾ ਸਕਦੀਆਂ ਹਨ।

ਮੁਸਲਿਮ ਘੱਟ ਗਿਣਤੀ ਆਰ.ਐਸ.ਐਸ.-ਭਾਜਪਾ ਦੀ ਦੰਗੇ ਭੜਕਾਊ ਚਾਲ ਤੋਂ ਕਾਫੀ ਸੁਚੇਤ ਜਾਪਦੀ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਬਾਬਰੀ ਮਸਜਿਦ ਬਾਰੇ ਪੱਖਪਾਤੀ ਫੈਸਲੇ ਸਮੇਂ ਵੀ ਬੇਹੱਦ ਤਹੱਮਲ ਤੋਂ ਕੰਮ ਲਿਆ ਸੀ ਅਤੇ ਹੁਣ ਗਿਆਨਵਾਪੀ ਵਿਵਾਦ ਸਮੇਂ ਵੀ ਉਹ ਬਹੁਤ ਸੋਚ-ਸਮਝ ਕੇ ਫੈਸਲੇ ਕਰ ਰਹੇ ਹਨ। ਉਨ੍ਹਾਂ ਨੇ ਗੋਦੀ ਮੀਡੀਆ ਵੱਲੋਂ ਉਕਸਾਉਣ ਦੇ ਬਾਵਜੂਦ ਕੋਈ ਐਸਾ ਬਿਆਨ ਨਹੀਂ ਦਿੱਤਾ ਜਿਸ ਨਾਲ ਹਿੰਦੂਤਵੀ ਤਾਕਤਾਂ ਨੂੰ ਹਮਲੇ ਕਰਨ ਦਾ ਬਹਾਨਾ ਮਿਲੇ। 'ਸ਼ਾਈਨਿੰਗ ਇੰਡੀਆ' ਦੇ ਇਕ ਉਕਸਾਊ ਪੱਤਰਕਾਰ ਨੇ ਮਸਜਿਦ ਬਾਰੇ ਪੁੱਛੇ ਸਵਾਲ ਦਾ ਉਨ੍ਹਾਂ ਨੇ ਬਹੁਤ ਹੀ ਤਰਕਪੂਰਨ ਜਵਾਬ ਦਿੱਤਾ, 'ਤੁਸੀਂ ਪੜ੍ਹਾਈ ਬਾਰੇ ਸਵਾਲ ਕਿਉਂ ਨਹੀਂ ਪੁੱਛਦੇ?' ਮਸਜਿਦ ਦੀ ਇੰਤਜ਼ਾਮੀਆ ਕਮੇਟੀ ਨੇ ਭਗਵੀਆਂ ਚਾਲਾਂ ਦੇ ਮੱਦੇਨਜ਼ਰ ਬਾਕਾਇਦਾ ਨੋਟਿਸ ਜਾਰੀ ਕਰਕੇ ਮੁਸਲਮਾਨ ਭਾਈਚਾਰੇ ਨੂੰ ਨਮਾਜ਼ ਲਈ ਵੱਡੀ ਤਾਦਾਦ 'ਚ ਮਸਜਿਦ ਵਿਚ ਨਾ ਆਉਣ ਅਤੇ ਕਿਸੇ ਨੇੜਲੀ ਮਸਜਿਦ ਵਿਚ ਨਮਾਜ਼ ਪੜ੍ਹਨ ਦੀ ਅਪੀਲ ਕੀਤੀ। ਜਦੋਂ 1200 ਦੇ ਕਰੀਬ ਲੋਕ ਉੱਥੇ ਆ ਗਏ ਤਾਂ ਕਮੇਟੀ ਨੇ ਮਸਜਿਦ ਦਾ ਭੇੜ ਕੇ ਨਮਾਜ਼ੀਆਂ ਨੂੰ ਉੱਥੋਂ ਚਲੇ ਜਾਣ ਲਈ ਕਿਹਾ। ਦਿੱਲੀ ਕਤਲੇਆਮ ਅਤੇ ਹੋਰ ਹਮਲਿਆਂ 'ਚ ਵੀ ਉਨ੍ਹਾਂ ਨੇ ਬਹੁਤ ਸਿਆਣਪ ਦਿਖਾਈ ਹੈ।

ਭਾਰਤ ਦੇ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੰਘ ਦੇ ਇਸ ਖ਼ਤਰਨਾਕ ਸਿਆਸੀ ਏਜੰਡੇ ਵਿਰੁੱਧ ਲੜਾਈ ਸਿਰਫ ਮੁਸਲਿਮ ਭਾਈਚਾਰੇ ਦੀ ਨਹੀਂ ਹੈ। ਇਹ ਮੁਲਕ ਦੀ ਨਸਲੀ-ਸਭਿਆਚਾਰਕ ਵੰਨ-ਸਵੰਨਤਾ ਦੀ ਰਾਖੀ ਦੀ ਲੜਾਈ ਹੈ। ਅਵਾਮ, ਖ਼ਾਸ ਕਰਕੇ ਹਿੰਦੂ ਭਾਈਚਾਰੇ ਨੂੰ ਇਸ ਬਾਰੇ ਜਾਗਰੂਕ ਅਤੇ ਚੁਕੰਨੇ ਕਰਨਾ ਜ਼ਰੂਰੀ ਹੈ। '1200 ਸਾਲ ਦੀ ਗ਼ੁਲਾਮੀ' ਦੇ ਨਾਂ ਹੇਠ ਮੁਸਲਮਾਨ ਭਾਈਚਾਰੇ ਵਿਰੁੱਧ ਨਫਰਤ ਭਰੀ ਜਾ ਰਹੀ ਹੈ। ਮੁਗ਼ਲ ਹੁਕਮਰਾਨਾਂ ਨੇ ਭਾਰਤ ਦੇ ਲੋਕਾਂ ਨਾਲ ਜੋ ਵੀ ਜ਼ਿਆਦਤੀਆਂ ਕੀਤੀਆਂ ਹਨ, ਜੋ ਸਿਰਫ ਹਿੰਦੂਆਂ ਨਾਲ ਨਹੀਂ ਹੋਈਆਂ, ਉਸ ਦਾ ਬਦਲਾ ਅੱਜ ਮੁਸਲਮਾਨ ਭਾਈਚਾਰੇ ਤੋਂ ਲੈਣਾ ਫਾਸ਼ੀਵਾਦੀ ਸੋਚ ਹੈ। ਦੁਨੀਆ ਇਤਿਹਾਸ 'ਚ ਹੋਈਆਂ ਗ਼ਲਤੀਆਂ ਤੋਂ ਸਿੱਖਦੀ ਹੈ ਪਰ ਫਾਸ਼ੀਵਾਦੀ ਕਥਿਤ ਗ਼ਲਤੀਆਂ ਨੂੰ ਬਦਲਾ-ਲਊ ਸਿਆਸਤ ਕਰਨ ਲਈ ਵਰਤਦੇ ਹਨ। ਸੰਘ ਦਾ 'ਹਿੰਦੂ ਰਾਸ਼ਟਰ' ਦਾ ਸੁਪਨਾ ਨਾਜ਼ੀਵਾਦ-ਫਾਸ਼ੀਵਾਦ ਦੀਆਂ ਲੀਹਾਂ 'ਤੇ ਉਲੀਕਿਆ ਸਿਆਸੀ ਪ੍ਰੋਜੈਕਟ ਹੈ ਜਿਸ ਦਾ ਆਮ ਹਿੰਦੂਆਂ ਦੇ ਹਿਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਆਮ ਹਿੰਦੂ ਨੂੰ ਹਿੰਦੂ ਧਰਮ ਨਾਲ ਸੰਘ ਦੇ ਝੂਠੇ ਹੇਜ ਪਿੱਛੇ ਕੰਮ ਕਰਦੀ ਖ਼ੂਨੀ ਸਿਆਸਤ ਬਾਰੇ ਸੁਚੇਤ ਕਰਨ ਨਾਲ ਹੀ ਮੁਲਕ ਦਾ ਭਵਿੱਖ ਮਹਿਫ਼ੂਜ਼ ਹੋ ਸਕਦਾ ਹੈ।

## ਔਰੰਗਜ਼ੇਬ, ਮੰਦਿਰ ਅਤੇ ਇਤਿਹਾਸ ਦੀ ਤੋੜ-ਮਰੋੜ

ਸੰਘ ਪਰਿਵਾਰ ਮਸਜਿਦਾਂ ਅਤੇ ਹੋਰ ਪੁਰਾਤਨ ਮੁਸਲਿਮ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਲਈ ਇਹ ਦਲੀਲ ਦਿੰਦਾ ਹੈ ਕਿ ਇਹ ਔਰੰਗਜ਼ੇਬ ਜਾਂ ਮੁਗ਼ਲ ਹੁਕਮਰਾਨਾਂ ਨੇ ਹਿੰਦੂ ਮੰਦਿਰ ਢਾਹ ਕੇ ਬਣਾਈਆਂ ਸਨ। ਔਰੰਗਜ਼ੇਬ ਨੂੰ ਖ਼ਾਸ ਤੌਰ 'ਤੇ ਮੰਦਿਰ ਢਾਹੁਣ ਵਾਲੇ ਹਿੰਦੂ ਵਿਰੋਧੀ ਖ਼ਲਨਾਇਕ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਇਹ ਇਤਿਹਾਸਕ ਤੱਥ ਨਹੀਂ ਸਗੋਂ ਇਤਿਹਾਸ ਨੂੰ ਤੋੜ-ਮਰੋੜ ਕੇ ਆਪਣੇ ਸੌੜੇ ਹਿਤਾਂ ਦੇ ਹੱਕ 'ਚ ਭੁਗਤਾਉਣ ਦੀ ਘਿਨਾਉਣੀ ਰਾਜਨੀਤੀ ਹੈ। ਨਿਰਸੰਦੇਹ ਔਰੰਗਜ਼ੇਬ ਜਾਬਰ ਹੁਕਮਰਾਨ ਸੀ ਜੋ ਆਪਣੇ ਰਾਜ ਵਿਚ ਪਰਜਾ ਉੱਪਰ ਜ਼ੁਲਮ ਕਰਦਾ ਰਿਹਾ ਪਰ ਉਸ ਨੇ ਜੋ ਮਸਜਿਦਾਂ ਅਤੇ ਮੰਦਿਰ ਢਾਹੇ, ਉਸ ਦੇ ਅਸਲ ਕਾਰਨ ਹੋਰ ਸਨ। ਬਨਾਰਸ ਦੇ ਵਿਸ਼ਵਨਾਥ ਮੰਦਿਰ ਅਤੇ ਗੋਲਕੁੰਡਾ ਦੀ ਜਾਮਾ ਮਸਜਿਦ ਢਾਹੁਣਾ ਇਸ ਦੀਆਂ ਮਿਸਾਲਾਂ ਹਨ। ਵਿਸ਼ਵਨਾਥ ਦਾ ਮੰਦਿਰ ਢਾਹੁਣ ਦਾ ਹੁਕਮ ਔਰੰਗਜ਼ੇਬ ਨੇ ਇਸ ਕਾਰਨ ਦਿੱਤਾ ਸੀ ਕਿਉਂਕਿ ਉਸ ਦੇ ਕਾਫਲੇ ਨਾਲ ਜਾ ਰਹੀ ਕੱਛ ਦੀ ਹਿੰਦੂ ਮਹਾਰਾਣੀ ਨਾਲ ਮੰਦਿਰ ਦੇ ਮਹੰਤ ਨੇ ਮੰਦਿਰ ਦੇ ਅੰਦਰ ਬਲਾਤਕਾਰ ਕੀਤਾ ਸੀ। ਇਸੇ ਕਰਕੇ ਹੀ ਉੱਥੇ ਲਗਾਈ ਗਣੇਸ਼ ਦੀ ਮੂਰਤੀ ਕਿਸੇ ਹੋਰ ਜਗ੍ਹਾ ਲਗਾਉਣ ਦਾ ਆਦੇਸ਼ ਦਿੱਤਾ ਸੀ। ਗੋਲਕੁੰਡਾ ਦੀ ਜਾਮਾ ਮਸਜਿਦ ਇਸ ਕਰਕੇ ਢਾਹੀ ਗਈ, ਕਿਉਂਕਿ ਸਥਾਨਕ ਰਾਜੇ ਨੇ ਔਰੰਗਜ਼ੇਬ ਨੂੰ ਕਰ ਦੇਣਾ ਬੰਦ ਕਰ ਦਿੱਤਾ ਸੀ ਅਤੇ ਖ਼ਜ਼ਾਨਾ ਜ਼ਮੀਨ ਹੇਠ ਦਬਾ ਕੇ ਉੱਪਰ ਮਸਜਿਦ ਬਣਵਾ ਦਿੱਤੀ ਸੀ।

ਮੰਦਿਰ ਢਾਹੁਣ ਦੀ ਇਕਪਾਸੜ ਤਸਵੀਰ



ਪੇਸ਼ ਕਰਦੇ ਵਕਤ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਔਰੰਗਜ਼ੇਬ ਨੇ ਮੰਦਿਰ ਬਣਾਉਣ ਲਈ ਜ਼ਮੀਨਾਂ ਅਤੇ ਮੰਦਿਰਾਂ ਦੇ ਪ੍ਰਬੰਧ ਚਲਾਉਣ ਲਈ ਉਚੇਚੇ ਤੌਰ 'ਤੇ ਜਾਗੀਰਾਂ ਵੀ ਦਿੱਤੀਆਂ। ਅਲਾਹਾਬਾਦ ਵਿਚ ਗੰਗਾ ਨਦੀ ਦੇ ਕਿਨਾਰੇ ਸਥਿਤ ਨਾਗ ਵਾਸੂਕੀ ਮੰਦਿਰ, ਉਜੈਨ ਦਾ ਮਹਾਕਾਲੇਸ਼ਵਰ ਮੰਦਿਰ, ਗੁਹਾਟੀ ਦਾ ਕਾਮਾਖਿਆ ਦੇਵੀ ਮੰਦਿਰ, ਉੱਤਰ ਪ੍ਰਦੇਸ਼ ਦੇ ਮਥੁਰਾ 'ਚ ਸ੍ਰੀ ਕ੍ਰਿਸ਼ਨ ਮੰਦਿਰ, ਇਹ ਸਭ ਔਰੰਗਜ਼ੇਬ ਦੁਆਰਾ ਦਿੱਤੀ ਜ਼ਮੀਨ ਉੱਪਰ ਬਣਾਏ ਗਏ। ਚਿਤਰਕੂਟ ਦਾ ਬਾਲਾਜੀ ਮੰਦਿਰ ਔਰੰਗਜ਼ੇਬ ਨੇ ਆਪਣੇ ਜਰਨੈਲ ਗ਼ੈਰਤ ਖਾਨ ਦੀ ਦੇਖ-ਰੇਖ ਹੇਠ ਬਣਵਾਇਆ ਸੀ ਅਤੇ ਇਸ ਮੰਦਿਰ ਦੇ ਮਹੰਤ ਦੇ ਨਾਮ ਫਰਮਾਨ ਜਾਰੀ ਕੀਤਾ ਸੀ। ਪ੍ਰੋਫੈਸਰ ਬੀ.ਐਨ. ਪਾਂਡੇ, ਡਾ. ਪੱਟਾਭੀ ਸੀਤਾਰਮੱਈਆ ਵਰਗੇ ਇਤਿਹਾਸਕਾਰਾਂ ਨੇ ਇਨ੍ਹਾਂ ਸਾਰੇ ਫਰਮਾਨਾਂ ਦੇ ਵਿਸਤਾਰ ਵੇਰਵੇ ਦਿੱਤੇ ਹਨ।

ਮਾਰਚ 1659 'ਚ ਬਨਾਰਸ ਦੇ ਸਥਾਨਕ ਅਧਿਕਾਰੀ ਦੇ ਨਾਮ ਭੇਜੇ ਜਿਸ ਫਰਮਾਨ ਨੂੰ ਔਰੰਗਜ਼ੇਬ ਦੇ ਮੰਦਿਰ ਬਣਾਉਣ ਉੱਪਰ ਪਾਬੰਦੀ ਲਗਾਉਣ ਵਾਲੇ ਫਰਮਾਨ ਵਜੋਂ ਪੇਸ਼ ਕੀਤਾ ਜਾਂਦਾ ਹੈ, ਉਹ ਵੀ ਦਰਅਸਲ ਬਨਾਰਸ ਦੇ ਪ੍ਰਾਚੀਨ ਮੰਦਿਰਾਂ ਦੇ ਰਵਾਇਤੀ ਪੁਜਾਰੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਅਨਸਰਾਂ ਨੂੰ ਰੋਕਣ, ਉਨ੍ਹਾਂ ਮੰਦਿਰਾਂ ਨੂੰ ਤਬਾਹ ਤੇ ਬਰਬਾਦ ਨਾ ਕਰਨ ਅਤੇ ਉੱਥੇ ਨਵੇਂ ਮੰਦਿਰ ਨਾ ਬਣਾਉਣ ਲਈ ਫਰਮਾਨ ਸੀ। ਹੋਰ ਵੀ ਕਈ ਫਰਮਾਨ ਹਨ ਜੋ ਮੰਦਿਰਾਂ ਦੀ ਸੁਰੱਖਿਆ, ਮੰਦਿਰਾਂ ਵਿਚ ਸਹੂਲਤਾਂ ਵਧਾਉਣ ਲਈ ਜਾਗੀਰਾਂ ਦੇਣ ਲਈ ਹਨ; ਜਿਵੇਂ ਗੁਹਾਟੀ ਦੇ ਉਮਾਨੰਦ ਮੰਦਿਰ ਨੂੰ ਜਗੀਰ ਦੇਣ ਦਾ ਫਰਮਾਨ। ਅਹਿਮਦਾਬਾਦ 'ਚ ਨਾਗਰ ਸੇਠ ਦੇ ਬਣਵਾਏ ਚਿੰਤਾਮਣੀ ਮੰਦਿਰ ਨੂੰ ਢਾਹੁਣ ਦਾ ਜ਼ਿਕਰ ਤਾਂ ਕੀਤਾ ਜਾਂਦਾ ਹੈ ਪਰ ਉਸੇ ਨਾਗਰ ਸੇਠ ਦੇ ਬਣਵਾਏ ਸ਼ਤਰੁੰਜਿਆ ਅਤੇ ਆਬੂ ਮੰਦਿਰਾਂ ਨੂੰ ਔਰੰਗਜ਼ੇਬ ਵੱਲੋਂ ਜਾਗੀਰਾਂ ਦੇਣ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਜਾਂਦਾ।

# ਅੰਗਰੇਜ਼ੀ ਭਾਸ਼ਾ ਵਿਚ ਪੰਜਾਬੀ ਸਾਹਿਤ ਦੀ ਪ੍ਰਮਾਣਕ ਪੁਸਤਕ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਛੱਡ ਤੁਰੇ ਹਨ, ਇਕ ਹੋਰ ਗੈਰਾਂ ਦੀ ਜ਼ਮੀਨ, ਛੱਜਾਂ ਵਾਲੇ
ਜਾ ਰਿਹਾ ਏ ਇਕ ਲੰਮਾ ਲਾਰਾ
ਭਿੜਕਾਂ ਦੇ ਭੰਡਾਰ ਲੱਦੀ
ਲੰਮੇ ਸਾਇਆਂ ਦੇ ਨਾਲ ਨਾਲ
ਗਧਿਆਂ 'ਤੇ ਬੈਠੇ ਜੁਆਕ
ਪਿਓਆਂ ਦੇ ਹੱਥਾਂ 'ਚ ਕੁੱਤੇ
ਮਾਵਾਂ ਦੀ ਪਿੱਠ ਪਿੱਛੇ ਬੰਨੇ ਪਤੀਲੇ ਹਨ
ਤੇ ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ
ਜਾ ਰਿਹਾ ਏ ਇਕ ਲੰਮਾ ਲਾਰਾ
ਮੋਢਿਆਂ ਉੱਤੇ ਚੁੱਕੀ ਕੁੱਲੀਆਂ ਦੇ ਬਾਂਸ
ਇਹ ਭੁੱਖਾਂ ਦੇ ਮਾਰੇ
ਕੌਣ ਆਰੀਅਨ ਹਨ।
ਇਹ ਜਾ ਰਹੇ ਨੇ
ਰੋਕਣ ਕਿਸ ਭਾਰਤ ਦੀ ਜ਼ਮੀਨ

ਨਕਸਲੀ ਧਾਰਾ ਨੂੰ ਪਰਨਾਏ ਤੇ ਟਰੱਕ ਯੂਨੀਅਨ ਦੇ ਡਰਾਈਵਰਾਂ ਲਈ ਚਾਹ ਦਾ ਸਟਾਲ ਚਲਾਉਂਦੇ ਕਵੀ ਲਾਲ ਸਿੰਘ ਦਿਲ ਦੀਆਂ ਇਹ ਸਤਰਾਂ ਜਸਪਾਲ ਸਿੰਘ ਰਚਿਤ 'ਰੀਡਿੰਗਜ਼ ਇਨ ਪੰਜਾਬੀ ਲਿਟਰੇਚਰ' (ਚੋਣਵਾਂ ਪੰਜਾਬੀ ਸਾਹਿਤ) ਦੇ ਪ੍ਰਥਮ ਭਾਗ ਵਿਚੋਂ ਹਨ, ਜਿਸਨੂੰ ਲੇਖਕ ਨੇ 'ਵੈਟਰਨਜ਼ ਵਿਜ਼ਨ' (ਅਨੁਭਵੀ ਦ੍ਰਿਸ਼ਟੀ) ਨਾਂ ਦਿੱਤਾ ਹੈ। ਇਸ ਭਾਗ ਵਿਚ ਵਿਚਾਰੇ ਗਏ ਲੇਖਕਾਂ ਵਿਚ ਹੋਰਨਾਂ ਤੋਂ ਬਿਨਾਂ ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਗਿਆਨੀ ਗੁਰਦਿੱਤ ਸਿੰਘ, ਦਲੀਪ ਕੌਰ ਟਿਵਾਣਾ, ਹਰਿਭਜਨ ਸਿੰਘ, ਜਸਵੰਤ ਸਿੰਘ ਕੰਵਲ, ਕਿਰਪਾਲ ਸਿੰਘ ਕਸੇਲ, ਰਾਮ ਸਰੂਪ ਅਣਖੀ, ਜਸਵੰਤ ਵਿਰਦੀ, ਸੁਰਜੀਤ ਹਾਂਸ, ਸੰਤੋਖ ਸਿੰਘ ਧੀਰ ਤੇ ਤੇਰਾ ਸਿੰਘ ਚੰਨ ਤੇ ਇਨ੍ਹਾਂ ਦੇ ਹੋਰ ਸਮਕਾਲੀਆਂ ਸਮੇਤ ਢਾਈ ਦਰਜਨ ਮਹਾਰਥੀ ਹਨ, ਜਿਨ੍ਹਾਂ ਵਿਚੋਂ ਕਸੇਲ, ਕੰਵਲ, ਗਾਰਗੀ ਤੇ ਹਾਂਸ ਬਾਰੇ ਦੋ ਤੋਂ ਵੱਧ ਲੇਖ ਹਨ। ਇਨ੍ਹਾਂ ਵਿਚ ਹਰ ਲੇਖਕ ਦੀਆਂ ਇਕ ਤੋਂ ਚਾਰ ਜਾਂ ਪੰਜ ਪੁਸਤਕਾਂ ਉੱਤੇ ਨਵੀਂ ਤੇ ਨਰੋਈ ਟਿੱਪਣੀ ਹੈ। ਲੇਖਕ ਦੀ ਇਸ ਪੁਸਤਕ ਦੇ ਚਾਰ ਭਾਗ ਹੋਰ ਹਨ, ਜਿਨ੍ਹਾਂ ਵਿਚ ਕੁੱਲ ਮਿਲਾ ਕੇ 154 ਲੇਖਾਂ ਵਿਚ ਚੋਣਵੇਂ ਪੰਜਾਬੀ ਸਾਹਿਤ ਉੱਤੇ ਡੂੰਘੀ ਝਾਤ ਪਾਈ ਗਈ ਹੈ। ਲੇਖਕ ਵਲੋਂ ਇਨ੍ਹਾਂ ਲੇਖਾਂ ਤੇ ਲੇਖਕਾਂ ਨੂੰ ਪੁਸਤਕ ਰੂਪ ਦੇਣ ਦਾ ਸਵਾਗਤ ਕਰਨਾ ਬਣਦਾ ਹੈ। ਇਸ ਵਿਚ ਵੀਹਵੀਂ ਸਦੀ ਦੇ ਪੰਜਾਬੀ ਸਾਹਿਤ ਨੂੰ ਉਨ੍ਹਾਂ ਪਾਠਕਾਂ ਦੀ ਨਜ਼ਰ ਪੇਸ਼ ਕੀਤਾ ਗਿਆ ਹੈ, ਜਿਹੜੇ ਗੁਰਮੁਖੀ ਲਿੱਪੀ ਤੋਂ ਜਾਣੂ ਨਹੀਂ ਤੇ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਰੱਖਦੇ ਹਨ। ਅੱਗੇ ਤੋਂ ਅਜਿਹੇ ਪਾਠਕ ਗਿਆਨੀ ਗੁਰਦਿੱਤ ਸਿੰਘ ਦੀ ਪੰਜਾਬ ਦੇ ਪੁਰਾਤਨ ਪਿੰਡ ਬਾਰੇ ਹਰਮਨ-ਪਿਆਰੀ ਤੇ ਚਰਚਿਤ ਰਚਨਾ 'ਮੇਰਾ ਪਿੰਡ', ਦਰਸ਼ਨ ਸਿੰਘ ਦੇ ਪ੍ਰਸਿੱਧ ਕਮਿਊਨਿਸਟ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਨੂੰ ਨਾਇਕ ਬਣਾ ਕੇ ਰਚੇ ਨਾਵਲ 'ਭਾਊ' ਜਾਂ ਤੇਰਾ ਸਿੰਘ ਚੰਨ ਦੇ ਅਮਨ ਲਹਿਰ ਨਾਲ ਜੁੜੇ ਗੀਤ 'ਕਾਗ ਸਮੇਂ ਦਾ ਬੋਲਿਆ ਅਮਨਾ ਦੀ ਬੋਲੀ' ਤੋਂ ਬਖੂਬੀ ਜਾਣੂ ਹੋ ਸਕਦੇ ਸਨ।

ਮੈਂ ਆਪਣੇ ਉਪਰੋਕਤ ਕਥਨ ਦੀ ਪੁਸ਼ਟੀ ਲਈ ਜਗਤਾਰ ਪਪੀਹਾ ਵਾਲੇ ਲੇਖਕ ਦੀਆਂ ਜਸਪਾਲ ਸਿੰਘ ਵਲੋਂ ਚੁਣੀਆਂ ਤੁਕਾਂ ਦਾ ਹਵਾਲਾ ਦੇਣਾ ਚਾਹਾਂਗਾ:

ਜਿਨ੍ਹਾਂ ਨੇ ਮਿੱਟੀ ਨੂੰ ਰੌਂਦਿਆ ਸੀ,
ਜਿਨ੍ਹਾਂ ਨੇ ਮਿੱਟੀ 'ਤੇ ਜ਼ੁਲਮ ਕੀਤੇ
ਮੈਂ ਖਾਸ ਹੁੰਦੇ ਉਹ ਤਾਜ ਦੇਖੇ,
ਖਾਕ ਹੁੰਦੇ ਉਹ ਤਖਤ ਦੇਖੇ।

ਬੜਾ ਹੀ ਕਾਤਲਾਂ ਨੇ ਕਤਲਗਾਹ ਵਿਚ
ਜਸ਼ਨ ਕਰਨਾ ਸੀ
ਜੇ ਮੇਰੀ ਅੱਖ 'ਚ ਇਕ ਵੀ ਅੱਥਰੂ,
ਚਿਹਰੇ 'ਤੇ ਡਰ ਹੁੰਦਾ।

ਹੈ ਦੁਸ਼ਮਣ ਚਾਨਣੀ ਮੇਰੀ,
ਤੇ ਦੁਸ਼ਮਣ ਹੈ ਹਨੇਰਾ ਵੀ
ਬਣੇ ਦੀਵਾਰ ਇਕ ਰਾਹ ਦੀ,
ਤੇ ਇਕ ਰਸਤਾ ਭੁਲਾ ਦੇਵੇ।

ਤਕਸੀਮ ਤਾਂ ਬੁਰੀ ਨਹੀਂ
ਪਰ ਇਸਦੇ ਫਲਸਰੂਪ
ਨਫਰਤ ਦਾ ਬੀਜ
ਘਰ ਨੂੰ ਹੈ ਮਲਬਾ ਬਣਾ ਗਿਆ।

ਹੀਰ ਦੀ ਦਰਗਾਹ ਹੈ
ਮੇਰੇ ਲਈ ਹੱਜ ਦਾ ਮੁਕਾਮ
ਇਸ ਲਈ ਸਤਿਕਾਰ ਮੇਰੇ ਦਿਲ 'ਚ
ਸਾਰੇ ਝੰਗ ਦਾ ਹੈ।

ਇਹ ਕੌਣ ਆਇਆ ਨਗਰ ਵਿਚ,
ਮਹਿਕੀਆਂ ਗਲੀਆਂ ਤੇ ਰਾਹ ਜਾਗੇ
ਇਹ ਸੁੱਤੇ ਜ਼ਖਮ ਵਿਸਰੀ ਦਾਸਤਾਂ
ਨਾ ਮੁੜ ਜਗਾ ਦੇਵੇ।

ਜਸਪਾਲ ਸਿੰਘ ਨੇ ਅੰਗਰੇਜ਼ੀ ਭਾਸ਼ਾ ਦੇ ਲੇਖਕ ਅਰਨੈਸਟ ਹੈਮਿੰਗਵੇ ਦੀ ਸਾਹਿਤ ਰਚਨਾ ਦੇ ਵਿਸ਼ੇ ਉੱਤੇ ਡਾਕਟਰੇਟ ਕੀਤੀ ਹੈ ਤੇ ਲੰਮਾ ਸਮਾਂ ਚੰਡੀਗੜ੍ਹ ਦੇ ਕਾਲਜਾਂ ਵਿਚ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਪੜ੍ਹਾਇਆ ਹੈ। ਹਥਲੀ ਪੁਸਤਕ ਵਿਚ ਉਸ ਨੇ ਲੇਖਕਾਂ ਦੀਆਂ ਪੰਜਾਬੀ ਤੁਕਾਂ ਨੂੰ ਸੁਚੱਜੀ ਅੰਗਰੇਜ਼ੀ ਵਿਚ ਉਲਥਾ ਕੇ ਲਿਖਿਆ ਹੈ।

ਇਸ ਪੁਸਤਕ ਦੇ 154 ਲੇਖਕਾਂ ਵਿਚ ਪੰਜਾਬੀ ਦੇ 115 ਲੇਖਕਾਂ ਬਾਰੇ ਜਾਣਕਾਰੀ ਮਿਲਦੀ ਹੈ। ਹਰ ਲੇਖਕ ਦੇ ਕਿੱਤੇ, ਪਿਛੋਕੜ ਤੇ ਜੀਵਨ ਦ੍ਰਿਸ਼ਟੀ ਤੋਂ ਬਿਨਾ ਕਿਸੇ ਨਾ ਕਿਸੇ ਪੁਸਤਕ ਬਾਰੇ ਗੰਭੀਰ ਚਰਚਾ ਤੇ ਟਿੱਪਣੀ ਹੈ।

ਪੁਸਤਕ ਦੇ ਦੂਜੇ ਭਾਗ ਨੂੰ ਲੇਖਕ ਸਿਆਣਿਆਂ ਦੀਆਂ ਸਿਆਣਪਾਂ ਕਹਿੰਦਾ ਹੈ। ਇਸ ਵਿਚ ਮੋਹਨਜੀਤ, ਮੋਹਨ ਭੰਡਾਰੀ, ਪਿਆਰਾ ਸਿੰਘ ਭੋਗਲ, ਹਰਭਜਨ ਸਿੰਘ ਹੁੰਦਲ, ਤੇਜਵੰਤ ਗਿੱਲ ਤੇ ਸੁਰਿੰਦਰ ਗਿੱਲ ਤੇ ਦਾਸ ਦੀਆਂ ਅਜਿਹੀਆਂ ਰਚਨਾਵਾਂ ਦੀ ਚਰਚਾ ਕੀਤੀ ਗਈ ਹੈ, ਜਿਹੜੀ ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਦੇ ਪੱਖ ਤੋਂ ਸਪੱਸ਼ਟ ਹਨ। ਇਨ੍ਹਾਂ ਵਿਚ ਸਬੰਧਤ ਲੇਖਕਾਂ ਦੀਆਂ ਯਾਦਾਂ ਵੀ ਹਨ, ਮੁਲਾਕਾਤਾਂ ਵੀ ਤੇ ਬੀਤੇ ਦੇ ਪਰਛਾਵੇਂ ਵੀ। ਜੇ ਇਸ ਭਾਗ ਨੂੰ ਕਾਵਿਕ ਬੋਲਾਂ ਨਾਲ ਦਰਸਾਉਣਾ ਹੋਵੇ ਤਾਂ ਇਸ ਵਿਚ ਦਰਜ ਸੁਰਿੰਦਰ ਗਿੱਲ ਦੀ ਇਕ ਕਵਿਤਾ ਦੇ ਕੁਝ ਬੋਲਾਂ ਦੀ ਟੇਕ ਲਈ ਜਾ ਸਕਦੀ ਹੈ।

ਜਾਗ ਜੀਵਨ ਦੇ ਕਵੀ,
ਜਾਗ ਤੱਕ ਦੀ ਹੇਕ ਲਾ
ਸੱਚ ਤੇ ਇਨਸਾਫ ਦਾ ਕੋਈ ਗੀਤ ਗਾ
ਜਗਾ ਆਪਣੇ ਦੇਸ਼ ਦੇ ਸੁੱਤੇ ਕਿਸਾਨਾ,
ਕਾਮਿਆਂ ਤੇ ਕਲਾਕਾਰਾਂ ਨੂੰ ਜਗਾ
ਹੱਕ ਦਾ ਤੇ ਸੱਚ ਦਾ ਕੋਈ ਗੀਤ ਗਾ।

ਤੀਜੇ ਭਾਗ ਵਿਚ ਵਿਦੇਸ਼ੀ ਵਸਦੇ ਸਾਹਿਤਕਾਰਾਂ ਦਾ ਵਖਿਆਨ ਹੈ, ਜਿਸ ਵਿਚ ਅਮਰਜੀਤ ਚੰਦਨ ਦੀਆਂ ਰਚਨਾਵਾਂ ਪ੍ਰਧਾਨ ਹਨ। ਤਿੰਨੋਂ ਅਵਤਾਰ (ਧਾਲੀਵਾਲ, ਬਿਲਿੰਗ, ਸਾਦਿਕ), ਗੁਰਦੇਵ ਚੌਹਾਨ, ਗੁਰਚਰਨ ਰਾਮਪੁਰੀ, ਜਰਨੈਲ ਸਿੰਘ, ਜੋਗਿੰਦਰ ਸ਼ਮਸ਼ੇਰ, ਪਰਮਿੰਦਰ ਸੋਢੀ, ਮੇਜਰ ਮਾਂਗਟ, ਰਣਜੀਤ ਧੀਰ, ਸੋਹਣ ਕਾਦਰੀ, ਦੇਵ, ਸੁਖਦੇਵ, ਸਵਰਨ ਚੰਦਨ, ਸੁਰਜਨ ਜ਼ੀਰਵੀ ਤੇ ਵਰਿਆਮ ਸੰਧੂ ਦੀ ਹਾਜ਼ਰੀ ਵੀ ਨਿੱਠ ਕੇ ਭਰੀ ਗਈ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਰਚੇਤਿਆਂ ਵਲੋਂ ਪਿੱਛੇ ਛੱਡੇ ਪੂਰਬ ਦਾ ਪਿਆਰ ਉਤਰਦਾ ਹੈ, ਜਿਵੇਂ ਗੁਰਚਰਨ ਰਾਮਪੁਰੀ ਦੇ ਇਹ ਬੋਲ।

ਕਿਉਂ ਪੰਛੀ ਪਰ ਮਾਰ ਰਹੇ ਨੇ,
ਟੁੱਟਦੇ ਜਾਂਦੇ ਜਾਲ
ਕਿਉਂ ਰਾਤਾਂ ਦਾ ਜਾਦੂ ਟੁੱਟਦੈ,
ਪੂਰਬ ਹੁੰਦੈ ਲਾਲ।

ਨਵੇਂ ਸਾਹਿਤਕਾਰਾਂ ਤੇ ਸਾਹਿਤਕ ਰਚਨਾਵਾਂ ਦੀ ਬਾਤ ਪਾਉਂਦੇ ਚੌਥੇ ਭਾਗ ਦਾ ਸਿਰਲੇਖ 'ਆਧੁਨਿਕ ਤਰਾਨੇ' ਹੈ। ਇਸ ਵਿਚ ਅਮਰ ਗਿਰੀ, ਅਮਰਜੀਤ ਘੁੰਮਣ, ਅਨੂਪ ਵਿਰਕ, ਆਤਮਜੀਤ, ਬਲਬੀਰ ਮਾਧੋਪੁਰੀ, ਬਲਦੇਵ ਧਾਲੀਵਾਲ, ਬਲਦੇਵ ਸੜਕਨਾਮਾ, ਚਮਨ ਲਾਲ, ਦਰਸ਼ਨ ਬੁੱਟਰ, ਜਸਬੀਰ ਭੁੱਲਰ, ਈਸ਼ਵਰ ਦਿਆਲ ਗੌੜ, ਜੰਗ ਬਹਾਦਰ ਗੋਇਲ, ਮਨਜੀਤ ਟਿਵਾਣਾ, ਮਨਮੋਹਨ, ਨਿੰਦਰ ਘੁਗਿਆਣਵੀ, ਪਰਮਿੰਦਰਜੀਤ, ਪਾਲ ਕੌਰ, ਸੁਖਵਿੰਦਰ ਅੰਮ੍ਰਿਤ ਤੇ ਸੁਰਜੀਤ ਪਾਤਰ ਦੀਆਂ ਪੁਸਤਕਾਂ ਉੱਤੇ ਨਜ਼ਰਸਾਨੀ ਕੀਤੀ ਮਿਲਦੀ ਹੈ ਭਾਵੇਂ ਇਸ ਭਾਗ ਵਿਚ ਪ੍ਰਧਾਨਗੀ ਗੁਰਬਚਨ, ਹਰਭਜਨ ਸਿੰਘ ਭਾਟੀਆ ਤੇ ਜਸਵੰਤ ਦੀਦ ਦੀਆਂ ਪੁਸਤਕਾਂ ਹਨ। ਗੁਰਬਚਨ ਦਾ ਬੋਲਬਾਲਾ ਉਸ ਦੀਆਂ ਚਰਚਿਤ ਪੁਸਤਕਾਂ 'ਸਾਹਿਤਨਾਮਾ' ਤੇ 'ਸਾਹਿਤ ਦੇ ਸਿਕੰਦਰ' ਸਦਕਾ ਹੈ। ਚੇਤੇ ਰਹੇ ਕਿ ਇਸ ਵੱਡ ਆਕਾਰੀ ਪੁਸਤਕ ਦਾ ਆਰੰਭ ਵਾਰਿਸ ਸ਼ਾਹ ਦੀ ਹੀਰ ਦੇ ਬਾਰਾਂ ਮਾਹ ਨਾਲ, ਹੀਰ ਤੇ ਰਾਂਝਾ ਦੀ ਉਸ ਤਸਵੀਰ ਨੂੰ ਟਾਈਟਲ ਉੱਤੇ ਦੇ ਕੇ ਕੀਤਾ ਗਿਆ ਹੈ, ਜਿਸ ਵਿਚ ਰਾਂਝਾ ਆਪਣੀ ਬਾਂਸੁਰੀ ਦੀਆਂ ਧੁਨਾਂ ਰਾਹੀਂ ਹੀਰ ਨੂੰ ਭਰਮਾ ਰਿਹਾ ਹੈ। ਪੁਸਤਕ ਦੇ ਅੰਤਲੇ ਦੋ ਲੇਖਕਾਂ ਵਿਚ ਨਵੀਆਂ ਪੁਸਤਕਾਂ ਦੀ ਗਿਣਤੀ ਇਨ੍ਹਾਂ ਵਿਚਲੀ ਗੁਣਤਾ ਨੂੰ ਝੁਠਿਆਉਂਦੀ ਹੈ, ਜਿਸ ਵੱਲ ਅੱਜ ਦੇ ਲੇਖਕਾਂ ਤੇ ਪ੍ਰਕਾਸ਼ਕਾਂ ਨੂੰ ਧਿਆਨ ਦੇਣ ਦੀ ਲੋੜ ਹੈ।

**ਅੰਤਿਕਾ (ਹਥਲੀ ਪੁਸਤਕ ਵਿਚੋਂ)**

ਸੁਖਵਿੰਦਰ ਅੰਮ੍ਰਿਤ
ਸੁਪਨੇ ਵਿਚ ਇਕ ਰੁੱਖ 'ਤੇ ਲਿਖਿਆ
ਰਾਤੀਂ ਤੇਰਾ ਨਾਮ ਅਸੀਂ
ਦਿਨ ਚੜ੍ਹਦੇ ਨੂੰ ਹੋ ਗਏ ਸਾਰੇ
ਜੰਗਲ ਵਿਚ ਬਦਨਾਮ ਅਸੀਂ
ਓਧਰ ਸਾਡੇ ਚੰਦ ਨੂੰ ਖਾ ਗਏ
ਟੁੱਕ ਸਮਝ ਕੇ ਭੁੱਖੇ ਲੋਕ
ਏਧਰ ਨੇਰੇ ਦੀ ਬੁੱਕਲ ਵਿਚ
ਕਰਦੇ ਰਹੇ ਆਰਾਮ ਅਸੀਂ।

# 'ਹੱਥ ਹਥਿਆਰ ਵੀ ਹਨ'

ਅਸੀਂ ਤਾਂ ਹੁਣ ਤੀਕ ਹੱਥਾਂ ਨੂੰ ਹਥਿਆਰ ਬਣਾਉਣ ਜਾਂ ਉਠਾਉਣ ਵਾਲੇ ਹੀ ਸਮਝਦੇ ਰਹੇ ਹਾਂ ਪਰ ਦੇਸ਼ ਦੀ ਸਰਬਉੱਚ ਅਦਾਲਤ ਨੇ ਹੁਣ ਸਭ ਨੂੰ ਇਹ ਦ੍ਰਿੜ ਕਰਵਾ ਦਿੱਤਾ ਹੈ ਕਿ ਹੱਥ ਹਥਿਆਰ ਵੀ ਹਨ!

ਆਪਣੇ 19 ਮਈ ਦੇ ਇਤਿਹਾਸਕ ਫੈਸਲੇ ਵਿਚ ਸੁਪਰੀਮ ਕੋਰਟ ਦੇ ਜਸਟਿਸ ਏ.ਐਮ. ਖਾਨਵਿਲਕਰ ਅਤੇ ਜਸਟਿਸ ਐਸ.ਕੇ.ਕੌਲ 'ਤੇ ਆਧਾਰਤ ਬੈਂਚ ਨੇ ਕੌਮਾਂਤਰੀ ਪ੍ਰਸਿੱਧੀ ਹਾਸਲ ਕ੍ਰਿਕਟਰ, ਕੁਮੈਂਟੇਟਰ, ਸਿਆਸਤਾਨ, ਬੁਲਾਰੇ ਅਤੇ ਟੀ.ਵੀ. ਕਲਾਕਾਰ ਨਵਜੋਤ ਸਿੰਘ ਸਿੱਧੂ ਨੂੰ ਕਰੀਬ 34 ਸਾਲ ਪੁਰਾਣੇ ਕੇਸ ਵਿਚ ਇਕ ਸਾਲ ਦੀ ਬਾਮੁਸ਼ੱਕਤ ਸਜ਼ਾ ਸੁਣਾਉਂਦਿਆਂ ਹੱਥਾਂ ਨੂੰ ਹਥਿਆਰ ਵਾਂਗ ਵਰਤੇ ਜਾ ਸਕਣ ਦੀ ਗੱਲ ਕਹੀ।

ਯਾਦ ਰਹੇ ਕਿ 1988 ਦੀ ਇਕ ਸੜਕ-ਝੜਪ (ਰੋਡ ਰੇਜ) ਦੌਰਾਨ ਉਦੋਂ 25 ਸਾਲਾ ਨਵਜੋਤ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸਿੱਧੂ ਵਲੋਂ ਇਕ 65 ਸਾਲ ਦੇ ਬਜ਼ੁਰਗ ਗੁਰਨਾਮ ਸਿੰਘ ਨੂੰ ਘਸੁੰਨ ਜੜਨ ਕਾਰਨ ਉਸ ਦੀ ਮੌਤ ਹੋ ਹਈ ਸੀ। ਇਸ ਕੇਸ ਵਿਚ ਸਿੱਧੂ ਪਹਿਲਾਂ ਸੁਪਰੀਮ ਕੋਰਟ ਦੇ ਇਕ ਬੈਂਚ, ਜਿਸ ਦੀ ਅਗਵਾਈ ਜਸਟਿਸ ਜੇ. ਚੈਲਮੇਸ਼ਵਰ ਕਰ ਰਹੇ ਸਨ, ਦੇ ਮਾਰਚ 15, 2018 ਦੇ ਫੈਸਲੇ 'ਚ ਮਹਿਜ਼ 1000 ਰੁਪਏ ਦੇ ਜੁਰਮਾਨੇ ਨਾਲ ਬਰੀ ਵੀ ਹੋ ਗਿਆ ਸੀ ਪਰ ਫੈਸਲੇ ਦੀ ਨਜ਼ਰਸਾਨੀ ਪਟੀਸ਼ਨ ਉਪਰ ਸੁਣਵਾਈ ਸਮੇਂ ਹੁਣ ਵਾਲੇ ਬੈਂਚ ਨੇ ਇਸ ਜੁਰਮਾਨੇ ਦੇ ਨਾਲ ਇਕ ਸਾਲ ਦੀ ਸਜ਼ਾ ਸੁਣਾ ਦਿੱਤੀ। 20 ਮਈ ਨੂੰ ਸਿੱਧੂ ਨੇ ਕੋਰਟ ਅੱਗੇ ਸਮਰਪਣ ਕਰ ਦਿੱਤਾ ਤੇ ਉਹ ਹੁਣ ਪਟਿਆਲਾ ਜੇਲ੍ਹ ਵਿਚ ਹੈ (ਉਸ ਦਾ ਸਿਆਸੀ ਦੁਸ਼ਮਣ ਬਿਕਰਮ ਮਜੀਠੀਆ ਪਹਿਲਾਂ ਤੋਂ ਹੀ ਓਥੇ ਹੈ)।

ਇੱਥੇ ਅਸੀਂ ਇਸ ਕੇਸ ਬਾਰੇ ਨਹੀਂ ਲਿਖ ਰਹੇ ਕਿਉਂਕਿ ਇਸ ਸਬੰਧੀ ਬਹੁਤ ਕੁਝ ਲਿਖਿਆ ਤੇ ਬੋਲਿਆ ਜਾ ਚੁੱਕੈ। ਅਸੀਂ ਸਿਰਫ ਬੈਂਚ ਵਲੋਂ ਹੱਥਾਂ ਉਪਰ ਕੀਤੀ ਗਈ ਟਿੱਪਣੀ ਤਕ ਹੀ ਸੀਮਤ ਰਹਾਂਗੇ। ਜਜਮੈਂਟ ਲਿਖਦਿਆਂ ਜਸਟਿਸ ਕੌਲ ਨੇ ਕਿਹਾ,'ਮਾਨਵੀ ਹੱਥ ਇਕ ਹਥਿਆਰ ਵਜੋਂ ਵਰਤਿਆ ਜਾ ਸਕਦੈ, ਖਾਸ ਕਰਕੇ ਜਦੋਂ ਇਹ ਹੱਥ ਕਿਸੇ ਬਹੁਤ ਹੀ ਰਿਸ਼ਟ-ਪੁਸ਼ਟ (ਫਿਟ) ਬੰਦੇ ਦਾ ਹੋਵੇ, ਉਹ ਭਾਵੇਂ ਇਕ ਕ੍ਰਿਕਟਰ, ਮੁੱਕੇਬਾਜ਼ ਜਾਂ ਪਹਿਲਵਾਨ ਹੋਵੇ। ਇਸ ਲਈ ਜਦੋਂ ਇਕ 25 ਸਾਲਾ ਬੰਦਾ, ਜੋ ਇਕ ਕੌਮਾਂਤਰੀ ਕ੍ਰਿਕਟਰ ਸੀ, ਆਪਣੇ ਤੋਂ ਦੁੱਗਣੀ ਉਮਰ ਦੇ ਬੰਦੇ ਉਪਰ ਹਮਲਾ ਕਰਦੈ ਅਤੇ ਆਪਣੇ ਖਾਲੀ ਹੱਥਾਂ ਨਾਲ ਹੀ ਪੀੜਤ ਦੇ ਸਿਰ ਉਪਰ ਇਕ ਜ਼ੋਰ ਦਾ ਮੁੱਕਾ ਮਾਰ ਕੇ ਸੱਟ ਲਾ ਦਿੰਦੈ ਤਾਂ ਬੇਇਰਾਦਨ ਕੀਤੇ ਨੁਕਸਾਨ ਦੇ ਨਤੀਜੇ ਵਾਜਿਬਨ ਹੀ ਉਸ ਉਪਰ ਹੋਣਗੇ ਕਿਉਂਕਿ ਤਾਰਕਿਕ ਤੌਰ 'ਤੇ ਉਸ ਨੂੰ ਅਜਿਹਾ ਹੋਣ ਦੀ ਅਗਾਊਂ ਸੂਝ ਹੋਣੀ ਚਾਹੀਦੀ ਸੀ'।

ਬੈਂਚ ਨੇ ਕਿਹਾ ਕਿ ਕੁਝ ਪਹਿਲੂ\ਗੱਲਾਂ ਪਹਿਲੇ ਬੈਂਚ ਨੇ ਨਰਮੀ ਦਿਖਾਉਂਦਿਆ ਨਜ਼ਰਅੰਦਾਜ਼ ਕਰ ਦਿੱਤੀਆਂ ਸਨ ਜਿਨ੍ਹਾਂ ਵਿਚ ਸਿੱਧੂ ਦੀ ਸਰੀਰਕ ਫਿੱਟਨੈਸ, ਕਿਉਂਕਿ ਉਹ ਕੌਮਾਂਤਰੀ ਕ੍ਰਿਕਟਰ ਸੀ, ਲੰਮ-ਝਲੰਮਾ, ਰਿਸ਼ਟ-ਪੁਸ਼ਟ ਸੀ ਅਤੇ ਇਸ ਗੱਲ ਨੂੰ ਭਲੀ-ਭਾਂਤ ਜਾਣਦਾ ਸੀ ਕਿ ਉਸ ਦੇ ਹੱਥ ਦੇ ਮੁੱਕੇ ਵਿਚ ਕਿੰਨੀ ਤਾਕਤ ਹੋਏਗੀ। ਬੈਂਚ ਨੇ ਇਹ ਵੀ ਕਿਹਾ ਕਿ ਸਿੱਧੂ ਇਹ ਨਹੀਂ ਕਹਿ ਸਕਦਾ ਕਿ ਉਸ ਨੂੰ ਘਸੁੰਨ ਦੇ ਅਸਰ ਦਾ ਨਹੀਂ ਸੀ ਪਤਾ ਜਾਂ ਉਹ ਇਸ ਬਾਰੇ ਅਣਜਾਣ ਸੀ।

ਬੈਂਚ ਨੇ ਬੜੀ ਮਹੱਤਵਪੂਰਨ ਟਿੱਪਣੀ ਕਰਦਿਆਂ ਕਿਹਾ, 'ਸਜ਼ਾਵਾਂ ਇਸ ਕਰਕੇ ਨਹੀਂ ਸੁਣਾਈਆਂ ਜਾਂਦੀਆਂ ਕਿ ਜੈਸੇ ਕੋ ਤੈਸਾ ਕਰਨੈ, ਸਗੋਂ ਇਸ ਲਈ ਦਿੱਤੀਆਂ ਜਾਂਦੀਆਂ ਹਨ ਕਿ ਇਨ੍ਹਾਂ ਦਾ ਸਮਾਜ ਉਪਰ ਢੁੱਕਵਾਂ ਪ੍ਰਭਾਵ ਪਵੇ...ਨਾਕਾਫੀ ਸਜ਼ਾ ਦੇਣ ਵੇਲੇ ਕਿਸੇ ਪ੍ਰਕਾਰ ਦੀ ਵੀ ਨਾਵਾਜਬ ਹਮਦਰਦੀ ਨਿਆਂ ਪ੍ਰਣਾਲੀ ਲਈ ਵਧੇਰੇ ਹਾਨੀਕਾਰਕ ਹੋਵੇਗੀ ਅਤੇ ਜਨਤਾ ਦਾ ਕਾਨੂੰਨ ਦੇ ਕਾਰਗਰ ਹੋਣ ਦੇ ਭਰੋਸੇ 'ਚ ਖੋਰਾ ਲੱਗੇਗਾ'।

ਖੈਰ, ਆਪਾਂ ਤਾਂ ਹੱਥਾਂ ਬਾਰੇ ਗੱਲ ਕਰਨੀ ਹੈ। ਅਰਸਤੂ ਹੱਥਾਂ ਨੂੰ ਸੰਦਾਂ ਦੇ ਸੰਦ\ਹਥਿਆਰਾਂ ਦੇ ਹਥਿਆਰ (ਟੂਲਜ਼ ਆਫ ਟੂਲ) ਕਹਿ ਕੇ ਵਡਿਆਉਂਦਾ ਹੈ। ਹੱਥ ਸਰੀਰ ਦਾ ਬੜਾ ਪ੍ਰਗਟਾਵਾਂ ਤੇ ਕਿਰਿਆਸ਼ੀਲ ਅੰਗ ਹੈ। ਇਹ ਸਾਡੇ ਗੁੱਟ ਤੋਂ ਅੱਗੇ ਹੁੰਦੈ ਅਤੇ ਬਾਂਹ ਦਾ ਆਖਰੀ ਹਿੱਸਾ। ਇਹ ਆਸ਼ੀਰਵਾਦ ਦੇਣ ਲਈ ਵੀ ਵਰਤਿਆ ਜਾਂਦੈ। ਸਾਡੇ ਬਜ਼ੁਰਗ ਅਕਸਰ ਧੀਆਂ-ਧਿਆਣੀਆਂ ਦੇ ਸਿਰ ਉਪਰ ਹੱਥ ਰੱਖ ਕੇ ਆਸ਼ੀਰਵਾਦ ਦਿੰਦੇ ਹਨ। ਇਹ ਤਾਕਤ, ਸ਼ਕਤੀ ਅਤੇ ਸੁਰੱਖਿਆ ਦਾ ਪ੍ਰਤੀਕ ਹਨ।



ਪਰ ਇਹ ਦਰਿਆਦਿਲੀ, ਪ੍ਰਾਹੁਣਚਾਰੀ, ਸੇਵਾ ਅਤੇ ਸਥਿਰਤਾ ਦੇ ਵੀ ਲਖਾਇਕ ਹਨ।

ਹੱਥ ਬੜੇ ਸਮਰੱਥ, ਕਾਰਸਾਜ਼ ਅਤੇ ਕ੍ਰਿਸ਼ਮਾਕਾਰੀ ਹੁੰਦੇ ਹਨ। ਮਿਲ ਜਾਣ ਤਾਂ ਮਿੱਤਰਤਾ, ਜੁੜ ਜਾਣ ਤਾਂ ਅਰਦਾਸ\ਅਰਜ਼ੋਈ, ਸਤਿ ਸ੍ਰੀ ਅਕਾਲ\ ਨਮਸਕਾਰ, ਫੈਲ\ਅੱਡੇ ਜਾਣ ਤਾਂ ਮੰਗਤੇ, ਤਣ ਜਾਣ ਤਾਂ ਥੱਪੜ\ਲਾਫਟ, ਮਿਚ ਜਾਣ ਤਾਂ ਮੁੱਠੀ\ਮੁੱਕਾ, ਉਠ ਜਾਣ ਤਾਂ ਬਗਾਵਤ\ਨਾਅਰਾ ਬਣ ਜਾਂਦੇ ਹਨ। ਕਿਸੇ ਦਾ ਹੱਥ ਵਟਾ ਦੇਣ ਤਾਂ ਸਾਂਝ ਬਣ ਜਾਂਦੇ ਹਨ (ਯਾਦ ਹੈ ਨਾ 1957 ਦੀ ਫਿਲਮ 'ਨਯਾ ਦੌਰ' ਦਾ ਗਾਣਾ- 'ਸਾਥੀ ਹਾਥ ਬੜਾਨਾ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ)।

ਹੱਥ ਨਾਲਦੇ ਨਾਲ ਕਿੰਗੜੀ ਪਾ ਲੈਣ ਤਾਂ ਕਿਕਲੀ, ਬਹੁਤੇ ਸਾਰੇ ਮਿਲ ਜਾਣ ਤਾਂ ਮਾਨਵੀ ਕੰਧ, ਤਾੜੀ ਮਾਰ ਦੇਣ ਤਾਂ ਉਡਾਰੀ ਮਰਵਾ ਦੇਣ (ਤਾੜੀ ਮਾਰ ਉਡਾ ਨਾ ਬਾਹੂ ਅਸੀਂ ਖੁਦ ਹੀ ਉਡਣਹਾਰੇ ਹੂ)। ਰਾਹ ਵਿਚ ਕਿਧਰੇ ਪਿਆਸ ਲੱਗ ਜਾਏ ਤਾਂ ਨਲਕੇ\ਟੂਟੀ\ਟਿਊਬਵੈਲ ਤੋਂ ਪਾਣੀ ਪੀਣ ਲਈ ਬੁੱਕ\ਓਕ ਬਣ ਕੇ ਕੱਪ\ਪਿਆਲੇ ਦਾ ਕਾਰਜ ਵੀ ਕਰ ਦਿੰਦੇ ਹਨ। ਕਿਸੇ ਨੂੰ ਉਤਸ਼ਾਹੱਤ ਕਰਨ ਲਈ ਜਾਂ ਕੋਈ ਖੁਸ਼ੀ ਪ੍ਰਗਟ ਕਰਨ ਲਈ ਵੀ ਤਾੜੀਆਂ ਬਣ ਜਾਂਦੇ ਹਨ!

ਭਾਵੇਂ ਇਨ੍ਹਾਂ ਵਿਚ ਸਾਡੀ ਕਿਸਮਤ ਦੀਆਂ ਲਕੀਰਾਂ ਲਿਖੀਆਂ ਸਮਝੀਆਂ ਜਾਂਦੀਆਂ ਹਨ ਪਰ ਸਮਰੱਥਵਾਨ ਹੱਥ ਆਪਣੀ ਕਿਸਮਤ ਦੇ ਘਾੜੇ ਆਪ ਹੁੰਦੇ ਹਨ। ਇਕ ਕਵੀ ਨੇ ਕਿਹੈ, 'ਹੱਥ ਰੇਖਾ ਦੀ ਚਿੰਤਾ ਨਾ ਕਰੋ,\ਹੱਥ ਸਿਰਜਣਹਾਰ ਨੇ ਤਕਦੀਰ ਦੇ'। ਬਾਬਾ ਨਜ਼ਮੀ ਦੀਆਂ ਸਤਰਾਂ ਭਲਾ ਕੌਣ ਭੁੱਲ ਸਕਦੈ:

'ਬੇਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ'।

ਹੱਥ ਨੂੰ ਅੰਗਰੇਜ਼ੀ ਵਿਚ 'ਹੈਂਡ' ਕਹਿੰਦੇ ਹਨ। ਸ਼ਬਦ-ਵਿਗਿਆਨ ਅਨੁਸਾਰ ਇਹ ਸ਼ਬਦ ਮਿਡਲ\ਓਲਡ ਅੰਗਰੇਜ਼ੀ ਦੇ 'ਹੋਂਡ', ਹੈਂਡ, ਪਰੋਟੋ-ਜਰਮੈਨਿਕ ਦੇ 'ਹੈਂਡੂਜ਼', ਸੰਸਕ੍ਰਿਤ ਦੇ 'ਹਸਤ' ਦੇ ਮੂਲ ਤੋਂ ਆਇਆ ਹੈ। ਇਨ੍ਹਾਂ ਜੜ੍ਹਾਂ ਦਾ ਅਰਥ ਪਕੜਨਾ, ਲੈਣਾ, ਇਕੱਤਰ ਕਰਨਾ ਅਦਿ ਹਨ। ਮਹਾਨਕੋਸ਼ ਵਿਚ ਵੀ ਹੱਥ ਦਾ ਮੂਲ ਸੰਸਕ੍ਰਿਤ ਦਾ ਸ਼ਬਦ ਹਸਤ ਹੈ। ਫਾਰਸੀ ਵਿਚ ਇਸ ਨੂੰ ਦਸਤ ਕਹਿੰਦੇ ਹਨ (ਇਹ ਸ਼ਬਦ ਦਸਤਖਤ, ਦਸਤਕਾਰੀ, ਦਸਤਦਰਾਜ਼ੀ, ਦਸਤਬਸਤਾ, ਦਸਤਗੀਰੀ, ਦਸਤਬੋਜ਼ੀ ਆਦਿ ਸ਼ਬਦਾਂ ਦਾ ਮੂਲ ਹੈ)। ਕੋਸ਼ ਵਿਚ ਹੱਥ ਲਈ ਹੋਰ ਸ਼ਬਦ ਹਾਥ, ਕਰ, ਪਾਣਿ, ਦਸਤ ਕੀਤੇ ਗਏ ਹਨ। ਇਕ ਅਰਥ ਪ੍ਰਹਾਰ, ਆਘਾਤ, ਵਾਰ ਵੀ ਕੀਤਾ ਗਿਐ (ਸਿੱਧੂ ਤੇ ਇਹੀ ਅਰਥ ਢੁਕਾਇਆ ਗਿਐ ਲੱਗਦੈ)।

ਹੱਥਾਂ ਨਾਲ ਅਨੇਕਾਂ ਮੁਹਾਵਰੇ-ਅਖਾਣ ਜੁੜੇ ਹਨ, 'ਹੱਥ ਕੰਗਣ ਨੂੰ ਆਰਸੀ ਕੀ', 'ਹੱਥ ਠੂਠਾ ਤੇ ਦੇਸ ਮੋਕਲਾ, ਹੱਥ ਕਾਰ ਵਲ ਦਿਲ ਯਾਰ ਵਲ, ਹੱਥ ਨਾ ਪੱਲੇ ਬਾਜ਼ਾਰ ਖੜ੍ਹੀ ਹੱਲੇ, ਹੱਥ ਨੂੰ ਹੱਥ ਪਛਾਣਦਾ ਹੈ, ਹੱਥ ਪੁਰਾਣੇ ਖੋਸੜੇ ਬਸੰਤੇ ਹੋਰੀਂ ਆਏ, ਹੱਥ ਪੈਰ ਨਰੋਏ ਤੇ ਸਭ ਸੌਦੇ ਹੋਏ, ਹੱਥਗਿਉਂ ਨਾ ਕਿਰਾਂ ਤੇ ਮੁਖਗਿਉਂ ਪਈ ਤਿੜਾਂ, ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਨੇ, ਹੱਥੀਂ ਦੇਈਏ ਹੱਥੀਂ ਲਈਏ, ਹੱਥੀਂ ਬੰਨ੍ਹੀਏ ਪੱਲੇ\ਐਸਾ ਕੋਈ ਨਾ ਦੇਖਿਆ ਜੋ ਪਿਛਿਉਂ ਵੀ ਘੱਲੇ, ਹੱਥਾਂ ਬਾਝ ਕਰਾਰਿਆਂ ਵੈਰੀ ਮਿਤ ਨਾ ਹੋਇ, ਹੱਥ ਦੀ ਹੱਥ ਵਿਚ ਰਹਿ ਗਈ ਮੂੰਹ ਵਿਚ ਰਿਹਾ ਗ੍ਰਾਹ, ਲਖ ਲਾਹਨਤ ਉਸ ਨੂੰ ਸੁਥਰਿਆ, ਜੋ ਦਮ ਦਾ ਕਰੇ ਵਿਸਾਹ, ਹੱਥੋ ਹੱਥ ਨਬੇੜਾ ਨਾ ਝਗੜਾ ਨਾ ਝੇੜਾ, ਹੱਥੀਂ ਲਾਉਂਦਾ ਪੈਰੀਂ ਬੁਝਾਉਂਦਾ ਏ, ਹੱਥ ਅੱਡਣਾ, ਹੱਥ ਚੁੱਕਣਾ, ਹੱਥ ਦੇਣਾ, ਹੱਥ ਚੜ੍ਹਨਾ, ਹੱਥ ਫੜਨਾ, ਹੱਥ ਲਗਣਾ, ਹੱਥ ਪੈਣਾ, ਹੱਥ ਪੈਰ ਮਾਰਨੇ, ਹੱਥ ਪੀਲੇ ਕਰਨੇ, ਹੱਥਾਂ ਪੈਰਾਂ ਦੀ ਪੈ ਜਾਣੀ, ਹੱਥ ਫੇਰ ਜਾਣਾ, ਹੱਥ ਮਲਦੇ ਰਹਿ ਜਾਣਾ, ਹੱਥ ਲਗਣੇ, ਹੱਥ ਧੋ\ਝਾੜ ਕੇ ਮਗਰ\ਪਿੱਛੇ ਪੈ ਜਾਣਾ, ਹੱਥ ਸਾਫ ਕਰਨਾ, ਇਕ ਹੱਥ ਲੈਣਾ ਦੂਜੇ ਹੱਥ ਦੇਣਾ।

ਹੱਥ ਭਾਵੇਂ ਬਰਫੀ ਦੇ ਟੁਕੜੇ ਵਰਗੇ ਕਿਸੇ ਮਹਿਬੂਬਾ ਦੇ ਮਲਾਈਦਾਰ ਹੱਥਾਂ ਵਰਗੇ ਮੁਲਾਇਮ ਹੋਣ ਜਾਂ ਰਕੜ ਜ਼ਮੀਨ ਵਾਂਗ ਸਖਤ ਕਿਸੇ ਕਿਰਤੀ ਦੇ ਰਟਣਾਂ ਵਾਲੇ ਹੱਥਾਂ ਵਰਗੇ, ਜ਼ਿੰਦਗੀ ਨਾਲ ਹੱਥੋ-ਹੱਥੀ ਹੋਇਆਂ ਹੀ ਹੱਥਾਂ ਦੀਆਂ ਲਿਖੀਆਂ ਮਿਟਾਈਆਂ ਜਾ ਸਕਦੀਆਂ ਹਨ। ਦੋ-ਚਾਰ ਹੱਥ ਕਰ ਕੇ ਹੀ ਆਪਣੇ ਹੋਣ ਦੀ ਹੋਂਦ ਦਾ ਅਹਿਸਾਸ ਹੋ ਸਕਦੈ, ਹੋਣੀ ਹਾਣ ਦੀ ਕੀਤੀ ਜਾ ਸਕਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਤਾਂ ਸਾਫ ਫੁਰਮਾਉਂਦੇ ਹਨ, 'ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥ (ਜਦੋਂ ਹੋਰ ਸਾਰੇ ਹੀਲੇ ਅਸਫਲ ਹੋ ਜਾਣ ਤਾਂ ਫਿਰ ਤਲਵਾਰ ਚੁੱਕਣੀ\ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਹੈ)। ਪਰ ਇਹ ਤਲਵਾਰ ਜ਼ੁਲਮ ਅਤੇ ਜਬਰ ਵਿਰੁੱਧ ਅਤੇ ਮਜ਼ਲੂਮ ਦੀ ਰੱਖਿਆ ਲਈ ਚੁੱਕਣੀ ਜਾਇਜ਼ ਹੈ, ਕਿਸੇ ਕਮਜ਼ੋਰ, ਨਿਤਾਣੇ 'ਤੇ ਤਾਂ ਹੱਥ ਵੀ ਨਹੀਂ ਚੁਕਣਾ ਚਾਹੀਦਾ ਕਿਉਂਕਿ ਹੱਥ ਵੀ ਹਥਿਆਰ ਹਨ!


# ਮੀਤ ਹੇਅਰ ਨੂੰ ਕੰਮ ਕਰਨ ਦਿਓ!

ਪੰਜਾਬ ਵਿਚ ਇਹ ਅਕਸਰ ਆਖਿਆ ਜਾਂਦਾ ਹੈ ਕਿ ਸਿੱਖਿਆ ਮੰਤਰੀ ਬਣਨਾ, ਕੰਡਿਆਂ ਦਾ ਤਾਜ ਪਹਿਨਣ ਦੇ ਬਾਰਾਬਰ ਹੈ। ਚਾਹੇ ਕੋਈ ਸਰਕਾਰ ਹੋਵੇ, ਤੇ ਕੋਈ ਵੀ ਸਮਾਂ ਹੋਵੇ, ਸਿੱਖਿਆ ਮੰਤਰੀ ਨੂੰ ਮਾਸਟਰ ਘੇਰਦੇ ਹੀ ਘੇਰਦੇ ਹਨ ਤੇ ਕੰਮ ਕਰਨ ਦਾ ਮੌਕਾ ਹੀ ਨਹੀਂ ਦਿੰਦੇ। ਜਦ ਭਗਵੰਤ ਮਾਨ ਦੀ ਸਰਕਾਰ ਬਣੀ ਤਾਂ ਮੀਤ ਹੇਅਰ ਪੰਜਾਬ ਦੇ ਸਿੱਖਿਆ ਮੰਤਰੀ

**ਨਿੰਦਰ ਘੁਗਿਆਣਵੀ**

ਬਣੇ। ਮਹੀਨਾ ਕੁ ਵਧੀਆ ਲੰਘ ਗਿਆ। ਮਾਸਟਰ ਸ਼ਾਂਤ ਰਹੇ। ਮੀਤ ਹੇਅਰ ਨੌਜਵਾਨ ਹੈ ਤੇ ਠੰਢੇ ਸੁਭਾਓ ਦਾ ਹੋਣ ਕਰਕੇ ਮਾਸਟਰ ਤਬਕੇ ਦੀ ਗੱਲ ਗਹੁ ਨਾਲ ਸੁਣਦਾ ਹੈ। ਉਸਦੇ ਪਿਤਾ ਸ. ਚਮਕੌਰ ਸਿੰਘ ਵੀ ਮਾਸਟਰ ਰਹੇ ਹਨ। ਮਾਸਟਰ ਤਬਕੇ ਨੂੰ ਵੀ ਇਹ ਗੱਲ ਚੰਗੀ ਲੱਗ ਰਹੀ ਸੀ ਕਿ ਮੰਤਰੀ ਉਨ੍ਹਾਂ ਨਾਲ ਹਮਦਰਦੀ ਪੂਰਨ ਵਤੀਰਾ ਰੱਖ ਰਿਹਾ ਹੈ। ਪਰ ਜਲਦੀ ਹੀ ਇਹ ਸਾਰਾ ਏਧਰੋਂ-ਓਧਰ, ਤੇ ਓਧਰੋਂ-ਏਧਰ ਹੁੰਦਾ ਜਾਪਿਆ, ਜਦ ਮਾਸਟਰਾਂ ਦੇ ਧਰਨੇ ਉਹਦੇ ਘਰ ਮੂਹਰੇ ਸ਼ੁਰੂ ਹੋ ਗਏ। ਇਹ ਕੋਈ ਨਵੀਂ ਗੱਲ ਨਹੀਂ ਸੀ ਤੇ ਇਹ ਹੋਣਾ ਹੀ ਸੀ।

ਮੀਤ ਹੇਅਰ ਦੇ ਪਾਸ ਕੇਵਲ ਸਿੱਖਿਆ ਦਾ ਹੀ ਮਹਿਕਮਾ ਨਹੀਂ ਸਗੋਂ ਰਾਜ ਦੀ ਭਾਸ਼ਾ ਪੰਜਾਬੀ ਦਾ ਵੱਕਾਰੀ ਮਹਿਕਮਾ ਹੋਣ ਕਰਕੇ ਹੋਰ ਵੀ ਕਾਰਜ ਕਰਨ ਵਾਲੇ ਪਏ ਹਨ, ਪਰ ਮੈਂ ਵੇਖਿਆ ਹੈ ਕਿ ਉਸਨੂੰ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਉਸਦੀ ਚੰਗੀ ਗੱਲ ਇਹ ਵੀ ਲੱਗ ਰਹੀ ਹੈ ਕਿ ਉਹ ਰੋਜ਼ ਹੀ ਪਿੰਡਾਂ ਦੇ ਸਕੂਲਾਂ ਵਿਚ ਬੱਚਿਆਂ ਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਸੁਣਨ ਜਾਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਵਿਚ ਸਿੱਖਿਆ ਸੁਧਾਰਾਂ ਲਈ ਮੀਤ ਹੇਅਰ ਨੂੰ ਉਤਸ਼ਾਹ ਵੀ ਦੇ ਰਹੇ ਹਨ ਤੇ ਦਿੱਲੀ ਦਾ ਸਿੱਖਿਆ ਸਿਸਟਮ ਵੀ ਮੁੱਖ ਮੰਤਰੀ ਜੀ ਤੇ ਮੰਤਰੀ ਮੀਤ ਹੇਅਰ ਦੇਖ ਆਏ ਹਨ, ਉਹੋ ਜਿਹਾ ਪੰਜਾਬ ਵਿਚ ਕਰਨ ਬਾਰੇ ਵੀ ਸੋਚਿਆ ਜਾ ਰਿਹਾ ਹੈ। ਖੈਰ!



### ਭਾਸ਼ਾ ਦਾ ਮੁੱਦਾ

ਮੈਂ ਦੇਖਿਆ ਕਿ ਮੀਤ ਹੇਅਰ ਬੜੀ ਠੇਠ ਪੰਜਾਬੀ ਬੋਲਦਾ ਹੈ ਸੰਗਰੂਰੀ ਨਿਰੋਲ ਪੰਜਾਬੀ। ਕਦੇ-ਕਦੇ ਚੰਗੀ ਕਿਤਾਬ ਹੱਥ ਲੱਗ ਜਾਏ, ਪੜ੍ਹ ਕੇ ਅਨੰਦ ਲੈਂਦਾ ਹੈ। ਇੱਕ ਦਿਨ ਕਾਫੀ ਸਮਾਂ ਇਕੱਠੇ ਬੈਠੇ ਤਾਂ ਮੈਂ ਇਕ ਲੇਖਕ ਵਜੋਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਮੀਤ ਹੇਅਰ ਨੂੰ ਉਸਦੇ ਅਧੀਨ ਆਉਂਦੇ ਭਾਸ਼ਾ ਵਿਭਾਗ ਬਾਬਤ ਕਾਫੀ ਕੁਝ ਅਪਡੇਟ ਕੀਤਾ। ਭਾਸ਼ਾ ਵਿਭਾਗ ਦਾ ਗੌਰਵਮਈ ਇਤਿਹਾਸ ਵੀ ਦੱਸਿਆ ਤੇ ਮੌਜੂਦ ਹੋਈ ਡਾਵਾਂਡੋਲ ਸਥਿਤੀ ਵੀ। ਇਹ ਵੀ ਦੱਸਿਆ ਕਿ ਭਾਸ਼ਾ ਵਿਭਾਗ ਦਾ ਮੰਤਰੀ ਹੋਣਾ ਆਪ ਦਾ ਇਕ ਮਾਣਮੱਤਾ ਸੁਭਾਗ ਹੈ। ਭਾਸ਼ਾ ਕਿਸੇ ਵੀ ਪ੍ਰਾਂਤ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਜੇ ਇਹੋ ਹੀ ਕਮਜ਼ੋਰ ਪੈ ਗਈ ਤਾਂ ਰਾਜ ਵਿਚ ਭਾਸ਼ਾ ਬਚੇਗੀ ਕਿਥੋਂ? ਮੈਂ ਤੇ ਮੀਤ ਗੱਲਾਂ ਕਰ ਰਹੇ ਸਾਂ ਤਾਂ ਗੱਲੀਂ-ਗੱਲੀਂ ਇਹ ਮਹਿਸੂਸ ਹੋਇਆ ਕਿ ਪੰਜਾਬ ਦੇ ਭਾਸ਼ਾ ਵਿਭਾਗ ਦੀ ਇਸ ਵੇਲੇ ਬਦਤਰ ਹੋ ਚੁੱਕੀ ਹਾਲਤ ਬਾਰੇ ਉਸਨੂੰ ਪਹਿਲਾਂ ਹੀ ਪਤਾ ਹੈ ਤੇ ਉਹ ਕਾਫੀ ਚਿੰਤਤ ਵੀ ਹੈ ਪਰ ਸਿੱਖਿਆ ਵਿਭਾਗ ਦੇ ਅਣਗਿਣਤ ਤੇ ਅਣਸੁਲਝੇ ਬਖੇੜੇ ਸਾਹ ਲੈਣ ਦੇਣ, ਤਾਂ ਹੀ ਉਹ ਕੁਝ ਭਾਸ਼ਾ

## ਮੇਰਾ ਡਾਇਰੀਨਾਮਾ

ਵਿਭਾਗ ਬਾਰੇ ਸੋਚੇ। ਇਥੇ ਇਹ ਗੱਲ ਪਾਸੇ ਸੁੱਟਣ ਵਾਲੀ ਨਹੀਂ ਹੈ ਕਿ ਚਰਨਜੀਤ ਸਿੰਘ ਚੰਨੀ ਦੀ ਕੈਬਨਿਟ ਵਿਚ ਪ੍ਰਗਟ ਸਿੰਘ ਨੂੰ ਸਿੱਖਿਆ ਮੰਤਰੀ ਹੁੰਦੇ ਹੋਏ ਨਾਲ ਨਾਲ ਭਾਸ਼ਾ ਵਿਭਾਗ ਵੀ ਮਿਲਿਆ ਸੀ ਤੇ ਲਗਪਗ ਸੌ ਦਿਨ ਕੰਮ ਕਰਦਿਆਂ ਪ੍ਰਗਟ ਸਿੰਘ ਭਾਸ਼ਾ ਵਿਭਾਗ ਵਾਸਤੇ ਕੁਝ ਚੰਗੇ ਕਾਰਜ ਵੀ ਕਰ ਗਏ। ਉਨ੍ਹਾਂ ਦੇ ਵੱਡੇ ਕਾਰਜਾਂ ਵਿਚ ਲੈਕਚਰਾਰ ਲੇਖਕਾਂ ਤੇ ਕਵੀਆਂ ਨੂੰ ਡੈਪੂਟੇਸ਼ਨ ਉਤੇ ਭਾਸ਼ਾ ਵਿਭਾਗ ਦੇ ਜ਼ਿਲ੍ਹਿਆਂ ਵਿਚ ਖਾਲੀ ਪਏ ਜ਼ਿਲ੍ਹਾ ਭਾਸ਼ਾ ਅਫਸਰਾਂ ਦੇ ਦਫਤਰਾਂ ਵਿਚ ਤਾਇਨਾਤ ਕਰਨਾ ਸੀ। ਹੁਣ ਜ਼ਿਲ੍ਹਾ ਭਾਸ਼ਾ ਅਫਸਰਾਂ ਦੇ ਦਫਤਰਾਂ ਵਿਚ ਕੰਮ ਨੇ ਵੀ ਰਫਤਾਰ ਫੜੀ ਹੈ ਤੇ ਰੌਣਕਾਂ ਵੀ ਲੱਗਣ ਲੱਗੀਆਂ ਹਨ, ਸਿੱਟੇ ਵਜੋਂ ਮੋਹਾਲੀ ਤੇ ਫਰੀਦਕੋਟ ਦੇ ਦਫਤਰ ਵੇਖੇ ਜਾ ਸਕਦੇ ਹਨ, ਪਰ ਫਿਰ ਪੰਜਾਬ ਵਿਚ ਭਾਸ਼ਾ ਸੁਧਾਰਾਂ ਵਾਸਤੇ ਜ਼ਰੂਰੀ ਯਤਨਾਂ ਦੀ ਅਹਿਮ ਲੋੜ ਹੈ ਤੇ ਅਸੀਂ ਭਾਸ਼ਾ ਮੰਤਰੀ ਦਾ ਸਾਥ ਤੇ ਸਹਿਯੋਗ ਦੇਣ ਲਈ ਤਿਆਰ ਹਾਂ। ਇਸ ਵੇਲੇ ਪੰਜਾਬ ਦੇ ਭਾਸ਼ਾ ਵਿਭਾਗ ਦਾ ਡਾਇਰੈਕਟਰ ਹੀ ਨਹੀਂ ਲਾਇਆ ਗਿਆ, ਜੋ ਵਿਭਾਗ ਵਿਚੋਂ ਹੀ ਤਰੱਕੀ ਦੇ ਕੇ ਲਾਉਣਾ ਹੁੰਦਾ ਹੈ। ਬਕਾਇਆ ਪਏ ਕੰਮਾਂ ਦੀ ਸੂਚੀ ਬੜੀ ਲੰਬੀ ਹੈ। ਪੰਜਾਬ ਦੇ ਲੇਖਕ, ਭਾਸ਼ਾ ਪ੍ਰੇਮੀ ਤੇ ਭਾਸ਼ਾ ਨਾਲ ਜੁੜੀਆਂ ਸੰਸਥਾਵਾਂ ਭਾਸ਼ਾ ਮੰਤਰੀ ਮੀਤ ਹੇਅਰ ਤੋਂ ਪੰਜਾਬੀ ਭਾਸ਼ਾ ਪ੍ਰਤੀ ਚੰਗੇ ਤੇ ਨੇਕ ਕਦਮਾਂ ਦੀ ਉਡੀਕ ਵਿਚ ਹਨ।

## ਇਕ ਗੀਤ

ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ
ਵਾਜ ਵੀ ਨਾ ਮਾਰ ਸਕਦੇ
ਡਾਹਢੇ ਮਜਬੂਰ ਆ
ਅੱਖਾਂ ਨਾਲ ਜੋ ਗੁਫ਼ਤਗੂ
ਜੋ ਹੋਈ ਦੱਸੀ ਨਾ ਜਾਵੇ
ਇਨ੍ਹਾਂ ਕਾਫ਼ਰ ਹਵਾਵਾਂ ਨਾਲ
ਝੜੀ ਜਾਂਦਾ ਬੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ....

ਹੁਣ ਸ਼ਰੇਆਮ ਨਾਮ ਤੇਰਾ
ਲੈ ਵੀ ਨਾ ਸਕਦੇ
ਤੇਰੇ ਬਿਨਾ ਤੈਨੂੰ ਪਤੈ ਅਸਾਂ
ਰਹਿ ਵੀ ਨਾ ਸਕਦੇ
ਗੱਲ ਰਾਜ਼ ਵਾਲੀ ਕਿਸੇ
ਕਹਿ ਵੀ ਨਾ ਸਕਦੇ
ਫ਼ਿਕਰਾਂ ਨੇ ਲੁੱਟ ਲਿਆ
ਚਿਹਰਿਆਂ ਦਾ ਨੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ..

ਨਜ਼ਮਾਂ ਨੂੰ ਇਲਮ
ਇਹ ਹਰਫ਼ ਕਿਉਂ ਉਦਾਸ ਨੇ
ਸਾਡੇ ਲਈ ਜੋ ਖਾਸ
ਉਹ ਬਹੁਤਿਆਂ ਦੇ ਖਾਸ ਨੇ
ਟਾਵਾਂ ਹੀ ਸਮਝੇ ਕੋਈ
ਬਹੁਤੇ ਲਾਉਂਦੇ ਕਿਆਸ ਨੇ
ਦਰਦਾਂ ਨੇ ਵਿਹੜਾ ਪੱਕਾ
ਮੱਲਿ੍ਆ ਹਜ਼ੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ..
ਮੁੜ ਮੁੜ ਆਉਣ ਜੋ
ਤੇਰੇ ਖਿਆਲ ਤੰਗ ਕਰਦੇ
ਉਲਝ ਕੇ ਪਹੇਲੀ ਬਣੇ
ਉਹ ਸਵਾਲ ਤੰਗ ਕਰਦੇ
ਲਾਲਪੁਰੀ ਤੇਰੇ ਨਾਵੇਂ ਲਾਏ
ਜੋ ਸਾਲ ਤੰਗ ਕਰਦੇ
ਯਾਦਾਂ ਦਾ ਹਰ ਪਲ ਰਹਿੰਦਾ
ਚੜ੍ਹਿਆ ਸਰੂਰ ਆ
ਜਿੰਨਾ ਦਿਲ ਦੇ ਤੂੰ ਨੇੜੇ
ਹਕੀਕੀ ਓਨਾ ਦੂਰ ਆ

*-ਰਵਿੰਦਰ ਸਿੰਘ ਲਾਲਪੁਰੀ*
*ਫੋਨ: 94634 52261*




**American Sikh Community**

*a partner in Memorial Day celebrations*

WWW.AmericanSikhCommunity.Com



*Request to all religious, cultural and sport organizations to join in the following events to show support for "Sikh Identity" in the main stream.*

American Sikh Community participating in Memorial Day parade in Chicago since 2012. Sikhs contribution in World Wars will be displayed on a float.
**Location: State St & Lake Street Chicago, IL.**
Date: Saturday, **May 28, 2022** Time 12:00PM

The American Sikh Community has formed a partnership with the village of Schaumburg since 2011 in remembering the Sikh Soldiers of World Wars.
**Location: Saint Peter Church**
**202 E. Schaumburg Rd,**
**Schaumburg, IL. 60193**
Date: Monday, **May 30, 2022** Time 10:00AM
*After the Memorial Day observance, you are cordially invited for refreshments. Volunteers are most welcome.*

**Naperville, IL Special Events: First time Memorial Day Parade:**
Monday **May 30, 2022** Time 9:30AM
Assembly @ Centennial Beach 500W Jefferson Ave, Naperville, IL 60540
For more info, contact: Kuldip Singh Sra, Ph. 630-305-3233
Gurmeet Singh Dhaliwal, Ph. 630-947-3686

"In the last two world wars, 83,005 turban-wearing Sikh soldiers died and 109,045 were wounded for the freedom of Britain and the world during shell fire, with n[...] protection but the tu[...] symbol of their faith."
-General Sir Frank



**For further info. contact:**

Dr. Jasbir Kaur Singh Ph: 224-545-0542
S. Thakar Singh Basati Ph: 847-736-6092
S. Rajinderbir Singh Mago Ph: 630-440-7730
Dr. Pardeep Singh Gill Ph: 847-989-5723
S. Iqbal Singh Chopra Ph: 224-338-8070
S. Kuldip Singh Makker Ph: 847-843-2518
S. Sarwan Singh Ph: 224-628-5522
S. Amrik Pal Singh Ph: 312-608-0006
S. Avtar Singh Aulakh 630-935-7370



# ਸਾਡੀ ਲਹਿੰਦੇ ਪੰਜਾਬ ਦੀ ਫੇਰੀ

ਬੜੇ ਅਰਸੇ ਤੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਬਚਪਨ ਦੀ ਚਰਨ ਛੋਹ ਪ੍ਰਾਪਤ ਧਰਤੀ ਦੇ ਦਰਸ਼ਨ ਕਰਨ ਦੀ ਤਾਂਘ ਸੀ। ਹੌਲੀ-ਹੌਲੀ ਇਹ ਤਾਂਘ ਅਸਲੀਅਤ ਦਾ ਰੂਪ ਲੈਣ ਲੱਗ ਪਈ। ਕੁਝ ਦੋਸਤਾਂ, ਪਿਆਰਿਆਂ ਅਤੇ ਹਮ-ਖਿਆਲੀ ਵੀਰਾਂ ਦੇ ਉੱਦਮ ਨਾਲ ਇਸ ਨੂੰ ਜਾਮੀ ਅਮਲਾ ਪਹਿਨਾਉਣ ਦਾ ਮੌਕਾ ਮਿਲਦਾ ਪ੍ਰਤੀਤ ਹੋਣ ਲੱਗਿਆ। ਗੱਲ ਤਕਰੀਬਨ ਮਈ-ਜੂਨ 2021 ਦੀ ਹੈ ਕਿ ਸ. ਪਾਲ ਸਿੰਘ ਪੁਰੇਵਾਲ ਨਾਲ ਇਕ ਦਿਨ ਟੈਲੀਫੋਨ 'ਤੇ ਗੱਲ ਕਰਦਿਆਂ ਵਿਚਾਰ ਕੀਤੀ ਕਿ ਕਿਉਂ ਨਾ ਪਹਿਲੀ ਵਿਸਾਖ ਜੋ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਅਤੇ ਖਾਲਸਾ ਸਾਜਨਾ ਦਿਵਸ ਹੈ, ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ 'ਤੇ ਜਾ ਕੇ ਮਨਾਇਆ ਜਾਵੇ। ਇਹ ਵਿਚਾਰ ਸਾਰਿਆਂ ਨਾਲ ਸਾਂਝਾ ਕੀਤਾ ਅਤੇ ਸਭ ਨੇ ਖੁਸ਼ੀ ਖੁਸ਼ੀ ਵਿਚਾਰਿਆ। ਇਸ ਤਰ੍ਹਾਂ ਸਾਡੀ ਲਹਿੰਦੇ ਪੰਜਾਬ ਨੂੰ ਜਾਣ ਦੀ ਤਿਆਰੀ ਸ਼ੁਰੂ ਹੋਈ।

ਜੇ ਜਥੇ ਦੇ ਰੂਪ ਵਿਚ ਪਾਕਿਸਤਾਨ ਜਾਣਾ ਹੋਵੇ ਤਾਂ ਪਾਕਿਸਤਾਨ ਦਾ ਵੀਜ਼ਾ ਲੈਣ ਵਾਸਤੇ ਖਾਸ ਤਰੀਕਾ ਅਪਨਾਉਣਾ ਪੈਂਦਾ ਹੈ, ਜਿਸ ਤਹਿਤ ਪਾਕਿਸਤਾਨ ਕਾਂਸਲੇਟ ਨਾਲ ਵੀ ਰਾਬਤਾ ਕੀਤਾ ਗਿਆ। ਸ਼ਿਕਾਗੋ ਦੇ ਕੌਂਸਲ ਜਨਰਲ ਸਾਹਿਬ ਨੇ ਇਸ ਵਿਚ ਸਾਡਾ ਕਾਫੀ ਸਾਥ ਦਿੱਤਾ। ਉਨ੍ਹਾਂ ਨਾਲ ਮੁਲਾਕਾਤ ਤੋਂ ਬਾਅਦ ਵੀਜ਼ੇ ਦਾ ਰਸਤਾ ਕਾਫੀ ਸੌਖਾ ਹੋਣ ਲੱਗ ਪਿਆ। ਇਸੇ ਦੌਰਾਨ ਕੈਲੀਫੋਰਨੀਆ ਤੋਂ ਪਾਕਿਸਤਾਨ ਜਾਣ ਵਾਲੇ ਜਥੇ ਦਾ ਇੰਤਜ਼ਾਮ ਕਰਨ ਦੇ ਮਾਹਿਰ, 'ਆਈ ਕੋਬ' (ਇਕ ਓਂਕਾਰ ਬਰਿਜਿਜ਼) ਕੰਪਨੀ ਨਾਲ ਰਾਬਤਾ ਬਣਿਆ। ਬਸ ਫੇਰ ਕੀ ਸੀ, ਇਸ ਕੰਪਨੀ ਨੇ ਸਾਰੇ ਇੰਤਜ਼ਾਮ ਕਰਨ ਦੀ ਜ਼ਿੰਮੇਵਾਰੀ ਲੈ ਲਈ। ਕੰਪਨੀ ਵਲੋਂ ਦੋ ਪੈਕੇਜ ਦਿੱਤੇ ਗਏ। ਇਕ ਸੱਤ ਦਿਨਾਂ ਦਾ ਅਤੇ ਦੂਜਾ ਬਾਰਾਂ ਦਿਨਾਂ ਦਾ ਸੀ। ਅਸੀਂ ਬਾਰਾਂ ਦਿਨ ਦਾ ਵਿਚਾਰ ਬਣਾ ਲਿਆ, ਜਿਸ ਵਿਚ ਜ਼ਿਆਦਾ ਥਾਵਾਂ ਦੇਖਣ ਦਾ ਮੌਕਾ ਮਿਲਿਆ।

ਸਾਡੇ 'ਚੋਂ ਬਹੁਤੇ ਪਰਿਵਾਰਾਂ ਨੇ 5 ਅਪ੍ਰੈਲ ਨੂੰ ਇਕੱਠੇ ਤੁਰਕੀ ਏਅਰ ਲਾਈਨ 'ਤੇ ਜਾਣ ਦਾ ਫੈਸਲਾ ਕੀਤਾ। ਸਾਰਿਆਂ ਦੇ ਚਿਹਰਿਆਂ 'ਤੇ ਖੁਸ਼ੀ ਦੇਖਦੇ ਹੀ ਬਣਦੀ ਸੀ। ਅਖੀਰ ਅਸੀਂ ਸਾਰੇ ਅਪ੍ਰੈਲ 6 ਨੂੰ ਇਸਤਾਂਬੁਲ ਰਾਹੀਂ ਹੁੰਦੇ ਹੋਏ ਸਵੇਰੇ 4 ਵਜੇ ਲਾਹੌਰ ਪਹੁੰਚ ਗਏ। ਇਮੀਗ੍ਰੇਸ਼ਨ ਰਾਹੀਂ ਪਹਿਲ ਦੇ ਆਧਾਰ 'ਤੇ ਸਾਨੂੰ ਬੜੀ ਆਸਾਨੀ ਨਾਲ ਬਣਦੀ ਕਾਰਵਾਈ ਉਪਰੰਤ ਅੱਗੇ ਭੇਜ ਦਿੱਤਾ ਗਿਆ। ਬਾਹਰ ਪਹੁੰਚਣ 'ਤੇ ਆਈ ਕੋਬ ਦੇ ਅਧਿਕਾਰੀਆਂ ਨੇ ਆਪਣੀ ਟੀਮ ਨਾਲ ਸਾਡਾ ਸਾਰਿਆਂ ਦਾ ਬੜਾ ਨਿੱਘਾ ਸਵਾਗਤ ਕੀਤਾ। ਸਾਨੂੰ ਸਾਰਿਆਂ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਅਸੀਂ ਸਾਰੇ ਇਕ ਮਿਨੀ ਬੱਸ ਰਾਹੀਂ ਹੋਟਲ ਵਿਚ ਪਹੁੰਚੇ। ਤੜਕਾ ਹੋਣ ਕਰਕੇ ਹੋਟਲ ਦੇ ਕਮਰੇ ਲੈਣ ਵਿਚ ਥੋੜ੍ਹਾ ਸਮਾਂ ਲੱਗਿਆ ਪਰ 22 ਘੰਟੇ ਦੀ ਲੰਬੀ ਉਡਾਣ ਤੋਂ ਸਾਰੇ ਥੱਕੇ ਹੋਣ ਕਰਕੇ, ਨਾਸ਼ਤੇ ਵੱਲ ਨੂੰ ਮੂੰਹ ਕਰ ਲਿਆ। ਹੋਟਲ ਦਾ ਨਾਸ਼ਤਾ ਬਹੁਤ ਹੀ ਅੱਵਲ ਦਰਜੇ ਦਾ ਸੀ। ਇਹ ਹੋਟਲ ਲਾਹੌਰ ਦਾ ਸਭ ਤੋਂ ਵਧੀਆ ਹੋਟਲ ਮੰਨਿਆ ਜਾਂਦਾ ਹੈ। ਰਿਹਾਇਸ਼ੀ ਕਮਰੇ ਵੀ ਬਹੁਤ ਖੁੱਲ੍ਹੇ, ਸਾਫ ਅਤੇ ਆਰਾਮ ਭਰਪੂਰ ਸਨ। ਸਾਰਾ ਸਟਾਫ ਬਹੁਤ ਹੀ ਅਦਬ ਅਤੇ ਪਿਆਰ ਸਹਿਤ ਪੇਸ਼ ਆਉਂਦਾ ਸੀ।

**ਪਹਿਲਾ ਦਿਨ:** ਦੁਪਹਿਰ ਤੋਂ ਬਾਅਦ ਅਸੀਂ ਬੱਸ ਵਿਚ ਬੈਠ ਕੇ ਲਾਹੌਰ ਦੀਆਂ ਸੜਕਾਂ ਅਤੇ ਗਲੀਆਂ ਦੇਖਣ ਲਈ ਚੱਲ ਪਏ। ਵੰਡ ਤੋਂ ਪਹਿਲਾਂ ਦੇ ਰਈਸ ਸਿੱਖ ਪਰਿਵਾਰਾਂ ਵਲੋਂ ਬਣਾਈਆਂ ਇਮਾਰਤਾਂ ਹਾਲੇ ਵੀ ਮੌਜੂਦ ਹਨ ਜਿਵੇਂ ਕਿ ਬਾਵਾ ਡਿੰਗਾ ਸਿੰਘ ਇਮਾਰਤ, ਸੁਰਜੀਤ ਇਮਾਰਤ, ਦਿਆਲ ਸਿੰਘ ਮੈਨਸ਼ਨ ਆਦਿ। ਮਹਾਰਾਜਾ ਰਣਜੀਤ ਸਿੰਘ ਵਲੋਂ ਮੁਲਤਾਨ ਦੀ ਜੰਗ ਵਿਚ ਅਤੇ ਭੰਗੀ ਮਿਸਲ ਵਲੋਂ ਵਰਤੀ ਜ਼ਮਜ਼ਮਾ ਤੋਪ ਵੀ ਇਕ ਚੁਰਾਹੇ ਦੀ ਸ਼ਾਨ ਬਣੀ ਖੜ੍ਹੀ ਹੈ।

ਉਸ ਤੋਂ ਬਾਅਦ ਦਿਨ ਢਲਣ ਤੋਂ ਪਹਿਲਾਂ ਪਹਿਲਾਂ ਅਸੀਂ ਬਾਦਸ਼ਾਹੀ ਮਸਜਿਦ, ਹਜ਼ੂਰੀ ਬਾਗ਼ ਵੱਲੋਂ ਹੁੰਦੇ ਹੋਏ ਰੋਸ਼ਨਾਈ ਦਰਵਾਜ਼ਾ, ਜਿੱਥੇ ਕੰਵਰ ਨੌਨਿਹਾਲ ਸਿੰਘ ਨੂੰ ਇਕ ਸਾਜ਼ਿਸ਼ ਤਹਿਤ ਲੋਹੇ ਦਾ ਛੱਜਾ ਸੁੱਟ ਕੇ ਕਤਲ ਕੀਤਾ ਗਿਆ ਸੀ, ਵੀ ਦੇਖਣ ਗਏ। ਇਸ ਦੇ ਨਾਲ ਹੀ ਗੁਰੂ ਅਰਜਨ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਰਾਵੀ ਦਰਿਆ ਦੇ ਕੰਢੇ 'ਤੇ ਸਥਾਪਿਤ ਗੁਰਦੁਆਰਾ ਡੇਰਾ ਸਾਹਿਬ ਦੇ ਦਰਸ਼ਨ ਕਰਨ ਦਾ ਮੌਕਾ ਵੀ ਮਿਲਿਆ। ਇਸ ਸਮੇਂ ਰਾਵੀ ਦਰਿਆ ਇਸ ਸਥਾਨ ਤੋਂ 3-4 ਕਿਲੋਮੀਟਰ ਦੀ ਦੂਰੀ 'ਤੇ ਵਹਿ ਰਿਹਾ ਹੈ। ਇਸ ਸਮੇਂ ਗੁਰਦੁਆਰਾ ਡੇਰਾ ਸਾਹਿਬ ਵਿਖੇ ਕਾਰ ਸੇਵਾ ਹੋ ਰਹੀ ਹੈ। ਇਸ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਲ ਖੜਕ ਸਿੰਘ ਅਤੇ ਨੌਨਿਹਾਲ ਸਿੰਘ ਦੀਆਂ ਸਮਾਧਾਂ ਵੀ ਹਨ।





ਜਥੇ ਦੇ ਪਹਿਲੇ ਤੇ ਦੂਜੇ ਦਿਨ ਦੀ ਯਾਤਰਾ ਦੀਆਂ ਕੁਝ ਯਾਦਗਾਰੀ ਤਸਵੀਰਾਂ

**ਦੂਜਾ ਦਿਨ:** ਅਗਲੇ ਦਿਨ ਵੀ ਲਾਹੌਰ ਦੇਖਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਪ੍ਰਿੰਸੈਸ ਬਾਮਬਾ (ਸਦਰਲੈਂਡ), ਜੋ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸੀ, ਦੀ ਕਬਰ ਦੇਖਣ ਨੂੰ ਮਿਲੀ। ਯਾਦ ਰਹੇ ਕਿ ਪ੍ਰਿੰਸੈਸ ਬਾਮਬਾ ਨੂੰ ਬਰਤਾਨਵੀਆਂ ਨੇ ਈਸਾਈ ਧਰਮ ਵਿਚ ਤਬਦੀਲ ਕਰ ਦਿੱਤਾ ਸੀ ਅਤੇ ਉਸਦਾ ਵਿਆਹ ਵੀ ਇਕ ਈਸਾਈ ਬਰਤਾਨਵੀ ਨਾਲ ਕੀਤਾ ਸੀ। ਉਸ ਤੋਂ ਬਾਅਦ ਅਗਲਾ ਪੜਾਅ ਲਾਹੌਰ ਮਿਊਜ਼ੀਅਮ ਦਾ ਸੀ, ਜਿੱਥੇ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਾਜ ਦਾ ਇਕ ਖਾਸ ਹਿੱਸਾ ਬਣਿਆ ਹੋਇਆ ਹੈ। ਇਸ ਵਿਚ ਮਹਾਰਾਜੇ ਦੇ ਸਮੇਂ ਦੇ ਬਹੁਤ ਖਾਸ ਦਸਤਾਵੇਜ਼, ਬਾਦਸ਼ਾਹੀ ਪੋਸ਼ਾਕਾਂ, ਸਿੱਕੇ ਅਤੇ ਹੋਰ ਬਹੁਤ ਵਡਮੁੱਲੇ ਅਤੇ ਬਹੁਤ ਸੋਹਣੀਆਂ ਪੇਂਟਿੰਗਜ਼ ਦੇਖਣ ਨੂੰ ਮਿਲਦੀਆਂ ਹਨ। ਇਸ ਮਿਊਜ਼ੀਅਮ ਨੂੰ ਪੂਰੀ ਤਫ਼ਸੀਲ ਨਾਲ ਦੇਖਣ ਲਈ ਕਈ ਦਿਨਾਂ ਦਾ ਸਮਾਂ ਚਾਹੀਦਾ ਹੈ।

ਇਸ ਦੇ ਨਾਲ ਹੀ ਸਾਨੂੰ ਇਸਲਾਮੀਆ ਕਾਲਜ, ਜਿਸ ਦਾ ਪੁਰਾਤਨ ਨਾਮ ਡੀ ਏ ਵੀ ਕਾਲਜ ਸੀ, ਵਿਖੇ ਜਾਣ ਦਾ ਮੌਕਾ ਮਿਲਿਆ। ਇਸ ਸਥਾਨ 'ਤੇ, ਕਾਲਜ ਦੀ ਹਦੂਦ ਵਿਚ ਹੀ ਮਹਾਰਾਜੇ ਦੀਆਂ ਤਿੰਨ ਮਹਾਰਾਣੀਆਂ, ਰਾਣੀ ਚਾਂਦ ਕੌਰ, ਦਾਤਾਰ ਕੌਰ ਅਤੇ ਸਾਹਿਬ ਕੌਰ ਦੀਆਂ ਸਮਾਧਾਂ ਵੀ ਹਨ। ਇੱਥੇ ਹੀ ਸਾਨੂੰ ਇਸਲਾਮੀਆ ਕਾਲਜ ਦੇ ਪ੍ਰਿੰਸੀਪਲ ਡਾ. ਅਖਤਰ ਸੰਧੂ ਨਾਲ ਮੁਲਾਕਾਤ ਦਾ ਮੌਕਾ ਵੀ ਮਿਲਿਆ। ਉਨ੍ਹਾਂ ਨੇ ਰੋਜ਼ੇ ਹੋਣ ਦੇ ਬਾਵਜੂਦ ਸਾਡੀ ਸੇਵਾ ਵਿਚ ਕੋਈ ਕਮੀ ਨਹੀਂ ਛੱਡੀ। ਉਨ੍ਹਾਂ ਨੇ ਸਿੱਖ ਰਾਜ ਉਪਰ ਪੀ. ਐੱਚਡੀ ਦਾ ਥੀਸਿਸ ਲਿਖਿਆ ਹੈ, ਸਮਾਂ ਬਹੁਤ ਥੋੜ੍ਹਾ ਹੋਣ ਕਰਕੇ ਬਹੁਤੀ ਗੱਲਬਾਤ ਨਾ ਹੋ ਸਕੀ। ਇਸ ਸਭ ਤੋਂ ਇਕ ਗੱਲ ਤਾਂ ਜ਼ਾਹਿਰ ਹੈ ਕਿ ਸਿੱਖ ਇਤਿਹਾਸ ਨੂੰ ਜਾਨਣ ਵਾਲੇ ਅਤੇ ਇਸ ਨਾਲ ਜੁੜੇ ਬਹੁਤਾਤ ਸੋਮੇ ਲਹਿੰਦੇ ਪੰਜਾਬ ਵਿਚ ਹੀ ਹਨ। ਇਸ ਵਾਸਤੇ ਇਕ ਖਾਸ ਉੱਦਮ ਕਰਨ ਦੀ ਲੋੜ ਹੈ ਤਾਂ ਜੋ ਸਿੱਖ ਇਤਿਹਾਸ ਦੀ ਖੋਜ ਅਤੇ ਇਸ ਦਾ ਬਚਾਅ ਕਰ ਸਕੀਏ। ਬਾਕੀ ਦਾ ਦਿਨ ਅਸੀਂ ਸਾਰਿਆਂ ਨੇ ਲਾਹੌਰ ਕਿਲ੍ਹੇ, ਜੋ ਕਿ ਸਿੱਖ ਰਾਜ ਦਾ ਅਹਿਮ ਕੇਂਦਰ ਹੈ, ਵਿਚ ਹੀ ਗੁਜ਼ਾਰਿਆ। ਇੱਥੇ ਸਾਨੂੰ ਇੱਥੋਂ ਦੇ ਕਿਊਰੇਟਰ ਅੰਜੁਮ ਦਾਰਾ ਜੀ ਨੇ ਖਾਸ ਮੇਜ਼ਬਾਨੀ ਨਾਲ ਨਿਵਾਜਿਆ। ਅੰਜੁਮ ਦਾਰਾ ਜੀ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕੁਝ ਸਮਾਂ ਪਹਿਲਾਂ ਸੰਗਤ ਦੇ ਰੂਬਰੂ ਹੋਏ ਸਨ। ਲਾਹੌਰ ਕਿਲ੍ਹੇ ਵਿਚ ਮਹਾਰਾਣੀ ਜਿੰਦਾਂ ਦੀ ਹਵੇਲੀ, ਮਹਾਰਾਜਾ ਦਾ ਨਿਜ਼ਾਮੀ ਪ੍ਰਬੰਧ, ਦੀਵਾਨੇ ਆਮ ਅਤੇ ਦੀਵਾਨੇ ਖਾਸ ਦੇ ਨਾਲ-ਨਾਲ ਸ਼ਾਹੀ ਬਾਗ ਦੇਖਣ ਨੂੰ ਮਿਲਦੇ ਹਨ। ਕਿਲ੍ਹੇ ਦੇ ਅੰਦਰ ਮਿਊਜ਼ੀਅਮ ਵੀ ਸਥਿਤ ਹੈ ਜਿੱਥੇ ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀਆਂ ਹੋਈਆਂ ਬਹੁਤ ਸੋਹਣੀਆਂ ਪੇਂਟਿੰਗਜ਼ ਅਤੇ ਸਿੱਖ ਫੌਜਾਂ ਵਲੋਂ ਵਰਤੇ ਗਏ ਹਥਿਆਰਾਂ ਦਾ ਵੱਡਾ ਜ਼ਖੀਰਾ ਹੈ।

(ਚਲਦਾ)

*-ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰ ਕੇ ਆਏ ਜਥੇ ਦੀ ਰਿਪੋਰਟ*

## ਕਾਵਿ ਕਿਆਰੀ

### ਧੀ ਦੀ ਹੂਕ



**ਦੇਵਿੰਦਰ ਕੌਰ ਧਾਲੀਵਾਲ**

ਮਾਤਾ ਗਊ ਤੋਂ ਵੱਛਾ ਖੋਹਦੇ,
ਮਾਂ ਦੀ ਕੁੱਖ 'ਚੋਂ ਧੀ ਨੂੰ,
ਪੱਥਰਾਂ ਨੂੰ ਖੁਦ ਪੂਜਣ ਵਾਲੇ,
ਪੱਥਰ ਸਮਝਣ ਧੀ ਨੂੰ।

ਲੱਖਾਂ ਧੀਆਂ ਅੱਗ 'ਚ ਸੜਦੀਆਂ,
ਕੀ ਕੀ ਜ਼ੁਲਮ ਨਹੀਂ ਹੋਇਆ,
ਪੜ੍ਹ ਕੇ ਖ਼ਬਰਾਂ ਮੁੱਖ ਸਫ਼ੇ 'ਤੇ,
ਦਿਲ ਦਾ ਪੰਛੀ ਰੋਇਆ।

ਢੇਰ ਦਾ ਕੂੜਾ ਢੇਰੀ ਸੁੱਟਣਾ,
ਇਹੀ ਖ਼ਿਤਾਬ ਨੇ ਦਿੰਦੇ,
ਜ਼ਿਮੀਂਦਾਰ ਅਖਵਾਉਣ ਵਾਲੇ,
ਧੀ ਨੂੰ ਜ਼ਮੀਨ ਨਾ ਦਿੰਦੇ।

ਚਾਰ ਕੁ ਲੀਰਾਂ ਦੇ ਕੇ ਤੋਰਨ,
ਸੁਹਰੇ ਦਿੰਦੇ ਤਾਹਨੇ।
ਦਾਜ ਦਾਜ ਦਾ ਰੌਲਾ ਪਾਉਂਦੇ,
ਆਪਣੇ ਬਣੇ ਬਿਗਾਨੇ।

ਪੁੱਤ ਪੀਵੇ ਬਦਾਮ ਦੇ ਬੱਤੇ,
ਧੀ ਲਈ ਹਉਕੇ ਭਰਦੇ।
ਧੀ ਨੂੰ ਪਿਉ ਦੀ ਪਗੜੀ ਆਖਣ।
ਪੁੱਤ ਨੇ ਖਾਂਦੇ ਜਰਦੇ।
ਭੈਣ ਸਦਾ ਭਰਾ ਦਾ ਸੋਚੇ,
ਕੀ ਕੀ ਸਿਤਮ ਉਠਾਉਂਦੀ।
ਇਕ ਭੈਣ ਭਰਾ ਲਈ ਦੇਖੀ,
ਜੇਲ੍ਹੀਂ ਚੱਕਰ ਖਾਂਦੀ।

ਬਾਹਰੋਂ ਆਇਆ ਮੁੰਡਾ ਸੁਣ ਕੇ
ਧੀ ਦਾ ਰਿਸ਼ਤਾ ਕਰਦੇ।
ਇਕ ਅੱਧਾ ਖੇਤ ਵੇਚ ਕੇ,
ਵਿਆਹ ਦਾ ਸੌਦਾ ਕਰਦੇ।

ਮੌਜ ਲਵਾਂਗੇ ਟੱਬਰ ਸਾਰਾ,
ਵਿਚ ਜਹਾਜ਼ੇ ਚੜ੍ਹ ਕੇ,
ਧੀ ਦਾ ਦਿਲ ਨਾ ਜਾਣੇ ਕੋਈ,
ਹੌਲ ਨੇ ਪੈਂਦੇ ਪੜ੍ਹ ਕੇ।

ਦਿਲੋਂ ਕੁਆਰੀਆਂ ਉਂਵ ਵਿਆਹੀਆਂ,
ਕਈਆਂ ਕੋਲ਼ ਨੇ ਬੱਚੇ,
ਬਾਹਰਲੇ ਲਾੜੇ, ਪੰਛੀ ਉੱਡ ਗਏ,
ਕਿੰਝ ਕੋਈ ਪੈੜਾਂ ਨੱਪੇ।

ਧੀਆਂ ਵਾਲਿਓ! ਘਰ ਨੂੰ ਮੁੜ ਜਾਓ,
ਹੋਰ ਉਲਝ ਜਾਊ ਤਾਣੀ,
ਚੁੱਲ੍ਹੇ ਤੁਹਾਡੇ ਅੱਗ ਨਹੀਂ ਰਹਿਣੀ,
ਘੜੇ ਨਹੀਂ ਰਹਿਣਾ ਪਾਣੀ।

ਬੀਤ ਗਏ ਪਲ ਹੱਥ ਨਹੀਂ ਆਉਣੇ,
ਕਹਿ ਗਏ ਕਈ ਸਿਆਣੇ,
ਰਹਿੰਦੀ ਖੂੰਹਦੀ ਇੱਜ਼ਤ ਲੁੱਟ ਜੂ,
ਵਿਚ ਕਚਿਹਰੀਆਂ, ਥਾਣੇ।

ਚੀਸ ਦਿਲਾਂ ਦੀ ਮਹਿਰਮ ਜਾਣੇ,
ਰਹਿ ਗਏ ਕੱਲੇ ਕੱਲੇ।
ਕਦੇ ਨੀ ਮੁੜਦੇ ਦਿੱਤੇ ਹੋਏ,
ਮੁੰਦੀਆਂ ਛਾਪਾਂ ਛੱਲੇ।

ਇਹੀ ਪੈਸਾ ਲਾ ਕੇ ਜੇਕਰ,
ਧੀ ਪੜ੍ਹਾਈ ਕਰਦੀ,
ਤਰ ਜਾਣੀਆਂ ਸੀ ਕਈ ਕੁੱਲਾਂ,
ਧੀ ਨਾ ਮਰਦੀ ਘਰ ਦੀ।

*-ਦੇਵਿੰਦਰ ਕੌਰ ਧਾਲੀਵਾਲ*
*ਕੈਲੀਫੋਰਨੀਆ*

---

### ਰੂਪ ਦੀਏ ਰਾਣੀਏ ਨੀ !

ਮੱਥਾ ਤੇਰਾ ਪੁੰਨਿਆ ਦਾ ਚੰਨ ਜਾਪੇ,
ਬੋਲ ਤੇਰੇ ਨਿਰੇ ਮਿਸ਼ਰੀ ਰਸ ਘੋਲ।
ਰੰਗ ਤੇਰਾ ਜਿਉਂ ਪੱਕੇ ਅੰਬ ਸੰਧੂਰੀ,
ਭਖਦਾ ਬਦਨ ਤਪੇ ਤੰਦੂਰ ਨਿਰੋਲ।

ਗਰਦਨ ਸੂਲ ਸੁਰਾਹੀ ਜੇਹੀ ਲੰਬੀ,
ਗੱਲ੍ਹੀਂ ਟੋਏ ਠੋਡੀ ਉੱਤੇ ਕਾਲਾ ਮੋਲ।
ਹੋਠ ਤੇਰੇ ਜਿਉਂ ਦੋ ਫੁੱਲ ਗੁਲਾਬੀ,
ਗੱਲ੍ਹਾਂ ਕਸ਼ਮੀਰੀ ਸੇਬ ਜਿਉਂ ਗੋਲ।

ਨੈਣ ਡੂੰਘੇ ਡੱਲ ਝੀਲ ਪਾਣੀ ਜਿਹੇ,
ਅਰਸ਼ੋਂ ਪਰੀ ਉੱਤਰ ਆ ਬੈਠੀ ਕੋਲ।
ਦੰਦ ਚਿੱਟੇ ਨੇ ਚੰਬੇ ਦੀਆਂ ਕਲੀਆਂ,
ਕੰਗਨ ਕਾਇਆ ਇਤਿਹਾਸ ਭੂਗੋਲ।

ਅੰਗ ਅੰਗ ਵਿਚ ਲੋਹੜੇ ਦੀ ਫੁਰਤੀ,
ਨਸ ਨਸ ਦੀ ਨ ਬੱਸ ਗਾਥਾ ਫੋਲ।
ਕਾਲੀਆਂ ਜ਼ੁਲਫ਼ਾਂ ਘਟਾ ਸਾਵਣ ਦੀ,
ਮੁੱਖ ਕਮਲ ਉੱਤੋਂ ਸੂਰਤ ਅਣਭੋਲ।

ਤੋਰ ਮਸਤਾਨੀ ਜਾਪੇ ਹੜ੍ਹ ਦਾ ਪਾਣੀ,
ਬੇਕਾਬੂ ਖਹਿੰਦੀ ਠਾਠਾਂ ਮਾਰੇ ਝਕੋਲ
ਵਸਲੋਂ ਉਰੇ ਮੁਕਾਮ ਨਾ ਤੇਰਾ ਕੋਈ,
ਰੂਪ ਦੀਏ ਰਾਣੀਏ ਨਖਰੇ ਅਨਮੋਲ।

ਨਿਰੀ ਪੁਰੀ ਤੂੰ ਹੁਸਨਾਂ ਦੀ ਮਲਕਾ,
ਜਾਣੋ ਲਿਆਂਦੀ ਸਵਰਗ 'ਚੋਂ ਟੋਲ,
ਜਨਮ ਦੇਵੇਂ ਤੂੰ ਗੁਰੂ ਪੀਰ ਫ਼ਕੀਰਾਂ,
ਰਾਜੇ ਮਹਾਰਾਜੇ ਸੂਰਬੀਰ ਸੁਡੌਲ।

ਕਾਦਰ ਮੂਰਤ ਲੱਗੇ ਆਪ ਸਵਾਰੀ,
ਬੈਠ ਕਿਸੇ ਕੁੰਦਰੇ ਵਕਤ ਕਰੋਲ।
ਹੋਰ ਕੀ ਕਰਾਂ ਦੱਸ ਸਿਫ਼ਤ ਤੇਰੀ ਮੈਂ,
ਨੂਰਪੁਰੀ ਕਿਤੇ ਮੰਦਾ ਜਾਵੇ ਨ ਬੋਲ।

*-ਸੇਵਾ ਸਿੰਘ 'ਨੂਰਪੁਰੀ'*

# ਮਹਿੰਗਾਈ ਵਿਚ ਇੰਨਾ ਤਿੱਖਾ ਵਾਧਾ ਕਿਉਂ?

ਦਵਿੰਦਰ ਸ਼ਰਮਾ

ਜਦੋਂ ਚਾਰ ਮਈ ਨੂੰ ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਪ੍ਰੋਗਰਾਮ (ਐਫ.ਏ.ਓ.) ਦੇ ਡਾਇਰੈਕਟਰ ਜਨਰਲ ਡਾ. ਚੂ ਡੌਂਗਯੂ ਨੇ ਇਹ ਆਖਿਆ ਸੀ ਕਿ ਰਿਕਾਰਡ 19 ਕਰੋੜ 30 ਲੱਖ ਲੋਕਾਂ ਨੂੰ ਅਤਿ ਦੀ ਭੁੱਖਮਰੀ ਤੇ ਖੁਰਾਕ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਅਸਲ ਵਿਚ ਉਹ ਕੌਮਾਂਤਰੀ ਭਾਈਚਾਰੇ ਦਾ ਧਿਆਨ ਇਸ ਗੱਲ ਵੱਲ ਖਿੱਚਣ ਦਾ ਯਤਨ ਕਰ ਰਹੇ ਸਨ ਕਿ ਕਿਵੇਂ ਦੇਹਾਤੀ ਕਿਰਤ ਦੀ ਬਰਬਾਦੀ ਕਰ ਕੇ ਗਰੀਬ ਜਨਤਾ ਨੂੰ ਭੁੱਖਮਰੀ ਦੀ ਰੇਖਾ ਤੋਂ ਹੇਠਾਂ ਧੱਕ ਦਿੱਤਾ ਗਿਆ ਹੈ।

ਦਰਅਸਲ, ਕਈਆਂ ਦਾ ਮੰਨਣਾ ਹੈ ਕਿ ਦੁਨੀਆ ਪਹਿਲਾਂ ਹੀ ਤੀਜੇ ਆਲਮੀ ਖੁਰਾਕ ਸੰਕਟ ਦੀ ਲਪੇਟ ਵਿਚ ਆ ਚੁੱਕੀ ਹੈ। ਹੰਢਣਸਾਰ ਖੁਰਾਕ ਪ੍ਰਣਾਲੀਆਂ ਬਾਰੇ ਮਾਹਿਰਾਂ ਦੇ ਕੌਮਾਂਤਰੀ ਪੈਨਲ (ਆਈ.ਪੀ.ਈ.ਐਸ.-ਫੂਡ) ਨੇ 'ਐਨਦਰ ਪਰਫੈਕਟ ਸਟੌਰਮ' (ਇਕ ਹੋਰ ਮਹਾਤੂਫਾਨ) ਵਿਚ ਯੂਕਰੇਨ ਉੱਤੇ ਰੂਸੀ ਹਮਲੇ ਕਰ ਕੇ ਪੈਦਾ ਹੋ ਰਹੀ ਖੁਰਾਕ ਦੀ ਸੰਕਟ ਵਾਲੀ ਹਾਲਤ ਨੂੰ ਮੁਖਾਤਬ ਹੋਣ ਅਤੇ ਇਹ ਜਵਾਬ ਲੱਭਣ ਦਾ ਯਤਨ ਕੀਤਾ ਹੈ ਕਿ ਕਿਵੇਂ ਖੁਰਾਕ ਪ੍ਰਣਾਲੀਆਂ ਵਿਚ ਸੁਧਾਰ ਲਿਆਉਣ ਦੀ ਨਾਕਾਮੀ ਕਰ ਕੇ ਪਿਛਲੇ 15 ਸਾਲਾਂ ਦੌਰਾਨ ਤੀਜਾ ਆਲਮੀ ਖੁਰਾਕ ਸੰਕਟ ਪੈਦਾ ਹੋ ਰਿਹਾ ਹੈ। 2007-08 ਦੇ ਪਹਿਲੇ ਆਲਮੀ ਖੁਰਾਕ ਸੰਕਟ ਵੇਲੇ ਜਦੋਂ ਆਲਮੀ ਖੁਰਾਕ ਪੈਦਾਵਾਰ ਵਿਚ ਕੋਈ ਕਮੀ ਨਾ ਹੋਣ ਦੇ ਬਾਵਜੂਦ 37 ਦੇਸ਼ਾਂ ਅੰਦਰ ਖੁਰਾਕੀ ਵਸਤਾਂ ਲਈ ਦੰਗੇ ਭੜਕ ਪਏ ਸਨ, ਤੋਂ ਲੈ ਕੇ ਹੁਣ ਤੱਕ ਦੁਨੀਆ ਨੇ ਕੋਈ ਸਬਕ ਨਹੀਂ ਸਿੱਖਿਆ।

ਯੂਕਰੇਨ ਜੰਗ ਤੋਂ ਪਹਿਲਾਂ ਹੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਨਵੀਆਂ ਉਚਾਈਆਂ ਛੂੰਹਦਿਆਂ 2007-08 ਦੇ ਖੁਰਾਕ ਸੰਕਟ ਦੇ ਦਿਨਾਂ ਦੀ ਸਿਖਰ ਤੇ ਪੁੱਜ ਗਈਆਂ ਸਨ। ਐਫ.ਏ.ਓ. ਦਾ ਖੁਰਾਕ ਕੀਮਤ ਸੂਚਕ ਅੰਕ ਫਰਵਰੀ ਮਹੀਨੇ ਚੜ੍ਹ ਕੇ 140.7 ਅੰਕਾਂ ਤੇ ਪਹੁੰਚ ਗਿਆ ਸੀ ਜੋ ਇਸ ਤੋਂ ਇਕ ਸਾਲ ਪਹਿਲਾਂ ਦੇ ਮੁਕਾਬਲੇ 20.7 ਫੀਸਦ ਜ਼ਿਆਦਾ ਸੀ। ਮੱਕਾ, ਦਾਲਾਂ, ਬਨਸਪਤੀ ਤੇਲ, ਨਰਮੇ, ਸੋਇਆਬੀਨ, ਖੰਡ ਆਦਿ ਦੀਆਂ ਕੀਮਤਾਂ ਵਿਚ ਵਾਧਾ ਦੇਖਣ ਨੂੰ ਮਿਲ ਰਿਹਾ ਸੀ।

ਦੂਜੇ ਸ਼ਬਦਾਂ ਵਿਚ, ਜੰਗ ਦੇ ਦਿਨਾਂ ਤੋਂ ਪਹਿਲਾਂ ਹੀ ਖੁਰਾਕੀ ਕੀਮਤਾਂ ਵਿਚ ਰਿਕਾਰਡ ਵਾਧਾ ਸ਼ੁਰੂ ਹੋ ਗਿਆ ਸੀ ਤੇ ਦੁਨੀਆ ਨਵੇਂ ਖੁਰਾਕ ਸੰਕਟ ਵੱਲ ਵਧ ਰਹੀ ਸੀ। ਅਫਸੋਸ, ਜਿਨ੍ਹਾਂ ਕਾਰਨਾਂ ਕਰ ਕੇ ਪਹਿਲਾ ਖੁਰਾਕ ਸੰਕਟ ਪੈਦਾ ਹੋਇਆ ਸੀ, ਉਨ੍ਹਾਂ ਢਾਂਚਾਗਤ ਕਾਰਨਾਂ ਨੂੰ ਮੁਖਾਤਬ ਹੋਣ ਵਿਚ ਨਾਕਾਮੀ ਕਰ ਕੇ ਇਕ ਹੋਰ ਸੰਕਟ ਦਾ ਮੁੱਢ ਬੱਝ ਗਿਆ। ਆਈ.ਪੀ.ਈ.ਐਸ.-ਫੂਡ ਦੇ ਕੋ-ਚੇਅਰ ਓਲਿਵਰ ਡੀ ਸ਼ੂਟਰ ਨੇ ਆਖਿਆ, "ਨਵੀਂ ਪੀੜ੍ਹੀ ਨੂੰ ਖੁਰਾਕ ਦੀ ਕਿੱਲਤ ਦਾ ਇਕ ਵਾਰ ਫਿਰ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਲਗਦਾ ਹੈ ਕਿ ਜਿਵੇਂ ਪਿਛਲੇ ਖੁਰਾਕ ਸੰਕਟ ਤੋਂ ਲੈ ਕੇ ਹੁਣ ਤੱਕ ਕੋਈ ਸਬਕ ਨਹੀਂ ਲਿਆ ਗਿਆ।" ਇਸੇ ਪੈਨਲ ਦੀ ਵਾਈਸ ਚੇਅਰ ਜੈਨੀਫਰ ਕਲੈਪ ਨੇ ਆਖਿਆ, "ਸਬੂਤਾਂ ਤੋਂ ਪਤਾ ਲੱਗਿਆ ਹੈ ਕਿ ਵਿੱਤੀ ਸੱਟੇਬਾਜ਼ ਜਿਣਸਾਂ ਦੇ ਨਿਵੇਸ਼ ਵਿਚ ਦਾਖਲ ਹੋ ਰਹੇ ਹਨ ਅਤੇ ਵਧਦੀਆਂ ਖੁਰਾਕ ਕੀਮਤਾਂ 'ਤੇ ਸੱਟੇਬਾਜ਼ੀ ਹੋ ਰਹੀ ਹੈ ਅਤੇ ਇਸ ਨਾਲ ਦੁਨੀਆ ਦੇ ਸਭ ਤੋਂ ਵੱਧ ਗਰੀਬ ਲੋਕ ਭੁੱਖਮਰੀ ਦੀ ਕਤਾਰ ਵਿਚ ਧੱਕੇ ਜਾ ਰਹੇ ਹਨ।" ਇਸ ਤੋਂ ਪਹਿਲਾਂ ਜੀ-7 ਦੇ ਖੇਤੀਬਾੜੀ ਮੰਤਰੀਆਂ ਦੀ ਮੀਟਿੰਗ ਵਿਚ ਵਾਅਦਾ ਬਾਜ਼ਾਰਾਂ 'ਤੇ ਨਜ਼ਰ ਰੱਖਣ ਅਤੇ ਸੱਟੇਬਾਜ਼ੀ ਦੇ ਅਮਲ ਖਿਲਾਫ ਕਾਰਵਾਈ ਕਰਨ ਬਾਰੇ ਵਿਚਾਰ ਚਰਚਾ ਕੀਤੀ ਸੀ ਪਰ ਇਸ ਤੋਂ ਬਾਅਦ ਵੀ ਜਿਣਸਾਂ ਦੇ ਬਾਜ਼ਾਰ ਵਿਚ ਸੱਟੇਬਾਜ਼ੀ 'ਤੇ ਪਾਬੰਦੀ ਤਾਂ ਕੀ ਲੱਗਣੀ ਸੀ ਸਗੋਂ ਇਸ ਨੂੰ ਠੱਲ੍ਹ ਵੀ ਨਾ ਪਈ।



ਜਦੋਂ 2007-08 ਦਾ ਖੁਰਾਕ ਸੰਕਟ ਹੋਇਆ ਸੀ ਤਾਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੂੰ ਜਾਣਕਾਰੀ ਦਿੱਤੀ ਗਈ ਕਿ ਬੇਤਹਾਸ਼ਾ ਜਿਣਸਾਂ ਦਾ ਵਾਅਦਾ ਵਪਾਰ ਤੇ ਸੱਟੇਬਾਜ਼ੀ ਕਰ ਕੇ ਕੌਮਾਂਤਰੀ ਕੀਮਤਾਂ ਚੜ੍ਹ ਰਹੀਆਂ ਹਨ। ਇਸੇ ਤਰ੍ਹਾਂ, ਖੁਰਾਕ ਸੰਕਟ ਵਿਚ ਵਾਅਦਾ ਵਪਾਰ ਦੀ ਤਿੰਨ ਚੁਥਾਈ ਹਿੱਸੇਦਾਰੀ ਸੀ। ਅਮਰੀਕਾ ਵਿਚ 'ਡੈਮੋਕਰੇਸੀ ਨਾਓ' ਦੇ ਪਾਪੂਲਰ ਟੀ.ਵੀ. ਸ਼ੋਅ ਵਿਚ ਇਸ ਦਾ ਖੁਲਾਸਾ ਕੀਤਾ ਗਿਆ ਕਿ ਕਿਵੇਂ ਸੱਟੇਬਾਜ਼ੀ ਜ਼ਰੀਏ ਖੇਤੀ ਕਾਰੋਬਾਰੀ ਕੰਪਨੀਆਂ ਹੱਥ ਰੰਗ ਰਹੀਆਂ ਹਨ ਜਦਕਿ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਆਲਮੀ ਖੁਰਾਕ ਪੈਦਾਵਾਰ ਵਿਚ ਕੋਈ ਕਮੀ ਨਹੀਂ ਆਈ ਪਰ ਤਾਂ ਵੀ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਸਾਰੀਆਂ ਵੱਡੀਆਂ ਖੁਰਾਕ ਕੰਪਨੀਆਂ ਦੇ ਵਾਰੇ ਨਿਆਰੇ ਹੋ ਰਹੇ ਹਨ।

ਲਾਈਟਹਾਊਸ ਰਿਪੋਰਟਸ ਦੇ ਅਧਿਐਨ ਦੇ ਆਧਾਰ 'ਤੇ 'ਦਿ ਵਾਇਰ' ਵਿਚ ਨਸ਼ਰ ਹੋਈ ਰਿਪੋਰਟ (6 ਮਈ) ਵਿਚ ਦਰਸਾਇਆ ਗਿਆ ਹੈ ਕਿ "ਜਿਣਸ ਮੰਡੀਆਂ ਵਿਚ ਨਿਵੇਸ਼ ਫੰਡਾਂ ਤੇ ਫਰਮਾਂ ਵਲੋਂ ਕੀਤੀ ਜਾ ਰਹੀ ਬੇਤਹਾਸ਼ਾ ਸੱਟੇਬਾਜ਼ੀ ਕਰ ਕੇ ਕੀਮਤਾਂ ਵਧ ਰਹੀਆਂ ਹਨ।" ਇਸ ਤੋਂ ਇਹੀ ਪਤਾ ਲੱਗਦਾ ਹੈ ਕਿ ਪਿਛਲੇ ਖੁਰਾਕ ਸੰਕਟਾਂ ਤੋਂ ਕੋਈ ਸਬਕ ਨਹੀਂ ਲਿਆ। ਪਾਏਦਾਰ ਖੁਰਾਕ ਪ੍ਰਣਾਲੀਆਂ ਦਾ ਮੁੜ ਨਿਰਮਾਣ ਕਰਨ ਅਤੇ ਖੁਰਾਕੀ ਆਤਮ-ਨਿਰਭਰਤਾ ਨੂੰ ਹੱਲਾਸ਼ੇਰੀ ਦੇਣ ਦੀ ਬਜਾਇ ਤੇਜ਼ ਤਰਾਰ ਆਲਮੀ ਬਾਜ਼ਾਰ ਤੰਤਰ ਨੂੰ ਵਧਾਉਣ ਦੇ ਯਤਨ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਮਤਲਬ ਹੈ ਕਿ ਬਾਜ਼ਾਰੀ ਸ਼ਕਤੀਆਂ ਨੂੰ ਖੁੱਲ੍ਹੀ ਛੋਟ ਦੇ ਦਿੱਤੀ ਜਾਵੇ। ਇਸ ਨਾਲ ਸਾਰਾ ਧਿਆਨ ਕੌਮਾਂਤਰੀ ਖੇਤੀ ਸਪਲਾਈ ਚੇਨਾਂ ਉਸਾਰਨ 'ਤੇ ਤਬਦੀਲ ਹੋ ਗਿਆ ਹੈ ਜਿਸ ਕਰ ਕੇ ਮੁੱਠੀ ਭਰ ਕੰਪਨੀਆਂ 'ਤੇ ਨਿਰਭਰਤਾ ਵਧ ਗਈ ਹੈ ਅਤੇ ਉਹ ਜਦੋਂ ਜੀਅ ਹੁੰਦਾ ਕੀਮਤਾਂ ਡੇਗ ਜਾਂ ਚੜ੍ਹਾ ਦਿੰਦੀਆਂ ਹਨ।

'ਦਿ ਗਾਰਡੀਅਨ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੁਨੀਆ ਦੀ ਸਭ ਤੋਂ ਵੱਡੀਆਂ ਖੁਰਾਕ ਕੰਪਨੀਆਂ ਵਿਚੋਂ ਇਕ ਕਰਗਿਲ ਨੇ ਇਸ ਸਾਲ ਰਿਕਾਰਡ ਮੁਨਾਫਾ ਕਮਾਇਆ ਹੈ ਤੇ ਇਸੇ ਤਰ੍ਹਾਂ ਦੋ ਹੋਰ ਵੱਡੀਆ ਕੰਪਨੀਆਂ- ਏ.ਡੀ.ਐਮ. ਅਤੇ ਬੰਜ ਨੇ ਵੀ ਖੂਬ ਕਮਾਈ ਕੀਤੀ ਹੈ। ਕੁਝ ਦੇਰ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਟਿੱਪਣੀ ਕੀਤੀ ਸੀ: "ਬਹੁਤ ਸਾਰੀਆਂ ਸਨਅਤਾਂ ਵਿਚ ਮੁੱਠੀ ਭਰ ਕੰਪਨੀਆਂ ਦਾ ਦਬਦਬਾ ਕਾਇਮ ਹੋ ਗਿਆ ਹੈ ਤੇ ਅਕਸਰ ਹੀ ਉਹ ਉਨ੍ਹਾਂ ਦੇ ਮੁਕਾਬਲੇ ਦੀਆਂ ਛੋਟੀਆਂ ਕੰਪਨੀਆਂ ਨੂੰ ਨਿਚੋੜ ਸੁੱਟਦੀਆਂ ਹਨ ਤੇ ਨਵੇਂ ਉਦਮੀਆਂ ਨੂੰ ਆਉਣ ਤੋਂ ਡੱਕ ਦਿੰਦੀਆਂ ਹਨ ਜਿਸ ਨਾਲ ਅਰਥਚਾਰੇ ਦੀ ਗਤੀਸ਼ੀਲਤਾ ਮਾਂਦ ਪੈ ਜਾਂਦੀ ਹੈ, ਉਨ੍ਹਾਂ ਕੰਪਨੀਆਂ ਨੂੰ ਕੀਮਤਾਂ ਵਧਾਉਣ ਦੀ ਖੁੱਲ੍ਹੀ ਛੂਟ ਮਿਲ ਜਾਂਦੀ ਹੈ, ਖਪਤਕਾਰਾਂ ਲਈ ਰਾਹ ਸੀਮਤ ਹੋ ਜਾਂਦੇ ਹਨ ਤੇ ਕਾਮਿਆਂ ਦਾ ਸ਼ੋਸ਼ਣ ਹੁੰਦਾ ਹੈ।" ਉਨ੍ਹਾਂ ਇਸ ਮਾਮਲੇ ਵਿਚ ਪਸ਼ੂ-ਧਨ ਸਨਅਤ ਦੀ ਮਿਸਾਲ ਦਿੱਤੀ ਹੈ ਜੋ ਇਸ ਵੇਲੇ ਚਾਰ ਵੱਡੀਆਂ ਕੰਪਨੀਆਂ ਦੇ ਹੱਥਾਂ ਵਿਚ ਆ ਗਈ ਹੈ ਤੇ ਉਹ ਆਪਣੀ ਮਰਜ਼ੀ ਨਾਲ ਬਾਜ਼ਾਰ ਦੇ ਭਾਅ ਮਿੱਥ ਰਹੀਆਂ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਜੀਆਘਾਤ ਕੀਮਤ ਨੀਤੀਆਂ ਅਪਣਾਏ ਜਾਣ 'ਤੇ ਕੋਈ ਰੌਲਾ ਨਹੀਂ ਪੈ ਰਿਹਾ।

ਵਾਅਦਾ ਵਪਾਰ ਸਰਗਰਮੀਆਂ 'ਚ ਨਿਵੇਸ਼ ਫੰਡਾਂ ਦੀ ਗਿਣਤੀ ਕਾਫੀ ਵਧੀ ਹੈ ਜਦਕਿ ਪਤਾ ਚੱਲਿਆ ਹੈ ਕਿ ਦਸਾਂ ਵਿਚੋਂ ਘੱਟੋ-ਘੱਟ ਸੱਤ ਖਰੀਦਦਾਰ ਕਣਕ ਦੇ ਵਾਅਦਾ ਵਪਾਰ ਕਰਨ ਲੱਗੇ ਹੋਏ ਸਨ। ਇਸੇ ਕਰ ਕੇ ਹੈਰਾਨੀ ਦੀ ਗੱਲ ਨਹੀਂ ਕਿ ਸੰਸਾਰ ਬੈਂਕ ਮੁਤਾਬਕ ਖੇਤੀਬਾੜੀ ਜਿਣਸਾਂ ਦਾ ਕੀਮਤ ਸੂਚਕ ਅੰਕ ਸਾਲ ਪਹਿਲਾਂ ਦੀਆਂ ਕੀਮਤਾਂ ਮੁਕਾਬਲੇ 41 ਫੀਸਦ ਵਧ ਚੁੱਕਿਆ ਹੈ। ਕਣਕ ਦੀਆਂ ਕੀਮਤਾਂ ਵਿਚ 60 ਫੀਸਦ ਅਤੇ ਮੱਕੇ ਦੀਆਂ ਕੀਮਤਾਂ ਵਿਚ 54 ਫੀਸਦ ਵਾਧਾ ਹੋਇਆ ਹੈ।

ਉਂਝ, ਇਸ ਤੋਂ ਖੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਅਤੇ ਸੱਟੇਬਾਜ਼ੀ ਵਿਚਕਾਰ ਕਿਸੇ ਸਿੱਧੇ ਜੋੜ ਦਾ ਸੰਕੇਤ ਨਹੀਂ ਮਿਲਦਾ ਪਰ ਇਸ ਤੋਂ ਭਾਰਤ ਵਿਚ ਵੱਧ ਤੋਂ ਵੱਧ ਸੰਭਵ ਹੱਦ ਤੱਕ ਕਣਕ ਬਰਾਮਦ ਕਰਨ ਲਈ ਵਧ ਰਹੀ ਵਪਾਰਕ ਰੁਚੀ ਵੱਲ ਇਸ਼ਾਰਾ ਮਿਲਦਾ ਹੈ। ਯਕੀਨਨ ਵਪਾਰੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਬੇਰੋਕ ਢੰਗ ਨਾਲ ਬਰਾਮਦਾਂ ਦੀ ਖੁੱਲ੍ਹ ਮਿਲੇ। ਅਜੇ ਉਨ੍ਹਾਂ ਨੂੰ ਹੋਰ ਜ਼ਿਆਦਾ ਮੁਨਾਫੇ ਕਮਾਉਣ ਦੀ ਉਮੀਦ ਹੈ।

ਖੁਰਾਕੀ ਵਸਤਾਂ ਦੀਆਂ ਆਲਮੀ ਕੀਮਤਾਂ ਵਿਚ ਵਾਧਾ ਹੋਣ ਨਾਲ ਸਭ ਤੋਂ ਵੱਧ ਮਾਰ ਗਰੀਬ ਮੁਲਕਾਂ 'ਤੇ ਪਈ ਹੈ ਅਤੇ ਨਾਲ ਹੀ ਦਰਾਮਦਾਂ ਮਹਿੰਗੀਆਂ ਹੋ ਗਈਆਂ ਹਨ। ਸੂਡਾਨ ਤੋਂ ਲੈ ਕੇ ਅਫਗਾਨਿਸਤਾਨ ਤੱਕ ਕਰੀਬ 53 ਗਰੀਬ ਮੁਲਕਾਂ ਨੂੰ ਖੁਰਾਕ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਐਫ.ਏ.ਓ.' ਨੇ ਆਖਿਆ ਸੀ, "ਇਹ ਅਜਿਹੀ ਭੁੱਖਮਰੀ ਹੈ ਜੋ ਅਕਾਲ ਦਾ ਰੂਪ ਧਾਰ ਕੇ ਵੱਡੇ ਪੱਧਰ ਤੇ ਮੌਤਾਂ ਦਾ ਸਬਬ ਬਣ ਸਕਦੀ ਹੈ।" ਹਾਲਾਂਕਿ ਕੁਝ ਮੁਲਕਾਂ ਨੂੰ ਲਗਾਤਾਰ ਟਕਰਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਤਾਂ ਵੀ ਪਿਛਲੇ ਕਈ ਸਾਲਾਂ ਤੋਂ ਹੋਰਨਾਂ ਮੁਲਕਾਂ ਨੂੰ ਖੁਰਾਕ ਦੇ ਰੂਪ ਵਿਚ ਆਤਮ-ਨਿਰਭਰ ਹੋਣ ਲਈ ਕੋਈ ਖਾਸ ਕੌਮਾਂਤਰੀ ਯਤਨ ਨਹੀਂ ਕੀਤੇ ਗਏ। ਇਸੇ ਤਰ੍ਹਾਂ, ਖੇਤਰੀ ਖੁਰਾਕ ਭੰਡਾਰ ਕਾਇਮ ਕਰਨ ਦਾ ਸਿਲਸਿਲਾ ਵੀ ਸ਼ੁਰੂ ਨਹੀਂ ਹੋ ਸਕਿਆ ਜਿਨ੍ਹਾਂ ਰਾਹੀਂ ਖੁਰਾਕ ਦੀ ਸਪਲਾਈ ਵਿਚ ਆਉਣ ਵਾਲੀ ਕਮੀ ਨਾਲ ਸਿੱਝਿਆ ਜਾ ਸਕਦਾ ਸੀ। ਹਾਲਾਂਕਿ ਖੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਲਈ ਜੰਗ, ਜਲਵਾਯੂ ਤਬਦੀਲੀ, ਗਰੀਬੀ ਅਤੇ ਆਰਥਿਕ ਸੰਕਟਾਂ ਜਿਹੇ ਕਾਰਨਾਂ ਨੂੰ ਜ਼ਿੰਮੇਵਾਰ ਗਿਣਿਆ ਜਾਂਦਾ ਹੈ ਪਰ ਖੁਰਾਕ ਦੀਆਂ ਦਰਾਮਦਾਂ 'ਤੇ ਲੋੜੋਂ ਵੱਧ ਨਿਰਭਰਤਾ ਦੇ ਪਹਿਲੂ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਰੂਸ-ਯੂਕਰੇਨ ਖਿੱਤੇ ਵਲੋਂ 30 ਮੁਲਕਾਂ ਨੂੰ ਕਣਕ ਸਪਲਾਈ ਕੀਤੀ ਜਾਂਦੀ ਹੈ, ਖੁਰਾਕ ਦਰਾਮਦ ਕਰਨ ਵਾਲੇ ਇਨ੍ਹਾਂ 'ਚੋਂ ਜ਼ਿਆਦਾਤਰ ਮੁਲਕ ਕਿਸੇ ਵੀ ਸੂਰਤ 'ਚ ਆਤਮ-ਨਿਰਭਰ ਬਣ ਸਕਦੇ ਹਨ। ਇਸ ਦਾ ਇਹੀ ਸਬਕ ਹੈ।

# ਕਿਰਤ ਦੀ ਬੇਕਦਰੀ

ਸ਼ੀਰੀਂ

ਮਨੁੱਖੀ ਕਿਰਤ ਨੇ ਇਸ ਧਰਤੀ 'ਤੇ ਵਸੇ ਸੰਸਾਰ ਦਾ ਰੂਪ ਘੜਿਆ ਹੈ, ਅਮੁੱਕ ਦੌਲਤ ਸਿਰਜੀ ਹੈ ਅਤੇ ਬ੍ਰਹਿਮੰਡ ਅੰਦਰ ਆਪਣੀ ਹੋਂਦ ਦੀ ਛਾਪ ਲਾਈ ਹੈ। ਜੰਗਲਾਂ ਨੂੰ ਖੇਤਾਂ, ਮਿੱਟੀ ਨੂੰ ਇਮਾਰਤਾਂ, ਧਾਤਾਂ ਨੂੰ ਔਜ਼ਾਰਾਂ ਵਿਚ ਪਲਟ ਦੇਣ ਵਾਲੀ ਇਹ ਕਿਰਤ ਇਤਿਹਾਸ ਦੇ ਕਾਲ ਚੱਕਰ ਦੌਰਾਨ ਸਦੀ ਦਰ ਸਦੀ, ਨਿਜ਼ਾਮ ਦਰ ਨਿਜ਼ਾਮ ਆਪਣੇ ਹਕੀਕੀ ਰੁਤਬੇ ਅਤੇ ਸ਼ਾਨ ਤੋਂ ਵਾਂਝੇ ਰਹਿਣ ਦਾ ਸੰਤਾਪ ਹੰਢਾਉਂਦੀ ਆਈ ਹੈ। ਇਤਿਹਾਸ ਦੇ ਇੱਕ ਮੋੜ ਉੱਤੇ ਇਸ ਦੀ ਜਿਣਸ ਵਜੋਂ ਸਥਾਪਤੀ ਨੇ ਇਸ ਦੀ ਲੁੱਟ ਖਸੁੱਟ ਦਾ ਅਜਿਹਾ ਪ੍ਰਬੰਧ ਸਿਰਜਿਆ ਹੈ ਜੋ ਇਸ ਦੀ ਬੇਪਨਾਹ ਸਮਰੱਥਾ ਦੇ ਖੰਭਾਂ ਨੂੰ ਕੁਤਰ ਸੁੱਟਦਾ ਹੈ।

ਪੂੰਜੀਵਾਦ ਪ੍ਰਬੰਧ ਦੇ ਵਿਕਾਸ ਕਰਕੇ ਸਾਮਰਾਜਵਾਦ ਵਿਚ ਤਬਦੀਲ ਹੋਣ ਅਤੇ ਭਾਰਤ ਵਰਗੇ ਆਰਥਿਕ ਸਮਾਜਿਕ ਢਾਂਚਿਆਂ ਅੰਦਰ ਇਸ ਦੇ ਨਵ-ਬਸਤੀਵਾਦੀ ਰੂਪ ਵਿਚ ਲਾਗੂ ਹੋਣ ਦੌਰਾਨ ਇਹ ਲੁੱਟ ਖਸੁੱਟ ਨਵੇਂ ਤੋਂ ਨਵੇਂ ਪਸਾਰ ਗ੍ਰਹਿਣ ਕਰਦੀ ਗਈ। ਸਾਡਾ ਮੁਲਕ ਵੀ ਕਿਰਤ ਦੀ ਲੁੱਟ ਦੇ ਇਨ੍ਹਾਂ ਨਵੇਂ ਪਸਾਰਾਂ ਲਈ ਜ਼ਮੀਨ ਬਣਿਆ ਹੋਇਆ ਹੈ। ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਤੋਂ ਬਾਅਦ ਦਾ ਦੌਰ ਇਸ ਪੱਖੋਂ ਬੇਹੱਦ ਕਾਲਾ ਰਿਹਾ ਹੈ। ਇਸ ਦੌਰ ਨੇ ਲੋਕਾਂ ਦੇ ਕਿਰਤ ਅਧਿਕਾਰਾਂ 'ਤੇ ਵੱਡਾ ਝਪਟਾ ਮਾਰਿਆ ਹੈ। ਮੁਲਕ ਦੀ ਪੂੰਜੀ ਅਤੇ ਸੋਮਿਆਂ ਦਾ ਮੁਹਾਣ ਮੁਲਕ ਤੋਂ ਬਾਹਰ ਵੱਲ ਹੋਇਆ ਹੈ ਅਤੇ ਇਸ ਦੇ ਮਾਲ ਖਜ਼ਾਨਿਆਂ ਦੀਆਂ ਬਰਕਤਾਂ ਆਪਣੇ ਲੋਕਾਂ ਕੋਲੋਂ ਖੁੱਸੀਆਂ ਹਨ ਜਿਸ ਸਦਕਾ ਲੋਕਾਂ ਦੀ ਖਰੀਦ ਸ਼ਕਤੀ ਸੁੰਗੜੀ ਹੈ।

ਪਿਛਲੇ ਸਮੇਂ ਤੋਂ ਮੁਲਕ ਸੰਸਾਰ ਦੇ ਸਭ ਤੋਂ ਸਸਤੇ ਮੁਲਕਾਂ ਵਿਚ ਸ਼ੁਮਾਰ ਹੈ। ਇਸ ਦਾ ਕਾਰਨ ਸਸਤੀ ਕਿਰਤ ਸ਼ਕਤੀ ਹੈ ਜੋ ਪੈਦਾ ਹੋ ਰਹੀਆਂ ਚੀਜ਼ਾਂ ਦੀ ਕੀਮਤ ਨੀਵੀਂ ਰੱਖਦੀ ਹੈ। ਸਸਤੀ ਕਿਰਤ ਸ਼ਕਤੀ ਮਨੁੱਖੀ ਕੀਮਤ ਅਦਾ ਕਰਕੇ ਹਾਸਲ ਕੀਤੀ ਜਾਂਦੀ ਹੈ। ਮਨੁੱਖੀ ਉਮਰ, ਸਿਹਤ, ਵਿਕਾਸ, ਸਮਰੱਥਾ ਤੇ ਸੰਭਾਵਨਾਵਾਂ ਦੀ ਬਲੀ ਦੇ ਕੇ ਹਾਸਲ ਕੀਤੀ ਜਾਂਦੀ ਹੈ। ਬਹੁਗਿਣਤੀ ਲੋਕਾਂ ਦੀ ਸੰਸਾਰ ਅੰਦਰ ਆਪਣਾ ਮੌਲਿਕ ਯੋਗਦਾਨ ਪਾਉਣ ਦੀ ਸਮਰੱਥਾ ਨੂੰ ਮਰੁੰਡ ਕੇ ਹਾਸਲ ਕੀਤੀ ਜਾਂਦੀ ਹੈ। ਮਨੁੱਖ ਨੂੰ ਉਸ ਦੀ ਖਾਸੀਅਤ ਤੋਂ ਵਾਂਝਿਆਂ ਕਰਕੇ ਕੀਤੀ ਜਾਂਦੀ ਹੈ। ਮਨੁੱਖ ਨੂੰ ਹੋਰਨਾਂ ਜਾਨਵਰਾਂ ਤੋਂ ਵਖਰਿਆਉਣ ਵਾਲੀ ਉਸ ਦੀ ਖਾਸੀਅਤ ਉਸ ਦੀ ਸੋਚਣ, ਸਮਝਣ, ਕਲਪਨਾ ਕਰਨ, ਘਟਨਾਵਾਂ ਦਾ ਵਿਸ਼ਲੇਸ਼ਣ ਕਰਨ ਅਤੇ ਸੰਸਾਰ ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰੱਥਾ ਹੈ। ਹਰ ਮਨੁੱਖ ਆਪਣੀ

ਖਾਸੀਅਤ ਮੁਤਾਬਕ, ਆਪਣੀ ਵਿਸ਼ੇਸ਼ ਬੌਧਿਕ ਸਮਰੱਥਾ, ਯੋਗਤਾ ਅਤੇ ਰੁਚੀਆਂ ਮੁਤਾਬਿਕ ਇਸ ਸੰਸਾਰ ਦੀ ਨੁਹਾਰ ਨੂੰ ਬਿਹਤਰ ਬਣਾਉਣ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ ਪਰ ਇਹ ਪ੍ਰਬੰਧ ਬਹੁਗਿਣਤੀ ਲੋਕਾਂ ਨੂੰ ਮਹਿਜ਼ ਦੋ ਵਕਤ ਦੀ ਰੋਟੀ ਦੇ ਆਹਰ ਵਿਚ ਉਲਝਾ ਕੇ ਰੱਖਦਾ ਹੈ। ਉਸ ਦੀਆਂ ਜੀਵਨ ਸਰਗਰਮੀਆਂ ਨੂੰ ਜੂਨ ਗੁਜ਼ਾਰੇ ਦੇ ਓਹੜ ਪੋਹੜ ਤਕ ਸੀਮਤ ਕਰਦਾ ਹੈ। ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੇ ਗੇੜ ਵਿਚ ਹੀ ਉਸ ਦੀਆਂ ਸਮਰੱਥਾਵਾਂ ਬੰਨ੍ਹ ਕੇ ਰੱਖਦਾ ਹੈ। ਇਹ ਪ੍ਰਬੰਧ ਮਨੁੱਖ ਵਜੋਂ ਸੰਸਾਰ ਨੂੰ ਘੋਖਣ, ਸਮਝਣ ਅਤੇ ਬਿਹਤਰੀ ਲਈ ਬਦਲਣ ਦਾ ਸਮਾਂ ਉਸ ਕੋਲੋਂ ਚੋਰੀ ਕਰ ਲੈਂਦਾ ਹੈ।

ਨਵੀਆਂ ਆਰਥਿਕ ਨੀਤੀਆਂ ਨੇ ਇਸ ਚੋਰੀ ਅਤੇ ਲੁੱਟ ਨੂੰ ਨਵਾਂ ਪਸਾਰ ਦਿੱਤਾ ਹੈ। ਇਨ੍ਹਾਂ ਨੀਤੀਆਂ ਨੇ ਸਮਾਜਿਕ ਸੁਰੱਖਿਆ ਦੀ ਜ਼ਾਮਨੀ ਵਾਲਾ ਪੱਕਾ ਰੁਜ਼ਗਾਰ ਖਤਮ ਕੀਤਾ ਹੈ। ਅੱਜ ਮੁਲਕ ਅੰਦਰ ਬਹੁਗਿਣਤੀ ਲੋਕ ਗੈਰ-ਜਥੇਬੰਦ ਖੇਤਰ ਵਿਚ ਕੰਮ ਕਰਦੇ ਹਨ। ਕੌਮਾਂਤਰੀ ਕਿਰਤ ਜਥੇਬੰਦੀ ਦੀ ਰਿਪੋਰਟ (2018) ਮੁਤਾਬਿਕ ਇਹ ਗਿਣਤੀ 81% ਬਣਦੀ ਹੈ। ਜੇ ਇਸ ਅੰਦਰ ਜਥੇਬੰਦ ਖੇਤਰ ਵਿਚ ਕੰਮ ਕਰਨ ਵਾਲੇ ਠੇਕਾ ਕਾਮਿਆਂ ਨੂੰ ਜੋੜ ਲਿਆ ਜਾਵੇ ਤਾਂ ਇਹ ਗਿਣਤੀ 91% ਤੱਕ ਪਹੁੰਚ ਜਾਂਦੀ ਹੈ। ਇਸ ਖੇਤਰ ਵਿਚ ਰੁਜ਼ਗਾਰ ਦੀ ਅਨਿਸ਼ਚਿਤਤਾ ਹਰ ਵਕਤ ਅਸੁਰੱਖਿਆ ਦਾ ਮਾਹੌਲ ਬਣਾ ਕੇ ਅਤੇ ਕਿਰਤ ਕਾਨੂੰਨਾਂ ਦੀ ਅਣਹੋਂਦ ਕਿਰਤ ਦੀ ਲੁੱਟ ਦਾ ਰਾਹ ਖੋਲ੍ਹ ਕੇ ਰੱਖਦੀ ਹੈ। ਇਹ ਮਾਹੌਲ ਸਮਾਜ ਅੰਦਰ ਯੋਗਦਾਨ ਪਾਉਣ ਦੀ ਸਮਰੱਥਾ ਨੂੰ ਬੁਰੀ ਤਰ੍ਹਾਂ ਮਧੋਲਦਾ ਹੈ। ਹਾਕਮਾਂ ਦਾ ਲਾਗੂ ਕੀਤਾ ਅਖੌਤੀ ਵਿਕਾਸ ਮਾਡਲ ਇਸ ਅਸੁਰੱਖਿਆ ਅਤੇ ਲੁੱਟ ਨੂੰ ਜਰਬਾਂ ਦਿੰਦਾ ਹੈ। ਇਸ ਮਾਡਲ ਅੰਦਰ ਠੇਕੇ 'ਤੇ ਕੰਮ ਕਰ ਰਹੇ ਉੱਚ ਯੋਗਤਾ ਪ੍ਰਾਪਤ ਅਧਿਆਪਕ 5000-6000 ਰੁਪਏ ਮਹੀਨਾ ਤਨਖਾਹ ਲੈਂਦੇ ਹਨ। ਸਿਹਤ, ਬਿਜਲੀ, ਆਸ਼ਾ, ਆਂਗਣਵਾੜੀ ਕਾਮਿਆਂ ਦੀ ਮਹੀਨੇ ਭਰ ਦੀ ਕਮਾਈ ਵੀ ਇੰਨੀ ਜਾਂ ਇਸ ਤੋਂ ਵੀ ਘੱਟ ਹੈ। ਫੈਕਟਰੀਆਂ, ਭੱਠਿਆਂ, ਖੇਤਾਂ, ਘਰਾਂ, ਦੁਕਾਨਾਂ ਅੰਦਰ ਕੰਮ ਕਰਨ ਵਾਲਿਆਂ ਦੀ ਕਿਰਤ ਸ਼ਕਤੀ ਦੀ ਲੁੱਟ ਪੱਖੋਂ ਹਾਲਤ ਹੋਰ ਵੀ ਖਰਾਬ ਹੈ।

ਬੀਤੇ ਦਹਾਕਿਆਂ ਦੌਰਾਨ ਲੋਕਾਂ ਤੋਂ ਪੱਕਾ ਰੁਜ਼ਗਾਰ ਖੁੱਸਿਆ ਹੈ ਤੇ ਰੁਜ਼ਗਾਰ ਦੇ ਜੋ ਨਵੇਂ ਮੌਕੇ ਸਿਰਜੇ ਹਨ; ਉਸ 'ਚ ਜ਼ੋਮੈਟੋ, ਸਵਿਗੀ, ਬਿੱਗ ਬਾਸਕਟ, ਫਲਿੱਪਕਾਰਟ, ਐਮਾਜ਼ੋਨ ਵਰਗੇ ਪਲੈਟਫਾਰਮਾਂ ਦੀ ਸਪਲਾਈ, ਕਾਲ ਸੈਂਟਰਾਂ ਅੰਦਰ ਕੰਮ, ਆਨਲਾਈਨ ਕੰਪਨੀਆਂ ਦੇ ਅਪਰੇਸ਼ਨ ਚਲਾਉਣ ਵਰਗੇ ਖੇਤਰ ਸ਼ਾਮਲ ਹਨ। ਇਹ ਖੇਤਰ ਵੀ ਰੁਜ਼ਗਾਰ ਦੀ ਅਨਿਸ਼ਚਿਤਤਾ, ਨੀਵੀਆਂ ਉਜਰਤਾਂ ਅਤੇ ਕਿਰਤ ਦੀ ਲੁੱਟ ਪੱਖੋਂ ਨਮੂਨਾ ਹਨ। ਇਸ ਮਾਹੌਲ ਨੇ ਜਥੇਬੰਦ ਖੇਤਰ ਅੰਦਰ ਵੀ ਅਸਰ ਛੱਡਿਆ ਹੈ। ਬੈਂਕਾਂ, ਬਹੁਕੌਮੀ ਕੰਪਨੀਆਂ, ਬੀਮਾ ਵਰਗੇ ਅਨੇਕਾਂ ਖੇਤਰਾਂ ਵਿਚ ਕੰਮ ਕਰਨ ਵਾਲਿਆਂ ਲਈ ਵੀ ਤੈਅ ਘੰਟਿਆਂ ਤੋਂ ਵਧ ਕੇ ਕੰਮ ਕਰਨ ਦੀ ਮਜਬੂਰੀ ਬਣਾਈ ਹੈ।

ਇਸ ਮਾਹੌਲ ਦੌਰਾਨ ਘਰੇਲੂ ਔਰਤਾਂ ਜਿਨ੍ਹਾਂ ਦੀ ਕਿਰਤ ਪਹਿਲਾਂ ਹੀ ਕਿਰਤ ਤਸਲੀਮ ਕੀਤੇ ਜਾਣ ਤੋਂ ਵਾਂਝੀ ਰਹੀ ਹੈ, ਦੀ ਕਿਰਤ ਵਗਾਰ ਦੀ ਕਵਾਇਦ ਹੋਰ ਪੀਡੀ ਹੋਈ ਹੈ। ਘਰ ਦੇ ਮਰਦ ਮੈਂਬਰਾਂ ਦੇ ਲੰਮੇ ਕੰਮ ਘੰਟਿਆਂ ਸਦਕਾ, ਮਰਦ ਮੈਂਬਰਾਂ ਦੇ ਘਰਾਂ ਤੋਂ ਦੂਰ ਕੰਮ ਕਰਨ ਦੀ ਮਜਬੂਰੀ ਸਦਕਾ ਘਰੇਲੂ ਕੰਮਾਂ ਦਾ ਬੋਝ ਉਨ੍ਹਾਂ ਉਤੇ ਪਿਆ ਹੈ। ਉਜਰਤਾਂ ਸੁੰਗੜਨ ਦੇ ਨਤੀਜੇ ਵਜੋਂ ਘਰ ਦੀ ਅਰਥਵਿਵਸਥਾ ਦੇ ਹੋਰ ਸੰਕਟ ਮੂੰਹ ਆ ਜਾਣ ਨੇ ਉਨ੍ਹਾਂ ਦੀਆਂ ਲੋੜਾਂ 'ਤੇ ਵਧੇਰੇ ਕਾਟੀ ਫੇਰੀ ਹੈ। ਇਸ ਆਰਥਿਕ ਸੰਕਟ ਵਿਚੋਂ ਉਪਜਦੇ ਤਣਾਵਾਂ ਨੇ ਉਨ੍ਹਾਂ ਦੀਆਂ ਸਿਹਤ ਤੇ ਜ਼ਿੰਦਗੀਆਂ 'ਚੋਂ ਹੋਰ ਵਧੇਰੇ ਚੁੰਗ ਵਸੂਲੀ ਹੈ।

ਕਿਰਤ ਕਾਨੂੰਨ ਖਤਮ ਕਰ ਕੇ ਲਾਗੂ ਕੀਤੇ ਕਿਰਤ ਕੋਡਾਂ ਨੇ ਇਸ ਹਾਲਤ ਨੂੰ ਹੋਰ ਮੰਦਾ ਕਰ ਦੇਣਾ ਹੈ। ਇਹ ਕੋਡ ਇਸ ਲਈ ਲਿਆਂਦੇ ਗਏ ਤਾਂ ਕਿ ਦੇਸੀ ਵਿਦੇਸ਼ੀ ਕਾਰਪੋਰੇਟ ਹੋਰ ਨੀਵੀਆਂ ਉਜਰਤਾਂ 'ਤੇ, ਹੋਰ ਲੰਮੇ ਕੰਮ ਘੰਟਿਆਂ ਨਾਲ, ਕਾਮਿਆਂ ਪ੍ਰਤੀ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਹੋ ਕੇ ਕਿਰਤ ਸ਼ਕਤੀ ਦੀ ਲੁੱਟ ਕਰ ਸਕਣ। ਇਹ ਪਹਿਲਾਂ ਹੀ ਜਾਰੀ ਲੁੱਟ ਦਾ ਨਤੀਜਾ ਹੈ ਕਿ ਭਾਰਤ ਦਾ ਕੋਈ ਖਰਬਪਤੀ ਵਿਕਾਸ ਕਰਕੇ ਦੁਨੀਆ ਦੇ ਖਰਬਪਤੀਆਂ ਦੀ ਸੂਚੀ ਅੰਦਰ ਆ ਜਾਂਦਾ ਹੈ; ਦੂਜੇ ਪਾਸੇ ਕਿਰਤੀਆਂ ਦਾ ਭਾਰਤ ਇਕੱਠੇ ਦਸ ਪੁਆਇੰਟ ਹੇਠਾਂ ਡਿੱਗ ਕੇ ਕਿਰਤ ਹਾਲਾਤ ਪੱਖੋਂ ਦੁਨੀਆ ਦੀ ਸਭ ਤੋਂ ਮਾੜੇ 8 ਮੁਲਕਾਂ ਵਿਚ ਸ਼ੁਮਾਰ ਹੋ ਜਾਂਦਾ ਹੈ। ਜਿਉਂ ਜਿਉਂ ਅਜਿਹੇ ਅਣਗਿਣਤ ਨਵੇਂ ਕਾਨੂੰਨਾਂ ਨੇ ਲਾਗੂ ਹੁੰਦੇ ਜਾਣਾ ਹੈ, ਦੋਹੀਂ ਪਾਸੀਂ 'ਵਿਕਾਸ' ਦੀਆਂ ਅਜਿਹੀਆਂ ਰੈਂਕਿੰਗਾਂ ਹੋਰ ਸੁਧਰਦੀਆਂ ਜਾਣੀਆਂ ਹਨ।

ਮੁਲਕ ਦੇ 'ਵਿਕਾਸ' ਦੇ ਮੌਜੂਦਾ ਮਾਰਗ 'ਤੇ ਚੱਲਦਿਆਂ ਤਾਂ ਕੁੱਲ ਵਸੀਲੇ ਇੱਥੋਂ ਦੀ ਕਿਰਤੀ ਲੋਕਾਂ ਤੋਂ ਖੋਹ ਕੇ ਵੱਡੇ ਕਾਰਪੋਰੇਟਾਂ ਸਾਮਰਾਜੀਆਂ ਨੂੰ ਸੌਂਪੇ ਜਾਣ, ਮੁਲਕ ਦੇ ਖਜ਼ਾਨੇ ਦਾ ਮੁਹਾਣ ਕਿਰਤੀਆਂ ਦੀਆਂ ਰੋਜ਼ਮੱਰਾ ਲੋੜਾਂ ਤੋਂ ਪਾਸੇ ਕਰ ਕੇ ਧਨਾਢਾਂ ਨੂੰ ਟੈਕਸ ਛੋਟਾਂ ਰਿਆਇਤਾਂ ਦੇਣ ਵੱਲ ਮੋੜੇ ਜਾਣ ਨੇ ਲੋਕਾਂ ਦੀ ਖਰੀਦ ਸ਼ਕਤੀ ਹੋਰ ਸੁੰਗੇੜ ਦੇਣੀ ਹੈ, ਜਿਊਂਦੇ ਰਹਿਣ ਲਈ ਹੋਰ ਵੀ ਮਾੜੀਆਂ ਕੰਮ ਹਾਲਤਾਂ ਝੱਲਣ ਲਈ ਮਜਬੂਰ ਕਰਨਾ ਹੈ ਅਤੇ ਮਾੜੀਆਂ ਤੋਂ ਮਾੜੀਆਂ ਉਜਰਤਾਂ ਤੇ ਆਪਣੀ ਕੁੱਲ ਸਮਰੱਥਾ ਵੇਚਣ ਦੀ ਮਜਬੂਰੀ ਖੜ੍ਹੀ ਕਰਨੀ ਹੈ। ਇਉਂ ਕਿਰਤੀ ਲੋਕਾਂ ਦੇ ਭਾਰਤ ਨੇ ਆਪਣੇ ਜਾਇਆਂ ਲਈ ਹੋਰ ਵਧੇਰੇ ਨਰਕ ਬਣਦੇ ਜਾਣਾ ਹੈ ਅਤੇ ਸਾਮਰਾਜੀਆਂ ਦੀ ਕਮਾਈ ਲਈ ਹੋਰ ਵੱਡਾ ਸਵਰਗ ਬਣਦੇ ਜਾਣਾ ਹੈ।

ਇਹ ਦਸਤੂਰ ਬਦਲਣ, ਅਖੌਤੀ ਵਿਕਾਸ ਮਾਡਲ ਰੱਦ ਕਰਨ, ਕਿਰਤੀਆਂ ਨੂੰ ਵਿਕਾਸ ਦੇ ਕੇਂਦਰ ਵਿਚ ਲਿਆਉਣ ਅਤੇ ਸਾਮਰਾਜੀ ਕਾਰਪੋਰੇਟ ਕੰਪਨੀਆਂ ਨੂੰ ਇਸ ਕੇਂਦਰ ਵਿਚੋਂ ਬਾਹਰ ਕਰਨ ਦੀ ਲੋੜ ਹੈ। ਅੱਜ ਮੁਲਕ ਅੰਦਰ ਸਾਮਰਾਜ ਪੱਖੀ ਨੀਤੀਆਂ ਖਿਲਾਫ ਸੰਘਰਸ਼ ਮਘੇ ਹੋਏ ਹਨ ਅਤੇ ਮਘ ਰਹੇ ਹਨ। ਇਸ ਮੌਕੇ ਭਾਰਤ ਦੇ ਸਮੂਹ ਕਿਰਤੀਆਂ ਦੀ ਮੁਲਕ ਦੇ ਸੋਮਿਆਂ ਅਤੇ ਕਿਰਤ ਦੀ ਲੁੱਟ ਖਿਲਾਫ ਸਾਂਝੀ ਤੇ ਵਿਸ਼ਾਲ ਜੋਟੀ ਹੀ ਕਿਰਤ ਦੇ ਪੈਰਾਂ ਵਿਚ ਪਏ ਸੰਗਲ ਤੋੜ ਕੇ ਉਸ ਦੀ ਮੁਕਤੀ ਦੇ ਸ਼ਾਨਦਾਰ ਭਵਿੱਖ ਦੀ ਨੀਂਹ ਧਰ ਸਕਦੀ ਹੈ।

# ਕਿੱਕਰਾਂ ਲਾਈ ਬਹਾਰ



## ਕਲਾ ਪਰਿਕਰਮਾ

ਮਨੁੱਖ ਦਾ ਰੁੱਖਾਂ ਨਾਲ ਰਿਸ਼ਤਾ ਬਹੁਤ ਪੁਰਾਣਾ ਅਤੇ ਗੂੜ੍ਹਾ ਹੈ। ਸਭ ਤੋਂ ਪਹਿਲਾਂ ਮਨੁੱਖ ਨੇ ਆਪਣੀ ਭੁੱਖ ਮਿਟਾਉਣ ਲਈ, ਤਨ ਢੱਕਣ ਲਈ ਅਤੇ ਮੌਸਮ ਦੀ ਮਾਰ ਤੋਂ ਬਚਣ ਲਈ ਰੁੱਖਾਂ ਦਾ ਹੀ ਆਸਰਾ ਲਿਆ। ਮਨੁੱਖੀ ਜ਼ਿੰਦਗੀ ਦੇ ਵਿਕਾਸ ਲਈ ਇਸ ਨੂੰ ਸੁਖਾਲਾ ਬਣਾਉਣ ਲਈ ਰੁੱਖਾਂ ਨੇ ਮਹੱਤਵਪੂਰਨ ਹਿੱਸਾ ਪਾਇਆ ਹੈ। ਇਹੀ ਕਾਰਨ ਹੈ ਕਿ ਸਾਡੇ ਲੋਕ ਗੀਤਾਂ ਵਿਚ, ਰਸਮਾਂ ਰਿਵਾਜਾਂ ਵਿਚ ਰੁੱਖਾਂ ਨੂੰ ਵਿਸ਼ੇਸ਼ ਥਾਂ ਮਿਲਦੀ ਹੈ।

ਸਾਡੇ ਘਰਾਂ ਵਿਚ, ਖੇਤਾਂ ਵਿਚ, ਛੱਪੜਾਂ ਕੰਢੇ, ਖਾਲੀ ਥਾਵਾਂ 'ਤੇ ਪਹਿਲਾਂ ਪਿੱਪਲ, ਬੋਹੜ, ਟਾਹਲੀ ਆਦਿ ਨਾਲ ਕਿੱਕਰ ਦਾ ਰੁੱਖ ਆਮ ਹੀ ਹੁੰਦਾ ਸੀ। ਇਹ ਰੁੱਖ ਆਮ ਤੌਰ 'ਤੇ ਰੇਤਲੀ ਅਤੇ ਮੈਰਾ ਜ਼ਮੀਨ ਵਿਚ ਹੁੰਦਾ ਹੈ। ਕਿੱਕਰ

**ਸ਼ਵਿੰਦਰ ਕੌਰ**
**ਫੋਨ: +91-76260-63596**

ਅਕੇਸ਼ੀਆ ਪ੍ਰਜਾਤੀ ਦਾ ਰੁੱਖ ਹੈ। ਇਸ ਰੁੱਖ ਦਾ ਬਨਸਪਤੀ ਵਿਗਿਆਨਕ ਨਾਂ ਅਕੇਸ਼ੀਆ ਅਰੇਬਿਕਾ ਹੈ। ਇਹ ਰੁੱਖ ਪੰਜਾਬ, ਰਾਜਸਥਾਨ, ਬਿਹਾਰ, ਪੱਛਮੀ ਭਾਰਤ, ਪਾਕਿਸਤਾਨ, ਲੰਕਾ ਅਤੇ ਬਰਮਾ ਦੇ ਜੰਗਲਾਂ ਵਿਚ ਮਿਲਦਾ ਹੈ। ਪੰਜਾਬ ਵਿਚ ਹੁਣ ਇਹ ਰੁੱਖ ਪਹਿਲਾਂ ਵਾਂਗ ਨਹੀਂ ਰਿਹਾ ਪਰ ਰਾਜਸਥਾਨ ਵਿਚ ਇਹ ਅੱਜ ਵੀ ਵੱਡੀ ਗਿਣਤੀ ਵਿਚ ਮਿਲਦਾ ਹੈ। ਇਸ ਨੂੰ ਬਬੂਲ ਵੀ ਕਿਹਾ ਜਾਂਦਾ ਹੈ।

ਇਸ ਰੁੱਖ ਦਾ ਆਕਾਰ ਦਰਮਿਆਨਾ ਹੁੰਦਾ ਹੈ। ਇਸ ਦੀਆਂ ਛੋਟੀਆਂ ਟਾਹਣੀਆਂ ਪੱਧਰੀਆਂ ਅਤੇ ਸਲੇਟੀ ਰੰਗ ਦੀਆਂ ਹੁੰਦੀਆਂ ਹਨ। ਇਸ ਦੇ ਛੋਟੇ ਨੁਕੀਲੇ ਪੱਤਿਆਂ ਨੂੰ ਲੁੰਗ ਕਿਹਾ ਜਾਂਦਾ ਹੈ। ਜੁਲਾਈ ਤੋਂ ਨਵੰਬਰ ਤੱਕ ਇਸ ਨੂੰ ਛੋਟੇ ਸੁਨਹਿਰੀ, ਪੀਲੇ ਫੁੱਲ ਲੱਗਦੇ ਹਨ। ਜਦੋਂ ਇਹ ਰੇਸ਼ਮੀ ਸ਼ਨੀਲ ਵਰਗੇ ਪੀਲੇ ਬਸੰਤੀ ਗੋਲ ਫੁੱਲਾਂ ਨਾਲ ਲੱਦਿਆ ਹੁੰਦਾ ਹੈ ਤਾਂ ਇਸ ਦੀ ਸੁੰਦਰਤਾ ਅਤੇ ਬਹਾਰ ਦੇਖਣ ਵਾਲੀ ਹੁੰਦੀ ਹੈ। ਇਹ ਫੁੱਲ ਨਾ ਤਾਂ ਗੁਲਦਸਤਿਆਂ ਵਿਚ ਸਜਾਏ ਜਾਂਦੇ ਹਨ, ਨਾ ਇਨ੍ਹਾਂ ਦੇ ਹਾਰ ਪਰੋਏ ਜਾਂਦੇ ਹਨ। ਇਹ ਬਸ ਇੱਕ ਦਿਨ ਧਰਤੀ 'ਤੇ ਝੜ ਜਾਂਦੇ ਹਨ। ਸ਼ਾਇਦ ਇਨ੍ਹਾਂ ਦੀ ਬੇਕਦਰੀ ਤੱਕ ਕੇ ਹੀ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ:

ਕਿੱਕਰਾਂ ਦੇ ਫੁੱਲਾਂ ਦੀ ਅੜਿਆ
ਕੌਣ ਕਰੇਂਦਾ ਰਾਖੀ ਵੇ।
ਕਦ ਕੋਈ ਮਾਲੀ ਮਲ੍ਹਿਆਂ ਉਤੋਂ
ਹਰੀਅਲ ਆਣ ਉਡਾਏ ਵੇ।

ਪਰ ਇਨ੍ਹਾਂ ਫੁੱਲਾਂ 'ਤੇ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦਾ ਗਾਇਆ ਖੂਬਸੂਰਤ ਗੀਤ ਜ਼ਰੂਰ ਸਾਡੀ ਫਿਜ਼ਾ ਵਿਚ ਗੂੰਜਦਾ ਰਹੇਗਾ:

ਸੂਹੇ ਵੇ ਚੀਰੇ ਵਾਲਿਆ ਫੁੱਲ ਕਿੱਕਰਾਂ ਦੇ
ਕਿੱਕਰਾਂ ਲਾਈ ਬਹਾਰ ਮੇਲੇ ਮਿੱਤਰਾਂ ਦੇ।

ਕਿੱਕਰ ਦਾ ਰੁੱਖ ਕੰਡਿਆਲਾ ਹੁੰਦਾ ਹੈ। ਇਸ ਦੀ ਛਾਂ ਸੰਘਣੀ ਹੁੰਦੀ ਹੈ। ਜਦੋਂ ਸਵੇਰ ਤੋਂ ਖੇਤਾਂ ਵਿਚ ਕੰਮ ਕਰਦੀ ਕਿਰਤੀ ਔਰਤ ਦੁਪਹਿਰ ਸਮੇਂ ਇਸ ਦੀ ਛਾਂ ਵਿਚ ਬੈਠ ਕੇ ਰੋਟੀ ਖਾਂਦੀ ਹੈ ਤਾਂ ਆਪਣੀ ਮਾੜੀ ਹਾਲਤ ਦਾ ਗਿਲਾ ਕਿੱਕਰ ਨਾਲ ਸਾਂਝਾ ਕਰਦੀ ਹੋਈ ਉਸ ਤੋਂ ਪੁੱਛਦੀ ਹੈ:

ਕਿੱਕਰੇ ਨੀਂ ਕੰਡਿਆਲੀਏ
ਕਿੱਕਰੇ ਇੱਕ ਗੱਲ ਮੈਨੂੰ ਸਮਝਾ
ਕਿਰਤੀ ਇੱਥੇ ਭੁੱਖੇ ਮਰਦੇ
ਵਿਹਲੜ ਹੁੰਦੇ ਸ਼ਾਹ
ਦੱਸ ਅੜੀਏ ਕਿਉਂ ਵਿਹਲੜ ਹੁੰਦੇ ਸ਼ਾਹ?

ਇਸ ਰੁੱਖ ਨੂੰ ਚਮੜੇ ਵਰਗੀਆਂ ਫਲੀਆਂ ਲੱਗਦੀਆਂ ਹਨ ਜਿਨ੍ਹਾਂ ਵਿਚ ਬੀਜ ਹੁੰਦੇ ਹਨ। ਇਨ੍ਹਾਂ ਬੀਜਾਂ ਦੇ ਵਿਚਕਾਰ ਫਲੀ ਚਿਪਕੀ ਹੁੰਦੀ ਹੈ। ਇਨ੍ਹਾਂ ਨੂੰ ਤੁੱਕੇ ਕਿਹਾ ਜਾਂਦਾ ਹੈ। ਕੱਚੇ ਤੁੱਕਿਆਂ ਦਾ ਅਚਾਰ ਪਾਇਆ ਜਾਂਦਾ ਹੈ ਜੋ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਸ ਦੀਆਂ ਫਲੀਆਂ ਨੂੰ ਪੀਸ ਕੇ ਬਹੁਤ ਸਾਰੀਆਂ ਦੇਸੀ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਇਸ ਦੀਆਂ ਫਲੀਆਂ, ਬੀਜ ਅਤੇ ਛੋਟੀਆਂ ਟਾਹਣੀਆਂ ਊਠਾਂ ਅਤੇ ਬੱਕਰੀਆਂ ਨੂੰ ਚਾਰੀਆਂ ਜਾਂਦੀਆਂ ਹਨ। ਇਸ ਦੀਆਂ ਪਤਲੀਆਂ ਟਾਹਣੀਆਂ ਦਾਤਣ ਲਈ ਵਰਤੀਆਂ ਜਾਂਦੀਆਂ ਹਨ। ਕਿੱਕਰ ਦੀ ਦਾਤਣ ਕਰਨ ਨਾਲ ਦੰਦ, ਜਾੜ੍ਹਾਂ ਅਤੇ ਮਸੂੜੇ ਮਜ਼ਬੂਤ ਹੁੰਦੇ ਹਨ।



ਗੂੜ੍ਹੀ ਛਾਂ ਵਾਲਾ ਕਿੱਕਰ ਦਾ ਦਰੱਖਤ।



ਫੁੱਲਾਂ ਨਾਲ ਭਰੀ ਕਿੱਕਰ।



ਕਿੱਕਰ ਦੇ ਤੁੱਕੇ।

ਕਿੱਕਰ ਦੀ ਛਿੱਲ ਵਿਚ ਤੇਜ਼ਾਬ ਹੁੰਦਾ ਹੈ। ਅਗਾਂਹ ਇਹ ਤੇਜ਼ਾਬ ਚਮੜਾ ਰੰਗਣ ਜਾਂ ਰੰਗਾਈ ਦੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ। ਸਾਡੀਆਂ ਮਾਵਾਂ, ਤਾਈਆਂ ਚਾਚੀਆਂ ਘਰੇ ਸੂਤ ਰੰਗਣ ਸਮੇਂ ਵੀ ਪਾਣੀ ਨੂੰ ਉਬਾਲਣ ਸਮੇਂ ਉਸ ਵਿਚ ਕਿੱਕਰ ਦੇ ਸੱਕ ਨੂੰ ਪਾ ਦਿੰਦੀਆਂ ਸਨ ਤਾਂ ਜੋ ਰੰਗ ਧੋਣ ਸਮੇਂ ਨਿਕਲੇ ਨਾ। ਇਸ ਦੀ ਛਿੱਲ ਵਿਚ ਜ਼ਖ਼ਮ ਠੀਕ ਕਰਨ ਦੇ ਗੁਣ ਵੀ ਹੁੰਦੇ ਹਨ। ਇਸ ਰੁੱਖ 'ਤੇ ਲੱਗੀ ਗੂੰਦ ਨੂੰ ਅਰੇਬਿਕ ਗੂੰਦ ਦੀ ਥਾਂ ਵਰਤਿਆ ਜਾਂਦਾ ਹੈ। ਗੂੰਦ ਦੀ ਵਰਤੋਂ ਮਰੋੜ, ਉਲਟੀ, ਸ਼ੱਕਰ ਆਦਿ ਰੋਗਾਂ ਵਿਚ ਲਾਹੇਵੰਦ ਹੁੰਦੀ ਹੈ। ਪਿੰਨੀਆਂ ਤਿਆਰ ਕਰਨ ਸਮੇਂ ਵੀ ਕੁਝ ਲੋਕ ਉਸ ਵਿਚ ਗੂੰਦ ਰਲਾ ਕੇ ਖਾਂਦੇ ਹਨ।

ਕਿੱਕਰ ਦਾ ਮੁੱਢ ਮਜ਼ਬੂਤ ਅਤੇ ਇਸ ਦਾ ਰੰਗ ਕਾਲਾ ਸਲੇਟੀ ਹੁੰਦਾ ਹੈ। ਇਸ ਦੇ ਰੰਗ ਨੂੰ ਲੈ ਕੇ ਮੁਟਿਆਰਾਂ ਨੇ ਆਪਣੇ ਕਾਲੇ ਮਾਹੀ ਸਬੰਧੀ ਆਪਣੇ ਮਨ ਦੇ ਵਲਵਲੇ ਇਸ ਤਰ੍ਹਾਂ ਪ੍ਰਗਟ ਕੀਤੇ ਹਨ:

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ।
ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ
ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।

ਇਸ ਦੇ ਮੁੱਢ ਤੋਂ ਫੱਟ ਦਰਵਾਜ਼ੇ, ਖਿੜਕੀਆਂ ਦੇ ਪਰਦੇ, ਅਲਮਾਰੀਆਂ ਆਦਿ ਬਣਦੇ ਹਨ। ਮੋਟੇ ਟਾਹਣੇ ਛੱਤ ਪਾਉਣ ਸਮੇਂ ਸ਼ਤੀਰਾਂ ਦੇ ਅਤੇ ਪਤਲੇ ਟਾਹਣੇ ਕੜੀਆਂ ਦੇ ਕੰਮ ਆਉਂਦੇ ਹਨ। ਇਸ ਤੋਂ ਬਿਨਾਂ ਮੰਜੇ ਦੀਆਂ ਬਾਹੀਆਂ, ਸੇਰਵੇ, ਤਖਤਪੋਸ਼, ਹਲ, ਸੁਹਾਗਾ, ਗੱਡੇ ਦਾ ਲਾਰੀਆ, ਠੋਡ, ਨਾਭ ਅਤੇ ਪਹੀਏ ਬਣਦੇ ਹਨ। ਇਸ ਦੀ ਲੱਕੜ ਦੇ ਚਰਖੇ ਵੀ ਬਣਾਏ ਜਾਂਦੇ ਸਨ। ਇਸ ਤੋਂ ਹੀ ਇਹ ਲੋਕ ਗੀਤ ਬਣਿਆ ਹੈ:

ਛੇਤੀ ਛੇਤੀ ਵਧ ਕਿੱਕਰੇ
ਅਸੀਂ ਸੱਸ ਦਾ ਸੰਦੂਕ ਬਣਾਉਣਾ।

ਮੁਕਦੀ ਗੱਲ, ਕਿੱਕਰ ਦੇ ਰੁੱਖ ਦਾ ਪੰਜਾਬ ਦੇ ਸੱਭਿਆਚਾਰ ਨਾਲ ਬਹੁਤ ਗੂੜ੍ਹਾ ਸਬੰਧ ਰਿਹਾ ਹੈ। ਕਿੱਕਰ ਦੀ ਲੱਕੜ ਨੇ ਪੰਜਾਬੀਆਂ ਦੇ ਰਹਿਣ-ਸਹਿਣ, ਘਰ ਬਣਾਉਣ, ਕਿਰਸਾਨੀ ਸੰਦ-ਸੰਦੇੜਾ ਬਣਾਉਣ ਵਿਚ ਵੱਡਾ ਯੋਗਦਾਨ ਪਾ ਕੇ ਪੰਜਾਬੀਆਂ ਦੇ ਆਰਥਿਕ ਢਾਂਚੇ ਨੂੰ ਆਪਣੀ ਵਰਤੋਂ ਨਾਲ ਮਜ਼ਬੂਤ ਕੀਤਾ ਹੈ। ਅਜਿਹੇ ਲਾਭਦਾਇਕ ਰੁੱਖਾਂ ਨੂੰ ਖ਼ਤਮ ਕਰਨ ਦੀ ਥਾਂ ਵੱਧ ਤੋਂ ਵੱਧ ਮਾਤਰਾ ਵਿਚ ਪੈਦਾ ਕਰਨ ਦੀ ਲੋੜ ਹੈ। ਵੱਧ ਤੋਂ ਵੱਧ ਰੁੱਖਾਂ ਦੇ ਪੌਦੇ ਲਗਾ ਕੇ ਧਰਤੀ ਨੂੰ ਹਰੀ ਭਰੀ ਬਣਾਈਏ। ਇਨ੍ਹਾਂ 'ਤੇ ਚਹਿਕਦੇ ਅਤੇ ਉਡਾਰੀਆਂ ਮਾਰਦੇ ਪੰਛੀ ਤੱਕ ਕੇ ਕਾਦਰ ਦੀ ਬਣਾਈ ਕੁਦਰਤ ਹੋਰ ਵੀ ਹੁਸੀਨ ਲੱਗੇਗੀ। ਇਸ ਨਾਲ ਵਾਤਾਵਰਨ ਵਿਚ ਆ ਰਹੇ ਵਿਗਾੜ ਨੂੰ ਵੀ ਠੱਲ੍ਹ ਪਵੇਗੀ।

ਰੁੱਖ ਹੈ ਤਾਂ ਮਨੁੱਖ ਹੈ
ਇਸ ਅਟੱਲ ਸਚਾਈ 'ਤੇ ਕਰੋ ਵਿਚਾਰ।
ਰੁੱਖਾਂ ਬਿਨਾਂ ਨਾ ਰਹਿਣੀ
ਧਰਤ ਸੁਹਾਵਣੀ ਸਮੇਂ ਦੀ ਇਹੋ ਪੁਕਾਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੂਨ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-536



ਜ਼ਿੰਦਗੀ ਦੇਖੋ ਹੈ ਕਿੰਨੀ ਔਖੀ, ਜਿਊਣ ਲਈ ਬੱਸ ਭੱਠੇ ਝੋਕੀ।
ਫੁੱਲ ਜਿਹਾ ਬੱਚਾ ਪਿੱਠ 'ਤੇ ਬੰਨ੍ਹ, ਤੋੜਨਾ ਪੈਂਦਾ ਦਿਨ ਰਾਤ ਬਦਨ।
ਨੰਗੇ ਪੈਰੀਂ ਧੁੱਪ ਰੋੜਿਆਂ ਦੇ ਸੰਗ, ਢੋਹਵੇ ਇੱਟਾਂ ਘਰ ਭੁੱਜਦੀ ਭੰਗ।
ਰੜ੍ਹੇ ਕੱਟਦੇ ਧੁੱਪ, ਮੀਂਹ, ਸਿਆਲੇ, ਜੇਠ, ਹਾੜ੍ਹ, ਕੋਹਰੇ, ਕੱਕਰ, ਪਾਲ਼ੇ।

## ਕੈਪਸ਼ਨ ਮੁਕਾਬਲਾ-534



ਘਰ ਵਿਚ ਕੋਈ ਬਹਾਨਾ ਲਾ ਕੇ,
ਲੈਣੇ ਨਜ਼ਾਰੇ ਨਹਿਰ 'ਚ ਨਹਾ ਕੇ।
ਬੇਫਿਕਰੀ ਦਾ ਦੌਰ ਸੀ ਸਾਰਾ,
ਯਾਦ ਹੈ ਸਭ ਕੁਝ ਪਿਆਰਾ ਪਿਆਰਾ।
ਯਾਦਾਂ ਦੇ ਹੁਣ ਫਰੋਲ ਕੇ ਵਰਕੇ,
ਥੋੜ੍ਹਾ ਜਿਹਾ ਬਸ, ਖੁਸ਼ ਹੋ ਜਾਈਦੈ।
ਬਚਪਨ ਨੇ ਵਾਪਸ ਨਹੀਂ ਆਉਣਾ,
ਮਨ ਨੂੰ ਇਹੀ ਸਮਝਾਈਦੈ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ।***
***ਫੋਨ: 94176-49275***

---

ਘਾਲਣਾ ਵੱਡੀ ਘਾਲਣੀ ਪੈਂਦੀ
ਸੌਖਾ ਨਹੀਂ ਸਮਤੋਲ ਬਣਾਉਣਾ।
ਨਾਲੇ ਪਾਣੀ ਦੀ ਬੱਚਤ ਕਰਨੀ
ਨਾਲੋ ਨਾਲ ਕਰਤੱਬ ਦਿਖਾਉਣਾ।
ਇਹਨੂੰ ਕਹਿੰਦੇ ਖੇਡ ਖੇਡ ਵਿਚ
ਅਣਮੁੱਲਾ ਇੱਕ ਸੁਨੇਹਾ ਲਾਉਣਾ।
***-ਜਗਮੀਤ ਸਿੰਘ ਪੰਧੇਰ***
***ਫੋਨ:+1 2042963177***

---

ਹਾਏ ਹਾਏ ਹਾਏ! ਪਾਣੀ,
ਬੂੰਦ ਬੂੰਦ ਚਾਹੇ ਬਚਾਣੀ।
ਨਹੀਂ ਮੁੱਲ ਹੈ 'ਥਿਆਣੀ,
ਬਿਨਾਂ ਜਿੰਦ ਮੁੱਕ ਜਾਣੀ।
***-ਸੇਵਾ ਸਿੰਘ ਨੂਰਪੁਰੀ***

---

ਲੱਗਦਾ ਅਜੀਬ ਪਰ ਬੁੱਤਾ ਸਰ ਗਿਆ
ਜੰਗ ਪਲੰਗੇ ਵਾਂਗ ਪਾ ਕੜਿੱਕੀ
ਟਿਕਾ ਪੈਰ ਇਕ ਦੂਜੇ ਦੇ ਹੱਥਾਂ 'ਤੇ
ਵਰ੍ਹਾ ਪਾਣੀ ਸਿਖਰੋਂ ਥੱਲੇ ਵਾਲੇ ਤਕ
ਨਾਲੇ ਪੰਜ ਇਸ਼ਨਾਨਾ,
ਨਾਲੇ ਸੰਜਮ ਪਾਣੀ ਦਾ
ਸੱਪ ਵੀ ਮਰ ਗਿਆ,
ਲਾਠੀ ਵੀ ਬਚ ਗਈ।
***-ਦਰਸ਼ਨ ਪਾਲ ਦੋਸਾਂਝ***

---

ਤਸਵੀਰ ਵਿਚ ਲਟਕਦੇ ਗੱਭਰੂਆਂ ਦੀ,
ਨਜ਼ਾਰੇ ਸਰਕਸ ਦੀ ਯਾਦ ਦਿਵਾਉਂਦੇ।
ਜ਼ਿੰਦਗੀ 'ਚ ਸੰਤੁਲਨ ਕਿਵੇਂ ਬਣਾਉਣਾ,
ਬਾਜ਼ੀਗਰ ਜਿਵੇਂ ਬਾਜ਼ੀ ਪਾਉਂਦੇ।
ਹੱਥਾਂ ਅਤੇ ਪੱਟਾਂ ਦੇ ਜ਼ੋਰ 'ਤੇ
ਪੌੜੀ ਬਣਾ ਕੇ
ਅੰਬਰਾਂ ਨੂੰ ਹੱਥ ਲਾਉਂਦੇ।
ਸਿਖਰਲਾ ਮੁੰਡਾ ਘੜੇ ਨਾਲ ਪਾਣੀ ਡੋਲ੍ਹੇ
ਸਾਰੇ ਹਵਾ ਤੇ ਪਾਣੀ ਨਾਲ ਨਹਾਉਂਦੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

***ਦਸਤਾਵੇਜ਼ੀ ਫਿਲਮ 'ਐਲੇਗਰੀ- ਏ ਟੈਪਸਟ੍ਰੀ ਆਫ ਗੁਰੂ ਨਾਨਕ'ਜ਼ ਟਰੈਵਲਜ਼' (ਸੈਨਤ- ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ) ਸਿੰਗਾਪੁਰ ਰਹਿੰਦੇ ਫਿਲਮਸਾਜ਼ ਅਮਰਦੀਪ ਸਿੰਘ ਨੇ ਬਣਾਈ ਹੈ। ਉਨ੍ਹਾਂ ਨਾਲ ਕਥਾਨਕ ਲਿਖਦੀ ਦੂਜੀ ਹਦਾਇਤਕਾਰ ਵਨਿੰਦਰ ਕੌਰ ਹੈ। ਬਿੱਕੀ ਸਿੰਘ, ਜਗਤਾਰ ਸਿੰਘ ਧਾਲੀਵਾਲ ਪ੍ਰਬੰਧਕੀ ਸਾਥੀ ਹਨ। ਪਾਕਿਸਤਾਨ ਤੋਂ ਸਲਮਾਨ ਆਲਮ ਖਾਨ, ਭਾਰਤ ਤੋਂ ਦੀਪਕ ਵਰਮਾ ਸਿਨੇਮੈਟੋਗ੍ਰਾਫਰ ਹਨ। ਕੈਮਰਾਮੈਨ ਸਾਥੀਆਂ 'ਚ ਭਾਰਤ ਤੋਂ ਪ੍ਰਮੋਦ ਵਿਸ਼ਵਕਰਮਾ ਅਤੇ ਪਾਕਿਸਤਾਨ ਤੋਂ ਫਾਹਦ ਮਕਬੂਲ ਹਨ। ਦਸਤਾਵੇਜ਼ੀ ਲੜੀ ਦੇ ਸੰਪਾਦਕ ਪਾਕਿਸਤਾਨ ਤੋਂ ਮੁਹੰਮਦ ਕਾਮਰਾਨ ਫਜ਼ਲ ਹਨ। ਵਿਜ਼ੂਅਲ ਬੰਦੋਬਸਤ ਦੇਣ ਵਿਚ ਦੱਤੀ ਕੌਰ ਦਾ ਯੋਗਦਾਨ ਹੈ। ਫਿਲਮ ਲੜੀ ਦਾ ਮਜ਼ਬੂਤ ਪੱਖ ਇਹ ਹੈ ਕਿ ਗੁਰੂ ਨਾਨਕ ਬਾਣੀ ਨੂੰ ਕਿੰਝ ਗਾਵਿਆ ਜਾਵੇ? ਇਹਨੂੰ ਸਤਿੰਦਰ ਸਿੰਘ ਬੋਦਲ ਹੁਣਾਂ ਸੰਭਾਲਿਆ ਹੈ। ਇਸੇ ਸਿਲਸਿਲੇ 'ਚ ਇਹ ਜ਼ਿਕਰ ਛੁੱਟ ਨਾ ਜਾਵੇ ਕਿ ਹਰਸਖੀਆਂ ਸਾਂਝ ਦੀ ਗਵੱਈਆ ਬੀਬੀ ਸਲੀਮਾ ਖਵਾਜ਼ਾ ਰਬਾਬੀ ਰਵਾਇਤ 'ਚ ਗੁਰੂ ਨਾਨਕ ਪਾਤਸ਼ਾਹ ਦੇ ਸਾਰੇ ਰਾਗਾਂ ਨੂੰ ਗਾਉਣ ਵਾਲੀ ਇਕਲੌਤੀ ਬੀਬੀ ਹੋ ਨਿਬੜੀ ਹੈ। ਸਲੀਮਾ ਖਵਾਜ਼ਾ, ਬੀਨਾ ਜਾਵੇਦ ਦੀ ਧੀ ਹੈ ਅਤੇ ਉਨ੍ਹਾਂ ਰਬਾਬੀ ਰਵਾਇਤ ਨੂੰ ਬਾਬਾ ਮਰਦਾਨਾ ਦੀ ਪੀੜ੍ਹੀ 'ਚੋਂ ਭਾਈ ਗੁਲਾਮ ਮੁਹੰਮਦ ਚਾਂਦ ਤੋਂ ਸਿੱਖਿਆ ਹੈ। 'ਐਲੇਗਰੀ- ਏ ਟੈਪਸਟ੍ਰੀ ਆਫ ਗੁਰੂ ਨਾਨਕ'ਜ਼ ਟਰੈਵਲਜ਼' 24 ਕਿਸ਼ਤਾਂ ਦੀ ਦਸਤਾਵੇਜ਼ੀ ਨੂੰ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਵਿਚ ਪੇਸ਼ ਕੀਤਾ ਹੈ। ਇਸ ਲੜੀ ਨੂੰ ਹਿੰਦੀ ਅਤੇ ਉਰਦੂ ਵਿਚ ਬਹੁਤ ਛੇਤੀ ਪੇਸ਼ ਕੀਤਾ ਜਾਵੇਗਾ। ਅਮਰਦੀਪ ਸਿੰਘ ਇਸ ਨੂੰ ਅਗੰਮੀ ਅਹਿਸਾਸ ਅਤੇ ਸਾਂਝ ਕਹਿੰਦੇ ਹਨ। ਇਸ ਲੜੀ ਨੂੰ 'ਦਿਗੁਰੂਨਾਨਕਡਾਟਕਾਮ' (https://thegurunanak.com/) 'ਤੇ ਦੇਖਿਆ ਜਾ ਸਕਦਾ ਹੈ।***

# ਬਾਬੇ ਨਾਨਕ ਦਾ ਘਰ ਕਿਹੜਾ?



ਫਿਲਮ ਨਿਰਮਾਣ ਦੀ ਇਕ ਝਲਕ।

ਪਾਤਸ਼ਾਹ ਦੇ ਚਰਨ ਕਿੰਨੇ ਬਾਕਮਾਲ ਹੋਣਗੇ ਜਿਨ੍ਹਾਂ ਲੰਮੀਆਂ ਉਦਾਸੀਆਂ ਕੀਤੀਆਂ। ਉਸ ਮੁਹੱਬਤ ਦੀਆਂ ਗਾਥਾਵਾਂ ਪੀੜ੍ਹੀ ਦਰ ਪੀੜ੍ਹੀ ਤੁਰੀਆਂ। ਇਹ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਇਹ ਦੁਨੀਆਂ ਉਨ੍ਹਾਂ ਦੀਆਂ ਉਦਾਸੀਆਂ ਨੂੰ ਮਹਿਸੂਸ ਕਰੇ ਜੋ ਹੁਣ ਦੇ ਨੌਂ ਦੇਸ਼ਾਂ ਵਿਚ ਫੈਲੀਆਂ ਹੋਈਆਂ ਹਨ। ਹੁਣ ਪਰਮਾਣੂ ਹਥਿਆਰਾਂ ਦਾ ਖੌਫ ਹੈ ਅਤੇ ਕੰਡਿਆਲੀਆਂ ਤਾਰਾਂ 'ਚ ਉਲਝੀ ਜ਼ਿੰਦਗੀ ਹੈ। ਮਨ ਦੀਆਂ ਪਰਤਾਂ ਮੈਲੀਆਂ ਹਨ। ਬੰਦੇ ਦੇ ਅੰਦਰ ਟੁੱਟ-ਭੱਜ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਮਹਿਸੂਸ ਕਰਦਿਆਂ ਫਿਲਮਸਾਜ਼ ਅਮਰਦੀਪ ਸਿੰਘ ਨੇ ਕਿਹਾ ਸੀ ਕਿ ਅਸੀਂ ਗੁਰੂ ਨਾਨਕ ਨੂੰ ਦੁਨੀਆ ਦੇ ਹਰ ਹਿੱਸੇ ਪਹੁੰਚਾ ਦਿੱਤਾ ਹੈ ਪਰ ਆਪਣੇ ਦਿਲ ਤੱਕ ਨਹੀਂ ਪਹੁੰਚਾ ਸਕੇ। ਜੇ ਇੰਝ ਹੈ ਤਾਂ ਅੱਜ 550 ਸਾਲਾਂ



**ਹਰਪ੍ਰੀਤ ਸਿੰਘ ਕਾਹਲੋਂ**
ਫੋਨ: +91-97798-88335

ਬਾਅਦ ਗੁਰੂ ਨਾਨਕ ਪਾਤਸ਼ਾਹ ਦੇ ਫਲਸਫੇ ਨੂੰ ਸਮਝਣਾ ਜ਼ਰੂਰੀ ਹੈ।

### ਨਿਸ਼ਾਨ!

ਸੰਨ ਸੰਤਾਲੀ ਦੀ ਵੰਡ ਬਾਰੇ ਗੁਲਜ਼ਾਰ ਨੇ ਕਹਾਣੀ 'ਰਾਵੀ ਪਾਰ' ਲਿਖੀ। ਇਸ ਕਹਾਣੀ 'ਚ 1947 ਦੀ ਵੰਡ ਮੌਕੇ ਦਰਸ਼ਨ ਸਿੰਘ ਦੇ ਘਰ ਜੌੜਿਆਂ ਨੇ ਜਨਮ ਲਿਆ। ਇਕ ਦੀ ਮੌਤ ਹੋ ਗਈ। ਰਾਵੀ ਲੰਘਦਿਆਂ ਕਿਸੇ ਕਿਹਾ ਕਿ ਮਰਿਆ ਬੱਚਾ ਜਲ ਪ੍ਰਵਾਹ ਕਰ ਦਿਓ। ਅੰਮ੍ਰਿਤਸਰ ਆ ਕੇ ਪਤਾ ਲੱਗਾ ਕਿ ਜਿਊਂਦਾ ਬੱਚਾ ਰਾਵੀ ਵਿਚ ਸੁੱਟ ਦਿੱਤਾ ਸੀ ਅਤੇ ਮਰਿਆ ਮਾਂ ਨੇ ਛਾਤੀ ਨਾਲ ਘੁੱਟਿਆ ਸੀ। ਗੁਲਜ਼ਾਰ ਦੀ ਕਹਾਣੀ ਦਾ ਬਿਆਨ ਹੈ ਕਿ ਵੰਡ ਦੌਰਾਨ ਪੰਜਾਬ ਇੰਝ ਹੀ ਹੱਸਦੀਆਂ ਖੇਡਦੀਆਂ ਜਿਊਂਦੀਆਂ ਯਾਦਾਂ ਰਾਵੀ ਵਿਚ ਸੁੱਟ, ਮਰੀਆਂ ਯਾਦਾਂ ਨੂੰ ਸੀਨਿਆਂ 'ਚ ਦਫਨ ਕਰ ਨਾਲ ਲੈ ਆਇਆ। ਇਹ ਟੀਸ ਤੀਜੀ ਪੀੜ੍ਹੀ ਤੱਕ ਹੈ ਅਤੇ ਅਗਾਂਹ ਵੀ ਰਹਿਣੀ ਹੈ। ਸਾਡੀ ਅਰਦਾਸ ਵਿਚ ਨਨਕਾਣਾ ਸਾਹਿਬ ਅਤੇ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਆਰਜ਼ਾ ਹੈ।

### ਜੋ ਅੰਦਰ ਸੀ ਉਹਨੂੰ ਲੱਭਦਿਆਂ...

ਗੁਰੂ ਨਾਨਕ ਸਾਹਿਬ ਦੀਆਂ ਚਾਰ ਉਦਾਸੀਆਂ ਨੂੰ ਦਰਜ ਕਰਦੀ 'ਸੈਨਤ- ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ' (ਐਲੇਗਰੀ- ਏ ਟੈਪਸਟ੍ਰੀ ਆਫ ਗੁਰੂ ਨਾਨਕ'ਜ਼ ਟਰੈਵਲਜ਼) ਦਸਤਾਵੇਜ਼ੀ ਫਿਲਮ ਲੜੀ ਅਮਰਦੀਪ ਸਿੰਘ ਨੇ ਬਣਾਈ ਹੈ। 24 ਕਿਸ਼ਤਾਂ ਦੀ ਇਸ ਲੜੀ ਨੂੰ ਦੇਖਣ ਤੋਂ ਪਹਿਲਾਂ ਇਸ ਤੰਦ ਤੱਕ ਪਹੁੰਚਣਾ ਜ਼ਰੂਰੀ ਹੈ ਕਿ ਇਹਦੀ ਸਿਰਜਣਾ ਪਿਛਲੇ ਬੰਦੇ ਦਾ ਇਨ੍ਹਾਂ ਕਹਾਣੀਆਂ ਨੂੰ ਕਹਿਣ ਦਾ ਮੁੱਢ ਕਿੰਝ ਬੱਝਿਆ। ਇਹ ਬਤੌਰ ਲਿਖਾਰੀ, ਹਦਾਇਤਕਾਰ ਅਮਰਦੀਪ ਸਿੰਘ ਅਤੇ ਦਰਸ਼ਕਾਂ ਤੇ ਸੰਗਤ ਦਾ ਜੋੜ ਹੈ।

### ਉੱਠ ਗਏ ਗਵਾਂਢੋ ਯਾਰ!

ਸਿੰਗਾਪੁਰ ਰਹਿੰਦੇ ਅਮਰਦੀਪ ਸਿੰਘ ਹੁਣਾਂ ਵੰਡ ਦੀ ਇਸੇ ਟੀਸ 'ਚੋਂ ਆਪਣੇ ਬਜ਼ੁਰਗਾਂ ਦਾ ਵਿਹੜਾ ਦੇਖਣ ਦੀ ਉਮੀਦ ਰੱਖੀ ਸੀ। ਇਹ ਤੰਦ ਮਕਬੂਜ਼ਾ ਕਸ਼ਮੀਰ ਵਿਚਲੇ ਮੁਜ਼ੱਫਰਾਬਾਦ ਨਾਲ ਜੁੜਦੀ ਹੈ। ਅਮਰਦੀਪ ਸਿੰਘ ਦੇ ਪਿਤਾ ਇੱਥੋਂ ਦੇ ਸਨ ਅਤੇ ਮਾਂ ਐਬਟਾਬਾਦ ਤੋਂ ਸੀ। ਅਮਰਦੀਪ ਮੁਤਾਬਿਕ ਜਿਉਂ-ਜਿਉਂ ਸਫਰ ਤੁਰਿਆ ਤਾਂ ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਸਫਰ ਨਿੱਜ ਦੀ ਵਿਰਾਸਤ ਤੋਂ ਵੀ ਪਾਰ ਤੁਹਾਡੇ ਪੁਰਖਿਆਂ ਦੇ ਇਤਿਹਾਸਕ ਪਿਛੋਕੜ ਦੀ ਬਹੁਤ ਪੁਰਾਤਨ ਅਤੇ ਮਹਾਨ ਸਾਂਝੀ ਵਿਰਾਸਤ ਤੱਕ ਦਾ ਦਸਤਾਵੇਜ਼ ਹੈ।

### ਹਰ ਬੰਦੇ ਦੇ ਅੰਦਰ ਸਫਰ ਹੈ। ਇਸ ਸਫਰ 'ਤੇ ਤੁਰ ਪੈਣਾ 'ਵਿਰਾਸਤਾਂ ਦਾ ਸਫਰ' ਹੈ

ਯਾਤਰਾ ਅਤੇ ਸਭਿਅਤਾਵਾਂ ਦੇ ਇਤਿਹਾਸ 'ਚ ਇਹਦੀ ਨਿਸ਼ਾਨਦੇਹੀ ਦਾ ਆਪਣਾ ਹੀ ਜਲਾਲ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ 'ਚ ਬਾਣੀ ਉਚਾਰੀ ਅਤੇ ਉਸ ਨੂੰ ਗਾਵਿਆ। ਉਨ੍ਹਾਂ ਉਦਾਸੀਆਂ ਕੀਤੀਆਂ। ਕਰਤਾਰਪੁਰ ਸਾਹਿਬ ਦੀ ਮੁਕੱਦਸ ਧਰਤੀ 'ਤੇ ਖੇਤੀ ਕੀਤੀ। ਗ੍ਰਿਹਸਥ ਜ਼ਿੰਦਗੀ ਦਾ ਮੂਲ ਸਮਝਾਇਆ। ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਰੂਹਾਨੀ ਮੰਤਰ ਦਿੱਤਾ।

### ਬਾਬਾ ਨਾਨਕ ਨੇ ਆਪਣੇ ਸਿੱਖਾਂ ਨੂੰ ਕੀ ਸਿਖਾਇਆ?

ਘੁੰਮਣਾ ਅਤੇ ਦੁਨੀਆਂ ਦੀ ਪ੍ਰਾਹੁਣਾਚਾਰੀ ਨੂੰ ਸਮਝਣਾ, ਬੰਦੇ ਦੀ ਖੋਜ ਅਤੇ ਸਿਦਕ ਸੰਤੋਖ ਦੀ ਸਾਧਨਾ, ਇਹੋ ਤਾਂ ਹੈ ਬਾਬੇ ਨਾਨਕ ਦੇ ਘਰ ਦਾ ਸਿਰਨਾਵਾਂ!

ਅਮਰਦੀਪ ਸਿੰਘ ਦਸਤਾਵੇਜ਼ੀ ਲੜੀ ਬਣਾਉਣ ਵੇਲੇ 'ਕੱਲਾ-ਕਾਰਾ ਨਹੀਂ ਤੁਰਦਾ। ਉਹ ਦੁਨੀਆ ਦੀ ਇਸੇ ਪ੍ਰਾਹੁਣਾਚਾਰੀ ਨੂੰ ਲੱਭਦਾ ਹੈ।

ਕਥਾ ਹੈ ਕਿ ਬਾਬਾ ਸ਼ੇਖ ਇਬਰਾਹਿਮ (ਬਾਬਾ ਫਰੀਦ ਦੇ ਗੱਦੀਨਸ਼ੀਨ) ਨੂੰ ਜਦੋਂ ਗੁਰੂ ਨਾਨਕ ਪਾਤਸ਼ਾਹ ਮਿਲੇ ਤਾਂ ਮਰਦਾਨੇ ਨੇ ਰਬਾਬ ਛੇੜੀ। ਬਾਬੇ ਨੇ ਬਾਣੀ ਗਾਵੀ ਤਾਂ ਸ਼ੇਖ ਇਬਰਾਹਿਮ ਆਪਣੀ ਗੱਦੀਓਂ ਉੱਠੇ, ਕੁਟੀਆ ਅੰਦਰ ਗਏ ਤੇ ਬਾਬਾ ਫਰੀਦ ਦੇ ਸ਼ਲੋਕਾਂ ਦੇ ਪੱਤਰੇ ਲੈ ਆਏ।

ਗੁਰੂ ਨਾਨਕ ਤੇ ਭਾਈ ਮਰਦਾਨੇ ਨੇ ਸ਼ਲੋਕ ਗਾਏ ਤਾਂ ਸ਼ੇਖ ਇਬਰਾਹਿਮ ਬਾਬਾ ਫਰੀਦ ਦੀ ਬਾਣੀ ਦੇ ਸਾਰੇ ਪੱਤਰੇ ਲੈ ਆਏ ਤੇ ਬੋਲੇ ਕਿ ਇਹ ਤੁਸਾਂ ਦੇ, ਤੁਸਾਂ ਹੀ ਲੈ ਜਾਵੋ। ਇੰਝ ਗੁਰੂ ਨਾਨਕ ਦੇਵ ਜੀ ਦਾ ਪਾਕਪਟਨ ਵਿਖੇ ਬਾਬਾ ਫਰੀਦ ਨਾਲ ਮੇਲ ਹੋਇਆ। ਇਹ ਪ੍ਰਾਹੁਣਾਚਾਰੀ ਅਤੇ ਸਾਂਝੀਵਾਲਤਾ ਹੈ। ਅਜਿਹੇ ਇਸ਼ਾਰਿਆਂ ਨੂੰ ਦਰਜ ਕਰਦਾ ਅਮਰਦੀਪ ਸਿੰਘ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਨਾਲ ਆਪਣੀ ਯਾਤਰਾ ਨੂੰ ਤੋਰਦਾ ਹੈ।

### ਇਲਾਹੀ ਦਖਲ

ਅਮਰਦੀਪ ਸਿੰਘ ਇਸ ਨੂੰ ਇਲਾਹੀ ਦਖਲ ਕਹਿੰਦਾ ਹੈ। ਉਸ ਮੁਤਾਬਿਕ ਇਹ ਸਿਰਫ ਧਾਰਮਿਕ ਨਹੀਂ ਹੈ। ਇਸ ਵਿਚ ਵਿਰਾਸਤ ਹੈ, ਭਾਵਨਾ ਹੈ ਅਤੇ ਸਫਰ ਹੈ ਜਿਸ ਦੀ ਗੁੜ੍ਹਤੀ ਸਾਨੂੰ ਗੁਰੂ ਨਾਨਕ ਸਾਹਿਬ ਦੀਆਂ ਸਾਖੀਆਂ ਪੜ੍ਹ-ਪੜ੍ਹ ਮਿਲੀ ਹੈ। ਇਹ ਦਸਤਾਵੇਜ਼ੀ ਫਿਲਮ ਦੇ ਰੂਪ 'ਚ ਦਰਜ ਕਰਨਾ ਨਿਰਾ ਗੁਰਦੁਆਰਿਆਂ ਦੀ ਯਾਤਰਾ ਕਰਨਾ ਨਹੀਂ। ਗੁਰੂ ਨਾਨਕ ਸਾਹਿਬ ਤਾਂ ਇਸ ਤੋਂ ਬਾਹਰ ਹੋਰ ਥਾਵਾਂ 'ਤੇ ਵੀ ਘੁੰਮੇ ਸਨ। ਇਸ ਵਿਚ ਕਥਾ ਮਹੱਤਵਪੂਰਨ ਹੈ। ਇਹ ਲਿਖਤੀ ਇਤਿਹਾਸ ਨਾਲ ਸਾਡੀ ਮਿਲਣੀ ਹੈ। ਅਸੀਂ ਇਸੇ ਬਿਰਤਾਂਤ ਨੂੰ ਪੇਸ਼ ਕਰਨਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਚੱਜਾ ਦਸਤਾਵੇਜ਼ ਹੋਵੇ।

### ਸੈਨਤ- ਗੁਰੂ ਨਾਨਕ ਦੇਵ ਜੀ ਦੇ ਪੈਂਡਿਆਂ ਦੀ ਰੂਹਾਨੀ ਛਾਪ

ਅਮਰਦੀਪ ਸਿੰਘ ਮੁਤਾਬਿਕ ਇਸ ਦਸਤਾਵੇਜ਼ੀ ਫਿਲਮ ਦੇ ਮੁੱਢ 'ਚ ਇਹ ਮਹਿਸੂਸ ਕਰਦਿਆਂ ਇਹਨੂੰ ਦੇਖਦੇ ਜਾਵੋ। ਜਦੋਂ ਸਰਹੱਦਾਂ ਇਸ ਰੂਪ 'ਚ ਨਹੀਂ ਸਨ। ਪੰਦਰ੍ਹਵੀਂ ਸਦੀ ਦਾ ਦੌਰ ਸੀ। ਬਾਦਸ਼ਾਹ ਆਪਣੇ ਰਾਜ ਦਾ ਵਿਸਥਾਰ ਕਰ ਰਹੇ ਸਨ। ਉਨ੍ਹਾਂ ਸਮਿਆਂ 'ਚ ਹਿੰਦੂ ਅਤੇ ਮੁਸਲਮਾਨ ਸਨ।

ਉਦੋਂ ਗੁਰੂ ਨਾਨਕ ਸਾਹਿਬ ਅਵਤਾਰ ਧਾਰਦੇ ਹਨ ਅਤੇ ਮਨੁੱਖਤਾ ਤੇ ਸਾਂਝੀਵਾਲਤਾ ਦਾ ਸੁਨੇਹਾ ਕੁੱਲ ਦੁਨੀਆਂ ਨੂੰ ਦਿੰਦੇ ਹਨ। ਉਹ ਰਾਗਾਂ 'ਚ ਬਾਣੀ ਰਚਦੇ ਹਨ। ਉਹ ਹਿੰਦੂ ਨੂੰ ਮਿਲਦੇ ਹਨ। ਉਹ ਮੁਸਲਮਾਨਾਂ, ਕਬੀਲਿਆਂ, ਵੱਖ-ਵੱਖ ਕੌਮਾਂ ਅਤੇ ਸੱਭਿਆਚਾਰਾਂ ਦੇ ਲੋਕਾਂ ਨੂੰ ਮਿਲਦੇ ਹਨ ਅਤੇ ਅਕਾਲ ਪੁਰਖ ਦਾ ਸੰਦੇਸ਼ ਦਿੰਦਿਆਂ ਵੱਖ-ਵੱਖ ਥਾਵਾਂ ਦੀ ਯਾਤਰਾ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਕਰਦੇ ਹਨ। ਉਨ੍ਹਾਂ ਵੱਲੋਂ ਗਾਹਿਆ ਵੱਡਾ ਖੇਤਰ ਹੁਣ ਨੌਂ ਦੇਸ਼ਾਂ 'ਚ ਫੈਲਿਆ ਹੈ। ਤਿੱਬਤ, ਭਾਰਤ, ਪਾਕਿਸਤਾਨ, ਚੀਨ, ਬੰਗਲਾਦੇਸ਼, ਸ੍ਰੀਲੰਕਾ, ਸਾਊਦੀ ਅਰਬ, ਇਰਾਕ, ਇਰਾਨ, ਅਫਗਾਨਿਸਤਾਨ ਜਿਹੇ ਦੇਸ਼ਾਂ ਨੂੰ ਬਾਬਾ ਨਾਨਕ ਦੀ ਚਰਨ ਛੋਹ ਪ੍ਰਾਪਤ ਹੈ।

ਅਮਰਦੀਪ ਸਿੰਘ ਦੇ ਦੱਸਣ ਮੁਤਾਬਿਕ ਸਾਡੇ ਕਾਰਜ ਨੂੰ ਕੁਝ ਇਸ ਤਰ੍ਹਾਂ ਸਮਝਿਆ ਜਾਵੇ ਕਿ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਉਨ੍ਹਾਂ ਦੀਆਂ ਉਦਾਸੀਆਂ ਅਤੇ ਸਿੱਖਿਆਵਾਂ ਦੇ ਸਾਡੇ ਤੱਕ ਪਹੁੰਚਣ ਦੀਆਂ ਤਿੰਨ ਰਵਾਇਤਾਂ ਹਨ।

15ਵੀਂ-16ਵੀਂ ਸਦੀ 'ਚ ਮੌਖਿਕ ਰਵਾਇਤ ਮਾਰਫਤ ਇਹ ਕਹਾਣੀਆਂ ਤੁਰਦੀਆਂ ਰਹੀਆਂ ਜੋ 17ਵੀਂ ਸਦੀ 'ਚ ਜਨਮਸਾਖੀਆਂ ਦੀ ਰਵਾਇਤ 'ਚ ਪੇਸ਼ ਹੋਇਆ। ਅਸੀਂ ਭਾਈ ਬਾਲੇ ਵਾਲੀ ਜਨਮਸਾਖੀ, ਭਾਈ ਗੁਰਦਾਸ ਦੀਆਂ ਲਿਖਤਾਂ, ਬਾਬਾ ਮਿਹਰਬਾਨ, ਮਹਿਮਾ ਪ੍ਰਕਾਸ਼ ਆਦਿ ਸਰੋਤਾਂ ਤੋਂ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਨੂੰ ਜਾਣਦੇ ਗਏ। ਹੁਣ 21ਵੀਂ ਸਦੀ ਵਿਜ਼ੁਅਲ ਮੀਡੀਆ ਦਾ ਦੌਰ ਹੈ। ਇਸੇ ਲਈ ਅਸੀਂ ਨੌਂ ਮੁਲਕਾਂ ਦੀ ਯਾਤਰਾ ਕਰਦਿਆਂ ਗੁਰੂ ਨਾਨਕ ਸਾਹਿਬ ਦੇ ਸਫਰ ਨੂੰ ਦਸਤਾਵੇਜ਼ੀ ਫਿਲਮ ਦਾ ਰੂਪ ਦਿੱਤਾ ਹੈ।

ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਸਮਝਦੇ ਹਾਂ ਤਾਂ ਇਸ ਨਜ਼ਰੀਏ ਨੂੰ ਧਿਆਨ 'ਚ ਰੱਖੀਏ ਕਿ ਇਹ ਸਿਰਫ ਗੁਰਦੁਆਰੇ ਨਹੀਂ ਹਨ ਜਿਵੇਂ ਮਿਸਾਲ ਵਜੋਂ ਪਾਕਿਸਤਾਨ 'ਚ ਗੁਰਦੁਆਰਾ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਤੋਂ ਇਲਾਵਾ 45 ਤੋਂ ਵੱਧ ਅਜਿਹੀਆਂ ਥਾਵਾਂ ਹਨ ਜੋ ਦੋ ਧਰਮਾਂ ਦੇ ਆਪਸੀ ਸਹਿਚਾਰ ਦਾ ਪ੍ਰਤੀਕ ਹਨ। ਇਸ ਵਿਸ਼ਵਾਸ 'ਚ ਸੂਫੀ ਦਰਗਾਹਾਂ, ਮੰਦਰ ਵੀ ਹਨ ਜਿਨ੍ਹਾਂ ਨਾਲ ਉਦਾਸੀਆਂ ਵੇਲੇ ਗੁਰੂ ਨਾਨਕ ਸਾਹਿਬ ਨਾਲ ਰਿਸ਼ਤਾ ਜੁੜਦਾ ਹੈ। ਇਹ ਗੁਰੂ ਨਾਨਕ ਜੀ ਦੇ ਰਾਹਵਾਂ ਦੀ ਨਿਸ਼ਾਨਦੇਹੀ ਹੈ ਜੋ ਸਾਨੂੰ ਸਾਖੀ ਪਰੰਪਰਾ ਤੋਂ ਮਹਿਸੂਸ ਹੁੰਦੀ ਹੈ।

ਇਹੋ ਕਥਾਵਾਂ ਹਨ। ਇਹ ਵੱਡਾ ਵਰਤਾਰਾ ਹੈ। ਇਸ 'ਚ ਕਈ ਗੱਲਾਂ ਨੂੰ ਨਿਖੇੜਨ ਦੀ ਵੀ ਲੋੜ ਹੈ। ਇਹ ਖੋਜ ਦਾ ਵਿਸ਼ਾ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦੇ ਇੰਡੋਨੇਸ਼ੀਆ ਅਤੇ ਰੋਮ ਤੱਕ ਜਾਣ ਦੀ ਚਰਚਾ ਵੀ ਤੁਰਦੀ ਹੈ। ਅਜਿਹੇ 'ਚ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਇਤਿਹਾਸਕ ਹਵਾਲਿਆਂ, ਸਾਖੀਆਂ ਅਤੇ ਉਨ੍ਹਾਂ ਰਾਹਵਾਂ ਨੂੰ ਸੁਹਿਰਦ ਹੋ ਕੇ ਸਮਝਣ ਦੀ ਲੋੜ ਹੈ ਕਿ ਸਹੀ ਕੀ ਹੈ ਅਤੇ ਅਤਿਕਥਨੀ ਕੀ।

### ਦਸਤਾਵੇਜ਼ੀ ਪੜਾਅ ਦੇ ਸਾਥੀ


ਅਮਰਦੀਪ ਸਿੰਘ ਅਤੇ ਉਨ੍ਹਾਂ ਦੇ ਵੀਡੀਓ ਡਾਇਰੈਕਟਰ ਸਾਥੀ ਸਲਮਾਨ ਨੇ 11 ਜਨਵਰੀ 2019 ਨੂੰ ਇਹ ਸ਼ਾਨਦਾਰ ਸਫਰ ਸ਼ੁਰੂ ਕੀਤਾ। ਇਸ ਦੌਰਾਨ 11 ਮਹੀਨਿਆਂ ਵਿਚ ਉਹ ਨੌਂ ਮੁਲਕਾਂ ਦੀਆਂ 150 ਤੋਂ ਵੱਧ ਥਾਵਾਂ 'ਤੇ ਪਹੁੰਚੇ। ਅਮਰਦੀਪ ਸਿੰਘ ਇਸ ਨੂੰ ਵੱਡੀ ਚੁਣੌਤੀ ਮੰਨਦਾ ਹੈ। ਉਸ ਮੁਤਾਬਿਕ ਦਸਤਾਵੇਜ਼ੀ ਫਿਲਮ ਬਣਾਉਣ ਦੌਰਾਨ ਅਸੀਂ ਭਾਰਤ-ਪਾਕਿਸਤਾਨ ਤਾਂ ਸੌਖਿਆਂ ਘੁੰਮ ਸਕੇ ਪਰ ਵੱਡੀ ਚੁਣੌਤੀ ਸ੍ਰੀਲੰਕਾ ਸੀ ਜਿੱਥੋਂ ਅਸੀਂ ਸ਼ੁਰੂਆਤ ਕੀਤੀ।

ਇਸ ਤੋਂ ਇਲਾਵਾ ਅਜਿਹੀਆਂ ਕਈ ਥਾਵਾਂ ਹਨ ਜਿੱਥੇ ਪਹੁੰਚਣਾ ਸੌਖਾ ਨਹੀਂ ਹੈ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਰਾਹ ਹੁਣ ਦੇ 70 ਫੀਸਦੀ ਵਿਵਾਦਤ ਖੇਤਰਾਂ 'ਚ ਹੈ। ਸਾਡੇ ਲਈ ਚੁਣੌਤੀ ਸੀ ਕਿ ਅਸੀਂ ਇਰਾਨ, ਤਿੱਬਤ, ਇਰਾਕ ਅਤੇ ਸਾਊਦੀ ਅਰਬ 'ਚ ਫਿਲਮ ਕਿਵੇਂ ਬਣਾਵਾਂਗੇ।

ਦੂਜਾ ਸਾਡੇ ਲਈ ਕਥਾ ਦਾ ਮਹੱਤਵ ਹੈ ਜਿਸ ਮਾਰਫਤ ਇਤਿਹਾਸਕ ਗਵਾਹੀ ਬਣੇ। ਅਸੀਂ ਉਨ੍ਹਾਂ ਥਾਵਾਂ 'ਤੇ ਪਹੁੰਚਣਾ ਸੀ ਜਿੱਥੇ ਆਮ ਲੋਕਾਂ ਦਾ ਜਾਣਾ ਸੌਖਾ ਨਹੀਂ। ਅਸੀਂ ਗੁਰੂ ਨਾਨਕ ਸਾਹਿਬ ਦੇ ਰਾਹਵਾਂ ਦੀ ਕਹਾਣੀ ਨੂੰ ਬਹੁਤ ਸੁਹਿਰਦਤਾ ਨਾਲ ਕਹਿਣਾ ਚਾਹੁੰਦੇ ਸੀ। ਇਸ 'ਚ ਸਾਨੂੰ ਬਹੁਤ ਸਾਰੇ ਦਾਨੀ ਸੱਜਣਾਂ ਅਤੇ ਸਿੱਖ ਲੈਨਜ਼ ਦਾ ਸਹਿਯੋਗ ਹਾਸਲ ਹੈ।

ਅਸੀਂ ਆਪਣੇ ਸਫਰ ਦੇ ਦੋ ਪੜਾਅ ਉਲੀਕੇ ਸਨ। ਪਹਿਲੇ ਪੜਾਅ 'ਚ ਸ੍ਰੀਲੰਕਾ, ਪਾਕਿਸਤਾਨ, ਅਫਗਾਨਿਸਤਾਨ, ਇਰਾਨ ਅਤੇ ਤਿੱਬਤ ਸ਼ਾਮਲ ਸੀ ਅਤੇ ਦੂਜੇ ਪੜਾਅ 'ਚ ਇਰਾਕ, ਸਾਊਦੀ ਅਰਬ, ਬੰਗਲਾਦੇਸ਼ ਅਤੇ ਭਾਰਤ।

ਇਨ੍ਹਾਂ 150 ਤੋਂ ਵੱਧ ਥਾਵਾਂ ਨੂੰ ਪੇਸ਼ ਕਰਦੀ 24 ਕਿਸ਼ਤਾਂ ਦੀ ਦਸਤਾਵੇਜ਼ੀ ਫਿਲਮ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਸਮਝ ਬਣਾਉਂਦਿਆਂ ਇਹ ਮਹਿਸੂਸ ਕਰੋ ਕਿ ਉਨ੍ਹਾਂ ਜਿਹੜੀਆਂ ਹੱਦਬੰਦੀਆਂ ਨੂੰ ਤੋੜਦਿਆਂ ਅਧਿਆਤਮਕ ਸੰਵਾਦ ਕੀਤਾ ਉਹ ਇਸਲਾਮਿਕ, ਸੂਫੀ, ਬੁੱਧ, ਜੈਨ, ਹਿੰਦੂ ਰਵਾਇਤਾਂ ਦੀ ਆਪਸੀ ਸਾਂਝ ਦਾ ਦਸਤਾਵੇਜ਼ ਹੈ। ਨਫਰਤ ਦੇ ਦੌਰ 'ਚ ਇਸ ਸਾਂਝੀਵਾਲਤਾ ਦੀ ਤੰਦ ਦਾ ਸਭ ਤੱਕ ਪਹੁੰਚਣਾ ਜ਼ਰੂਰੀ ਹੈ।






ਅਮਰਦੀਪ ਸਿੰਘ ਦੀ ਫਿਲਮ ਦਾ ਪੋਸਟਰ ਅਤੇ (ਸੱਜੇ) ਅਮਰਦੀਪ ਸਿੰਘ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-4

# ਫਿਰਕੂ ਪਾੜਾ: ਕੇਰਲ ਦੀ ਕਹਾਣੀ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਤੀਜੀ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**


ਭਾਰਤੀ ਸਮਾਜ ਵਿਚ ਫਿਰਕਾਪ੍ਰਸਤੀ ਅਤੇ ਉਸ ਸਮੇਂ ਉਸ ਦੇ ਫਿਰਕੂ ਦੰਗਿਆਂ ਪਿਛੇ ਕਈ ਵੇਰ ਅਸੰਤੁਲਿਤ ਅਤੇ ਸ਼ੋਸ਼ਣ ਆਧਾਰਿਤ ਆਰਥਕ ਸਬੰਧ ਵੀ ਮਹੱਤਵਪੂਰਨ ਕਾਰਨ ਰਹੇ ਹਨ। ਇਨ੍ਹਾਂ ਅੰਦਰ ਅਸੀਂ ਰਾਜਨੀਤਕ ਹੱਥਕੰਡਿਆਂ ਜ਼ਰੀਏ ਖੇਤਰੀ ਆਰਥਕ ਸੱਚਾਈਆਂ ਦਾ ਸੰਤੁਲਨ ਬਦਲਣ ਦੇ ਯਤਨ ਵੀ ਦੇਖ ਸਕਦੇ ਹਾਂ। ਅਕਸਰ ਫਿਰਕੂ ਸ਼ਕਤੀਆਂ ਆਪਣੇ ਫਿਰਕੇ ਦੇ ਪਛੜੇਪਣ ਨੂੰ ਰੇਖਾਂਕਿਤ ਕਰਕੇ ਉਸ ਨੂੰ ਦੂਜੇ ਫਿਰਕੇ ਦੇ ਵਿਰੁੱਧ ਲਾਮਬੰਦ ਕਰਨ ਦਾ ਯਤਨ ਕਰਦੀ ਰਹੀ ਹੈ ਅਤੇ ਇਸ ਰਾਜਨੀਤਕ ਯਤਨ ਪਿਛੇ ਰਾਜਨੀਤਕ ਅਤੇ ਧਾਰਮਿਕ ਇੱਛਾਵਾਂ ਵੀ ਛੁਪੀਆਂ ਹੁੰਦੀਆਂ ਹਨ। ਕਈ ਵਾਰ ਧਾਰਮਿਕ ਅੰਦੋਲਨਾਂ ਦੇ ਪਿਛੇ ਸ਼ੁੱਧ ਰੂਪ ਵਿਚ ਅਜਿਹੇ ਆਰਥਕ ਉਦੇਸ਼ ਹੁੰਦੇ ਹਨ ਜਿਨ੍ਹਾਂ ਬਾਰੇ ਅੰਦੋਲਨ ਦੇ ਸੂਤਰਧਾਰਾਂ ਨੂੰ ਛੱਡ ਕੇ ਭਾਗ ਲੈਣ ਵਾਲੇ ਵਿਸ਼ਾਲ ਜਨ ਸਮੂਹ ਨੂੰ ਕੋਈ ਪਤਾ ਨਹੀਂ ਲੱਗਦਾ ਅਤੇ ਉਹ ਅੰਤ ਤੱਕ ਨਹੀਂ ਸਮਝ ਪਾਉਂਦਾ ਕਿ ਕਿਵੇਂ ਸਵਾਰਥੀ ਲੋਕ ਉਨ੍ਹਾਂ ਦਾ ਚਲਾਕੀ ਨਾਲ ਇਸਤੇਮਾਲ ਕਰ ਰਹੇ ਹਨ।

ਮੋਪਲਾ ਵਿਦਰੋਹ ਪੂਰਬੀ ਬੰਗਾਲ ਵਿਚ ਹਿੰਦੂ ਜ਼ਿਮੀਦਾਰਾਂ ਅਤੇ ਸੂਦਖੋਰਾਂ ਦੇ ਵਿਰੁੱਧ ਹੋਏ ਸੰਘਰਸ਼ ਅਤੇ ਗਊ ਰੱਖਿਆ ਨਾਲ ਜੋੜ ਕੇ ਜ਼ਿਮੀਦਾਰਾਂ ਦੁਆਰਾ ਬਿਹਾਰ ਅਤੇ ਪੂਰਬੀ ਉਤਰ ਪ੍ਰਦੇਸ਼ ਦੇ ਮੁਸਲਿਮ ਕਿਸਾਨਾਂ ਨੂੰ ਬੇਦਖਲ ਕਰਨਾ ਕੁਝ ਐਸੀਆਂ ਹੀ ਉਦਾਹਰਨਾਂ ਹਨ। ਸੁਣ ਕੇ ਹੈਰਾਨੀ ਹੁੰਦੀ ਹੈ ਪਰ ਇਹ ਸੱਚ ਹੈ ਕਿ 1921-22 ਦਾ ਮੋਪਲਾ ਵਿਦਰੋਹ ਖਿਲਾਫਤ ਅਤੇ ਅਸਹਿਯੋਗ ਅੰਦੋਲਨ ਦੀ ਪੈਦਾਵਾਰ ਸੀ। ਭਾਵੇਂ ਵਿਦਰੋਹ ਦੇ ਅਸਲ ਕਾਰਨ ਮਾਲਾਬਾਰ ਸਮਾਜ ਵਿਚ ਖੇਤੀਬਾੜੀ ਨਾਲ ਜੁੜੇ ਲੋਕਾਂ ਉਪਰ ਭਿਆਨਕ ਜ਼ੁਲਮ ਅਤੇ ਸ਼ੋਸ਼ਣ ਨਾਲ ਜੁੜੇ ਹੋਏ ਸਨ। ਇਨ੍ਹਾਂ ਖੇਤੀ ਸਬੰਧਾਂ ਕਾਰਨ 1836 ਤੋਂ 1919 ਤੱਕ ਮਾਲਬਾਰ ਵਿਚ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਜਿਸ ਵਿਚ ਮੋਪਲਾ ਕਿਸਾਨ ਹਿੰਦੂ ਲੋਟੂਆਂ ਅਤੇ ਅੰਗਰੇਜ਼ਾਂ ਵਿਰੁੱਧ ਲੜੇ ਪਰ 1921-22 ਦਾ ਮੋਪਲਾ ਵਿਦਰੋਹ ਬਾਕੀ ਸਾਰੇ ਸੰਘਰਸ਼ਾਂ ਨਾਲੋਂ ਇਸ ਰੂਪ ਵਿਚ ਵੱਡਾ ਸੀ ਕਿ ਇਸ ਨੇ ਸੈਂਕੜੇ ਵਰਗ ਕਿਲੋਮੀਟਰ ਖੇਤਰ ਵਿਚ ਕਈ ਮਹੀਨਿਆਂ ਲਈ ਅੰਗਰੇਜ਼ ਸਾਮਰਾਜ ਨੂੰ ਸਮਾਪਤ ਕਰ ਦਿੱਤਾ ਸੀ। ਇਸ ਸਾਮਰਾਜ ਵਿਰੋਧੀ ਰੁਖ ਤੋਂ ਇਲਾਵਾ ਇਸ ਅੰਦੋਲਨ ਦਾ ਫਿਰਕੂ ਚਰਿੱਤਰ ਵੀ ਸੀ। ਸਰਕਾਰੀ ਅੰਕੜਿਆਂ ਅਨੁਸਾਰ ਕੇਵਲ ਹੇਰਨਾਡ ਅੰਦਰ 300 ਹਿੰਦੂ ਮੰਦਰ ਨਸ਼ਟ ਕਰ ਦਿੱਤੇ ਗਏ ਅਤੇ 900 ਹਿੰਦੂ, ਮੁਸਲਮਾਨ ਬਣਾਏ ਗਏ। ਲਗਭਗ 20,000 ਹਿੰਦੂ ਆਪਣਾ ਘਰ ਬਾਰ ਛੱਡ ਕੇ ਭੱਜ ਗਏ। ਇਸ ਤੋਂ ਇਲਾਵਾ ਮਾਰੇ ਗਏ ਹਿੰਦੂਆਂ ਦੀ ਸੰਖਿਆ ਵੀ ਹਜ਼ਾਰਾਂ ਵਿਚ ਸੀ। ਸਾਮਰਾਜ ਵਿਰੋਧੀ ਅੰਦੋਲਨ ਆਪਣੇ ਮੂਲ ਚਰਿਤ੍ਰ ਵਿਚ ਫਿਰਕੂ ਕਿਵੇਂ ਬਣਿਆ, ਇਸ ਨੂੰ ਸਮਝਣ ਲਈ ਮਾਲਾਬਾਰ ਖਿੱਤੇ ਦੇ ਖੇਤੀ ਸਬੰਧਾਂ ਨੂੰ ਸਮਝਣ ਦੀ ਲੋੜ ਹੈ।

ਆਜ਼ਾਦੀ ਤੋਂ ਪਹਿਲਾਂ ਕੇਰਲ ਦਾ ਉਤਰੀ ਹਿੱਸਾ ਮਾਲਾਬਾਰ ਇਕ ਜ਼ਿਲ੍ਹੇ ਦੇ ਰੂਪ ਵਿਚ ਮਦਰਾਸ ਪ੍ਰੈਜੀਡੈਂਸੀ ਦਾ ਭਾਗ ਸੀ। ਮਾਲਬਾਰ ਜ਼ਿਲ੍ਹਾ ਉਤਰ ਤੋਂ ਦੱਖਣ ਵੱਲ ਅਰਬ ਸਾਗਰ ਦੇ ਕਿਨਾਰੇ-ਕਿਨਾਰੇ 150 ਮੀਲ ਲੰਬੀ ਪੱਟੀ ਦੇ ਰੂਪ ਵਿਚ ਸੀ। ਇਸ ਦੀ ਚੌੜਾਈ ਕਿਤੇ ਵੀ 70 ਮੀਲ ਤੋਂ ਵੱਧ ਨਹੀਂ ਸੀ। ਬਹੁਤ ਹੀ ਗੁੰਝਲਦਾਰ, ਨਾ ਬਦਲਣ ਵਾਲੀ ਜਾਤੀ ਵਿਵਸਥਾ ਵਿਚ ਜਕੜੀ ਹਿੰਦੂ ਆਬਾਦੀ ਮਾਲਾਬਾਰ ਖੇਤਰ ਅੰਦਰ 65% ਸੀ (1921 ਦਾ ਜਨਗਣਨਾ) ਇਨ੍ਹਾਂ ਵਿਚ ਸਭ ਤੋਂ ਉਪਰ ਨੰਬੂਦਰੀ ਸਨ। ਮਾਲਾਬਾਰ ਦੀ 31 ਲੱਖ ਦੀ ਜਨਸੰਖਿਆ ਵਿਚ ਨੰਬੂਦਰੀ ਕੇਵਲ 20 ਹਜ਼ਾਰ ਸਨ। ਆਬਾਦੀ ਦਾ 32% ਮੁਸਲਿਮ ਸਨ। ਇਨ੍ਹਾਂ ਦੀ ਬਹੁਸੰਖਿਆ ਮਲਿਆਲਮ ਭਾਸ਼ਾ ਬੋਲਦੀ ਸੀ। ਸਹੀ ਅਰਥਾਂ ਵਿਚ ਇਹ ਮਾਲਾਬਾਰੀ ਮੋਪਲਾ ਸਨ। ਇਨ੍ਹਾਂ ਵਿਚ ਬਹੁਤ ਥੋੜ੍ਹਿਆਂ ਨੂੰ ਛੱਡ ਕੇ ਲਗਭਗ ਸਾਰੇ ਹੀ ਸਥਾਨਕ ਹਿੰਦੂਆਂ ਤੋਂ ਮੁਸਲਮਾਨ ਬਣੇ ਸਨ।

1901 ਅਤੇ 1911 ਦੀ ਜਨਗਣਨਾ ਅਨੁਸਾਰ ਮਾਲਾਬਾਰ ਵਿਚ ਸਿਰਫ 5%-6% ਲੋਕਾਂ ਕੋਲ ਹੀ ਜ਼ਮੀਨ ਦੀ ਮਾਲਕੀ ਸੀ। ਇਨ੍ਹਾਂ ਵਿਚ ਮੁਸਲਮਾਨ ਨਾਂਹ ਦੇ ਬਰਾਬਰ ਸਨ। ਹਿੰਦੂਆਂ ਵਿਚੋਂ ਵੀ ਨੰਬੂਦਰੀਆਂ ਕੋਲ ਹੀ ਜ਼ਮੀਨ ਦੀ ਮਾਲਕੀ ਸੀ। 1915 ਵਿਚ ਮਾਲਾਬਾਰ ਦੇ ਕੁਲੈਕਟਰ 'ਇਨਸ' ਦੇ ਅਨੁਸਾਰ ਸਭ ਤੋਂ ਵੱਡੇ ਭੋਇੰਪਤੀਆਂ (86 ਪਰਿਵਾਰ) ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਦੀ ਮਾਲਕੀ ਸੀ ਅਤੇ ਜੋ ਉਪਜ ਦਾ ਪੰਜਵਾਂ ਹਿੱਸਾ ਲਗਾਨ ਦੇ ਰੂਪ ਵਿਚ ਦਿੰਦੇ ਸਨ, ਉਹ ਸਭ ਉਚ ਜਾਤੀਆਂ ਦੇ ਹਿੰਦੂ ਭਾਵ, ਨੰਬੂਦਰੀ ਸਨ। ਉਨ੍ਹਾਂ ਵਿਚ ਕੇਵਲ ਦੋ ਮੋਪਲਾ ਸਨ। ਇਸੇ ਤਰ੍ਹਾਂ 1981-82 ਦੇ ਇਕ ਅਧਿਐਨ ਅਨੁਸਾਰ 829 ਜ਼ਿਮੀਦਾਰਾਂ ਵਿਚੋਂ 370 ਨੰਬੂਦਰੀ, 339 ਨਾਇਰ, 61 ਰਾਜਾ, 9 ਗੈਰ ਮਲਿਆਲਮੀ ਬ੍ਰਾਹਮਣ, 8 ਤਿਆ, 4 ਦੂਸਰੇ ਹਿੰਦੂ, ਇਕ ਯੂਰਪੀ ਅਤੇ 37 ਮੋਪਲਾ ਸਨ। ਮੋਪਲਾ ਵਿਦਰੋਹ ਸਮੇਂ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਏਰਨਾਡ ਅਤੇ ਬਾਲਵਾਨਾਡ ਤਾਲੁਕਾ ਵਿਚ ਤਾਂ ਸਥਿਤੀ ਸਭ ਤੋਂ ਵੱਧ ਖਰਾਬ ਸੀ, ਉਥੇ 292 ਜ਼ਿਮੀਦਾਰਾਂ ਵਿਚੋਂ 173 ਨੰਬੂਦਰੀ, 96 ਨਾਇਰ, 20 ਰਾਜਾ ਅਤੇ ਕੇਵਲ 2 ਮੋਪਲਾ ਸਨ।

ਨੰਬੂਦਰੀ ਬ੍ਰਾਹਮਣਾਂ ਨੇ ਮਨੋਰੰਜਕ ਪੁਰਾਤਨ ਕਥਾ ਬਣਾਈ ਹੋਈ ਸੀ ਜਿਸ ਅਨੁਸਾਰ ਭਗਵਾਨ ਪਰਸ਼ੂ ਰਾਮ ਨੇ ਇਸ ਜ਼ਮੀਨ ਨੂੰ ਉਨ੍ਹਾਂ ਦੇ ਉਪਯੋਗ ਲਈ ਸਮੁੰਦਰ ਤੋਂ ਪ੍ਰਾਪਤ ਕੀਤਾ ਸੀ। ਜ਼ਮੀਨ ਵੰਡ ਦੇ ਅਜਿਹੇ ਅਸਮਾਨ ਵਰਤਾਰੇ ਅੰਦਰ 95% ਜਨਸੰਖਿਆ ਬੇਜ਼ਮੀਨੀ ਸੀ। ਇਸ ਕਾਰਨ ਬਹੁਤ ਹੀ ਗੈਰਮਨੁੱਖੀ ਜੁਰਮ ਅਤੇ ਧੱਕੇ ਹੋ ਰਹੇ ਸਨ। ਉਸ ਵੇਲੇ ਦੇ ਸਾਹਿਤ ਅਤੇ ਸਰਕਾਰੀ ਦਸਤਾਵੇਜ਼ ਨੰਬੂਦਰੀ ਬ੍ਰਾਹਮਣਾਂ ਦੀਆਂ ਜ਼ਿਆਦਤੀਆਂ ਨਾਲ ਭਰੇ ਹੋਏ ਹਨ। ਮਾਰਕਸੀ ਨੇਤਾ ਈ.ਐਮ.ਐਸ. ਨੰਬੂਦਰੀਪਾਦ ਜੋ ਆਪ ਵੀ ਨੰਬੂਦਰੀ ਸਨ, ਨੇ ਨੰਬੂਦਰੀ ਬ੍ਰਾਹਮਣਾਂ ਦੀ ਬਣਾਈ ਅਣਮਨੁੱਖੀ ਵਿਵਸਥਾ ਦਾ ਜ਼ਿਕਰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਆਪਣੀ ਕਿਤਾਬ



*ਅਦਾਲਤ ਵਿਚ ਲਿਜਾਏ ਜਾ ਰਹੇ ਮੋਪਲਾ ਕੈਦੀ।*

'ਕੱਲ੍ਹ, ਅੱਜ ਅਤੇ ਭਲਕ' ਵਿਚ ਕੀਤਾ ਹੈ। ਵੱਡੇ ਜ਼ਿਮੀਂਦਾਰਾਂ ਦੀਆਂ ਵਧੀਕੀਆਂ ਦਾ ਸ਼ਿਕਾਰ ਹੇਠਲੀ ਸ਼੍ਰੇਣੀ ਦੇ ਹਿੰਦੂ ਅਤੇ ਮੋਪਲਾ ਹੁੰਦੇ ਸਨ। ਫਰਕ ਸਿਰਫ ਇੰਨਾ ਸੀ ਕਿ ਹੇਠਲੀ ਸ਼੍ਰੇਣੀ ਦੇ ਹਿੰਦੂਆਂ ਨੇ ਪਸ਼ੂਆਂ ਵਰਗੇ ਜੀਵਨ ਨੂੰ (ਦੇਸ਼ ਦੇ ਬਾਕੀ ਭਾਗਾਂ ਦੇ ਸ਼ੂਦਰਾਂ ਵਾਂਗ) ਆਪਣੀ ਕਿਸਮਤ ਮੰਨ ਕੇ ਸਵੀਕਾਰ ਕਰ ਲਿਆ ਸੀ ਪਰ ਮੋਪਲਾ ਵਿਚ ਇਹ ਭਾਵਨਾ ਨਹੀਂ ਸੀ। ਉਹ ਭਾਵੇਂ ਹਿੰਦੂਆਂ ਤੋਂ ਹੀ ਇਸਲਾਮ ਧਰਮ ਧਾਰਨ ਕਰਕੇ ਮੋਪਲਾ ਬਣੇ ਸਨ ਪਰ ਨਵੀਂ ਬਰਾਬਰੀ ਵਾਲੀ ਫਿਲਾਸਫੀ ਦੇ ਪ੍ਰਭਾਵ ਅਧੀਨ ਉਹ ਇਸ ਨੂੰ ਕਿਸਮਤ ਸਵੀਕਾਰ ਕਰਕੇ ਸਹਿਣ ਲਈ ਤਿਆਰ ਨਹੀਂ ਸਨ।

ਜ਼ਿਮੀਦਾਰਾਂ ਦੇ ਅੱਤਿਆਚਾਰਾਂ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਵਿਚ ਧਾਰਮਿਕ ਤੁਅੱਸਬ ਨੇ ਵੀ ਉਨ੍ਹਾਂ ਨੂੰ ਸੰਘਰਸ਼ ਲਈ ਪ੍ਰੇਰਿਆ। ਮੋਪਲਾ ਦੇ ਜੀਵਨ ਵਿਚ ਧਰਮ ਕਿਸ ਹੱਦ ਤੱਕ ਦਖਲ-ਅੰਦਾਜ਼ੀ ਕਰ ਰਿਹਾ ਸੀ, ਇਸ ਦਾ ਪਤਾ ਇਕ ਉਦਾਹਰਨ ਤੋਂ ਹੀ ਲੱਗ ਜਾਂਦਾ ਹੈ। ਪਹਿਲੇ ਵਿਸ਼ਵ ਯੁੱਧ ਸਮੇਂ ਮੋਪਲਾ ਇਹ ਮੰਨਣ ਲੱਗ ਪਏ ਸਨ ਕਿ ਜਰਮਨੀ ਨੇ ਇਸਲਾਮ ਸਵੀਕਾਰ ਕਰ ਲਿਆ ਹੈ ਅਤੇ ਤੁਰਕੀ ਦੇ ਪੱਖ ਵਿਚ ਉਨ੍ਹਾਂ ਦੇ ਯੁੱਧ ਵਿਚ ਦਾਖਲ ਹੋਣ ਤੋਂ ਸਪਸ਼ਟ ਸੀ ਕਿ ਹੁਣ ਅੰਗਰੇਜ਼ ਅਤੇ ਉਸ ਦੇ ਸੰਗੀ ਦੇਸ਼ ਹਾਰ ਜਾਣਗੇ। ਤੁਰਕੀ ਅਤੇ ਜਰਮਨੀ ਇਸਲਾਮੀ ਤਾਕਤ ਸਨ ਅਤੇ ਅੰਗਰੇਜ਼ ਅਤੇ ਸਾਥੀ ਦੇਸ਼ ਇਸਾਈ ਧਰਮ ਵਾਲੇ। ਇਸ ਲਈ ਇਸਲਾਮ ਦੀ ਜਿੱਤ 'ਤੇ ਮੋਪਲਾ ਨੂੰ ਭੋਰਾ ਵੀ ਸ਼ੱਕ ਨਹੀਂ ਸੀ। ਖਿਲਾਫਤ ਅੰਦੋਲਨ ਵੀ ਉਨ੍ਹਾਂ ਲਈ ਸਾਮਰਾਜ ਵਿਰੋਧੀ ਸੰਘਰਸ਼ ਨਾਲੋਂ ਆਸਥਾ ਦਾ ਪ੍ਰਸ਼ਨ ਵਧੇਰੇ ਸੀ। ਇਸ ਤੋਂ ਪਹਿਲਾਂ ਦੇ ਸੰਘਰਸ਼ਾਂ (1839-1919) ਦੇ ਸਮੇਂ ਵੀ ਧਰਮ ਅਤੇ ਧਾਰਮਿਕ ਪ੍ਰਤੀਕਾਂ ਦਾ ਉਪਯੋਗ ਸਾਫ ਦਿਖਾਈ ਦਿੰਦਾ ਹੈ। ਇਕ ਮੋਪਲਾ ਲਈ ਸੰਘਰਸ਼ ਧਰਮ ਲਈ ਬਲੀਦਾਨ ਹੈ। ਮੋਪਲਾ ਨੂੰ ਪਤਾ ਸੀ ਕਿ ਅੰਗਰੇਜ਼ ਸਾਮਰਾਜ ਦੁਆਰਾ ਪਾਲੇ ਪਲੋਸੇ ਭੂਮੀਪਤੀਆਂ ਵਿਰੁੱਧ ਉਨ੍ਹਾਂ ਦਾ ਸੰਘਰਸ਼ ਅਸਫਲ ਹੀ ਹੋਵੇਗਾ, ਇਸ ਲਈ ਹਰ ਸੰਘਰਸ਼ ਤੋਂ ਪਹਿਲਾਂ ਉਹ ਸਫੇਦ ਵਸਤਰ ਪਹਿਨ ਲੈਂਦੇ ਸਨ। ਆਪਣੀਆਂ ਪਤਨੀਆਂ ਨੂੰ ਤਲਾਕ ਦੇ ਦਿੰਦੇ ਸਨ। ਸਾਰੇ ਲੈਣੇ ਦੇਣੇ ਪੂਰੇ ਕਰ ਲੈਂਦੇ ਸਨ ਅਤੇ ਭੁੱਲਾਂ ਚੁੱਕਾਂ ਮੁਆਫ ਕਰਾ ਲੈਂਦੇ ਸਨ। ਧਰਮ ਗੁਰੂਆਂ ਦਾ ਅਸ਼ੀਰਵਾਦ ਪ੍ਰਾਪਤ ਕਰ ਲੈਂਦੇ ਸਨ। ਇਸ ਤਰ੍ਹਾਂ ਉਹ ਧਾਰਮਿਕ ਉਲਾਰਵਾਦ ਅਤੇ ਆਤਮਘਾਤੀ ਪ੍ਰੇਰਨਾ ਨਾਲ ਲੈਸ ਹੋ ਕੇ ਹਿੰਦੂਆਂ ਨੂੰ ਮਾਰਨ ਲਈ ਤਿਆਰ ਹੁੰਦੇ ਸਨ। ਮਾਰਨ ਤੋਂ ਬਾਅਦ ਉਹ ਮਸੀਤ ਜਾਂ ਨੇੜੇ ਦੀ ਧਾਰਮਿਕ ਇਮਾਰਤ ਵਿਚ ਇਕੱਠੇ ਹੋ ਕੇ ਅੰਗਰੇਜ਼ ਪਲਟਨ ਦੇ ਆਉਣ ਦੀ ਉਡੀਕ ਕਰਦੇ। ਜਿਊਂਦੇ ਫੜੇ ਜਾਣ ਦੀ ਥਾਂ ਉਹ ਲੜਦੇ-ਲੜਦੇ ਮਰ ਜਾਣਾ ਪਸੰਦ ਕਰਦੇ ਸਨ। 1836 ਤੋਂ 1919 ਵਿਚਕਾਰ ਹੋਏ 29 ਮਾਮਲਿਆਂ ਵਿਚ ਇਹੋ ਜਿਹੇ ਬਿਰਤਾਂਤ ਹੀ ਮਿਲਦੇ ਹਨ। ਇਸੇ ਕਾਰਨ ਮੋਪਲਾ ਨੇ ਬਹੁਤ ਸਾਰੇ ਮੌਕਿਆਂ 'ਤੇ ਵੱਡੇ ਜ਼ਿਮੀਦਾਰਾਂ ਦੇ ਨਾਲ ਨਾਲ ਹੇਠਲੇ ਵਰਗ ਦੇ ਹਿੰਦੂਆਂ ਦੀ ਵੀ ਹੱਤਿਆ ਕਰ ਦਿੱਤੀ ਜੋ ਆਪ ਵੀ ਜ਼ਿਮੀਦਾਰਾਂ ਦੇ ਜਬਰ ਦਾ ਸ਼ਿਕਾਰ ਸਨ। ਉਪਰ ਦੱਸੇ 29 ਮਾਮਲਿਆਂ ਵਿਚ 82 ਹਿੰਦੂ ਮਾਰੇ ਗਏ ਜਿਨ੍ਹਾਂ ਵਿਚ 23 ਨੰਬੂਦਰੀ ਬ੍ਰਾਹਮਣ, 6 ਗੈਰ-ਮਲਿਆਈ ਬ੍ਰਾਹਮਣ, 34 ਨਾਇਰ ਅਤੇ 15 ਸ਼ੂਦਰ ਜਾਤੀਆਂ ਦੇ ਹਿੰਦੂ ਸਨ।

1792 ਵਿਚ ਮਾਲਾਬਾਰ 'ਤੇ ਈਸਟ ਇੰਡੀਆ ਕੰਪਨੀ ਦੇ ਕਬਜ਼ੇ ਤੋਂ ਲੈ ਕੇ 1942 ਤੱਕ ਜ਼ਮੀਨੀ ਸਬੰਧਾਂ ਅੰਦਰ ਮੋਪਲਾ ਵਿਰੋਧੀ ਝੁਕਾਅ ਹੋਰ ਵਧ ਜਾਂਦਾ ਹੈ। ਮਦਰਾਸ ਪ੍ਰੈਜੀਡੈਂਸੀ ਅਤੇ ਮਾਲਾਬਾਰ ਜ਼ਿਲ੍ਹਿਆਂ ਦੇ ਅੰਗਰੇਜ਼ ਅਧਿਕਾਰੀਆਂ ਨੇ ਇਹ ਗੱਲ ਵਾਰ-ਵਾਰ ਸਵੀਕਾਰ ਕੀਤੀ ਹੈ ਕਿ ਅੰਗਰੇਜ਼ ਹਕੂਮਤ ਲਈ ਭੋਇੰ ਮਾਲਕ ਜ਼ਿਮੀਂਦਾਰ, ਮੋਪਲਾ ਦੇ ਮੁਕਾਬਲੇ ਵਧੇਰੇ ਉਪਯੋਗੀ ਹਨ। ਇਸ ਲਈ ਰਾਜ ਨੂੰ ਸਥਾਈ ਬਣਾਈ ਰੱਖਣ ਲਈ ਉਨ੍ਹਾਂ ਦੀ ਸਥਿਤੀ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ। ਭਾਵੇਂ ਕੁਝ ਅੰਗਰੇਜ਼ ਅਧਿਕਾਰੀਆਂ ਨੇ ਜ਼ਮੀਨੀ ਸੁਧਾਰਾਂ ਦੀ ਵਕਾਲਤ ਕੀਤੀ ਅਤੇ ਮੋਪਲਾ ਨੂੰ ਬੇਦਖਲੀ ਤੋਂ ਬਚਾਉਣ ਲਈ ਕਾਨੂੰਨ ਬਣਾਉਣ ਦੀ ਵਕਾਲਤ ਕੀਤੀ ਪਰ ਅਜਿਹੇ ਅਧਿਕਾਰੀ ਹਮੇਸ਼ਾ ਘੱਟ ਗਿਣਤੀ ਵਿਚ ਰਹੇ। ਈਸਟ ਇੰਡੀਆ ਕੰਪਨੀ ਅਤੇ ਬਾਅਦ ਵਿਚ ਅੰਗਰੇਜ਼ ਸਰਕਾਰ ਨੇ ਅਜਿਹੇ ਕਾਨੂੰਨ ਬਣਾਏ ਜਿਨ੍ਹਾਂ ਨਾਲ ਜ਼ਿਮੀਦਾਰਾਂ ਦੀ ਸਥਿਤੀ ਮਜ਼ਬੂਤ ਹੋਈ ਅਤੇ ਮੋਪਲਾ ਦੀ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਹੋਈ। ਵਿਸ਼ੇਸ਼ ਰੂਪ ਵਿਚ ਜ਼ਿਮੀਦਾਰਾਂ ਨੂੰ ਬੇਦਖਲੀ ਦੇ ਹੋਰ ਅਧਿਕਾਰ ਦਿੱਤੇ ਗਏ ਅਤੇ ਸ਼ਾਮਲਾਟ ਜ਼ਮੀਨਾਂ 'ਤੇ ਜ਼ਿਮੀਦਾਰਾਂ ਦੇ ਕਬਜ਼ੇ ਨੂੰ ਹੋਰ ਅਸਾਨ ਬਣਾਇਆ।

***ਜ਼ਿਮੀਦਾਰਾਂ ਦੇ ਅੱਤਿਆਚਾਰਾਂ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਵਿਚ ਧਾਰਮਿਕ ਤੁਅੱਸਬ ਨੇ ਵੀ ਉਨ੍ਹਾਂ ਨੂੰ ਸੰਘਰਸ਼ ਲਈ ਪ੍ਰੇਰਿਆ। ਮੋਪਲਾ ਦੇ ਜੀਵਨ ਵਿਚ ਧਰਮ ਕਿਸ ਹੱਦ ਤੱਕ ਦਖਲ-ਅੰਦਾਜ਼ੀ ਕਰ ਰਿਹਾ ਸੀ, ਇਸ ਦਾ ਪਤਾ ਇਕ ਉਦਾਹਰਨ ਤੋਂ ਹੀ ਲੱਗ ਜਾਂਦਾ ਹੈ। ਪਹਿਲੇ ਵਿਸ਼ਵ ਯੁੱਧ ਸਮੇਂ ਮੋਪਲਾ ਇਹ ਮੰਨਣ ਲੱਗ ਪਏ ਸਨ ਕਿ ਜਰਮਨੀ ਨੇ ਇਸਲਾਮ ਸਵੀਕਾਰ ਕਰ ਲਿਆ ਹੈ ਅਤੇ ਤੁਰਕੀ ਦੇ ਪੱਖ ਵਿਚ ਉਨ੍ਹਾਂ ਦੇ ਯੁੱਧ ਵਿਚ ਦਾਖਲ ਹੋਣ ਤੋਂ ਸਪਸ਼ਟ ਸੀ ਕਿ ਹੁਣ ਅੰਗਰੇਜ਼ ਅਤੇ ਉਸ ਦੇ ਸੰਗੀ ਦੇਸ਼ ਹਾਰ ਜਾਣਗੇ।***

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*ਬਹੁਤ ਸਾਰੀਆਂ ਥਾਵਾਂ 'ਤੇ ਫਿਰਕੂ ਦੰਗਿਆਂ ਦਾ ਅਧਿਐਨ ਕਰਨ ਤੋਂ ਬਾਅਦ, ਦੰਗਾ ਪੀੜਤਾਂ ਨਾਲ ਗੱਲ ਕਰਕੇ, ਬਹੁਤ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਕੇ ਅਤੇ ਪੁਲਿਸ ਮੁਲਾਜ਼ਮਾਂ ਤੇ ਅਫਸਰਾਂ ਨਾਲ ਗੱਲ ਕਰਕੇ ਮੇਰਾ ਵਿਸ਼ਵਾਸ ਹੋਰ ਪੱਕਾ ਹੋਇਆ ਹੈ ਕਿ ਭਾਰਤੀ ਸਮਾਜ ਨੂੰ ਗਤੀਸ਼ੀਲ, ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਉਸ ਨੂੰ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਵਿਚ ਭਾਰਤੀ ਪੁਲਿਸ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਤਾਂ ਹੀ ਸੰਭਵ ਹੈ, ਜੇ ਉਹ ਆਪਣੀ ਬਣਤਰ ਨੂੰ ਵਿਗਿਆਨਕ ਅਤੇ ਸਾਰਿਆਂ ਦੀ ਸ਼ਮੂਲੀਅਤ ਵਾਲੀ ਤੇ ਧਰਮ ਨਿਰਪੱਖ ਦਿੱਖ ਦੇਵੇ ਅਤੇ ਸਭ ਦਾ ਵਿਸ਼ਵਾਸ ਹਾਸਲ ਕਰੇ।*

*-ਵਿਭੂਤੀ ਨਰਾਇਣ ਰਾਏ*

ਮਾਲਬਾਰ ਦੇ ਜੇਨਮੀ, ਭਾਵ ਜ਼ਿਮੀਂਦਾਰ ਅਤੇ ਅੰਗਰੇਜ਼ ਹਕੂਮਤ ਮੋਪਲਾ ਲਈ ਬਰਾਬਰ ਦੇ ਦੁਸ਼ਮਣ ਸਨ। ਇਕ ਉਨ੍ਹਾਂ ਨੂੰ ਲੁੱਟਦਾ ਸੀ ਅਤੇ ਦੂਜਾ ਲੁੱਟ ਦਾ ਵਿਰੋਧ ਕਰਨ ਵਾਲੇ ਨੂੰ ਆਪਣੀ ਸ਼ਕਤੀ ਨਾਲ ਕੁਚਲ ਦਿੰਦਾ ਸੀ। ਮੋਪਲਾ ਦੇ ਮਨ ਵਿਚ ਦੋਨਾਂ ਪ੍ਰਤੀ ਬੇਹੱਦ ਗੁੱਸਾ ਅਤੇ ਘਿਰਣਾ ਸੀ ਅਤੇ ਸਮੇਂ ਸਮੇਂ 'ਤੇ ਇਹ ਗੁੱਸਾ ਹਥਿਆਰਬੰਦ ਟੱਕਰਾਂ ਦੇ ਰੂਪ ਵਿਚ ਨਿਕਲਦਾ ਰਹਿੰਦਾ। ਉਨ੍ਹਾਂ ਦੀ ਇਹੀ ਮਾਨਸਿਕਤਾ ਕਾਂਗਰਸ ਦੇ ਅਸਹਿਯੋਗ ਅਤੇ ਖਿਲਾਫਤ ਅੰਦੋਲਨਾਂ ਵਿਚ ਦੇਖਣ ਨੂੰ ਮਿਲਦੀ ਹੈ। ਮਾਲਬਾਰ ਵਿਚ ਕਾਂਗਰਸ ਕਾਫੀ ਦੇਰ ਬਾਅਦ ਹੋਂਦ ਵਿਚ ਆਈ। ਜ਼ਿਲ੍ਹੇ ਦਾ ਪਹਿਲਾ ਕਾਂਗਰਸ ਸੈਸ਼ਨ 1916 ਵਿਚ ਪਾਲਾਘਾਟ ਵਿਚ ਹੋਇਆ। ਇਸ ਵਿਚ ਭਾਗ ਲੈਣ ਵਾਲੇ ਲੋਕਾਂ ਦਾ ਜੇ ਵਰਗ ਚਰਿੱਤਰ ਦੇਖਿਆ ਜਾਵੇ ਤਾਂ ਉਨ੍ਹਾਂ ਵਿਚ ਬਹੁਤੇ ਉਨ੍ਹਾਂ ਵਰਗਾਂ ਵਿਚੋਂ ਸਨ ਜਿਨ੍ਹਾਂ ਦਾ ਮੋਪਲਾ ਵਿਰੋਧ ਕਰਦੇ ਸਨ। ਭਾਗ ਲੈਣ ਵਾਲੇ 358 ਮੈਂਬਰਾਂ ਵਿਚ 27% ਜ਼ਿਮੀਦਾਰ ਅਤੇ ਉਨ੍ਹਾਂ ਦੇ ਕਰਿੰਦੇ, 33% ਵਕੀਲ ਅਤੇ ਮੱਧ ਵਰਗ ਵਪਾਰੀ, ਬਾਬੂ, ਅਧਿਆਪਕ, ਡਾਕਟਰ, ਪੱਤਰਕਾਰ ਸਨ। ਉਸ ਸੈਸ਼ਨ ਵਿਚ ਭਾਗ ਲੈਣ ਵਾਲੇ ਮੋਪਲਾ ਕੇਵਲ ਦੋ ਸਨ, ਉਹ ਵੀ ਬੇਜ਼ਮੀਨੇ ਨਹੀਂ ਸਗੋਂ ਭੋਇੰਪਤੀ ਅਮੀਰ ਮੋਪਲਾ।

*(ਬਾਕੀ ਅਗਲੇ ਸਫੇ 'ਤੇ)*

ਕਾਂਗਰਸ ਸੈਸ਼ਨ ਵਿਚ ਡੈਲੀਗੇਟਾਂ ਦਾ ਵਰਗ ਚਰਿੱਤਰ ਉਨ੍ਹਾਂ ਦੇ ਪ੍ਰੋਗਰਾਮਾਂ ਅਤੇ ਮੋਪਲਾ ਦੀ ਪ੍ਰਤੀਕਿਰਿਆ ਨੂੰ ਸਮਝਣ ਲਈ ਸਹਾਇਕ ਸਾਬਤ ਹੋਵੇਗਾ। ਜ਼ਿਮੀਦਾਰਾਂ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲਿਆਂ ਤੋਂ ਇਹ ਆਸ ਰੱਖਣੀ ਵਿਅਰਥ ਹੈ ਕਿ ਉਹ ਜ਼ਮੀਨੀ ਸੁਧਾਰ ਵਰਗੇ ਪ੍ਰੋਗਰਾਮ ਲਿਆਉਣਗੇ। ਇਸੇ ਤਰ੍ਹਾਂ ਮੋਪਲਾ ਤੋਂ ਵੀ ਇਹ ਆਸ ਰੱਖਣੀ ਕਿ ਜ਼ਿਮੀਦਾਰਾਂ ਨਾਲ ਬੇਦਖਲੀ ਦੀ ਲੜਾਈ ਲੜਨ ਵੇਲੇ ਜ਼ਿਮੀਦਾਰਾਂ ਦੇ ਹੱਕ ਵਿਚ ਲੜਨ ਵਾਲੇ ਵਕੀਲਾਂ ਅਤੇ ਮੱਧ ਵਰਗੀ ਵਪਾਰੀਆਂ ਦੁਆਰਾ ਬਣਾਏ ਪ੍ਰੋਗਰਾਮਾਂ ਵਿਰੁੱਧ ਮੋਪਲਾ ਦੀ ਸਰਗਰਮ ਭੂਮਿਕਾ ਹੋਵੇਗੀ, ਗ਼ਲਤ ਹੋਵੇਗਾ। ਮੋਪਲਾ ਨੇ ਅਸਹਿਯੋਗ ਅਤੇ ਖਿਲਾਫਤ ਅੰਦੋਲਨਾਂ ਵਿਚ ਵੀ ਇਸ ਲਈ ਉਤਸ਼ਾਹ ਨਾਲ ਭਾਗ ਲਿਆ ਕਿ ਇਸ ਤਰ੍ਹਾਂ ਕਰਕੇ ਉਹ ਮੁੱਖ ਵਿਰੋਧੀ ਅੰਗਰੇਜ਼ਾਂ ਵਿਰੁੱਧ ਆਪਣਾ ਗੁੱਸਾ ਕੱਢ ਰਹੇ ਸਨ ਅਤੇ ਅੰਗਰੇਜ਼ਾਂ ਹੱਥੋਂ ਤੁਰਕੀ ਦੀ ਹਾਰ ਅਤੇ ਖਲੀਫਾ ਦੇ ਖਿਲਾਫ ਇਕ ਧਾਰਮਿਕ ਯੁੱਧ ਵਿਚ ਭਾਗ ਲੈ ਰਹੇ ਸਨ।

ਅਸਹਿਯੋਗ ਅਤੇ ਖਿਲਾਫਤ ਅੰਦੋਲਨ ਦੇ ਸ਼ੁਰੂਆਤੀ ਦੌਰ ਤੋਂ ਇਹ ਸਪਸ਼ਟ ਹੋ ਗਿਆ ਕਿ ਕਾਂਗਰਸ ਦੀ ਇਹ ਕੋਸ਼ਿਸ਼ ਕਿ ਮੋਪਲਾ ਅੰਗਰੇਜ਼ਾਂ ਦਾ ਵਿਰੋਧ ਕਰੇ ਪਰ ਭੋਇੰਪਤੀ ਜ਼ਿਮੀਦਾਰਾਂ ਅਤੇ ਉਨ੍ਹਾਂ ਦੇ ਮਿੱਤਰਾਂ ਨਾਲ ਮਿੱਤਰਤਾ ਵਾਲਾ ਵਿਹਾਰ ਰੱਖੇ, ਸਫਲ ਨਹੀਂ ਹੋ ਸਕੀ। ਮੋਪਲਾ ਚਰਿੱਤਰ ਨੂੰ ਦੇਖਣ ਲਈ ਉਨ੍ਹਾਂ ਦੇ ਧਾਰਮਿਕ ਉਲਾਰਪਨ ਦੀ ਮਹੱਤਵਪੂਰਨ ਭੂਮਿਕਾ ਸੀ। ਮੋਪਲਾ ਅੰਦੋਲਨ ਸ਼ੁਰੂ ਸਮੇਂ ਤੋਂ ਹੀ ਹਿੰਦੂਆਂ ਪ੍ਰਤੀ ਬੇਹੱਦ ਨਫਰਤ ਨਾਲ ਭਰਿਆ ਹੋਇਆ ਸੀ। ਖਿਲਾਫਤ ਅੰਦੋਲਨ ਨੂੰ ਹਿੰਦੂ ਮੁਸਲਿਮ ਏਕਤਾ ਦਾ ਸਮਾਨਅਰਥੀ ਸਮਝਣ ਵਾਲੇ ਕਾਂਗਰਸੀ ਲੀਡਰਾਂ ਦੀ ਗ਼ਲਤ ਫਹਿਮੀ ਜਲਦੀ ਹੀ ਦੂਰ ਹੋ ਗਈ। ਇਹ ਅੰਦੋਲਨ ਅੰਗਰੇਜ਼ਾਂ ਨਾਲੋਂ ਵੱਧ ਹਿੰਦੂਆਂ 'ਤੇ ਕਹਿਰ ਢਾਹੁਣ ਵਾਲਾ ਸਿੱਧ ਹੋਇਆ। ਪੋਕਟੂਰ ਵਿਚ ਪਹਿਲੇ ਮੋਪਲਾ ਰਾਜ ਦੇ ਐਲਾਨਨਾਮੇ ਵਿਚ ਇਹ ਸਪਸ਼ਟ ਸੀ ਕਿ ਮੋਪਲਾ ਰਾਜ ਅੰਦਰ ਸਾਰੇ ਕਾਫਿਰਾਂ ਦੀ ਮੌਤ ਨਿਸ਼ਚਿਤ ਹੈ। ਅੰਦੋਲਨ ਦੌਰਾਨ ਹਿੰਦੂਆਂ ਸਾਹਮਣੇ ਇਕ ਹੀ ਬਦਲ ਰੱਖਿਆ ਗਿਆ, ਧਰਮ ਬਦਲੀ ਜਾਂ ਮੌਤ।

ਹਿੰਦੂ ਮੁਸਲਿਮ ਏਕਤਾ ਦਾ ਕਾਂਗਰਸੀ ਪ੍ਰਚਾਰ ਕਿੰਨੀ ਕਮਜ਼ੋਰ ਨੀਂਹ 'ਤੇ ਖੜ੍ਹਾ ਸੀ, ਇਸ ਦਾ ਪਤਾ ਤਨੌਰ ਖਿਲਾਫਤ ਕਮੇਟੀ ਦੇ ਸੈਕਟਰੀ 'ਅਮੀਨ ਉਮਾਕਾਨਥ ਪਰਿਕੁੱਟੀ ਮੌਲਵੀ' ਦੇ ਨਾਂ 'ਤੇ ਨਿਕਲੇ ਨੋਟਿਸ ਤੋਂ ਲੱਗਦਾ ਹੈ ਜਿਸ ਵਿਚ ਮਹੱਤਵਪੂਰਨ ਹੈ 'ਸਵਰਾਜ' ਸ਼ਬਦ ਦੀ ਮੋਪਲਾ ਸਮਝ। ਨੋਟਿਸ ਵਿਚ ਕਿਹਾ ਗਿਆ ਕਿ 'ਇਹ ਸਾਰੇ ਮੁਸਲਮਾਨਾਂ ਦਾ ਫਰਜ਼ ਹੈ ਕਿ ਮੁਸਲਮਾਨਾਂ ਲਈ ਸਵਰਾਜ ਹਾਸਲ ਕਰਨ ਦਾ ਯਤਨ ਕਰਨ ਅਤੇ ਦੂਜੇ ਧਰਮਾਂ ਨੂੰ ਮੰਨਣ ਵਾਲਿਆਂ ਨਾਲ ਅਸਹਿਯੋਗ ਕਰਨ ਜੋ ਸਾਡੇ ਧਰਮ ਦੇ ਦੁਸ਼ਮਣ ਹਨ।' ਮੋਪਲਾ ਵਿਦਰੋਹ ਅਸਲ ਵਿਚ ਕਾਂਗਰਸੀ ਲੀਡਰਾਂ ਦੀ ਅਸਫਲਤਾ ਦਾ ਪ੍ਰਤੀਕ ਹੈ, ਜਿਵੇਂ ਉਹ ਸੋਚਦੇ ਸਨ ਕਿ ਖਿਲਾਫਤ ਅੰਦੋਲਨ ਵਿਚ ਹਿੰਦੂ ਮੁਸਲਿਮ ਏਕਤਾ ਕਾਇਮ ਹੋ ਜਾਵੇਗੀ ਅਤੇ ਮੁਸਲਮਾਨ ਦੇ ਨਾਲ ਹਿੰਦੂ ਵੀ ਇਸ ਵਿਚ ਭਾਗ ਲੈਣਗੇ। ਖਿਲਾਫਤ ਅੰਦੋਲਨ ਸੰਕੀਰਣ ਧਾਰਮਿਕ ਜਨੂਨੀ ਅੰਦੋਲਨ ਸੀ ਜਿਸ ਨੇ ਹਰ ਥਾਂ 'ਤੇ ਹਿੰਦੂ ਮੁਸਲਿਮ ਫਿਰਕਾਪ੍ਰਸਤੀ ਨੂੰ ਵਧਾਇਆ ਅਤੇ ਸਬੰਧਾਂ ਵਿਚ ਦੂਰੀਆਂ ਵਧੀਆਂ।

ਜੇ ਕਿਤੇ ਦੋਵਾਂ ਵਿਚਕਾਰ ਮੇਲ ਮਿਲਾਪ ਦਿਖਾਈ ਵੀ ਦਿੱਤਾ ਤਾਂ ਉਹ ਅਸਥਾਈ ਸੀ। ਪ੍ਰਗਤੀਸ਼ੀਲ ਮੁਸਲਿਮ ਲੀਡਰ ਇਸ ਅੰਦੋਲਨ ਤੋਂ ਅਲੱਗ ਹੀ ਰਹੇ ਅਤੇ ਇਹ ਵੀ ਮਹਿਜ਼ ਸੰਯੋਗ ਨਹੀਂ ਕਿ ਤੁਰਕੀ ਦੀ ਪ੍ਰਗਤੀਸ਼ੀਲ ਲੀਡਰਸ਼ਿਪ ਨੇ ਹੀ ਇਸ ਨੂੰ ਅੰਤਿਮ ਰੂਪ ਵਿਚ ਦਫਨਾ ਦਿੱਤਾ। ਮੋਪਲਾ ਦੇ ਖਿਲਾਫਤ ਅਤੇ ਅਸਹਿਯੋਗ ਅੰਦੋਲਨ ਵਿਚ ਭਾਗ ਲੈਣ ਵਾਲੇ ਜੋ ਇਹ ਸੋਚਦੇ ਹਨ ਕਿ ਇਸ ਨਾਲ ਹਿੰਦੂ ਮੁਸਲਿਮ ਏਕਤਾ ਕਾਇਮ ਹੋ ਜਾਵੇਗੀ ਤਾਂ ਉਹ ਕਾਲਪਨਿਕ ਸਮਾਜ ਵਿਚ ਰਹਿ ਰਹੇ ਹੋਣਗੇ। ਅੰਦੋਲਨਾਂ ਦੇ ਸਿੱਟਿਆਂ ਤੋਂ ਇਹ ਗੱਲ ਭਲੀਭਾਂਤ ਸਮਝ ਆ ਜਾਂਦੀ ਹੈ ਕਿ ਕਾਂਗਰਸੀ ਲੀਡਰਸ਼ਿਪ ਨੇ ਖਿਲਾਫਤ ਦੀ ਥਾਂ ਜ਼ਮੀਨੀ ਸੁਧਾਰਾਂ ਨੂੰ ਆਪਣੇ ਪ੍ਰੋਗਰਾਮ ਦਾ ਹਿੱਸਾ ਬਣਾਇਆ ਹੁੰਦਾ ਤਾਂ ਸਥਿਤੀ ਸ਼ਾਇਦ ਵੱਖਰੀ ਹੁੰਦੀ। ਇਹ ਕਹਿਣਾ ਵੀ ਸਰਲੀਕਰਨ ਹੋਵੇਗਾ ਕਿ ਆਰਥਕ ਮੁੱਦਿਆਂ 'ਤੇ ਕੋਈ ਸੰਘਰਸ਼ ਮੋਪਲਾ ਦੇ ਜੀਵਨ ਵਿਚੋਂ ਧਰਮ ਦੀ ਕੱਟੜਤਾ ਨੂੰ ਅਸਾਨੀ ਨਾਲ ਖਤਮ ਕਰ ਦਿੰਦਾ।

ਇਸ ਲਈ ਲੰਬੇ ਸੰਘਰਸ਼ ਅਤੇ ਰਾਜਸੀ ਚੇਤਨਾ ਦੀ ਲੋੜ ਹੈ ਪਰ ਇਹ ਯਕੀਨੀ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੇਵਲ ਜ਼ਮੀਨੀ ਸੁਧਾਰਾਂ ਦੇ ਸੰਘਰਸ਼ ਨਾਲ ਜੋੜ ਕੇ ਹੀ ਮਾਲਾਬਾਰ ਵਿਚ ਅਸਲੀ ਹਿੰਦੂ ਮੁਸਲਿਮ ਏਕਤਾ ਕਾਇਮ ਹੋ ਸਕਦੀ ਹੈ। ਇਹ ਸੰਘਰਸ਼ ਇਸ ਤਰ੍ਹਾਂ ਸਾਮਰਾਜ ਵਿਰੋਧੀ ਸੰਘਰਸ਼ ਦੇ ਰੂਪ ਵਿਚ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਨਾਲ ਵੀ ਜੁੜ ਸਕਦਾ ਹੈ। ਮਾਲਾਬਾਰ ਕਾਂਗਰਸ ਦੇ ਵਰਗ ਚਰਿੱਤਰ ਤੋਂ ਇਹ ਆਸ ਰੱਖਣੀ ਫਜ਼ੂਲ ਲੱਗਦੀ ਹੈ ਕਿ ਇਹ ਭੋਇੰਪਤੀ ਜ਼ਿਮੀਦਾਰਾਂ ਦੇ ਵਿਰੁੱਧ ਬੇਜ਼ਮੀਨੇ ਮੋਪਲਾ ਨੂੰ ਜਥੇਬੰਦ ਕਰਨ ਲਈ ਕੋਸ਼ਿਸ਼ਾਂ ਕਰਨਗੇ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਬੰਗਾਲ ਖਾਸ ਤੌਰ 'ਤੇ ਪੂਰਬੀ ਬੰਗਾਲ ਵਿਚ ਹਿੰਦੂ ਮੁਸਲਿਮ ਫਸਾਦ ਲਗਾਤਾਰ ਹੁੰਦੇ ਰਹੇ। ਇਨ੍ਹਾਂ ਪਿਛੇ ਮਾਲਾਬਾਰ ਵਰਗੇ ਜ਼ਮੀਨੀ ਸਬੰਧ ਅਤੇ ਮੁਸਲਿਮ ਅਤੇ ਹਿੰਦੂ ਫਿਰਕਿਆਂ ਅੰਦਰ ਧਾਰਮਿਕ ਅਤੇ ਸਭਿਆਚਾਰਕ ਅੰਦੋਲਨਾਂ ਸਮੇਂ ਪੈਦਾ ਹੋਈ ਧਾਰਮਿਕ ਕੱਟੜਤਾ ਸੀ। ਬੰਗਾਲ ਦੇ ਇਹ ਸੰਘਰਸ਼ ਇਸ ਤੱਥ ਨੂੰ ਸਮਝਣ ਵਿਚ ਮਦਦ ਕਰਦੇ ਹਨ ਕਿ ਕਿਵੇਂ ਧਾਰਮਿਕ ਤੌਰ 'ਤੇ ਕੱਟੜ ਲੀਡਰਸ਼ਿਪ ਜੋ ਸੰਪਤੀਹੀਣ ਦੇ ਪੱਖ ਵਿਚ ਹੁੰਦੀ ਹੈ ਅਤੇ ਉਨ੍ਹਾਂ ਦੇ ਹਿਤਾਂ ਲਈ ਕੰਮ ਕਰਦੀ ਹੈ, ਫਿਰਕਾਪ੍ਰਸਤੀ ਭੜਕਾਉਣ ਲਈ ਸਮਾਜ ਦੇ ਕਮਜ਼ੋਰ ਵਰਗਾਂ ਦੇ ਧਾਰਮਿਕ ਪ੍ਰਤੀਕਾਂ ਦਾ ਸਹਾਰਾ ਲੈ ਕੇ ਉਨ੍ਹਾਂ ਨੂੰ ਵਰਤਦੀ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਬੰਗਾਲ ਦੇ ਸਾਰੇ ਫਿਰਕੂ ਦੰਗੇ ਧਾਰਮਿਕ ਪ੍ਰਤੀਕਾਂ, ਤਕਲੀਫਾਂ ਨੂੰ ਧਾਰਮਿਕ ਸੰਸਥਾਵਾਂ ਰਾਹੀਂ ਉਸ ਨੂੰ ਧਾਰਮਿਕ ਰੰਗਤ ਦੇਣ ਦਾ ਯਤਨ ਹਨ।

1906 ਤੋਂ 1946 ਤੱਕ ਬੰਗਾਲ ਵਿਚ ਜੋ ਵੱਡੇ ਫਿਰਕੂ ਦੰਗੇ ਹੋਏ ਉਹ ਸਨ, 1906-07 ਵਿਚ ਮੋਮਨ ਸਿੰਘ, 1918-26 ਕਲਕੱਤਾ ਪਬਨਾ ਅਤੇ ਢਾਕਾ, 1930 ਵਿਚ ਕਿਸ਼ੋਰਗੰਜ, 1931 ਵਿਚ ਚਿਟਗਾਓਂ, 1941 ਢਾਕਾ ਅਤੇ 1946 ਕਲਕੱਤਾ। ਇਨ੍ਹਾਂ ਦੰਗਿਆਂ ਵਿਚ ਇਕ ਗੱਲ ਸਾਂਝੀ ਸੀ, ਉਹ ਸੀ ਮੁਲਾਣਿਆਂ ਵਲੋਂ ਹਿੰਦੂ ਜ਼ਿਮੀਦਾਰਾਂ ਅਤੇ ਸੂਦਖੋਰਾਂ ਦੁਆਰਾ ਹੇਠਲੀ ਸ਼੍ਰੇਣੀ ਦੇ ਮੁਸਲਮਾਨਾਂ ਖਿਲਾਫ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਨੂੰ ਧਾਰਮਿਕ ਰੰਗਤ ਦੇ ਕੇ ਉਨ੍ਹਾਂ ਦੀ ਆਰਥਕ ਮੁਕਤੀ ਲਈ ਇਸਲਾਮ ਨੂੰ ਪ੍ਰਭਾਵਸ਼ਾਲੀ ਸਾਧਨ ਦੇ ਤੌਰ 'ਤੇ ਪੇਸ਼ ਕਰਨਾ। ਇਹੀ ਕਾਰਨ ਹੈ ਕਿ ਜ਼ਿਆਦਾਤਰ ਫਿਰਕੂ ਦੰਗਿਆਂ ਸਮੇਂ ਪੇਂਡੂ ਜ਼ਿਮੀਦਾਰ, ਸੂਦਖੋਰ ਅਤੇ ਸ਼ਹਿਰਾਂ ਵਿਚ ਮਹਿੰਗੇ ਭਾਅ 'ਤੇ ਚੀਜ਼ਾਂ ਵੇਚਣ ਵਾਲੇ ਅਤੇ ਜਮ੍ਹਾਂਖੋਰੀ ਕਰਨ ਵਾਲੇ ਮਾਰਵਾੜੀ ਹੀ ਮੁਸਲਿਮ ਭੀੜ ਵਲੋਂ ਕੀਤੀ ਜਾਣ ਵਾਲੀ ਹਿੰਸਾ ਦੌਰਾਨ ਮਾਰੇ ਗਏ। ਕਮਜ਼ੋਰ ਹਿੰਦੂ ਵਰਗ ਜਿਵੇਂ ਗਵਾਲੇ, ਧੋਬੀ, ਤਰਖਾਣ, ਲੋਹਾਰ ਅਤੇ ਮਛਿਆਰੇ ਵੀ ਹਿੰਸਾ ਦਾ ਸ਼ਿਕਾਰ ਤਾਂ ਹੋਏ ਪਰ ਇਨ੍ਹਾਂ ਦੀ ਗਿਣਤੀ ਘੱਟ ਸੀ। ਬਾਅਦ ਵਿਚ 1930-1946 ਜਦੋਂ ਦੰਗੇ ਅਲੱਗ ਮੁਸਲਿਮ ਦੇਸ਼ ਦੀ ਇੱਛਾ ਨੂੰ ਪੂਰਾ ਕਰਨ ਦਾ ਜ਼ਰੀਆ ਬਣੇ ਤਾਂ ਸਥਿਤੀ ਬਦਲ ਗਈ। ਹੁਣ ਕਿਸੇ ਹਿੰਦੂ 'ਤੇ ਹੋਣ ਵਾਲਾ ਹਮਲਾ ਧਾਰਮਿਕ ਜਾਂ ਰਾਜਨੀਤਕ ਉਦੇਸ਼ ਨੂੰ ਲੈ ਕੇ ਹੀ ਕੀਤਾ ਜਾਂਦਾ ਸੀ।

ਧਾਰਮਿਕ ਆਗੂਆਂ ਨੇ ਬੜੀ ਚੁਸਤੀ ਨਾਲ ਆਪਣੇ ਪੈਰੋਕਾਰਾਂ ਤੋਂ ਇਹ ਗੱਲ ਛੁਪਾ ਕੇ ਰੱਖੀ ਕਿ ਹਿੰਦੂਆਂ ਦਾ ਬਹੁਤਾ ਛੋਟਾ ਜਿਹਾ ਪ੍ਰਤੀਸ਼ਤ ਜ਼ਿਮੀਦਾਰ ਜਾਂ ਸ਼ਾਹੂਕਾਰ ਸੀ। ਮੋਮਨ ਸਿੰਘ ਦੇ ਇਕ ਵੇਰਵੇ ਅਨੁਸਾਰ ਜ਼ਿਮੀਦਾਰਾਂ ਅਤੇ ਪਹਿਲੀ ਸ਼੍ਰੇਣੀ ਦੇ ਭੋਇੰਪਤੀਆਂ ਤੋਂ ਪ੍ਰਾਪਤ ਹੋਣ ਵਾਲੇ 90 ਲੱਖ ਦੇ ਟੈਕਸ ਦਾ ਅੱਧਾ ਹਿੱਸਾ, ਨਾਬਾ ਸ਼ਾਖ ਅਤੇ ਵਪਾਰੀ ਸ਼੍ਰੇਣੀ ਦੇ 25 ਲੋਕਾਂ ਵਿਚ ਵੰਡਿਆ ਜਾਂਦਾ ਹੈ। ਇਸੇ ਤਰ੍ਹਾਂ ਸਾਹਾ ਅਤੇ ਮਾਰਵਾੜੀਆਂ ਦੁਆਰਾ ਉਧਾਰ ਦਿੱਤੇ ਜਾਣ ਵਾਲੇ ਪੈਸਿਆਂ 'ਤੇ 25-30% ਵਿਆਜ ਲਿਆ ਜਾਂਦਾ ਸੀ, ਇਹੀ ਵਿਆਜ ਕਈ ਵਾਰ 100% ਤੱਕ ਪਹੁੰਚ ਜਾਂਦਾ ਸੀ।

ਇਨ੍ਹਾਂ ਜ਼ਿਮੀਦਾਰਾਂ ਅਤੇ ਸ਼ਾਹੂਕਾਰਾਂ ਦੀ ਲੁੱਟ ਅਤੇ ਜ਼ਿਆਦਤੀਆਂ ਦਾ ਸ਼ਿਕਾਰ ਸਿਰਫ ਮੁਸਲਮਾਨ ਹੀ ਨਹੀਂ ਸਨ ਬਲਕਿ ਹਿੰਦੂਆਂ ਦਾ ਵੀ ਵੱਡਾ ਹਿੱਸਾ ਬਰਾਬਰ ਪੀੜਤ ਸੀ। ਮੁਸਲਮਾਨ ਪਰਜਾ ਦੀ ਤਰ੍ਹਾਂ ਹਿੰਦੂ ਪਰਜਾ ਵੀ ਆਪਣੇ ਜ਼ਿਮੀਦਾਰਾਂ ਨੂੰ ਲਗਾਨ ਦੇ ਨਾਲ ਨਾਲ ਕਈ ਤਰ੍ਹਾਂ ਦੇ ਟੈਕਸ ਅਦਾ ਕਰਦੀ ਸੀ। ਇਸ ਵਿਚ ਜ਼ਿਮੀਦਾਰ ਦੇ ਆਦਮੀਆਂ ਨੂੰ ਬਖਸ਼ੀਸ਼, ਜ਼ਿਮੀਦਾਰ ਦੀ ਪੂਜਾ ਦਾ ਟੈਕਸ, ਸਕੂਲਾਂ ਵਿਚ ਨਵੀਂ ਜਮਾਤ ਖੁੱਲ੍ਹਣ ਤੋਂ ਲੈ ਕੇ ਜ਼ਿਮੀਦਾਰ ਦੇ ਪਰਿਵਾਰ ਵਿਚ ਵਿਆਹ ਅਤੇ ਜਨਮ ਦਿਨ ਦੇ ਮੌਕਿਆਂ 'ਤੇ ਦਿੱਤਾ ਜਾਣ ਵਾਲਾ ਟੈਕਸ ਸ਼ਾਮਲ ਸੀ। ਕਾਸ਼ਤਕਾਰ ਕਿਸਾਨ, ਜ਼ਿਮੀਦਾਰ ਨੂੰ ਸਲਾਮੀ ਦਿੱਤੇ ਬਿਨਾਂ ਤਲਾਬ ਨਹੀਂ ਖੁਦਵਾ ਸਕਦਾ ਸੀ, ਮਕਾਨ ਨਹੀਂ ਬਣਵਾ ਸਕਦਾ ਸੀ ਅਤੇ ਦਰਖਤ ਨਹੀਂ ਕਟਵਾ ਸਕਦਾ ਸੀ। ਕਾਸ਼ਤਕਾਰ ਨੂੰ ਜ਼ਿਮੀਦਾਰ ਕੋਈ ਪਟਾ ਨਹੀਂ ਦਿੰਦਾ ਸੀ। ਕੇਵਲ ਜ਼ਮੀਨ ਦੇ ਮਾਲੀਏ ਦੀ ਰਸੀਦ ਰਾਹੀਂ ਹੀ ਜ਼ਮੀਨ ਤੇ ਉਸ ਦਾ ਅਧਿਕਾਰ ਸਾਬਤ ਹੁੰਦਾ ਸੀ ਅਤੇ ਇਹ ਰਸੀਦ ਵੀ ਅਸਪਸ਼ਟ ਹੁੰਦੀ ਸੀ। ਜ਼ਿਮੀਦਾਰ ਨੂੰ ਬੇਦਖਲੀ ਦੇ ਬੇਹੱਦ ਅਧਿਕਾਰ ਪ੍ਰਾਪਤ ਸਨ ਜਿਨ੍ਹਾਂ ਦਾ ਉਹ ਬੜੀ ਬੇਰਹਿਮੀ ਨਾਲ ਇਸਤੇਮਾਲ ਕਰਦਾ ਸੀ। ਇਹ ਸਭ ਕੁਝ ਕੇਵਲ ਮੁਸਲਮਾਨ ਕਾਸ਼ਤਕਾਰਾਂ ਨਾਲ ਹੀ ਨਹੀਂ ਹਿੰਦੂ ਕਾਸ਼ਤਕਾਰਾਂ ਨਾਲ ਵੀ ਵਾਪਰਦਾ ਸੀ। ਇਕ ਵੀ ਅਜਿਹਾ ਉਦਾਹਰਨ ਨਹੀਂ ਮਿਲਦਾ ਜਿਸ ਤੋਂ ਇਹ ਸਿੱਧ ਹੁੰਦਾ ਹੋਵੇ ਕਿ ਸ਼ਾਹੂਕਾਰ ਹਿੰਦੂਆਂ ਤੋਂ ਘੱਟ ਵਿਆਜ ਲੈਂਦੇ ਹੋਣ ਜਾਂ ਕਰਜ਼ ਵਸੂਲੀ ਸਮੇਂ ਘੱਟ ਸਖਤੀ ਵਰਤਦੇ ਹੋਣ। ਮੁਸਲਮਾਨ ਜ਼ਿਮੀਦਾਰ ਭਾਵੇਂ ਬਹੁਤ ਘੱਟ ਗਿਣਤੀ ਵਿਚ ਸਨ, ਉਹ ਵੀ ਮੁਸਲਮਾਨ ਕਿਸਾਨਾਂ ਪ੍ਰਤੀ ਕੋਈ ਨਰਮੀ ਨਹੀਂ ਵਰਤਦੇ ਸਨ। ਉਹ ਵੀ ਓਨੇ ਹੀ ਜ਼ਾਲਮ ਸਨ ਜਿੰਨੇ ਹਿੰਦੂ ਜ਼ਿਮੀਦਾਰ।



*ਮਾਲਾਬਾਰ ਵਿਚ ਮੱਝਾਂ ਨਾਲ ਕੀਤੀ ਜਾ ਰਹੀ ਖੇਤੀ ਦੀ ਇਕ ਝਲਕ। ਇਹ ਤਸਵੀਰ 1910ਵਿਆਂ ਦੀ ਹੈ।*

## ਬੇਹੱਦ ਅਨਪੜ੍ਹਤਾ

1915 'ਚ 4.14% ਅਤੇ 1931 'ਚ 5.69% ਸਾਖਰਤਾ ਦਰ ਦੇ ਦੌਰ ਵਿਚ ਬੰਗਾਲ ਦਾ ਮੁਸਲਮਾਨ ਅਸਾਨੀ ਨਾਲ ਕੱਟੜ ਮੌਲਵੀਆਂ ਦੇ ਪ੍ਰਚਾਰ ਦਾ ਸ਼ਿਕਾਰ ਹੋ ਗਿਆ ਕਿ ਉਨ੍ਹਾਂ ਦੀ ਬਦਹਾਲੀ ਲਈ ਹਿੰਦੂ ਜ਼ਿੰਮੇਵਾਰ ਹਨ। ਉਨ੍ਹਾਂ ਦੰਗਿਆਂ ਦੌਰਾਨ, ਸ਼ੋਸ਼ਣ ਲਈ ਜ਼ਿੰਮੇਵਾਰ, ਗੁਜ਼ਰ ਚੁੱਕੇ ਪ੍ਰਤੀਕਾਂ 'ਤੇ ਹਮਲੇ ਕਰਕੇ ਆਪਣੀ ਮੁਕਤੀ ਦੀ ਕਾਮਨਾ ਕੀਤੀ। ਮੋਮਨ ਸਿੰਘ (1906-07) ਕਲਕੱਤਾ (1918 ਅਤੇ 1926) ਪਬਨਾ (1926) ਅਤੇ ਢਾਕਾ (1926) ਦੇ ਦੰਗਿਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਸੀ ਕਿ ਜ਼ਿਮੀਦਾਰਾਂ ਅਤੇ ਸ਼ਾਹੂਕਾਰਾਂ ਦੀਆਂ ਬਹੀਆਂ ਅਤੇ ਗਿਰਵੀ ਵਾਲੇ ਕਾਗਜ਼ ਲੁੱਟੇ ਗਏ। ਸ਼ਹਿਰੀ ਇਲਾਕਿਆਂ ਵਿਚ ਮਾਰਵਾੜੀਆਂ 'ਤੇ ਹਮਲੇ ਅਤੇ ਉਨ੍ਹਾਂ ਦੀ ਬੇਇਜ਼ਤੀ ਵੀ ਇਸੇ ਗੁੱਸੇ ਦੀ ਪੈਦਾਵਾਰ ਸੀ। ਸ਼ੁਰੂ ਦੇ ਦਹਾਕਿਆਂ ਵਿਚ ਹਿੰਦੂ ਮੰਦਰਾਂ 'ਤੇ ਹਮਲੇ ਬਹੁਤ ਘੱਟ ਹੋਏ। ਕੁਝ ਸਥਾਨਾਂ 'ਤੇ ਜ਼ਿਮੀਦਾਰਾਂ ਦੇ ਮੰਦਰਾਂ 'ਤੇ ਹਮਲੇ ਕੀਤੇ ਗਏ। ਇਹ ਉਹੀ ਮੰਦਰ ਸਨ ਜਿਨ੍ਹਾਂ ਦੇ ਸਾਂਭ-ਸੰਭਾਲ ਦੇ ਨਾਮ 'ਤੇ ਜ਼ਿਮੀਦਾਰ ਕਿਸਾਨਾਂ ਤੋਂ ਜਬਰੀ ਵਸੂਲੀ ਕਰਦੇ ਸਨ। ਆਰਥਕ ਕੱਟੜਪੰਥੀ ਇਸ ਵਿਚ ਧਾਰਮਿਕ ਰੰਗ ਭਰ ਦਿੰਦੇ ਸਨ। ਸਿੱਟੇ ਵਜੋਂ ਹੇਠਲੇ ਵਰਗਾਂ ਨੂੰ ਵੀ ਕਈ ਵਾਰੀ, ਇਸ ਕੱਟੜਤਾ ਦਾ ਕਹਿਰ ਭੁਗਤਣਾ ਪੈਂਦਾ। 1930 ਦੇ ਬਾਅਦ ਦੇ ਦੰਗਿਆਂ ਵਿਚ ਇਨ੍ਹਾਂ ਵਰਗਾਂ ਨੂੰ ਜ਼ਿਆਦਾ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਸ ਸਮੇਂ ਤੱਕ ਦੰਗਿਆਂ ਦਾ ਰਾਜਨੀਤਕ ਇਸਤੇਮਾਲ ਹੋਣਾ ਸ਼ੁਰੂ ਹੋ ਚੁੱਕਿਆ ਸੀ ਅਤੇ ਸੜਕਾਂ 'ਤੇ ਇਨ੍ਹਾਂ ਵਰਗਾਂ ਦੇ ਲੋਕ ਅਸਾਨੀ ਨਾਲ ਹਿੰਸਾ ਦੀ ਮਾਰ ਝੱਲਣ ਲਈ ਮੌਜੂਦ ਹੁੰਦੇ ਸਨ।

ਬੰਗਾਲ ਦੇ ਦੰਗਿਆਂ ਸਮੇਂ ਕਿਵੇਂ ਆਰਥਕ ਮੁੱਦੇ, ਫਿਰਕੂ ਰੰਗ ਅਖਤਿਆਰ ਕਰ ਰਹੇ ਸਨ, ਦੇਖਣ ਲਈ, ਇਕ ਉਦਾਹਰਨ ਕਾਫੀ ਹੈ। ਮੌਲਵੀਆਂ ਨੇ ਸਾਰੇ ਧਰਮ ਨੂੰ ਮੰਨਣ ਵਾਲੇ ਲੋਕਾਂ ਲਈ ਪੰਜ ਵਕਤ ਦੀ ਨਮਾਜ਼, ਹਿੰਦੂਆਂ ਵਲੋਂ ਕੀਤੇ ਭੋਜਨ ਤੋਂ ਇਨਕਾਰ, ਪੂਜਾ ਲਈ ਚੰਦਾ ਨਾ ਦੇਣ ਵਰਗੇ ਫਰਜ਼ ਤਾਂ ਜ਼ਰੂਰੀ ਸਨ ਹੀ, ਇਸ ਦੇ ਨਾਲ ਹੀ ਮੁਸਲਿਮ ਵੇਸਵਾਵਾਂ ਨੂੰ ਹਿੰਦੂਆਂ ਨੂੰ ਆਪਣਾ ਸਰੀਰ ਨਾ ਸੌਂਪਣ ਅਤੇ ਮੁਸਲਮਾਨ ਨੌਕਰਾਂ ਵਲੋਂ ਹਿੰਦੂ ਜ਼ਿਮੀਦਾਰਾਂ ਦੇ ਘਰਾਂ ਵਿਚ ਕੰਮ ਨਾ ਕਰਨ ਦੇ ਵੀ ਆਦੇਸ਼ ਦਿੱਤੇ। ਇਨ੍ਹਾਂ ਮੌਲਵੀਆਂ ਨੂੰ ਪੇਸ਼ੇਵਰ ਵੇਸਵਾਗਮਨੀ ਤੋਂ ਕੋਈ ਪ੍ਰਹੇਜ਼ ਨਹੀਂ ਸੀ ਅਤੇ ਮੁਸਲਮਾਨ ਵੇਸਵਾਵਾਂ ਵਲੋਂ ਮੁਸਲਮਾਨਾਂ ਨੂੰ ਸਰੀਰ ਵੇਚਣ 'ਤੇ ਕੋਈ ਉਜ਼ਰ ਨਹੀਂ ਸੀ। ਮੋਮਨ ਸਿੰਘ ਦੇ ਦੰਗਿਆਂ ਸਮੇਂ ਖਾਸ ਤੌਰ 'ਤੇ ਉਨ੍ਹਾਂ ਵੇਸਵਾਵਾਂ 'ਤੇ ਹਮਲੇ ਹੋਏ ਅਤੇ ਸੰਪਤੀ ਲੁੱਟੀ ਅਤੇ ਉਨ੍ਹਾਂ ਨਾਲ ਜਬਰੀ ਨਿਕਾਹ ਕੀਤੇ ਗਏ ਜੋ ਹਿੰਦੂਆਂ ਦੀਆਂ ਰਖੇਲਾਂ ਸਨ। ਇਸੇ ਤਰ੍ਹਾਂ ਮੁਸਲਮਾਨ ਨੌਕਰਾਂ ਤੇ ਚਾਕਰੀ ਛੱਡਣ ਵਿਚ ਹਿਚਕਚਾਹਟ ਦਿਖਾਉਣ 'ਤੇ ਵੀ ਹਮਲੇ ਹੋਏ।

ਆਰਥਕ ਮੁੱਦਿਆਂ ਨੂੰ ਧਰਮ ਆਧਾਰਤ ਰਾਜਨੀਤੀ ਵਿਚ ਕਿਵੇਂ ਇਸਤੇਮਾਲ ਕੀਤਾ ਜਾਂਦਾ ਹੈ ਇਸ ਦੀ ਦੂਜੀ ਉਦਾਹਰਨ ਬੰਗਾਲ ਵਿਧਾਨ ਸਭਾ ਵਿਚ, ਜ਼ਮੀਨੀ ਸੁਧਾਰਾਂ ਅਤੇ ਸੂਦਖੋਰਾਂ ਵਿਰੁੱਧ ਪੇਸ਼ ਹੋਣ ਵਾਲੇ ਵਿਧਾਇਕਾਂ ਬਾਰੇ ਕਾਂਗਰਸ, ਖੇਤੀ ਪਰਜਾ ਪਾਰਟੀ ਅਤੇ ਮੁਸਲਿਮ ਲੀਗ ਵਲੋਂ ਅਪਣਾਇਆ ਰਵੱਈਆ ਹੈ।

ਮੁਸਲਿਮ ਲੀਗ ਜੋ ਸੰਯੁਕਤ ਪ੍ਰਾਂਤ ਅਤੇ ਦੂਜੇ ਸੂਬਿਆਂ ਅੰਦਰ ਮੁੱਖ ਰੂਪ ਵਿਚ ਵਿਸਵੇਦਾਰ ਅਤੇ ਜ਼ਿਮੀਦਾਰਾਂ ਦੇ ਹਿਤਾਂ ਦੀ ਅਗਵਾਈ ਕਰਦੀ ਸੀ, ਬੰਗਾਲ ਵਿਚ ਜ਼ਮੀਨੀ ਸੁਧਾਰਾਂ ਦੇ ਹੱਕ ਵਿਚ ਖੜ੍ਹੀ ਦਿਖਾਈ ਦਿੱਤੀ। ਖੇਤੀ ਪਰਜਾ ਪਾਰਟੀ ਜੋ ਮੁੱਖ ਰੂਪ ਵਿਚ ਮੁਸਲਮਾਨਾਂ ਦੇ ਹੱਕ ਵਿਚ ਖੜ੍ਹਦੀ ਸੀ, ਉਹ ਵੀ ਜ਼ਮੀਨੀ ਸੁਧਾਰਾਂ ਦੇ ਪੱਖ ਵਿਚ ਖੜ੍ਹ ਰਹੀ ਸੀ। ਇਸ ਦੇ ਉਲਟ ਕਾਂਗਰਸ ਜ਼ਿਮੀਦਾਰਾਂ ਦੇ ਹਿਤਾਂ ਦੀ ਸਰਗਰਮ ਸਮਰਥਕ ਬਣੀ ਰਹੀ। ਮੁਸਲਿਮ ਲੀਗ ਅਤੇ ਖੇਤੀ ਪਰਜਾ ਪਾਰਟੀ ਨੇ ਵਿਧਾਨ ਸਭਾ ਵਿਚ ਸ਼ਾਹੂਕਾਰਾਂ ਵਲੋਂ ਵਿਆਜ ਦਰਾਂ ਘਟਾਉਣ ਲਈ ਕਾਨੂੰਨ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਕਾਂਗਰਸ ਨੇ ਇਸ ਦਾ ਵਿਰੋਧ ਕੀਤਾ। ਮਜ਼੍ਹਬੀ ਮੁਸਲਿਮ ਅਖਬਾਰ ਵੀ ਹੇਠਲੇ ਵਰਗਾਂ ਦੇ ਹਿਤਾਂ ਦੀ ਵਕਾਲਤ ਕਰਦੇ ਸਨ, ਜਦੋਂ ਕਿ ਹਿੰਦੂ ਅਖਬਾਰ ਹਮੇਸ਼ਾ ਜ਼ਿਮੀਦਾਰਾਂ ਅਤੇ ਮਹਾਜਨਾਂ ਦੇ ਪੱਖ ਵਿਚ ਲਿਖਦੇ ਸਨ। ਕਾਰਨ ਬੜੇ ਸਪਸ਼ਟ ਸਨ। ਕਾਂਗਰਸ ਅਤੇ ਹਿੰਦੂ ਅਖਬਾਰ ਕਿਸੇ ਵੀ ਤਰ੍ਹਾਂ ਦੇ ਜ਼ਮੀਨੀ ਸੁਧਾਰਾਂ ਅਤੇ ਸੂਦਖੋਰਾਂ 'ਤੇ ਲਗਾਮ ਲਗਾਉਣ ਦਾ ਵਿਰੋਧ ਇਸ ਲਈ ਕਰਦੇ ਸਨ ਕਿ ਹਿੰਦੂ ਨਾਰਾਜ਼ ਨਾ ਹੋ ਜਾਣ। ਮੁਸਲਿਮ ਰਾਜਨੀਤਕ ਦਲ ਅਤੇ ਪ੍ਰੈਸ ਲਈ ਗ਼ਰੀਬ ਕਿਰਤੀ ਲੋਕਾਂ ਦੀ ਮਦਦ ਦੀ ਵਕਾਲਤ ਕਰਨਾ, ਮਜ਼੍ਹਬੀ ਫਰਜ਼ ਸੀ ਕਿਉਂਕਿ ਮੁਸਲਮਾਨ ਬੰਗਾਲ ਦੀ ਅਰਥ ਵਿਵਸਥਾ ਅੰਦਰ ਸਭ ਤੋਂ ਹੇਠਲੀ ਪੌੜੇ 'ਤੇ ਖੜ੍ਹੇ ਸਨ।

19ਵੀਂ ਸਦੀ ਦੇ ਪਿਛਲੇ ਅੱਧ ਵਿਚ ਚੱਲਿਆ ਗਊ ਰੱਖਿਆ ਅੰਦੋਲਨ ਅਤੇ ਉਸਦੇ ਫਲਸਰੂਪ ਬੰਬਈ, ਬਿਹਾਰ ਅਤੇ ਅਜੋਕੇ ਪੂਰਬੀ ਉਤਰ ਪ੍ਰਦੇਸ਼ ਵਿਚ ਹੋਏ ਭਿਆਨਕ ਦੰਗੇ ਧਾਰਮਿਕ ਪ੍ਰਤੀਕਾਂ ਦੇ ਆਸਰੇ ਸਮਾਜਕ, ਆਰਥਕ ਅਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਗਿਆ। ਇਨ੍ਹਾਂ ਵਿਚ ਬੰਬਈ ਦਾ ਦੰਗਾ, ਸ਼ਹਿਰੀ ਅਤੇ ਉਦਯੋਗਿਕ ਬਸਤੀਆਂ ਤੱਕ ਸੀਮਤ ਸੀ ਪਰ ਬਿਹਾਰ ਪੂਰਬੀ ਉਤਰ ਪ੍ਰਦੇਸ਼ ਦੇ ਦੰਗੇ ਵੱਡੇ ਪੇਂਡੂ ਖੇਤਰ ਵਿਚ ਫੈਲੇ ਹੋਏ ਸਨ। ਆਜ਼ਮਗੜ੍ਹ, ਬਲੀਆ, ਗਾਜ਼ੀਪੁਰ, ਸਾਰਨ, ਸ਼ਾਹਬਾਦ, ਗਯਾ ਅਤੇ ਪਟਨਾ ਦੇ ਪਿੰਡਾਂ ਵਿਚ ਹਜ਼ਾਰਾਂ ਵਰਗ ਮੀਲ ਖੇਤਰ ਵਿਚ ਫੈਲੇ ਇਨ੍ਹਾਂ ਦੰਗਿਆਂ ਨੇ ਕਾਨੂੰਨ ਵਿਵਸਥਾ ਬਣਾਉਣ ਵਾਲੀ ਮਸ਼ੀਨਰੀ ਨੂੰ ਪੱਬਾਂ ਭਾਰ ਕਰੀ ਰੱਖਿਆ।

ਕੁਝ ਅੰਗਰੇਜ਼ ਨੌਕਰਸ਼ਾਹਾਂ ਦਾ ਕਥਨ ਸੱਚ ਹੈ ਕਿ 1857-58 ਤੋਂ ਬਾਅਦ ਭੋਜਪੁਰੀ ਭਾਸ਼ਾਈ ਇਲਾਕਿਆਂ ਵਿਚ ਐਡੀ ਉਥਲ ਪੁੱਥਲ ਪਹਿਲੀ ਵਾਰ ਹੋ ਰਹੀ ਸੀ। ਗਊ ਰੱਖਿਆ ਲਈ ਪਹਿਲਾਂ ਸੰਗਠਿਤ ਹਥਿਆਰਬੰਦ ਯਤਨ ਕੂਕਾ ਵਿਦਰੋਹ ਦੇ ਦੌਰਾਨ ਦਿਖਾਈ ਪੈਂਦਾ ਹੈ ਪਰ ਇਹ ਸਥਾਨਕ ਅੰਦੋਲਨ ਬਣ ਕੇ ਰਹਿ ਗਿਆ। ਆਰੀਆ ਸਮਾਜ ਨੇ ਇਸ ਨੂੰ ਰਾਸ਼ਟਰੀ ਅੰਦੋਲਨ ਬਣਾਉਣ ਅਤੇ ਹਿੰਦੂ ਆਸਥਾ ਨਾਲ ਜੋੜਨ ਦਾ ਕੰਮ ਕੀਤਾ। ਆਰੀਆ ਸਮਾਜ ਦੇ ਵਿਸਥਾਰ ਦੇ ਨਾਲ ਹੀ ਦੇਸ਼ ਭਰ ਵਿਚ ਗੌ ਰੱਖਿਆ ਸਮਿਤੀਆਂ ਬਣਨੀਆਂ ਸ਼ੁਰੂ ਹੋ ਗਈਆਂ। 1855 ਵਿਚ ਬੰਬਈ ਵਿਚ ਗਊ ਰੱਖਿਆ ਮੰਡਲੀ ਬਣੀ ਅਤੇ 1889 ਵਿਚ ਪੂਨਾ ਵਿਚ ਬਾਲ ਗੰਗਾਧਰ ਤਿਲਕ ਇਸ ਦੇ ਪ੍ਰਮੁੱਖ ਆਗੂ ਬਣ ਗਏ। 11 ਅਗਸਤ 1893 ਨੂੰ ਬੰਬਈ ਵਿਚ ਦੰਗਾ ਹੋਇਆ ਜਿਸ ਦਾ ਮੁੱਖ ਕਾਰਨ ਬੰਬਈ ਪ੍ਰੈਜੀਡੈਂਸੀ ਦੇ ਗਵਰਨਰ ਹੈਰਿਸ ਦੇ ਅਨੁਸਾਰ, ਗਊ ਰੱਖਿਆ ਮੰਡਲੀ ਦੁਆਰਾ ਪੈਦਾ ਕੀਤੀ ਫਿਰਕੂ ਕੱਟੜਤਾ ਸੀ। 1887-88 ਤੋਂ ਬਾਅਦ ਪੂਰਬੀ ਉਤਰ ਪ੍ਰਦੇਸ਼ ਵਿਚ ਗਊ ਹੱਤਿਆ ਦੇ ਵਿਰੁੱਧ ਅੰਦੋਲਨ ਨੇ ਜ਼ੋਰ ਪਕੜ ਲਿਆ। ਇਸ ਦਾ ਕਾਰਨ ਅਲਾਹਾਬਾਦ ਹਾਈਕੋਰਟ ਵਲੋਂ ਗਊ ਨੂੰ ਧਾਰਮਿਕ ਪ੍ਰਤੀਕ ਦੇ ਤੌਰ 'ਤੇ ਮੰਨਣ ਦੇ ਕਾਨੂੰਨੀ ਕਰਾਰ ਦੇਣ ਤੋਂ ਇਨਕਾਰ ਕਰ ਦੇਣਾ ਸੀ। ਇਸ ਲਈ ਅਲੱਗ-ਅਲੱਗ ਪਿੰਡਾਂ ਵਿਚ ਗਊ ਰੱਖਿਆ ਸੰਮਤੀਆਂ ਬਣਾਈਆਂ ਗਈਆਂ। ਬਹੁਤ ਹੀ ਤੇਜ਼ੀ ਨਾਲ ਆਸਥਾ ਅਤੇ ਸੰਗਠਨ ਸ਼ਕਤੀ ਦੇ ਬਲ ਭੋਜਪੁਰੀ ਭਾਸ਼ਾਈ ਖੇਤਰਾਂ, ਪੂਰਬੀ ਯੂ.ਪੀ. ਅਤੇ ਬਿਹਾਰ ਦੇ ਵੱਖ-ਵੱਖ ਪੇਂਡੂ ਖੇਤਰਾਂ ਅੰਦਰ ਇਹ ਲਹਿਰ ਫੈਲ ਗਈ। ਸਿੱਟੇ ਵਜੋਂ ਇਲਾਕੇ ਅੰਦਰ ਮੁਸਲਮਾਨਾਂ ਨੂੰ ਜਾਨ ਮਾਲ ਦਾ ਭਾਰੀ ਨੁਕਸਾਨ ਹੋਇਆ।

ਗਊ ਰੱਖਿਆ ਅੰਦੋਲਨਾਂ ਪਿਛੇ ਸਿਰਫ ਗਊ ਰੱਖਿਆ ਦਾ ਧਾਰਮਿਕ ਮਕਸਦ ਹੀ ਨਹੀਂ ਸੀ। ਇਸ ਪਿਛੇ ਛੁਪੇ ਡੂੰਘੇ ਕਾਰਨ ਸਨ। ਇਸ ਅੰਦੋਲਨ ਦੀ ਅਗਵਾਈ ਆਮ ਤੌਰ 'ਤੇ ਜਾਗੀਰਦਾਰ ਲੋਕਾਂ ਦੇ ਹੱਥ ਵਿਚ ਸੀ। ਇਨ੍ਹਾਂ ਖੇਤਰਾਂ ਦੇ ਜ਼ਿਮੀਦਾਰ ਮੁੱਖ ਤੌਰ 'ਤੇ ਜ਼ਮੀਨ ਦੇ ਮਾਲਕ, ਖੱਤਰੀ ਜਾਂ ਬ੍ਰਾਹਮਣ ਸਨ ਅਤੇ ਇਹ ਜਾਤੀਆਂ ਹੀ ਗਊ ਰੱਖਿਆ ਅੰਦੋਲਨ ਦੀ ਅਗਵਾਈ ਕਰ ਰਹੀਆਂ ਸਨ। ਰਾਜਾ ਦਰਭੰਗਾ ਅਤੇ ਉਸ ਦੇ ਵੰਸ਼ ਦੇ ਲੋਕ, ਲਾਲ ਛਤਰਪਤੀ ਸਿੰਘ ਜਾਂ ਲੌਮੀ ਉਪਧਿਆਨੇ ਇਸ ਦੀ ਉਦਾਹਰਨ ਹਨ। ਇਸ ਅੰਦੋਲਨ ਵਿਚ ਹਿੰਦੂ ਭਾਈਚਾਰੇ ਭਾਵ ਜਾਤੀ ਅਤੇ ਜ਼ਿਮੀਦਾਰੀ ਤੋਂ ਨਿਰਧਾਰਤ ਹੁੰਦਾ ਹੈ। ਹਿੰਦੂ ਮਾਣ ਸਨਮਾਨ ਦੀ ਰੱਖਿਆ ਦਾ ਮਤਲਬ ਜ਼ਿਮੀਦਾਰਾਂ ਵਲੋਂ ਆਪਣੀ ਹੈਸੀਅਤ ਦਾ ਪ੍ਰਦਰਸ਼ਨ ਸੀ।

ਗਊ ਰੱਖਿਆ ਅੰਦੋਲਨ ਪਿਛੇ ਦੋ ਹੋਰ ਦਿਲਚਸਪ ਤੱਥ ਵਿਚਾਰਨਯੋਗ ਹਨ ਜੋ ਇਸ ਪਿੱਛੇ ਕੰਮ ਕਰ ਰਹੀਆਂ ਸ਼ਕਤੀਆਂ ਦੇ ਧਰਮ ਆਧਾਰਿਤ ਕਾਰਨਾਂ 'ਤੇ ਰੌਸ਼ਨੀ ਪਾਉਂਦੇ ਹਨ। ਭੋਜਪੁਰੀ ਇਲਾਕੇ ਵਿਚ ਕਈ ਥਾਵਾਂ 'ਤੇ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਜ਼ਿਮੀਦਾਰਾਂ ਨੇ ਮੁਸਲਮਾਨਾਂ 'ਤੇ ਗਊ ਹੱਤਿਆ ਦਾ ਇਲਜ਼ਾਮ ਲਾ ਕੇ ਬੇਦਖਲ ਕਰਨ ਦੇ ਯਤਨ ਕੀਤੇ। ਜ਼ਾਹਿਰ ਸੀ ਕਿ ਬੇਦਖਲ ਮੁਸਲਮਾਨਾਂ ਦੀ ਜ਼ਮੀਨ ਉਨ੍ਹਾਂ ਨੂੰ ਹੀ ਮਿਲਦੀ।

ਕਈ ਥਾਵਾਂ 'ਤੇ ਮੁਸਲਮਾਨ ਕਾਸ਼ਤਕਾਰਾਂ ਵਲੋਂ ਜ਼ਿਮੀਦਾਰਾਂ ਨੂੰ ਵਗਾਰ ਦੇਣ ਵਿਚ ਕੋਤਾਹੀ ਕਰਨਾ ਜਾਂ ਵਧਿਆ ਲਗਾਨ ਨਾ ਦੇਣਾ, ਇਨ੍ਹਾਂ ਘਟਨਾਵਾਂ ਪਿਛੇ ਮੁੱਖ ਕਾਰਨ ਸੀ। ਕੁਝ ਥਾਵਾਂ 'ਤੇ ਗੁਆਂਢੀ ਮੁਸਲਮਾਨ ਜ਼ਿਮੀਦਾਰਾਂ ਨਾਲ ਆਰਥਕ ਮੁਕਾਬਲੇਬਾਜ਼ੀ ਕਰਕੇ ਵੀ ਦਿਖਾਈ ਦਿੱਤੇ। ਇਨ੍ਹਾਂ ਸਾਰੀਆਂ ਸਥਿਤੀਆਂ ਵਿਚ ਅਕਸਰ ਹਿੰਦੂ ਜ਼ਿਮੀਦਾਰ ਜਿਨ੍ਹਾਂ ਮੁਸਲਮਾਨਾਂ ਨੂੰ ਸਜ਼ਾ ਦੇਣੀ ਚਾਹੁੰਦੇ ਸਨ, ਉਨ੍ਹਾਂ ਉਪਰ ਗਊ ਹੱਤਿਆ ਦਾ ਦੋਸ਼ ਲਗਾ ਕੇ ਹਿੰਦੂ ਭੀੜ ਨੂੰ ਭੜਕਾ ਕੇ ਹਮਲੇ ਕਰਨ ਲਈ ਪ੍ਰੇਰਦੇ ਸਨ।

ਦੂਜਾ ਤੱਥ ਹੇਠਲੀਆਂ ਜਾਤੀਆਂ ਵਲੋਂ ਬਿਹਾਰ ਵਿਚ ਆਪਣੀ ਸਮਾਜਕ ਹੈਸੀਅਤ ਵਧਾਉਣ ਦੀਆਂ ਕੋਸ਼ਿਸ਼ਾਂ ਦੇ ਰੂਪ ਵਿਚ ਵੀ ਸਾਹਮਣੇ ਆਇਆ। ਵਿਸ਼ੇਸ਼ ਰੂਪ ਵਿਚ ਅਹੀਰ, ਕੋਇਰੀ ਅਤੇ ਕੁਰਮੀ ਜਾਤੀ ਦੇ ਲੋਕਾਂ ਵਲੋਂ ਜਨੇਊ ਪਹਿਨਣ ਅਤੇ ਆਪਣੇ ਨਾਮ ਨਾਲ ਸਿੰਘ ਜਾਂ ਰਾਮ ਲਗਾਉਣ ਦੇ ਨਾਲ-ਨਾਲ ਗਊ ਰੱਖਿਆ ਅੰਦੋਲਨ ਵਿਚ ਵੱਧ ਚੜ੍ਹ ਕੇ ਭਾਗ ਲੈਣ ਦੇ ਪਿਛੇ ਇਹ ਧਾਰਨਾ ਵੀ ਕੰਮ ਕਰਦੀ ਸੀ ਕਿ ਇਸ ਧਾਰਮਿਕ ਕਾਰਜ ਵਿਚ ਭਾਗ ਲੈ ਕੇ ਉਹ ਜਾਤ ਗ੍ਰਸਤ ਹਿੰਦੂ ਸਮਾਜ ਵਿਵਸਥਾ ਅੰਦਰ ਚੰਗਾ ਸਥਾਨ ਪ੍ਰਾਪਤ ਕਰ ਸਕਣਗੇ। ਇਸ ਪੂਰੇ ਯਤਨ ਵਿਚ ਦਿਲਚਸਪ ਗੱਲ ਇਹ ਸੀ ਕਿ ਹਿੰਦੂ ਅਤੇ ਮੁਸਲਮਾਨ ਦੋਵਾਂ ਵਰਗਾਂ ਦੇ ਅਮੀਰ ਜ਼ਿਮੀਦਾਰਾਂ ਨੇ ਉਨ੍ਹਾਂ ਦੀ ਇਸ ਇੱਛਾ ਦਾ ਵਿਰੋਧ ਕੀਤਾ। ਮੁਜ਼ੱਫਰਨਗਰ, ਪਟਨਾ ਅਤੇ ਦਰਭੰਗਾ ਅੰਦਰ ਕਈ ਵੇਰ ਹੇਠਲੀਆਂ ਜਾਤੀਆਂ ਨੂੰ ਉਚ ਜਾਤੀਆਂ ਅਤੇ ਮੁਸਲਮਾਨਾਂ ਜ਼ਿਮੀਦਾਰਾਂ ਦਾ ਕਹਿਰ ਝੱਲਣਾ ਪਿਆ। ਇਸ ਧਾਰਮਿਕ ਕਾਰਜ (ਗਊ ਰੱਖਿਆ) ਵਿਚ ਭਾਗ ਲੈ ਕੇ ਵੀ ਉਹ ਆਪਣੀ ਵਰਤੋਂ ਕਰਨ ਵਾਲਿਆਂ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਤਿਆਰ ਨਾ ਕਰ ਸਕੇ।

***(ਚੱਲਦਾ)***

# ਵਡਾ ਆਪਿ ਵਡੀ ਵਡਿਆਈ

ਸੱਤਵੀਂ ਵਾਰ ਦੀ ਇਸ ਸੋਲ੍ਹਵੀਂ ਪਉੜੀ ਵਿਚ ਭਾਈ ਗੁਰਦਾਸ ਅਕਾਲ ਪੁਰਖ ਦੀ ਉਪਮਾ ਕਰਦੇ ਹੋਏ ਉਸ ਦੇ ਖਾਸ ਕਰਤਾਰੀ ਗੁਣਾਂ ਦਾ ਜ਼ਿਕਰ ਕਰਦੇ ਹਨ। ਭਾਈ ਗੁਰਦਾਸ ਦਾ ਕਥਨ ਹੈ ਕਿ ਅਕਾਲ ਪੁਰਖ ਦਾ ਵਰਨਣ ਕਰ ਸਕਣਾ ਸੰਭਵ ਨਹੀਂ ਹੈ ਕਿਉਂਕਿ ਉਹ ਅਪ੍ਰੰਪਾਰ ਹੈ; ਇਥੋਂ ਤੱਕ ਕਿ ਵੇਦ (ਹਿੰਦੂ ਧਰਮ ਦੇ ਸ਼ਾਸਤਰ) ਅਤੇ ਕਤੇਬ (ਸਾਮੀ ਧਰਮਾਂ ਦੇ ਧਾਰਮਿਕ ਪੁਸਤਕ) ਆਦਿ ਧਾਰਮਿਕ ਗ੍ਰੰਥਾਂ ਵਿਚ ਵੀ ਉਸ ਦਾ ਸੰਪੂਰਨ ਵਰਨਣ ਸੰਭਵ ਨਹੀਂ ਹੋ ਸਕਿਆ ਅਤੇ ਉਸ ਨੂੰ ਪੂਰੀ ਤਰ੍ਹਾਂ ਲਿਖ ਸਕਣਾ ਅਸੰਭਵ ਹੈ, ਕਿਉਂਕਿ ਉਹ ਇਸ ਸੰਸਾਰ ਵਿਚ ਹੀ ਵਿਆਪਕ ਨਹੀਂ ਬਲਕਿ ਇਸ ਤੋਂ ਪਰੇ ਵੀ ਹੈ। ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਵੀ ਫਰਮਾਇਆ ਹੈ "ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥" ਜਿਸ ਦਾ ਅਰਥ ਹੈ ਕਿ ਨਾਨਕ ਦਾ ਪਾਤਿਸ਼ਾਹ ਭਾਵ ਕਰਤਾ ਪੁਰਖ ਕੇਵਲ ਇਸ ਦਿਸਦੇ ਸੰਸਾਰ ਵਿਚ ਹੀ ਵਿਆਪਕ ਨਹੀਂ ਹੈ ਬਲਕਿ ਇਸ ਦਿਸਦੇ ਸੰਸਾਰ ਤੋਂ ਬਾਹਰ ਭੀ ਹਰ ਥਾਂ



ਡਾ. ਗੁਰਨਾਮ ਕੌਰ, ਕੈਨੇਡਾ

ਮੌਜੂਦ ਹੈ; ਵੇਦ ਕਤੇਬ ਆਦਿਕ ਕੋਈ ਧਰਮ-ਪੁਸਤਕ ਉਸ ਦਾ ਸਰੂਪ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦੇ। ਨਾਨਕ ਦਾ ਪਾਤਿਸ਼ਾਹ ਹਰ ਥਾਂ ਪ੍ਰਤੱਖ ਦਿਸ ਰਿਹਾ ਹੈ। ਭਾਈ ਗੁਰਦਾਸ ਅਨੁਸਾਰ ਉਸ ਦਾ ਰੂਪ ਬੇਹੱਦ ਵਿਸਮਾਦੀ ਹੈ ਜਿਸ ਨੂੰ ਗਿਆਨ-ਇੰਦ੍ਰੀਆਂ ਰਾਹੀਂ ਦ੍ਰਿਸ਼ਟੀਗੋਚਰ ਕਰ ਸਕਣਾ ਸੰਭਵ ਨਹੀਂ ਹੈ ਕਿਉਂਕਿ ਉਹ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ। ਉਸ ਨੇ ਆਪਣੇ ਇਕ ਹੁਕਮ ਨਾਲ ਹੀ ਸਾਰੇ ਸੰਸਾਰ ਦਾ ਪਾਸਾਰ ਕਰ ਦਿੱਤਾ ਜਿਸ ਨੂੰ ਕਿਸੇ ਤਰ੍ਹਾਂ ਨਾਲ ਵੀ ਮਾਪਿਆ ਜਾਂ ਤੋਲਿਆ ਨਹੀਂ ਜਾ ਸਕਦਾ; ਕਹਿਣ ਤੋਂ ਭਾਵ ਹੈ ਕਿ ਉਸ ਦੀ ਕੁਦਰਤ ਦਾ ਪਾਸਾਰ ਬੇਅੰਤ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਅਕਾਲ ਪੁਰਖ ਦੇ ਇੱਕ ਹੁਕਮ ਨਾਲ ਇਸ ਬ੍ਰਹਮੰਡ ਦੇ ਹੋਂਦ ਵਿਚ ਆ ਜਾਣ ਦਾ ਵਰਨਣ ਕੀਤਾ ਹੈ ਕਿ ਉਸ ਨੇ ਇਕੋ ਹੁਕਮ ਨਾਲ ਸ੍ਰਿਸ਼ਟੀ ਦਾ ਵਿਸਥਾਰ ਕੀਤਾ ਅਤੇ ਉਸ ਦੇ ਹੁਕਮ ਨਾਲ ਹੀ ਜੀਵਨ ਦੇ ਲੱਖਾਂ ਦਰਿਆਉ ਹੋਂਦ ਵਿਚ ਆ ਗਏ। ਗੁਰੂ ਨਾਨਕ ਕਹਿੰਦੇ ਹਨ ਕਿ ਉਨ੍ਹਾਂ ਦੀ ਕੋਈ ਤਾਕਤ ਨਹੀਂ ਹੈ ਕਿ ਉਹ ਕਾਦਰ ਦੀ ਕੁਦਰਤਿ ਦਾ ਵੀਚਾਰ ਕਰ ਸਕਣ ਅਤੇ ਉਹ ਉਸ ਤੋਂ ਇਕ ਵਾਰੀ ਵੀ ਸਦਕੇ ਹੋਣ ਜੋਗੇ ਨਹੀਂ ਹਨ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥

ਭਾਈ ਗੁਰਦਾਸ ਵੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹਨ ਕਿ ਉਸ ਪਰਮ ਹਸਤੀ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਭਾਵੇਂ ਬਹੁਤਿਆਂ ਨੇ ਉਸ ਦੇ ਸ਼ਬਦ ਨਾਲ ਆਪਣੀ ਲਿਵ ਲਾਈ ਅਤੇ ਥੱਕ ਗਏ ਪ੍ਰੰਤੂ ਉਹ ਵੀ ਉਸ ਦਾ ਬਿਆਨ ਨਹੀਂ ਕਰ ਸਕੇ। ਉਹ ਅਕਾਲ ਪੁਰਖ ਮਨ, ਬਚਨ ਅਤੇ ਗਿਆਨ ਤੋਂ ਪਰੇ ਹੈ। ਸਿਆਣਪ, ਬੁੱਧੀ ਅਤੇ ਹੋਰ ਹਰ ਤਰ੍ਹਾਂ ਦੀ ਕਿਰਿਆ ਉਸ ਦੀ ਥਾਹ ਪਾ ਸਕਣ ਤੋਂ ਅਸਮੱਰਥ ਹੈ। ਉਹ ਅਦਵੈਤ ਹਸਤੀ ਜਿਸ ਨੂੰ ਛਲਿਆ ਨਹੀਂ ਜਾ ਸਕਦਾ, ਛੇਦਿਆ ਨਹੀਂ ਜਾ ਸਕਦਾ ਜੋ ਸਮੇਂ ਤੋਂ ਉਪਰ ਹੈ, ਆਪਣੇ ਭਗਤਾਂ 'ਤੇ ਮਿਹਰਬਾਨ ਹੈ ਅਤੇ ਸਾਧਸੰਗਤਿ ਵਿਚ ਵਸਦੀ ਹੈ। ਉਹ ਆਪ ਵੀ ਮਹਾਨ ਹੈ ਅਤੇ ਉਸ ਦੀ ਸਿਫ਼ਤਿ-ਸਾਲਾਹ ਵੀ ਮਹਾਨ ਹੈ:

ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
ਰੂਪੁ ਅਨੂਪੁ ਅਚਰਜੁ ਹੈ ਦਰਸਨੁ ਦ੍ਰਿਸਟਿ ਅਗੋਚਰ ਭਾਈ।
ਇਕੁ ਕਵਾਉ ਪਸਾਉ ਕਰਿ ਤੋਲੁ ਨ ਤੁਲਾਧਾਰ ਨ ਸਮਾਈ।
ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵ ਲਾਈ।
ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧਸੰਗਤਿ ਛਾਈ।
ਵਡਾ ਆਪਿ ਵਡੀ ਵਡਿਆਈ॥16॥

ਭਾਈ ਗੁਰਦਾਸ ਆਪਣੀ ਗੱਲ ਸਮਝਾਉਣ ਲਈ ਆਲੇ-ਦੁਆਲੇ ਦੇ ਸਮਾਜਿਕ ਅਤੇ ਕੁਦਰਤੀ ਵਰਤਾਰੇ ਵਿਚੋਂ ਉਦਾਹਰਨਾਂ ਦੀ ਵਰਤੋਂ ਕਰਦੇ ਹਨ। ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦੇ ਸੁਖਫਲ ਦੀ ਵਿਆਖਿਆ ਕਰਦੇ ਹਨ। ਭਾਈ ਗੁਰਦਾਸ ਅਨੁਸਾਰ ਬੀਆਵਾਨ, ਉਜਾੜ, ਅਣਜਾਣ, ਦੁਰਾਡੀਆਂ ਥਾਵਾਂ 'ਤੇ ਜੰਗਲ, ਬਨਸਪਤੀ ਉੱਗੀ ਹੁੰਦੀ ਹੈ। ਉਸ ਉੱਗੀ ਹੋਈ ਬਨਸਪਤੀ ਵਿਚੋਂ ਚੁਣ ਚੁਣ ਕੇ ਮਾਲੀ ਪੌਦੇ ਲਿਆਉਂਦੇ ਹਨ ਅਤੇ ਬਾਦਸ਼ਾਹਾਂ ਦੇ ਬਾਗਾਂ ਵਿਚ ਲਾਉਂਦੇ ਅਤੇ ਬਾਗਾਂ ਨੂੰ ਸੁਆਰਦੇ ਹਨ। ਉਨ੍ਹਾਂ ਨੂੰ ਸਿੰਜ ਕੇ ਭਾਵ ਪਾਣੀ ਲਾ ਲਾ ਕੇ ਸਮਝਦਾਰ ਮਨੁੱਖ ਵੱਡਿਆਂ ਕਰਦੇ ਅਤੇ ਸੰਭਾਲਦੇ ਹਨ। ਰੁੱਤ ਆਉਣ 'ਤੇ ਉਹ ਬੂਟੇ ਸਫ਼ਲ ਹੁੰਦੇ ਹਨ, ਉਨ੍ਹਾਂ ਨੂੰ ਫਲ ਲਗਦੇ ਹਨ ਅਤੇ ਉਹ ਫਲ ਅੰਮ੍ਰਿਤ-ਰਸ ਨਾਲ ਭਰਪੂਰ ਹੋ ਜਾਂਦੇ ਹਨ, ਭਰ ਜਾਂਦੇ ਹਨ। ਬਿਰਛਾਂ ਜਾਂ ਬੂਟਿਆਂ ਵਿਚੋਂ ਸੁਆਦ ਨਹੀਂ ਆਉਂਦਾ ਪ੍ਰੰਤੂ ਉਨ੍ਹਾਂ ਦੇ ਫਲਾਂ ਵਿਚੋਂ ਸੁਆਦ ਵੀ ਆਉਂਦਾ ਹੈ ਅਤੇ ਸੁਗੰਧ ਵੀ ਆਉਂਦੀ ਹੈ। ਪੂਰਨ ਬ੍ਰਹਮ ਇਸ ਸਾਰੇ ਸੰਸਾਰ ਵਿਚ ਵਿਆਪਕ ਹੈ ਅਤੇ ਨਿਰੰਕਾਰ ਆਪ ਗੁਰਮੁਖਾਂ ਦੀ ਸੰਗਤਿ ਵਿਚ ਵਸਦਾ ਹੈ। ਭਾਈ ਗੁਰਦਾਸ ਨਤੀਜਾ ਇਹ ਕੱਢਦੇ ਹਨ ਕਿ ਬੂਟਿਆਂ ਦੇ ਫਲਾਂ ਦੀ ਤਰ੍ਹਾਂ ਹੀ, ਅਸਲ ਵਿਚ ਗੁਰਮੁਖਿ ਆਪ ਇਸ ਸੰਸਾਰ ਵਿਚ ਅਨੰਤ ਖੁਸ਼ੀ ਜਾਂ ਅਨੰਦ ਦੇਣ ਵਾਲਾ ਫਲ ਹਨ:

ਵਣ ਵਣ ਵਿਚਿ ਵਣਾਸਪਤਿ ਰਹੈ ਉਜਾੜਿ ਅੰਦਰਿ ਅਵਸਾਰੀ।
ਚੁਣਿ ਚੁਣਿ ਆਂਜਨਿ ਬੂਟੀਆ ਪਤਿਸਾਹੀ ਬਾਗੁ ਲਾਇ ਸਵਾਰੀ।
ਸਿੰਜਿ ਸਿੰਜਿ ਬਿਰਖ ਵਡੀਰੀਅਨਿ ਸਾਰਿ ਸਮ੍ਹਾਲਿ ਕਰਨ ਵੀਚਾਰੀ।
ਹੋਨਿ ਸਫਲ ਰੁਤਿ ਆਈਐ ਅੰਮ੍ਰਿਤ ਫਲੁ ਅੰਮ੍ਰਿਤ ਰਸੁ ਭਾਰੀ।
ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧਸੰਗਤਿ ਨਿਰੰਕਾਰੀ।
ਗੁਰਮੁਖਿ ਸੁਖ ਫਲੁ ਅਪਰ ਅਪਾਰੀ॥17॥

ਇਸ ਤੋਂ ਅੱਗੇ ਅਠਾਰਵੀਂ ਪਉੜੀ ਵਿਚ ਭਾਈ ਗੁਰਦਾਸ ਕਰਤਾਰ ਅਤੇ ਉਸ ਦੀ ਕੁਦਰਤਿ ਦੀ ਅਨੰਤਤਾ ਨੂੰ ਅੰਬਰ ਅਰਥਾਤ ਅਕਾਸ਼ ਅਤੇ ਉਸ ਵਿਚ ਉਡ ਰਹੇ ਪੰਛੀਆ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਕਾਦਰ ਅਤੇ ਉਸ ਦੀ ਕੁਦਰਤਿ ਦੀ ਥਾਹ ਪਾ ਸਕਣਾ ਅਸੰਭਵ ਹੈ; ਇਸ ਨੂੰ ਕਿਸੇ ਵੀ ਤਰ੍ਹਾਂ ਨਾਲ ਆਂਕਿਆ ਜਾਂ ਮਾਪਿਆ ਨਹੀਂ ਜਾ ਸਕਦਾ। ਇਹ ਬੇਅੰਤ ਅਤੇ ਅਸੀਮ ਹੈ। ਭਾਈ ਗੁਰਦਾਸ ਫਰਮਾਉਂਦੇ ਹਨ ਕਿ ਅੰਬਰ ਮਨੁੱਖ ਨੂੰ ਨਜ਼ਰ ਆਉਂਦਾ ਹੈ ਪਰ ਇਹ ਕਿੰਨਾ ਕੁ ਵੱਡਾ ਹੈ, ਇਸ ਦੀਆਂ ਹੱਦਾਂ-ਬੰਨ੍ਹੇ ਕਿੱਥੋਂ ਤੱਕ ਹਨ, ਕੋਈ ਵੀ ਦੱਸ ਨਹੀਂ ਸਕਦਾ। ਇਹ ਸੁੰਨ ਰੂਪ ਵਿਚ ਫੈਲਿਆ ਹੋਇਆ ਕਿੰਨਾ ਕੁ ਉੱਚਾ ਹੈ, ਕੋਈ ਵੀ ਇਸ ਦਾ ਅੰਦਾਜ਼ਾ ਨਹੀਂ ਲਗਾ ਸਕਦਾ ਭਾਵ ਇਹ ਅਨੰਤ ਅਤੇ ਅਸੀਮ ਹੈ। ਪੰਛੀ ਦੂਰ ਦੂਰ ਤੱਕ ਆਕਾਸ਼ ਵਿਚ ਉਡਾਰੀਆਂ ਲਾਉਂਦੇ ਹਨ ਅਤੇ ਕਈ ਪੰਛੀ ਜਿਹੜੇ ਆਕਾਸ਼ ਵਿਚ ਹੀ ਉਡਦੇ ਰਹਿੰਦੇ ਹਨ ਉਹ ਵੀ ਇਸ ਦੀ ਥਾਹ ਨਹੀਂ ਪਾ ਸਕਦੇ ਕਿ ਇਹ ਕਿੱਥੋਂ ਤੱਕ ਫੈਲਿਆ ਹੋਇਆ ਹੈ। ਇਸ ਦਾ ਅਰੰਭ ਕਿੱਥੋਂ ਹੁੰਦਾ ਹੈ ਅਤੇ ਓੜਕ ਕਿੱਥੋਂ ਤੱਕ ਹੈ ਕੋਈ ਵੀ ਇਸ ਰਹੱਸ ਨੂੰ ਲੱਭ ਨਹੀਂ ਸਕਿਆ; ਸਾਰੇ ਹੈਰਾਨ ਹੁੰਦੇ ਹਨ, ਅਸਚਰਜ ਪ੍ਰਗਟ ਕਰਦੇ ਹਨ ਪ੍ਰੰਤੂ ਅੰਦਾਜ਼ਾ ਨਹੀਂ ਲਗਾ ਸਕਦੇ। ਭਾਈ ਗੁਰਦਾਸ ਕਹਿੰਦੇ ਮੈਂ ਉਸ ਕਾਦਰ ਅਤੇ ਉਸ ਦੀ ਕੁਦਰਤਿ ਤੋਂ ਕੁਰਬਾਨ ਜਾਂਦਾ ਹਾਂ; ਲੱਖਾਂ ਆਕਾਸ਼ ਵੀ ਉਸ ਕਾਦਰ ਦੀ ਸ਼ਾਨ ਨੂੰ ਬਿਆਨ ਨਹੀਂ ਕਰ ਸਕਦੇ। ਉਹ ਪਾਰਬ੍ਰਹਮ, ਜੋ ਅਪ੍ਰੰਪਰ ਹੈ, ਅਸੀਮ ਹੈ, ਜਿਸ ਦੀ ਥਾਹ ਨਹੀਂ ਪਾ ਸਕੀਦੀ ਉਹ ਸਤਿਗੁਰ ਪੁਰਖ ਸਾਧਸੰਗਤਿ ਵਿਚ ਵਸ ਰਿਹਾ ਹੈ। ਭਾਈ ਗੁਰਦਾਸ ਨਤੀਜਾ ਇਹ ਕੱਢਦੇ ਹਨ ਕਿ ਉਹ ਭਗਤ ਉਸ ਦੀ ਪਛਾਣ ਕਰਦਾ ਹੈ ਜਿਹੜਾ ਆਪਣੇ ਅੰਦਰੋਂ ਹਉਮੈ ਨੂੰ ਮਾਰ ਦਿੰਦਾ ਹੈ, ਆਪਣੇ ਅੰਦਰੋਂ 'ਮੈਂ' ਨੂੰ ਮਾਰ ਕੇ ਪੂਰਨ ਸਮਰਪਣ ਕਰਦਾ ਹੈ:

ਅੰਬਰੁ ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
ਉਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
ਲੈਨਿ ਉਡਾਰੀ ਪੰਖਣੂ ਅਨਲ ਮਨਲ ਉਡਿ ਖਬਰਿ ਨ ਆਣੈ।
ਓੜਿਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰੁ ਨੋ ਕੁਰਬਾਣੈ।
ਪਾਰਬ੍ਰਹਮ ਸਤਿਗੁਰ ਪੁਰਖੁ ਸਾਧਸੰਗਤਿ ਵਾਸਾ ਨਿਰਬਾਣੈ।
ਮੁਰਦਾ ਹੋਇ ਮੁਰੀਦੁ ਸਿਵਾਣੈ॥18॥

ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰੂ ਦੀ ਮਹਿਮਾ 'ਤੇ ਚਾਨਣਾ ਪਾਉਂਦੇ ਹਨ। ਭਾਈ ਗੁਰਦਾਸ ਗੁਰੂ ਨੂੰ ਪੂਰਨ ਬ੍ਰਹਮ ਦੀ ਮੂਰਤਿ ਮੰਨਦੇ ਹਨ ਕਿਉਂਕਿ ਜਿਸ ਤਰ੍ਹਾਂ ਸੂਰਜ ਹਰ ਇੱਕ ਨੂੰ ਆਪਣੀ ਰੌਸ਼ਨੀ ਨਾਲ ਰੁਸ਼ਨਾਉਂਦਾ ਹੈ ਇਸੇ ਤਰ੍ਹਾਂ ਗੁਰੂ ਆਪਣੇ ਗਿਆਨ ਦੇ ਚਾਨਣ ਨਾਲ ਹਰ ਇੱਕ ਦੇ ਮਨ ਨੂੰ ਰੁਸ਼ਨਾਉਂਦਾ ਹੈ। ਜਿਸ ਤਰ੍ਹਾਂ ਕੰਵਲ ਦੇ ਫੁੱਲ ਨੂੰ ਸੂਰਜ ਨਾਲ ਪ੍ਰੇਮ ਹੁੰਦਾ ਹੈ ਇਸੇ ਤਰ੍ਹਾਂ ਪਰਮਾਤਮਾ ਦਾ ਭਗਤ ਆਪਣੀ ਪ੍ਰੇਮਾ-ਭਗਤੀ ਰਾਹੀਂ ਉਸ ਪ੍ਰਭੂ ਨੂੰ ਜਾਣਦਾ ਹੈ। ਗੁਰੂ ਦਾ ਸ਼ਬਦ ਪੂਰਨ ਬ੍ਰਹਮ ਹੈ ਜੋ ਸਾਰੇ ਗੁਣਾਂ ਦੀ ਇਕ ਧਾਰ ਬਣ ਕੇ ਹਰ ਇਕ ਦੇ ਅੰਦਰ ਇਕ ਰਸ ਵਗ ਰਿਹਾ ਹੈ। ਇਸੇ ਨਿਝਰ ਧਾਰ ਦੇ ਕਾਰਨ ਬ੍ਰਿਛ ਬੂਟੇ ਉਗਦੇ ਅਤੇ ਵੱਡੇ ਹੁੰਦੇ ਹਨ ਅਤੇ ਸਾਰਿਆਂ ਨੂੰ ਫਲ ਦਿੰਦੇ ਹਨ ਅਤੇ ਚੰਦਨ ਵਰਗੇ ਦਰੱਖਤਾਂ ਦੀ ਸੁਗੰਧ ਸਾਰੇ ਫੈਲਦੀ ਹੈ। ਭਾਵੇਂ ਕਿਸੇ ਨੂੰ ਫਲ ਲੱਗਦੇ ਹਨ ਅਤੇ ਕਿਸੇ ਨੂੰ ਨਹੀਂ ਪਰ ਸਾਰਿਆਂ ਪ੍ਰਤੀ ਸਮਦ੍ਰਿਸ਼ਟੀ ਹੈ, ਕਿਸੇ ਪ੍ਰਤੀ ਮੋਹ, ਵੈਰ-ਵਿਰੋਧ, ਦਵੈਤ ਅਤੇ ਭਰਮ ਆਦਿ ਨਹੀਂ। ਗੁਰਮੁਖਿ ਦਾ ਸੁਖਫਲ ਇਹ ਹੈ ਕਿ ਉਹ ਭਗਤੀ ਰਾਹੀਂ ਜੀਵਨਮੁਕਤੀ ਪ੍ਰਾਪਤ ਕਰਦਾ ਹੈ ਅਤੇ ਰੱਬੀ ਪ੍ਰੇਮ ਦਾ ਰਸ ਮਾਣਦਾ ਹੈ। ਭਾਈ ਗੁਰਦਾਸ ਅੰਤਮ ਸਿੱਟਾ ਇਹ ਕੱਢਦੇ ਹਨ ਕਿ ਸਾਧਸੰਗਤਿ ਵਿਚ ਜਾ ਕੇ ਹੀ ਸਹਿਜ ਦੀ ਪ੍ਰਾਪਤੀ ਹੁੰਦੀ ਹੈ:

ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।
ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਹੈ ਗੁਣ ਗੁਝੈ।
ਕਿਰਖਿ ਬਿਰਖੁ ਹੋਇ ਸਫਲੁ ਫਲਿ ਚੰਨਣਿ ਵਾਸੁ ਨਿਵਾਸੁ ਨ ਖੁਝੈ।
ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹੁ ਨ ਦੁਬਿਧਾ ਲੁਝੈ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭਗਤਿ ਕਰਿ ਦੁਝੈ।
ਸਾਧਸੰਗਤਿ ਮਿਲਿ ਸਹਜਿ ਸਮੁਝੈ॥19॥

ਇਸ ਪਿਛਲੀ ਪਉੜੀ ਵਿਚ ਭਾਈ ਗੁਰਦਾਸ ਨੇ ਗੁਰੂ ਦੀ ਮਹਿਮਾ ਦੱਸੀ ਹੈ, ਗੁਰੂ ਬਾਰੇ ਦੱਸਿਆ ਹੈ ਅਤੇ ਇਸ ਵਾਰ ਦੀ ਵੀਹਵੀਂ ਅਤੇ ਆਖਰੀ ਪਉੜੀ ਵਿਚ ਗੁਰੂ ਦੇ ਸ਼ਬਦ ਬਾਰੇ ਗੱਲ ਕੀਤੀ ਹੈ। ਅਸੀਂ ਜਾਣਦੇ ਹਾਂ ਕਿ ਸਿੱਖ ਧਰਮਚਿੰਤਨ ਅਰਥਾਤ ਗੁਰਮਤਿ ਵਿਚ ਸ਼ਬਦ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਮ ਪਾਤਿਸ਼ਾਹ ਹਜ਼ੂਰ ਨੇ ਬਕਾਇਦਾ ਗੁਰੂ ਨਾਨਕ ਸਾਹਿਬ ਵੱਲੋਂ ਨਿਰਧਾਰਤ ਕੀਤੀ ਗਈ ਮਰਯਾਦਾ ਅਨੁਸਾਰ ਗੁਰਗੱਦੀ ਸੌਂਪੀ ਅਤੇ ਸਰਬ ਸਮਿਆਂ ਲਈ ਸਿੱਖ ਪੰਥ ਨੂੰ ਸ਼ਬਦਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣ ਦਾ ਹੁਕਮ ਕੀਤਾ; ਗੁਰੂ ਗ੍ਰੰਥ ਸਾਹਿਬ ਨੂੰ "ਪਰਗਟ ਗੁਰਾਂ ਕੀ ਦੇਹਿ" ਦਾ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਸ਼ਬਦ 'ਤੇ ਵਿਚਾਰ ਕਰਨ ਦਾ ਆਦੇਸ਼ ਕੀਤਾ ਹੈ। ਉਦਾਹਰਨ ਲਈ ਅਸੀਂ ਰਾਮਕਲੀ ਰਾਗੁ ਵਿਚ ਗੁਰੂ ਨਾਨਕ ਸਾਹਿਬ ਦੀ ਰਚੀ ਬਾਣੀ 'ਸਿਧ ਗੋਸਟਿ' ਦੇਖ ਸਕਦੇ ਹਾਂ ਜੋ ਕਿ ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਹੋਈ ਵਿਚਾਰ-ਚਰਚਾ 'ਤੇ ਅਧਾਰਤ ਕਰ ਕੇ ਰਚੀ ਹੈ। ਬਾਣੀ ਦੇ ਅਰੰਭ ਵਿਚ ਹੀ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜੋਗੀਆਂ ਵਾਂਗ ਫਿਰਦੇ ਰਹਿਣ ਨਾਲ ਕੀ ਬਣਦਾ ਹੈ? ਸੱਚ ਦੁਆਰਾ ਹੀ ਸੁੱਚੇ ਹੋ ਸਕੀਦਾ ਹੈ, ਸੱਚੇ ਸ਼ਬਦ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ, "ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥" ਇਸੇ ਤਰ੍ਹਾਂ ਅੱਗੇ ਚੱਲ ਕੇ ਦੱਸਿਆ ਹੈ ਕਿ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਇਸ ਤੋਂ ਨਿਰਲੇਪ ਹੋ ਕੇ ਰਹਿਣਾ ਹੈ, ਜਿਸ ਤਰ੍ਹਾਂ ਕੰਵਲ ਦਾ ਫੁੱਲ ਪਾਣੀ ਵਿਚ ਉਗਦਾ ਹੈ ਪ੍ਰੰਤੂ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਮੁਰਗਾਬੀ ਨਦੀ ਵਿਚ ਤੈਰਦੀ ਹੈ ਪ੍ਰੰਤੂ ਉਸ ਦੇ ਖੰਭ ਪਾਣੀ ਵਿਚ ਨਹੀਂ ਭਿੱਜਦੇ ਉਹ ਪਾਣੀ ਤੋਂ ਨਿਰਲੇਪ ਰਹਿੰਦੇ ਹਨ। ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਸੁਰਤਿ ਨੂੰ ਜੋੜ ਕੇ ਉਸ ਅਕਾਲ ਪੁਰਖ ਦਾ ਨਾਮ ਜਪਿਆਂ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ; ਇਸ ਨੂੰ ਤਰ ਸਕੀਦਾ ਹੈ, "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥" 'ਸਿਧ ਗੋਸਟਿ' ਬਾਣੀ ਵਿਚ ਸ਼ਬਦ ਬਾਰੇ ਇਹ ਸਿਲਸਿਲਾ ਲਗਾਤਾਰ ਵਿਚਾਰ ਦਾ ਵਿਸ਼ਾ ਬਣਿਆ ਰਹਿੰਦਾ ਹੈ। ਸ਼ਬਦ ਨੂੰ ਹੀ ਉਸ ਕਰਤਾ ਪੁਰਖ ਨਾਲ ਜੁੜੇ ਰਹਿਣ ਦਾ ਅਤੇ ਮੁਕਤੀ ਪ੍ਰਾਪਤ ਕਰਨ ਦਾ ਰਸਤਾ ਦੱਸਿਆ ਹੈ। ਜੋਗੀਆਂ ਦਾ ਪ੍ਰਸ਼ਨ ਹੈ ਕਿ ਲੁਕਿਆ ਹੋਇਆ ਕੌਣ ਹੈ ਅਤੇ ਉਹ ਕੌਣ ਹੈ ਜੋ ਮੁਕਤ ਹੈ? ਕੌਣ ਹੈ ਜੋ ਅੰਦਰੋਂ ਬਾਹਰੋਂ ਮਿਲਿਆ ਹੋਇਆ ਹੈ ਭਾਵ ਇਕਸੁਰ ਹੈ, "ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥" ਅਤੇ ਗੁਰੂ ਪਾਤਿਸ਼ਾਹ ਨੇ ਇਸ ਦਾ ਉਤਰ ਦਿੱਤਾ ਹੈ, "ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ॥" ਅਰਥਾਤ ਜੋ ਘਟ-ਘਟ ਵਿਚ ਵਿਆਪਕ ਹੈ ਉਹ ਵਾਹਿਗੁਰੂ ਗੁਪਤ ਹੋ ਰਿਹਾ ਹੈ ਅਤੇ ਗੁਰਮੁਖਿ ਭਾਵ ਗੁਰੂ ਦੇ ਰਸਤੇ 'ਤੇ ਚੱਲਣ ਵਾਲਾ ਮੁਕਤ ਹੈ ਜੋ ਅੰਦਰੋਂ ਬਾਹਰੋਂ ਭਾਵ ਤਨ ਅਤੇ ਮਨ ਕਰਕੇ ਸ਼ਬਦ ਨਾਲ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਜੋਗੀਆਂ ਦੇ ਧਾਰਨ ਕੀਤੇ ਜਾਂਦੇ ਭੇਖ ਦੇ ਚਿੰਨ੍ਹਾਂ ਰਾਹੀਂ ਹੀ ਗੁਰੂ ਦੇ ਸ਼ਬਦ ਦੀ ਮਹੱਤਤਾ ਦੱਸਦੇ ਹੋਏ ਗੁਰੂ ਨਾਨਕ ਫਰਮਾਉਂਦੇ ਹਨ ਕਿ ਸਤਿਗੁਰੂ ਦੇ ਸ਼ਬਦ ਨੂੰ ਮਨ ਵਿਚ ਇਕਰਸ ਵਸਾਉਣਾ ਕੰਨਾਂ ਦੀਆਂ ਮੁੰਦਰਾਂ ਹਨ ਕਿਉਂਕਿ ਸ਼ਬਦ ਨੂੰ ਮਨ ਵਿਚ ਵਸਾ ਕੇ ਮਨੁੱਖ ਹਉਮੈ ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ; ਕਾਮ, ਕ੍ਰੋਧ ਅਤੇ ਅਹੰਕਾਰ ਉਸ ਦੇ ਅੰਦਰੋਂ ਮਿਟ ਜਾਂਦੇ ਹਨ ਅਤੇ ਗੁਰੂ ਦੇ ਸ਼ਬਦ ਰਾਹੀਂ ਉਸ ਨੂੰ ਚੰਗੀ ਸੋਝੀ ਪੈ ਜਾਂਦੀ ਹੈ, "ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥" ਜਦੋਂ ਜੋਗੀ ਪ੍ਰਸ਼ਨ ਕਰਦੇ ਹਨ ਕਿ ਜੀਵਨ ਦਾ ਮੂਲ ਕੀ ਹੈ ਅਤੇ ਕਿਹੜੀ ਸਿੱਖਿਆ ਲੈਣ ਦਾ ਇਹ ਮਨੁੱਖਾ ਜਨਮ ਵੇਲਾ ਹੈ? ਤੂੰ ਕਿਸ ਗੁਰੂ ਦਾ ਚੇਲਾ ਹੈਂ? "ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥" ਤਾਂ ਗੁਰੂ ਨਾਨਕ ਸਾਹਿਬ ਉੱਤਰ ਦਿੰਦੇ ਹਨ ਕਿ ਪ੍ਰਾਣ ਹੀ ਹਸਤੀ ਦਾ ਮੁੱਢ ਹਨ ਅਤੇ ਇਹ ਮਨੁੱਖਾ ਜਨਮ ਦਾ ਸਮਾਂ ਸਤਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸ਼ਬਦ ਮੇਰਾ ਗੁਰੂ ਹੈ ਮੇਰੀ ਸੁਰਤਿ ਦਾ ਸ਼ਬਦ ਵਿਚ ਟਿਕਣਾ ਉਸ ਗੁਰੂ ਦਾ ਸਿੱਖ ਹੋਣਾ ਹੈ, "ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" ਅਸੀਂ ਕਹਿ ਸਕਦੇ ਹਾਂ ਕਿ ਬੇਸ਼ੱਕ 'ਸਿਧ ਗੋਸਟਿ' ਬਾਣੀ ਦੀ ਸਾਰੀ ਵਿਚਾਰ ਚਰਚਾ ਸ਼ਬਦ ਦੀ ਮਹੱਤਤਾ 'ਤੇ ਚਾਨਣਾ ਪਾਉਂਦੀ ਪ੍ਰੰਤੂ ਇਹ ਕੁੱਝ ਕੁ ਉਦਾਹਰਨਾਂ ਸ਼ਬਦ ਦੀ ਮਹੱਤਤਾ ਵੱਲ ਸੰਕੇਤ ਕਰਨ ਲਈ ਦਿੱਤੀਆਂ ਹਨ।

ਸ਼ਬਦ ਦੇ ਗੁਰੂ ਹੋਣ ਦੇ ਇਸ ਸਿਧਾਂਤ ਦੀ ਪ੍ਰੋੜਤਾ ਭਾਈ ਗੁਰਦਾਸ ਇਸ ਪਉੜੀ ਵਿਚ ਕਰ ਰਹੇ ਹਨ। ਭਾਈ ਗੁਰਦਾਸ ਫਰਮਾਉਂਦੇ ਹਨ ਕਿ ਗੁਰੂ ਦੇ ਸ਼ਬਦ ਨੂੰ ਗੁਰੂ ਜਾਣ ਲੈਣਾ ਜਾਂ ਮੰਨ ਲੈਣਾ ਚਾਹੀਦਾ ਹੈ ਅਤੇ ਗੁਰਮੁਖਿ ਹੋ ਕੇ ਅਰਥਾਤ ਗੁਰੂ ਦੀ ਸਿੱਖਿਆ ਅਨੁਸਾਰ ਚੱਲਦਿਆਂ ਆਪਣੀ ਸੁਰਤਿ ਨੂੰ ਸ਼ਬਦ ਵਿਚ ਜੋੜਨਾ ਹੀ ਸਿੱਖ ਹੋਣਾ ਹੈ। ਜਦੋਂ ਗੁਰਮੁਖਿ ਸਾਧਸੰਗਤਿ ਰੂਪੀ ਸਚਿਖੰਡ ਨਾਲ ਜੁੜ ਜਾਂਦਾ ਹੈ ਤਾਂ ਪ੍ਰੇਮਾ ਭਗਤੀ ਰਾਹੀਂ ਉਸ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਗੁਰਮੁਖਿ ਗਿਆਨ, ਧਿਆਨ ਅਤੇ ਸਿਮਰਨ ਆਦਿ ਗੁਣਾਂ ਦੀ ਜੁਗਤਿ ਨੂੰ ਆਪਣੇ ਅੰਦਰ ਪੈਦਾ ਕਰ ਲੈਂਦਾ ਹੈ। ਉਦਾਹਰਨ ਕੂੰਜ, ਕੱਛੂ ਅਤੇ ਹੰਸ ਦੀ ਦਿੱਤੀ ਹੈ ਕਿ ਜਿਵੇਂ ਵਿਵੇਕ ਰਾਹੀਂ, ਉਸ ਦਾ ਧਿਆਨ ਲਗਾ ਕੇ, ਉਸ ਦੇ ਨਾਮ ਦਾ ਸਿਮਰਨ ਕਰ ਕੇ ਕੂੰਜ, ਕੱਛੂ ਅਤੇ ਹੰਸ ਕਰਦੇ ਹਨ; ਇਹ ਤਿੰਨੇ ਇਨ੍ਹਾਂ ਦੀ ਵੰਸ਼ ਦੇ ਨਵੀਨ ਗੁਣ ਮੰਨੇ ਜਾਂਦੇ ਹਨ। ਹੰਸਾਂ ਦੀ ਵੰਸ਼ ਨਾਲ ਦੁੱਧ ਅਤੇ ਪਾਣੀ ਨੂੰ ਨਿਖੇੜ ਸਕਣ ਦੇ ਵਿਵੇਕ ਦਾ ਮਿੱਥ ਜੁੜਿਆ ਹੋਇਆ ਹੈ; ਧਿਆਨ ਦੀ ਜੁਗਤਿ ਵਿਚ ਕੱਛੂ ਦੀ ਵੰਸ਼ ਪ੍ਰਬੀਨ ਮੰਨੀ ਜਾਂਦੀ ਹੈ ਅਤੇ ਸਿਮਰਨ ਕਰਨ ਵਿਚ ਕੂੰਜ ਦੀ ਕਿਉਂਕਿ ਮੰਨਿਆ ਜਾਂਦਾ ਹੈ ਕਿ ਸਿਮਰਨ ਰਾਹੀਂ ਹੀ ਕੂੰਜ ਦੇ ਬੱਚੇ ਉਸ ਦੀ ਗੈਰਹਾਜ਼ਰੀ ਵਿਚ ਪਲ ਜਾਂਦੇ ਹਨ। ਇਹ ਸਾਰੇ ਗੁਣ ਗੁਰਮੁਖਿ ਵਿਚ ਆ ਜਾਂਦੇ ਹਨ। ਰੁੱਖ ਨੂੰ ਫਲ ਲੱਗਦਾ ਹੈ ਅਤੇ ਫਲ ਵਿਚ ਬੀਜ ਪੈਦਾ ਹੋ ਕੇ ਫਿਰ ਉਸ ਤੋਂ ਰੁੱਖ ਬਣ ਜਾਂਦਾ ਹੈ; ਇਸ ਤਰ੍ਹਾਂ ਰੁੱਖ ਅਤੇ ਫਲ, ਫਲ ਅਤੇ ਰੁੱਖ ਇੱਕੋ ਹਨ; ਇਨ੍ਹਾਂ ਵਿਚ ਕੋਈ ਅੰਤਰ ਨਹੀਂ ਹੈ। ਇਸੇ ਤਰ੍ਹਾਂ ਗੁਰੂ ਤੋਂ ਸਿੱਖ, ਸਿੱਖ ਤੋਂ ਗੁਰੂ ਸੁਹੇਲੇ ਮੰਤਰ ਦੁਆਰਾ ਹੋਇਆ ਹੈ। ਗੁਰੂ ਅਤੇ ਸਿੱਖ ਵਿਚ ਕੋਈ ਅੰਤਰ ਨਹੀਂ ਹੈ। ਗੁਰੂ ਦਾ ਸ਼ਬਦ ਇਸ ਸੰਸਾਰ ਵਿਚ ਵਰਤ ਰਿਹਾ ਹੈ ਪ੍ਰੰਤੂ ਸੰਸਾਰ ਤੋਂ ਵੀ ਪਰੇ ਉਹ ਕਰਤਾ ਪੁਰਖ ਹੈ ਜੋ ਮਨ ਬਾਣੀ ਤੋਂ ਪਰੇ ਹੋ ਕੇ ਸਿਰਜਣਾ ਕਰਨ ਅਤੇ ਇਸ ਨੂੰ ਸਮੇਟਣ ਦੇ ਆਪਣੇ ਗੁਪਤ ਖੇਲ ਵਿਚ ਲੱਗਾ ਹੋਇਆ ਹੈ। ਉਸ ਆਦਿ ਪੁਰਖ ਨੂੰ ਆਦੇਸ਼ ਕਰ ਕੇ ਸ਼ਬਦ ਦੀ ਇਹ ਸ਼ਕਤੀ ਉਸ ਆਦਿ ਪੁਰਖ ਦੇ ਹੁਕਮ ਵਿਚ ਸਮਾ ਜਾਂਦੀ ਹੈ। ਭਾਈ ਗੁਰਦਾਸ ਨਤੀਜਾ ਇਹ ਦਿੰਦੇ ਹਨ ਕਿ ਅੰਮ੍ਰਿਤ ਵੇਲਾ ਉਸ ਕਰਤਾ ਪੁਰਖ ਦੀ ਸਿਫ਼ਤਿ-ਸਾਲਾਹ ਕਰਨ ਦਾ ਵਧੀਆ ਅਰਥਾਤ ਸਹੀ ਸਮਾਂ ਹੈ; ਗੁਰੂ ਨਾਨਕ ਸਾਹਿਬ ਨੇ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥" ਦਾ ਉਪਦੇਸ਼ ਦਿੱਤਾ ਹੈ। ਭਾਈ ਗੁਰਦਾਸ ਅਨੁਸਾਰ:

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕਰਮ ਹੰਸ ਵੰਸ ਨਿਵੇਲਾ।
ਬਿਰਖਹੁੰ ਫਲ ਫਲ ਤੇ ਬਿਰਖੁ ਗੁਰਸਿਖ ਸਿਖਗੁਰ ਮੰਤ੍ਰਸੁਹੇਲਾ।
ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।
ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।
ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ॥20॥

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ ਪਿਛਲੇ 21 ਮਈ ਦੇ ਅੰਕ ਵਿਚ ਛਪੀ ਕਹਾਣੀ 'ਦਹਿਸ਼ਤ ਭਰੇ ਦਿਨਾਂ 'ਚ' ਵਿਚ ਲੇਖਕ ਦਾ ਨਾਂ ਗਲਤ ਛਪ ਗਿਆ ਸੀ। ਇਸ ਕਹਾਣੀ ਦੇ ਲੇਖਕ ਗੁਰਮੀਤ ਕੜਿਆਲਵੀ ਹਨ।



# ਭਦੌੜ ਦਾ ਇਤਿਹਾਸ: ਰਾਮ ਸਰੂਪ ਰਿਖੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਰਾਮ ਸਰੂਪ ਰਿਖੀ ਗਹਿਰ ਗੰਭੀਰ ਲੇਖਕ ਹੈ। ਵੇਦਾਂ-ਪੁਰਾਣਾਂ ਦਾ ਗਿਆਤਾ। ਦੇਵਿੰਦਰ ਸਤਿਆਰਥੀ ਦਾ ਗਰਾਂਈਂ। ਉਸ ਨੇ ਇਕੋ ਸਮੇਂ ਆਪਣੀ ਤਰ੍ਹਾਂ ਦੇ ਤਿੰਨ ਇਸ਼ਕ ਨਿਭਾਏ ਪਰ ਕੋਈ ਡੌਂਡੀ ਨਹੀਂ ਪਿੱਟੀ। ਸਾਲਾਂਬੱਧੀ ਇਸ਼ਕ ਨਿਭਾਈ ਗਿਆ। ਉਸ ਨੇ ਗੁਆਂਢੀ ਪਿੰਡ ਸ਼ਹਿਣੇ ਦੇ ਜੰਮਪਲ ਬਲਵੰਤ ਗਾਰਗੀ ਵਾਂਗ ਆਪਣੇ ਇਸ਼ਕਾਂ ਦੇ ਸੋਹਲੇ ਨਹੀਂ ਗਾਏ, ਅਖੇ ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ। ਤਿੰਨੇ ਪਿਆਰ ਵਿਚ ਵਫ਼ਾਦਾਰ, ਤਿੰਨੇ ਵੇਗ-ਮੱਤੀਆਂ ਤੇ ਤਿੰਨੇ ਕੌਲ ਕਰਾਰ ਦੀਆਂ ਪੂਰੀਆਂ। ਮੈਂ ਪ੍ਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ, ਕਿਸ ਨੂੰ ਲਾਰਾ ਲਾਵਾਂ ਤੇ ਕਿਸ ਨੂੰ ਧੋਖਾ ਦੇਵਾਂ? ਅਖ਼ੀਰ 50 ਸਾਲਾਂ ਦੇ ਗਾਰਗੀ ਨੇ 28 ਸਾਲਾਂ ਦੀ ਜੀਨੀ ਨਾਲ ਵਿਆਹ ਕਰਵਾ ਲਿਆ। ਕੌਲਾਂ ਦੀ ਪੱਕੀ 19 ਸਾਲਾਂ ਦੀ ਮਾਰਸ਼ਾ ਵਿਚਾਰੀ ਝੁਰਦੀ ਰਹਿ ਗਈ। ਪਰ ਪੰਡਤ ਰਿਖੀ, ਬਾਣੀਏ ਗਾਰਗੀ ਵਰਗਾ ਆਸ਼ਕ ਨਹੀਂ ਸੀ। ਉਹਦੇ ਇਸ਼ਕ ਵੀ ਗਾਰਗੀ ਵਰਗੇ ਚਾਲੂ ਨਹੀਂ ਸਨ। ਰਿਖੀ ਦੇ ਤਿੰਨੇ ਇਸ਼ਕ ਗਹਿਰ ਗੰਭੀਰ ਸਨ ਜੋ ਆਪਸ ਵਿਚ ਨਹੀਂ ਭਿੜੇ ਸਗੋਂ ਇਕ ਦੂਜੇ ਦੇ ਸਹਿਯੋਗੀ ਬਣੇ ਰਹੇ। ਸਿਰਸੇ ਦੇ ਲੇਖਕ ਸਵਰਨ ਸਿੰਘ ਵਿਰਕ ਨੇ ਲਿਖਿਆ ਹੈ: ਰਾਮ ਸਰੂਪ ਰਿਖੀ ਨੇ ਅਧਿਆਪਨ, ਸਾਹਿਤ ਸਿਰਜਨ ਅਤੇ ਮੁਲਾਜ਼ਮ ਮੋਰਚੇ ਨਾਲ ਇਕੋ ਸਮੇਂ ਤਿੰਨ-ਤਿੰਨ ਇਸ਼ਕ ਨਿਭਾਏ ਹਨ ਕਿਉਂਕਿ ਇਹ ਤਿੰਨੇ ਕਾਰਜ ਇਕ ਦੂਜੇ ਲਈ ਅੜਿੱਕਾ ਨਹੀਂ ਸਗੋਂ ਸਹਾਇਕ ਸਿੱਧ ਹੁੰਦੇ ਹਨ। ਇਸੇ ਕਰਕੇ ਉਸ ਦੀ ਲਿਖਤ ਵਿਚ ਜੋ ਪੁਖ਼ਤਗੀ ਆਈ ਹੈ, ਉਸੇ ਕਾਰਨ, ਉਹ ਪੰਜਾਬੀ ਦਾ ਸਮਰੱਥ ਨਾਵਲਕਾਰ ਹੈ।

ਰਿਖੀ ਦਾ ਜਨਮ ਭਦੌੜ ਵਿਚ ਸ੍ਰੀ ਚਾਨਣ ਰਾਮ ਤੇ ਸ੍ਰੀਮਤੀ ਰਾਜਾ ਦੇਵੀ ਦੇ ਘਰ 29 ਮਾਰਚ, 1944 ਨੂੰ ਹੋਇਆ। ਰਾਮ ਸਰੂਪ ਰਿਖੀ ਐਮਏ ਬੀਐੱਡ ਹੈ, ਜੋ 18 ਅਕਤੂਬਰ, 1963 ਤੋਂ 29 ਮਾਰਚ, 2002 ਤਕ ਅਧਿਆਪਕ ਰਿਹਾ। ਸਾਹਿਤ ਪੜ੍ਹਨਾ ਤੇ ਲਿਖਣਾ ਉਸ ਦਾ ਸ਼ੌਕ ਵੀ ਰਿਹਾ ਤੇ ਕਿੱਤਾ ਵੀ। ਮੁਲਾਜ਼ਮ ਸੰਘਰਸ਼ ਉਹਦਾ ਮਿਸ਼ਨ ਰਿਹਾ। ਉਸ ਦੇ ਚਾਰ ਨਾਵਲ ਛਪੇ ਹਨ, ਕਿਲ੍ਹੇ ਵਿਚ ਉਸਰਦੀ ਕੋਠੀ, ਦੀਵਾ ਬੁੱਝਿਆ ਨਹੀਂ, ਮੈਂ ਸ਼ਿਖੰਡੀ ਨਹੀਂ ਤੇ ਮੈਂ ਪ੍ਰਚੰਡ ਭਿਵਾਨੀ। ਉਸ ਦਾ ਇਕ ਨਾਵਲ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਐਮਏ ਪੰਜਾਬੀ ਪਾਠਕ੍ਰਮ ਦਾ ਭਾਗ ਰਿਹਾ ਤੇ ਦੋ ਨਾਵਲਾਂ ਨੂੰ ਹਰਿਆਣਾ ਸਾਹਿਤ ਅਕਾਦਮੀ ਦੇ ਐਵਾਰਡ ਮਿਲੇ। ਨਾਵਲ 'ਮੈਂ ਸ਼ਿਖੰਡੀ ਨਹੀਂ' ਦੇ ਅੰਗਰੇਜ਼ੀ ਤੇ ਹਿੰਦੀ ਵਿਚ ਵੀ ਅਨੁਵਾਦ ਛਪੇ ਹਨ। ਉਸ ਨੂੰ ਲਿਖਾਰੀ ਸਭਾ ਰਾਮਪੁਰ ਨੇ ਸਮਰੱਥ ਗਲਪਕਾਰ, ਸੁਚੇਤ ਇਤਿਹਾਸਕਾਰ, ਪ੍ਰਬੁੱਧ ਚਿੰਤਕ, ਜ਼ਹੀਨ ਸਿੱਖਿਆ ਮਾਹਿਰ, ਦਰਵੇਸ਼ ਅਧਿਆਪਕ, ਸੰਜੀਦਾ ਸ਼ਬਦ ਸਾਦਕ ਤੇ ਸੂਰਤ ਸੀਰਤ ਦਾ ਖ਼ੂਬਸੂਰਤ ਮੁਜੱਸਮਾ ਲਿਖਦਿਆਂ ਵਿਸ਼ੇਸ਼ ਮਾਨ ਪੱਤਰ ਨਾਲ ਸਨਮਾਨਿਆ ਹੈ।

2021 ਵਿਚ ਛਪੀ ਉਹਦੀ ਇਤਿਹਾਸਕ ਪੁਸਤਕ ਦਾ ਨਾਂ ਹੈ: 'ਰਾਜਾਸ਼ਾਹੀ-ਲੋਕਸ਼ਾਹੀ ਭਦੌੜ ਦਾ ਇਤਿਹਾਸ'। ਰਿਖੀ ਨੇ ਇਹ ਪੁਸਤਕ ਆਪਣੀ ਮਾਤ ਭੂਮੀ ਦੇ ਕਣ-ਕਣ ਨੂੰ ਸਮਰਪਣ ਕੀਤੀ ਹੈ। ਇਹਦਾ ਤਤਕਰਾ ਹੈ, ਪੁਰਾਤਨ ਮਾਲਵਾ, ਭਦੌੜ ਦਾ ਮੁੱਢ, ਰਾਜਾਸ਼ਾਹੀ, ਫੂਲ ਵੰਸ਼, ਭਦੌੜ ਦੀ ਸਾਹਿਤਕ ਲਹਿਰ, ਲੋਕਾਸ਼ਾਹੀ ਦੀ ਲਹਿਰ, ਲਹਿਰਾਂ ਦਾ ਪ੍ਰਭਾਵ, ਮੁਜਾਰਾ ਲਹਿਰ, ਭਦੌੜੀਏ ਨਾਮਧਾਰੀ ਰਾਗੀ, ਭਦੌੜ ਦੇ ਸੰਗੀਤ ਸਭਾਲਕ, ਭਦੌੜੀਏ ਸ਼ਹੀਦ, ਜੰਡ ਦਾ ਰੁਦਨ, ਭਦੌੜ ਦਾ ਵਿਸਾਖੀ ਮੇਲਾ, ਤਿੱਥ ਤਿਉਹਾਰ, ਦੇਵਿੰਦਰ ਸਤਿਆਰਥੀ, ਸਾਹਿਤ ਸਭਾ ਭਦੌੜ, ਲੋਕ ਸੰਗੀਤ ਮੰਡਲੀ ਭਦੌੜ, ਨੌਜਵਾਨ ਭਾਰਤ ਸਭਾ, ਭਦੌੜ ਦੀ ਨਕਸਲਬਾੜੀ ਲਹਿਰ, ਤਰਕਸ਼ੀਲ ਸੁਸਾਇਟੀ ਭਦੌੜ, ਆਧੁਨਿਕ ਭਦੌੜ, ਵਿੱਦਿਆ ਮਹਿਲ ਦੇ ਉਸਰਈਏ, ਮੈਂ ਵੱਡਾ ਸਕੂਲ ਬੋਲਦਾਂ ਅਤੇ ਵੰਸ਼ਾਵਲੀ ਆਦਿ। ਇਹਦੇ ਵਿਚ ਭਦੌੜ ਦੀਆਂ ਪ੍ਰਾਚੀਨ ਤੇ ਨਵੀਨ ਖੇਡਾਂ ਬਾਰੇ 13 ਪੰਨਿਆਂ ਦਾ ਲੇਖ ਵੀ ਹੈ, ਜਿਸ ਨਾਲ ਉਹ ਪੰਜਾਬੀ ਖੇਡ ਲੇਖਕਾਂ ਵਿਚ ਵੀ ਆ ਰਲਿਆ ਹੈ। ਉਸ ਨੇ ਭਦੌੜ ਦੇ ਸਾਲਾਨਾ ਟੂਰਨਾਮੈਂਟ ਕਰਾਉਣ ਵਿਚ ਜ਼ਿਕਰਯੋਗ ਯੋਗਦਾਨ ਪਾਇਆ ਹੈ।


ਇਸ ਪੁਸਤਕ ਦੇ 'ਮਾਂ ਭੂਮੀ ਦਾ ਰਿਣ' ਸਿਰਲੇਖ ਅਧੀਨ ਰਿਖੀ ਨੇ ਲਿਖਿਆ ਹੈ: ਇੱਥੇ ਦੋ ਤਰ੍ਹਾਂ ਦੇ ਲੋਕ ਹੀ ਵਸਦੇ ਸਨ। ਕਦੇ ਭਦੌੜ ਵਿਚ ਰਾਜਾਸ਼ਾਹੀ ਅਤੇ ਲੋਕਸ਼ਾਹੀ। ਅੱਜ ਭਦੌੜ ਵਿਚ ਈਲੀਟ, ਸਰਮਾਏਦਾਰ, ਸਾਧਾਰਨ ਅਤੇ ਹਾਸ਼ੀਆਗਤ ਚਾਰ ਤਰ੍ਹਾਂ ਦੇ ਲੋਕ ਵਸ ਰਹੇ ਹਨ...। ਮੰਡੀ, ਮੁਕਾਬਲਾ, ਮੁਨਾਫ਼ਾ, ਕਾਰਪੋਰੇਟ ਜਗਤ ਦੇ ਤਿੰਨ ਮੰਮੇ ਹਨ। ਪਰ ਇਨ੍ਹਾਂ ਸਾਰਿਆਂ 'ਚੋਂ ਅਸਲ 'ਮੰਮਾ' ਮਾਨਵਤਾ ਗਾਇਬ ਹੈ। ਮਨਫੀ ਕਰ ਦਿੱਤਾ ਗਿਆ ਹੈ। ਮਾਨਵਤਾ ਮੁਖੀ ਮੁਕਾਬਲੇ ਅਸਲ ਲੋਕਤੰਤਰ ਵੱਲ ਲਿਜਾਂਦੇ ਹਨ ਕਿਉਂਕਿ ਇਹ ਮਾਨਵੀ ਕਦਰਾਂ-ਕੀਮਤਾਂ ਪੈਦਾ ਕਰਦੇ ਹਨ ਜੋ ਜੀਵਨ ਨੂੰ ਸੁਹਜਮਈ ਬਣਾਉਂਦੇ ਹਨ।

ਜੀਵਨ ਦਾ ਰਹੱਸ ਰੁਮਾਂਸਵਾਦ ਜਾਂ ਭੋਗਵਾਦ ਰਾਹੀਂ ਨਹੀਂ ਜਾਣਿਆ ਜਾ ਸਕਦਾ। ਇਹ ਤਾਂ ਸੰਘਰਸ਼ ਦੇ ਲਫੇੜਿਆਂ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਅਸਲ ਗੱਲ ਅਨੁਭਵ ਦੀ ਹੈ। ਮੈਂ ਇਸ ਪੁਸਤਕ ਵਿਚ ਆਪਣੀ ਜਨਮ ਭੂਮੀ ਤੋਂ ਪ੍ਰਾਪਤ ਕੀਤੇ ਅਨੁਭਵ ਵਿਅਕਤ ਕਰਨ ਦਾ ਯਤਨ ਕੀਤਾ ਹੈ। ਮੈਂ ਆਪਣੀ ਜਨਮ ਭੂਮੀ ਅੱਗੇ ਸੀਸ ਨਿਵਾਉਂਦਾ ਹਾਂ। ਇਹਦੇ ਰਾਜਾਸ਼ਾਹੀ ਦੇ ਜੋਧਿਆਂ, ਸੂਰਿਆਂ ਅਤੇ ਲੋਕਸ਼ਾਹੀ ਦੇ ਜੁਝਾਰੂਆਂ ਨੂੰ ਆਪਣੀ ਸਾਰੀ ਮੁਹੱਬਤ, ਪਿਆਰ, ਸਤਿਕਾਰ ਅਰਪਣ ਕਰਦਾ ਹਾਂ। ਮੇਰੇ ਪਿੰਡ ਦੀਏ ਮਿੱਟੀਏ! ਮੈਨੂੰ ਮੁਆਫ਼ ਕਰੀਂ! ਜੇ ਮੈਂ ਕੋਈ ਗ਼ਲਤੀ ਜਾਂ ਕੁਤਾਹੀ ਜਾਣ ਬੁੱਝ ਕੇ ਕੀਤੀ ਹੋਵੇ ਜਿਸ ਨਾਲ ਕਿਸੇ ਦਾ ਦਿਲ ਦੁਖਿਆ ਹੋਵੇ। ਮੇਰੇ ਨਗਰ ਦੇ ਜ਼ਹੀਨ ਮਾਨਵਤਾ ਭਰੇ ਲੋਕੋ! ਯਾਦ ਰੱਖੋ, ਇਤਿਹਾਸ ਸਿਰਜਣ ਵਾਲੇ ਭਦੌੜ ਦੇ ਸਪੂਤ ਹਨ। ਉਨ੍ਹਾਂ ਨੂੰ ਜਾਤਾਂ-ਗੋਤਾਂ ਵਿਚ ਨਾ ਵੰਡਿਓ!


ਰਿਖੀ ਹੁਣ ਲੁਧਿਆਣੇ ਦੀ ਚੰਡੀਗੜ੍ਹ ਰੋਡ 'ਤੇ ਬਣੀ ਨਿਊ ਫਰੈਂਡਜ਼ ਕਲੋਨੀ ਵਿਚ ਰਹਿੰਦਾ ਹੈ। ਉਹਦੇ ਨੇੜੇ ਰਹਿੰਦਾ ਤੇਲੂ ਰਾਮ ਕੁਹਾੜਾ ਭਦੌੜ ਦੀ ਪੁਸਤਕ ਬਾਰੇ ਲਿਖਦਾ ਹੈ ਕਿ ਪਿੰਡ ਭਦੌੜ ਜ਼ਿਲ੍ਹਾ ਬਰਨਾਲਾ ਮੇਰੇ ਪਿੰਡ ਕੁਹਾੜਾ ਜ਼ਿਲ੍ਹਾ ਲੁਧਿਆਣਾ ਤੋਂ ਲਗਭਗ ਅੱਸੀ-ਪਚਾਸੀ ਕਿਲੋਮੀਟਰ ਹੈ। ਪਰ ਇਕ ਪਿੰਡ ਭਦੌੜ ਅਜਿਹਾ ਹੈ ਜੋ ਮੇਰੇ ਪਿੰਡ ਤੋਂ ਕੇਵਲ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਫਰੈਂਡਜ਼ ਕਲੋਨੀ ਰਾਮਗੜ੍ਹ ਦੇ ਮਕਾਨ ਨੰ. 91 ਵਿਚ ਵਸਿਆ ਹੋਇਆ ਹੈ...। ਭਦੌੜ ਪਿੰਡ ਦਾ ਨਾਉਂ ਸੁਣ ਕੇ ਉਸ ਨੂੰ ਅਣਗੌਲਿਆ ਜਿਹਾ ਕਰ ਦੇਈਦਾ ਸੀ ਪਰ ਭਦੌੜ ਪਿੰਡ ਦੀ ਅਹਿਮੀਅਤ ਦਾ ਪਤਾ ਰਾਮ ਸਰੂਪ ਰਿਖੀ ਦੀ ਪੁਸਤਕ ਪੜ੍ਹ ਕੇ ਲੱਗਿਆ ਕਿ ਇਸ ਦੇ ਇਤਿਹਾਸ ਦੀਆਂ ਜੜ੍ਹਾਂ ਪਤਾਲ ਤੱਕ ਹਨ ਅਤੇ ਇਸ ਦੀਆਂ ਟੀਸੀਆਂ ਅਸਮਾਨ ਨੂੰ ਛੋਂਦੀਆਂ ਹਨ।

ਭਦੌੜ ਦਾ ਸਮੁੱਚਾ ਇਤਿਹਾਸ ਪੜ੍ਹ ਕੇ ਪਤਾ ਲੱਗਦਾ ਹੈ ਕਿ ਇਹ ਪਿੰਡ ਅਗਾਂਹਵਧੂ ਲਹਿਰਾਂ ਨੂੰ ਜਨਮ ਦੇਣ ਵਾਲਾ ਜਾਂ ਫਿਰ ਚੱਲ ਰਹੀਆਂ ਲਹਿਰਾਂ ਨੂੰ ਹਲੂਣਾ ਦੇਣ ਵਾਲਾ ਪਿੰਡ ਹੈ। ਚਾਹੇ ਮੁਜਾਰਾ ਲਹਿਰ ਹੋਵੇ, ਚਾਹੇ ਨਕਸਲਬਾੜੀ ਹੋਵੇ, ਤਰਕਸ਼ੀਲ ਲਹਿਰ ਹੋਵੇ ਜਾਂ ਫਿਰ ਨੌਜੁਆਨ ਸਭਾ ਦੀ ਲਹਿਰ ਹੋਵੇ, ਭਦੌੜ ਦੇ ਬਹੁਤੇ ਵਾਸੀ ਉਨ੍ਹਾਂ ਦੀ ਸਫਲਤਾ ਲਈ ਛਾਤੀ ਤਾਣ ਕੇ ਖੜ੍ਹੇ ਹਨ। ਭਾਵੇਂ ਛਾਤੀਆਂ 'ਤੇ ਸਾਹਵੀਂਆਂ ਗੋਲੀਆਂ ਵੀ ਕਿਉਂ ਨਾ ਖਾਣੀਆਂ ਪਈਆਂ ਹੋਣ। ਇਨ੍ਹਾਂ ਲਹਿਰਾਂ ਵਿਚ ਬਾਬਾ ਅਰਜਨ ਸਿੰਘ, ਮੇਘ ਰਾਜ ਮਿੱਤਰ, ਰਾਜਿੰਦਰ ਭਦੌੜ, ਮਾਸਟਰ ਰਾਮ ਕੁਮਾਰ, ਭੀਸ਼ਮ ਪ੍ਰਤਿੱਗਿਆ...ਕੀਹਦਾ ਕੀਹਦਾ ਨਾਂ ਲਈਏ। ਦੇਵਿੰਦਰ ਸਤਿਆਰਥੀ ਦਾ ਜ਼ਿਕਰ ਕਰਦਿਆਂ ਲੇਖਕ ਨੇ ਉਸ ਨੂੰ ਸਾਹਿਤਕ ਅਤੇ ਸਭਿਆਚਾਰਕ ਫਕੀਰ ਦਾ ਰੁਤਬਾ ਦਿੱਤਾ ਹੈ। ਉਸ ਵੱਲੋਂ ਲਿਖੀਆਂ ਵਡਮੁੱਲੀਆਂ ਪੁਸਤਕਾਂ ਦਾ ਜ਼ਿਕਰ ਕਰਦਿਆਂ ਲੇਖਕ ਨੇ ਸਤਿਆਰਥੀ ਵੱਲੋਂ ਲਿਖੀਆਂ ਕਵਿਤਾਵਾਂ ਨੂੰ ਵੀ ਆਪਣੀ ਪੁਸਤਕ ਵਿਚ ਸੰਭਾਲਿਆ ਹੈ। ਕੁਹਾੜਾ ਇਸ ਪੁਸਤਕ ਨੂੰ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ', ਗਿਆਨੀ ਗੁਰਦਿੱਤ ਸਿੰਘ ਦੀ 'ਮੇਰਾ ਪਿੰਡ', ਵਣਜਾਰਾ ਬੇਦੀ ਦੀ 'ਮੇਰਾ ਨਾਨਕਾ ਪਿੰਡ' ਤੇ ਅਵਤਾਰ ਸਿੰਘ ਬਿਲਿੰਗ ਦੀ 'ਮੇਰਾ ਪਿੰਡ ਮੇਰੇ ਲੋਕ' ਦੀ ਕਤਾਰ ਵਿਚ ਰੱਖਦਾ ਹੈ।

ਸਵਰਨ ਸਿੰਘ ਵਿਰਕ ਨੇ ਪੁਸਤਕ ਦੇ ਸਰਵਰਕ ਉਤੇ ਲਿਖਿਆ: ਰਾਮ ਸਰੂਪ ਰਿਖੀ ਨੇ ਹੜੱਪਾ ਕਾਲ ਤੋਂ ਲੈ ਕੇ ਆਪਣੇ ਪਿੰਡ ਭਦੌੜ ਦੇ ਲਗਾਤਾਰ ਵਿਕਸਤ ਹੁੰਦੇ ਇਤਿਹਾਸ 'ਤੇ ਰੌਸ਼ਨੀ ਪਾਉਣ ਦਾ ਅਨੂਠਾ ਕਾਰਜ ਕੀਤਾ ਹੈ। ਲੋਕਸ਼ਾਹੀ ਅਤੇ ਰਜਵਾੜਾਸ਼ਾਹੀ ਦੀਆਂ ਟੱਕਰਾਂ ਵਿਚੋਂ ਨਿਕਲੇ ਚੰਗਿਆੜੇ ਰਿਖੀ ਦੀ ਕਲਮ ਦੀ ਨੋਕ 'ਤੇ ਨੱਚ ਉਠਦੇ ਹਨ। ਉਹ ਭਾਵੇਂ ਸਰਕਾਰੀ ਸੇਵਾ ਕਾਲ ਦੌਰਾਨ ਲੰਮਾ ਸਮਾਂ ਸਾਡੇ ਸ਼ਹਿਰ ਸਿਰਸੇ ਰਿਹਾ ਜਾਂ ਹੁਣ ਲੁਧਿਆਣੇ ਜਾ ਵਸਿਆ ਹੈ ਪਰ ਭਦੌੜ ਤਾਂ ਸਦਾ ਰਿਖੀ ਦੇ ਹਿਰਦੇ ਵਿਚ ਵਸਦਾ ਰਿਹਾ ਹੈ। ਮਿੱਟੀ ਦੇ ਇਸੇ ਮੋਹ ਨੇ ਉਸ ਤੋਂ ਖ਼ੂਬਸੂਰਤ ਅੰਦਾਜ਼ ਵਿਚ ਆਪਣੇ ਪਿੰਡ ਦੀ ਬਾਤ ਪੁਆ ਲਈ ਹੈ।



ਲੇਖਕ ਰਾਮ ਸਰੂਪ ਰਿਖੀ




ਪੁਸਤਕ ਭਦੌੜ ਦਾ ਇਤਿਹਾਸ ਦਾ ਸਰਵਰਕ

ਗਲੋਬਲ ਪਿੰਡ ਦੇ ਇਸ ਦੌਰ ਵਿਚ ਰਿਖੀ ਜਿਹਾ ਕੋਈ ਦਰਵੇਸ਼ ਹੀ ਆਪਣੇ ਪਿੰਡ ਵੱਲ ਪਰਤ ਸਕਦਾ ਹੈ। ਪਿੰਡ ਦੇ ਇਤਿਹਾਸ, ਭੂਗੋਲ, ਸਾਹਿਤ, ਕਲਾ, ਸੰਗੀਤ, ਗਿਆਨ, ਸਭਿਆਚਾਰ ਅਤੇ ਸੰਸਕ੍ਰਿਤੀ ਬਾਰੇ ਬੜੀਆਂ ਗੁੱਠਾਂ ਫੋਲ ਕੇ ਪਾਠਕਾਂ ਨੂੰ ਜੋ ਹੈ ਤੇ ਭਦੌੜ ਜੋ ਹੁੰਦਾ ਸੀ, ਉਸ ਦੇ ਦਰਸ਼ਨ ਕਰਵਾਉਣ ਵਿਚ ਲੇਖਕ ਸਫ਼ਲ ਹੈ। ਸਾਥੀਓ, ਮਿੱਠੇ ਦਰਦ ਪਰੁੱਚੇ ਲੋਕ ਗੀਤਾਂ ਨੂੰ ਜਨਮ ਦੇਣ ਵਾਲੇ ਭਦੌੜ ਦੇ ਟਿੱਬਿਆਂ ਦਾ ਰੇਤਾ, ਕਿਸੇ ਨੂੰ ਦਵਿੰਦਰ ਸਤਿਆਰਥੀ ਬਣਾ ਦਿੰਦਾ ਹੈ ਤੇ ਕਿਸੇ ਨੂੰ ਰਾਮ ਸਰੂਪ ਰਿਖੀ। ਰਿਖੀ ਇਕ ਆਸ਼ਾਵਾਦੀ ਲੇਖਕ ਹੈ। ਉਹ ਆਪਣੀ ਕਲਮ ਜੂਝਦੀਆਂ ਧਿਰਾਂ ਦੇ ਹੱਕ ਵਿਚ ਵਰਤਣ ਦਾ ਅਜ਼ਮ ਕਰ ਚੁੱਕਾ ਹੈ।

ਮੈਂ ਰਿਖੀ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਭਦੌੜ ਦਾ ਪਬਲਿਕ ਟੂਰਨਾਮੈਂਟ ਵੇਖਣ ਜਾਇਆ ਕਰਦਾ ਸਾਂ। ਪਹਿਲੀ ਵਾਰ ਮੈਂ ਉਸੇ ਟੂਰਨਾਮੈਂਟ ਦੀ ਜਲੰਧਰ ਦੂਰਦਰਸ਼ਨ ਲਈ ਕੁਮੈਂਟਰੀ ਕੀਤੀ ਸੀ। ਉਦੋਂ ਮੈਨੂੰ ਨਹੀਂ ਸੀ ਪਤਾ ਕਿ ਮੇਰੀ ਆਵਾਜ਼ ਟੀਵੀ ਪ੍ਰਸਾਰਨ ਲਈ ਰਿਕਾਰਡ ਹੋ ਰਹੀ ਹੈ। ਬਾਅਦ 'ਚ ਮੈਂ ਕਿਹਾ ਵੀ ਕਿ ਮੈਨੂੰ ਪਹਿਲਾਂ ਦੱਸ ਦਿੰਦੇ ਤਾਂ ਮੈਂ ਬਿਹਤਰ ਬੋਲਦਾ। ਪਰ ਰੌਣਕੀ ਰਾਮ ਦਾ ਕਹਿਣਾ ਸੀ ਕਿ ਪਹਿਲਾਂ ਦੱਸ ਦਿੰਦੇ ਤਾਂ ਮੌਲਿਕਤਾ ਨਹੀਂ ਸੀ ਰਹਿਣੀ। ਰਿਖੀ ਨੇ ਹੀ ਪੁਸਤਕ ਵਿਚ ਪਬਲਿਕ ਟੂਰਨਾਮੈਂਟ ਦਾ ਜ਼ਿਕਰ ਕਰ ਕੇ ਮੈਨੂੰ ਉਹ ਲਮ੍ਹੇ ਯਾਦ ਕਰਾਏ ਹਨ: ਪ੍ਰਿੰ. ਸਰਵਣ ਸਿੰਘ ਢੁੱਡੀਕੇ (ਚਕਰ) ਨੇ 'ਅੱਖੀਂ ਡਿੱਠਾ ਖੇਡ ਮੇਲਾ' ਦੇ ਸਿਰਲੇਖ ਹੇਠ ਲਿਖੇ ਜਾ ਰਹੇ ਆਪਣੇ ਅਖ਼ਬਾਰੀ ਕਾਲਮ ਵਿਚ ਭਦੌੜ ਦੇ ਇਸ ਖੇਡ ਮੇਲੇ ਨੂੰ ਕਿਲਾ ਰਾਇਪੁਰ ਦੇ ਖੇਡ ਮੇਲੇ ਤੋਂ ਦੂਜੇ ਨੰਬਰ ਦਾ ਖੇਡ ਮੇਲਾ ਲਿਖਿਆ। ਲੇਖਕ ਨੇ ਇਸ ਖੇਡ ਮੇਲੇ ਦੀ ਵਿਲੱਖਣਤਾ, ਵਿਸ਼ੇਸ਼ ਕਰਕੇ ਸੁਯੋਗ ਪ੍ਰਬੰਧ ਨੂੰ ਸਲਾਹਿਆ। ਉਨ੍ਹਾਂ ਲਿਖਿਆ, ਭਦੌੜ ਦਾ ਇਹ ਖੇਡ ਮੇਲਾ ਮੁਕੰਮਲ ਰੂਪ ਵਿਚ ਨਿਰੋਲ ਕਲੱਬ ਮੈਂਬਰਾਂ, ਸਕੂਲ ਵਿਦਿਆਰਥੀਆਂ, ਨਗਰ ਦੇ ਸੁਹਿਰਦ ਲੋਕਾਂ, ਖ਼ਾਸ ਕਰ ਨਵੀਂ ਪੀੜ੍ਹੀ ਦੀ ਨਵੀਂ ਸੋਚ ਨੂੰ ਪ੍ਰਣਾਏ ਗੱਭਰੂਆਂ ਵੱਲੋਂ ਕੀਤਾ ਜਾਂਦਾ ਹੈ। ਪ੍ਰਸ਼ਾਸਨ ਜਾਂ ਕਿਸੇ ਵੱਡੇ ਨੇਤਾ ਦੀ ਸਰਪ੍ਰਸਤੀ ਤੋਂ ਬਿਨਾਂ ਐਨਾ ਵਧੀਆ ਪ੍ਰਬੰਧ ਕਰਨਾ ਹੋਰਨਾਂ ਲਈ ਵਧੀਆ ਮਿਸਾਲ ਹੈ। ਜੇ ਅਨੁਸ਼ਾਸਨ ਪੱਖੋਂ ਵਾਚੀਏ ਤਾਂ ਇਹ ਖੇਡ ਮੇਲਾ ਪੰਜਾਬ ਦਾ ਅੱਵਲ ਨੰਬਰ ਖੇਡ ਮੇਲਾ ਹੈ।

### ਭਦੌੜ ਦੀਆਂ ਖੇਡਾਂ ਦਾ ਇਤਿਹਾਸ

1955-56 ਤੀਕ ਭਦੌੜ ਕਸਬੇ ਵਿਚ ਖੇਡਾਂ ਦਾ ਕੋਈ ਵਿਧੀ-ਵਤ ਬੱਝਵਾਂ ਰੂਪ ਨਹੀਂ ਸੀ। ਭਦੌੜੀਏ ਗਭਰੂ ਸਿਆਲ ਦੀ ਰੁੱਤੇ ਮੁਗਧਰ ਚੁੱਕਦੇ ਤੇ ਮਿੱਟੀ ਦੀ ਭਰੀ ਬੋਰੀ ਦੇ ਬਾਲੇ ਕੱਢਦੇ। ਜਿਦੋ-ਜਿਦੀ ਡੰਡ ਬੈਠਕਾਂ ਮਾਰਦੇ, ਮੋਰਚੇ ਵੀਣੀਆਂ ਫੜਦੇ ਤੇ ਪੰਜੇ ਲੜਾਉਂਦੇ। ਆਪਣੀ ਸਰੀਰਕ ਸ਼ਕਤੀ ਹਾੜਨ ਨੂੰ ਖਾਧੀਆਂ ਖ਼ੁਰਾਕਾਂ ਦਾ ਸਦਉਪਯੋਗ ਕਰਦੇ ਤਾਂ ਕਿ ਸਰੀਰ ਦੀ ਸੁਡੌਲਤਾ ਬਣੀ ਰਹੇ। ਭਦੌੜ ਦਾ ਵਿਸਾਖੀ ਮੇਲਾ ਇਲਾਕੇ ਭਰ 'ਚ ਮਸ਼ਹੂਰ ਹੁੰਦਾ ਸੀ ਜਿਸ ਵਿਚ ਖੇਡਾਂ ਵੀ ਹੁੰਦੀਆਂ। ਉਦੋਂ ਮੇਲਿਆਂ ਵਿਚ ਲੋਕ ਘੋੜੇ, ਊਠ, ਬਲਦ, ਗੱਡੇ-ਗੱਡੀਆਂ 'ਤੇ ਜਾਂਦੇ। ਮੇਲੇ ਲਈ ਪਸ਼ੂਆਂ ਨੂੰ ਹਾਰ-ਹਮੇਲਾਂ ਪਾ ਕੇ ਸ਼ਿੰਗਾਰਿਆ ਜਾਂਦਾ, ਮਨੁੱਖ ਤੇ ਤ੍ਰੀਮਤਾਂ ਨਵੇਂ ਰੰਗ ਬਰੰਗੇ ਕੱਪੜੇ ਪਹਿਨ ਕੇ ਤਿਆਰ ਹੁੰਦੇ। ਮੇਲਿਆਂ 'ਚ ਖਾਣ-ਪੀਣ, ਮਿਲਣ ਗਿਲਣ, ਨਵੀਆਂ ਪੁਰਾਣੀਆਂ ਸਾਂਝਾਂ ਜੋੜਨ, ਖੇਡਾਂ, ਘੋਲ ਘੁਲਣ, ਨੱਚਣ-ਟੱਪਣ, ਗਾਉਣ-ਵਜਾਉਣ, ਸੁਣਨ-ਸੁਣਾਉਣ ਭਾਵ ਹਰ ਪ੍ਰਕਾਰ ਦਾ ਜਨ ਸਮੂਹ ਉਮੜਿਆ ਹੁੰਦਾ। ਹਰ ਨਾਰ-ਨਾਰੀ, ਬੁੱਢੇ, ਗਭਰੂ, ਬੱਚੇ ਬੱਚੀਆਂ, ਸਭਨਾਂ ਦੇ ਮੱਥਿਆਂ 'ਤੇ ਖ਼ੁਸ਼ੀ, ਹੁਲਾਸ ਅਤੇ ਬੁੱਲ੍ਹਾਂ 'ਚੋਂ ਮੁਸਕਾਨ ਡੁੱਲ੍ਹ-ਡੁੱਲ੍ਹ ਪੈਂਦੀ। ਅਥਰਵ ਵੇਦ ਵਿਚ ਪੰਜਾਬੀਆਂ ਦੀ ਆਭਾ ਦਰਸਾਉਂਦੇ ਇਕ ਸ਼ਲੋਕ ਦਾ ਭਾਵ ਅਰਥ ਹੈ: ਜਿਸ ਭੂਮੀ 'ਤੇ ਮਸਤ ਲੋਕ ਗਾਉਂਦੇ ਤੇ ਨੱਚਦੇ ਹਨ, ਜਿਥੇ ਜੁਆਨ ਮਰਦ ਲੜਦੇ ਤੇ ਘੁਲਦੇ ਨੇ, ਜਿਥੇ ਯੁੱਧ ਦਾ ਨਗਾਰਾ ਵੱਜਦਾ ਏ, ਉਹ ਭੂਮੀ ਵੈਰੀਆਂ ਤੋਂ ਰਹਿਤ ਕਰ ਦੇਵੋ ਤਾਂ ਕਿ ਸੁਖ ਸਮ੍ਰਿਧੀ ਪਸਰ ਜਾਵੇ। ਵੈਰ ਵਿਰੋਧ ਭਸਮ ਹੋ ਜਾਵੇ।

ਸੂਏ ਵੱਲ ਰਾਜ ਮੱਲ ਦੀ ਕਮਾਨ ਹੇਠ ਮੱਲਾਂ ਦੇ ਘੋਲਾਂ ਦੁਆਲੇ ਅਖਾੜੇ 'ਚ ਤਿਲ਼ ਸੁੱਟਣ ਜੋਗੀ ਥਾਂ ਵੀ ਖਾਲੀ ਨਹੀਂ ਸੀ ਰਹਿੰਦੀ। ਇਥੇ ਨਾਮੀ ਗਰਾਮੀ ਪਹਿਲਵਾਨ ਪਹੁੰਚਦੇ। ਇਕ ਵਾਰੀ ਦਸਹਿਰੇ ਤੋਂ ਪਹਿਲਾਂ ਮੁਨਸ਼ੀ ਸਿੰਘ ਦੇ ਬੱਸ ਅੱਡੇ ਅੰਦਰ ਦਾਰੇ ਪਹਿਲਵਾਨ ਦੀ ਕੁਸ਼ਤੀ ਵੀ ਟਿਕਟਾਂ 'ਤੇ ਪੁਲੀਸ ਦੇ ਪਹਿਰੇ ਹੇਠ ਕਰਾਈ ਗਈ ਸੀ। ਇਸ ਕੁਸ਼ਤੀ ਦੀਆਂ ਗੱਲਾਂ ਬੜਾ ਚਿਰ ਚਲਦੀਆਂ ਰਹੀਆਂ। ਸੌਂਚੀ ਪੱਕੀ ਵੀ ਖੇਡੀ ਜਾਂਦੀ ਸੀ। ਸੈਦੋਕੇ ਦੇ ਅੰਗਰੇਜ਼ ਅਤੇ ਕਾਂਗੜ ਦੇ ਬਾਜ਼ੀਗਰ ਵਿਚਾਲੇ ਹੋਇਆ ਕਬੱਡੀ ਦਾ ਮੈਚ ਕਈ ਸਾਲ ਚਰਚਾ 'ਚ ਰਿਹਾ। ਇਸ ਪਿੱਛੋਂ ਆਦਮਪੁਰੇ ਦੇ ਮੁਖਤਿਆਰ, ਨਿਰਭੈ, ਕਿੱਲੀ ਸਲਾਬਤਪੁਰਾ ਤੇ ਗੁਲਜ਼ਾਰੇ ਹੋਰਾਂ ਨੇ ਭਾਈ ਰੂਪੇ ਦੀਆਂ ਤਿੰਨ ਟੀਮਾਂ ਦੇ ਮੈਚਾਂ ਵਿਚੋਂ ਜਿੱਤ ਪ੍ਰਾਪਤ ਕੀਤੀ। ਸਲਾਬਤਪੁਰੀਆਂ ਨੇ ਇਸ ਪਿੱਛੋਂ ਇਸ ਤਰ੍ਹਾਂ ਦੇ ਮੈਚ ਘੱਟ ਹੀ ਵੇਖੇ ਹੋਣਗੇ।

### ਭਦੌੜ ਦੇ ਬਾਜ਼ੀਗਰਾਂ ਦੀ ਬਾਜ਼ੀ

ਭਦੌੜ ਬਾਜ਼ੀ ਲਈ ਮਸ਼ਹੂਰ ਸੀ। ਹਰ ਸਾਲ ਜੇਠ-ਹਾੜ੍ਹ ਦੇ ਮਹੀਨੇ ਹਾੜ੍ਹੀ ਤੋਂ ਵਿਹਲੇ ਹੋ ਕੇ ਇਥੋਂ ਦੇ ਬਾਜ਼ੀਗਰ ਮੌੜ ਤੇ ਦੁੱਲੇ ਦੀ ਅਗਵਾਈ ਵਿਚ, ਪਿੰਡ 'ਚ ਬਾਜ਼ੀ ਪਾਉਣ ਲਈ ਦੂਰ ਨੇੜੇ ਦੇ ਰਿਸ਼ਤੇਦਾਰਾਂ ਤੇ ਚੋਟੀ ਦੇ ਬਾਜ਼ੀ ਪਾਉਣ ਵਾਲੇ ਗਭਰੂਆਂ ਨੂੰ ਬੁਲਾ ਲੈਂਦੇ। ਬਾਜ਼ੀ ਆਮ ਤੌਰ 'ਤੇ ਦੋ ਦਿਨ ਪਾਈ ਜਾਂਦੀ ਸੀ। ਪਹਿਲੇ ਦਿਨ ਮਾਨਾਂ ਦੀ ਜਾਂ ਕੌੜਿਆਂ ਦੀ ਸੱਥ ਵਿਚ ਬਾਜ਼ੀ ਦੀਆਂ ਛਾਲਾਂ ਲਾਉਣ ਵਾਲੀ ਥਾਂ 'ਤੇ ਅਖਾੜਾ ਤਿਆਰ ਕੀਤਾ ਜਾਂਦਾ। ਬਾਜ਼ੀ ਦੇ ਕਰਤਬ ਛਾਲਾਂ, ਲੋਟ-ਪੋਟਣੀ, ਹੱਥਾਂ 'ਤੇ ਤੁਰਨਾ, ਖੜ੍ਹੇ-ਖੜ੍ਹੋਤੇ ਸਿੱਧੀ ਜਾਂ ਪੁੱਠੀ ਲੋਟਣੀ ਖਾਣੀ ਹੁੰਦੇ ਸਨ। ਬਾਜ਼ੀ ਦੀਆਂ ਦੋ ਤਰ੍ਹਾਂ ਦੀਆਂ ਛਾਲਾਂ ਵੀ ਮਸ਼ਹੂਰ ਸਨ। ਇਕ ਪਟੜੀ ਦੀ ਛਾਲ ਤੇ ਦੂਜੀ ਸੂਲੀ ਦੀ ਛਾਲ। ਸੂਲੀ ਦੀ ਛਾਲ ਸਭ ਤੋਂ ਔਖੀ ਅਤੇ ਖ਼ਤਰਨਾਕ ਹੁੰਦੀ ਸੀ। ਇਸ ਛਾਲ ਦਾ ਛਲਾਰੂ ਨਿਆਰਾ ਹੀ ਹੁੰਦਾ ਸੀ। ਛਾਲ ਦਾ ਨਾਂ ਸੂਲੀ ਦੀ ਛਾਲ ਇਸ ਲਈ ਰੱਖਿਆ ਗਿਆ ਹੋਊ ਕਿ ਸੂਲੀ ਚੜ੍ਹਿਆ ਮਨੁੱਖ ਆਖ਼ਰ ਜਿਉਂਦਾ ਨਹੀਂ ਰਹਿੰਦਾ। ਸੂਲੀ ਅਖਾੜੇ ਦੇ ਇਕ ਪਾਸੇ ਗੱਡ ਦਿੱਤੀ ਜਾਂਦੀ ਸੀ। ਇਹ ਛਾਲ ਲਾਉਂਦੇ ਬਾਜ਼ੀਗਰ ਕਈ ਵਾਰ ਆਪਣੀ ਜਾਨ ਵੀ ਗਵਾ ਲੈਂਦੇ।

ਪਹਿਲੇ ਦਿਨ ਸਾਰੇ ਬਾਜ਼ੀਗਰ ਤਿਆਰ ਹੋ ਕੇ ਭਦੌੜ ਦੇ ਹਰ ਅਗਵਾੜ ਦੀ ਸੱਥ ਵਿਚ ਢੋਲ ਵਾਲੇ ਦੇ ਆਲੇ ਦੁਆਲੇ ਛਾਲਾਂ ਮਾਰਦੇ ਅਜੋਕੇ ਜਿਮਨਾਸਟਿਕਾਂ ਵਾਂਗ ਕਲਾਬਾਜ਼ੀਆਂ ਵਿਖਾਉਂਦੇ ਹੋਏ ਚੱਕਰ ਪੂਰਾ ਕਰ ਕੇ ਅਖਾੜੇ ਵਿਚ ਆ ਜਾਂਦੇ। ਅਗਲੇ ਦਿਨ ਸ਼ਾਮ ਨੂੰ ਪਿੰਡ ਦੇ ਲੋਕ ਹੁੰਮ-ਹੁਮਾ ਕੇ ਦਾਣੇ, ਕੱਪੜੇ, ਨਕਦ ਪੈਸੇ ਤੇ ਤੋਹਫ਼ੇ ਲੈ ਕੇ ਹਾਜ਼ਰ ਹੋ ਜਾਂਦੇ। ਮੌੜ ਬਾਜ਼ੀਗਰ ਅਤੇ ਦੁੱਲੇ ਬਾਜ਼ੀਗਰ ਦੀ ਅਗਵਾਈ ਵਿਚ ਨਵੇਂ ਪੱਠੇ ਆਪਣੇ ਕਮਾਏ ਹੋਏ ਸਰੀਰਾਂ ਦੇ ਕਰਤਬ ਵਿਖਾਉਣ ਲੱਗਦੇ ਜਿਵੇਂ ਜਲਦੇ ਹੋਏ ਟਾਇਰ ਵਿਚੋਂ ਦੀ ਲੰਘਣਾ, ਗੱਡੇ ਦਾ ਪਹੀਆ ਪੱਟਾਂ ਉਤੋਂ ਦੀ ਲੰਘਾਉਣਾ, ਹਿੱਕ 'ਤੇ ਮਚਾਕ ਰਖਵਾ ਕੇ ਵਦਾਣੀ ਸੱਟਾਂ ਨਾਲ ਸਰੀਆ ਸਿੱਧਾ ਕਰਵਾਉਣਾ, ਅੱਖ ਦੀ ਦਾਬ ਨਾਲ ਸਰੀਆ ਮੋੜਨਾ, ਦੰਦਾਂ 'ਚ ਹਲ ਚੁੱਕਣਾ, ਗੋਲ ਝਟਕਾ ਮਾਰ ਕੇ ਕੰਨ ਛੁਡਾਉਣਾ ਅਤੇ ਲੋਹੇ ਦੇ ਭੀੜੇ ਚੱਕਰ ਵਿਚੋਂ ਦੀ ਦੋ ਬਾਜ਼ੀਗਰਾਂ ਦਾ ਇਕੱਠੇ ਲੰਘਣਾ। ਪਟੜੀ ਦੀ ਛਾਲ ਦਾ ਮੁਕਾਬਲਾ ਵੱਖ ਹੁੰਦਾ ਸੀ। ਅਖਾੜੇ ਵਿਚ ਪੰਜ ਛੇ ਫੁੱਟ ਉੱਚਾ ਤੇ ਫੁੱਟ ਕੁ ਚੌੜਾ ਲਚਕਦਾਰ ਫੱਟਾ ਗੱਡ ਦਿੱਤਾ ਜਾਂਦਾ ਸੀ। ਉਸ ਤੋਂ ਅੱਗੇ ਇਕ ਪੌੜੀ ਉਤੇ ਮੰਜਾ ਬੰਨ੍ਹਿਆ ਜਾਂਦਾ ਜਿਵੇਂ ਕਬੂਤਰਾਂ ਦੀ ਛਤਰੀ ਹੁੰਦੀ ਹੈ। ਪੰਜ-ਸੱਤ ਜਣੇ ਵਾਰੀ ਵਾਰੀ ਪਟੜੀ ਦੀਆਂ ਛਾਲਾਂ ਲਾਉਂਦੇ। ਜਿਹੜਾ ਟੱਪ ਨਾ ਸਕਦਾ ਪਾਸੇ ਹੋ ਜਾਂਦਾ। ਅਖ਼ੀਰ ਮੁਕਾਬਲਾ ਦੋ ਬਾਜ਼ੀਗਰਾਂ ਵਿਚਕਾਰ ਰਹਿ ਜਾਂਦਾ। ਬਾਜ਼ੀਗਰ ਮੰਜੇ ਦੀ ਉਚਾਈ ਗਿੱਠਾਂ ਤੇ ਚੱਪਿਆਂ ਨਾਲ ਵਧਾਈ ਜਾਂਦੇ। ਅਖ਼ੀਰ ਜਿਹੜਾ ਸਭ ਤੋਂ ਵੱਧ ਉਚਾਈ ਟਪਦਾ ਉਹ ਪਟੜੀ ਦੀ ਛਾਲ ਦਾ ਜੇਤੂ ਕਰਾਰ ਦਿੱਤਾ ਜਾਂਦਾ। ਫਿਰ ਉਹ ਲੋਕਾਂ 'ਚ ਗੇੜੀ ਕੱਢਦਾ ਤੇ ਦਰਸ਼ਕ ਉਹਦਾ ਪਰਨਾ ਨੋਟਾਂ ਨਾਲ ਭਰ ਦਿੰਦੇ।

### ਸੂਲੀ ਦੀ ਖ਼ਤਰਨਾਕ ਛਾਲ

ਇਹ ਛਾਲ ਸਭ ਤੋਂ ਆਖਰ ਵਿਚ ਲਾਈ ਜਾਂਦੀ ਸੀ। ਸੂਲੀ ਦੀ ਛਾਲ ਵਿਸ਼ੇਸ਼ ਤੌਰ 'ਤੇ ਸਾਧੇ ਜੁੱਸੇ ਦਾ ਗਭਰੂ ਹੀ ਲਾ ਸਕਦਾ ਸੀ ਜਿਸ ਦਾ ਸਰੀਰ ਬੈਂਤ ਦੀ ਛਟੀ ਵਰਗਾ ਹੋਵੇ, ਫੁਰਤੀ ਚੀਤੇ ਵਰਗੀ, ਨਿਗਾਹ ਕਾਂ ਵਰਗੀ ਹੋਵੇ ਤੇ ਸ਼ਾਂਤ ਮੱਥਾ ਬਾਲੇ ਚੰਦ ਵਰਗਾ। ਉਸ ਬਾਜ਼ੀਗਰ ਨੂੰ ਸੂਲੀ ਦੀ ਛਾਲ ਲਈ ਵਿਸ਼ੇਸ਼ ਸਿਖਲਾਈ ਤੇ ਖ਼ੁਰਾਕ ਦਿੱਤੀ ਜਾਂਦੀ ਸੀ। ਰੋਟੀ ਘੱਟ ਤੋਂ ਘੱਟ, ਉਹ ਵੀ ਮਿੱਟੀ ਦੇ ਚਕਲੇ ਵੇਲਣੇ ਦੀ ਵੇਲੀ ਹੋਈ ਤੇ ਮਿੱਟੀ ਦੇ ਤਵੇ ਉਤੇ ਪਕਾਈ ਹੋਈ ਦਿੱਤੀ ਜਾਂਦੀ ਸੀ ਤਾਂ ਕਿ ਸਰੀਰ ਲਚਕਦਾਰ ਅਤੇ ਫੁਰਤੀਲਾ ਰਵ੍ਹੇ। ਉਹ ਲੰਬੀਆਂ ਦੌੜਾਂ ਲਾਉਂਦਾ ਅਤੇ ਛਾਲਾਂ ਮਾਰਨ ਦੀਆਂ ਕਸਰਤਾਂ ਵੀ ਕਰਦਾ ਰਹਿੰਦਾ। ਸੂਲੀ ਦੀ ਛਾਲ ਲਾਉਂਦਾ ਬਾਜ਼ੀਗਰ, ਕਬੂਤਰਾਂ ਦੀ ਛਤਰੀ ਵਰਗੀ ਫੱਟੀ ਉਤੇ ਖੜ੍ਹ ਕੇ, ਬੁੜ੍ਹਕ ਕੇ ਪੁੱਠੀ ਛਾਲ ਮਾਰਦਾ ਹੋਇਆ ਮੁੜ ਕੇ ਫੱਟੀ 'ਤੇ ਹੀ ਪੈਰਾਂ ਪਰਨੇ ਆ ਖੜ੍ਹਦਾ ਸੀ।

(ਬਾਕੀ ਸਫਾ 30 'ਤੇ)

# ਮੇਰਾ ਨਾਨਕ ਇਕੱਲਾ ਰਹਿ ਗਿਆ ਹੈ!

***ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਲੇਖ ਵਿਚ ਉਨ੍ਹਾਂ ਸ੍ਰੀ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੇ ਹਵਾਲੇ ਨਾਲ ਕੁਝ ਅਜਿਹੀਆਂ ਗੱਲਾਂ ਕੀਤੀਆਂ ਹਨ ਜੋ ਸਾਡੇ ਸਾਹਮਣੇ ਵੱਡੇ ਸਵਾਲ ਖੜ੍ਹੇ ਕਰਦੀਆਂ ਹਨ। ਲਿਖਾਰੀ ਦੀਆਂ ਲਿਖਤਾਂ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਇਹ ਮਿੱਟੀ ਫਰੋਲਦੀਆਂ ਹਨ ਅਤੇ ਜ਼ਿੰਦਗੀ ਵਿਚ ਅਗਲਾ ਕਦਮ ਭਰਨ ਲਈ ਪ੍ਰੇਰਦੀਆਂ ਹਨ।***

ਸਾਡੇ ਕਥਾ-ਵਾਚਕ ਤੇ ਸਾਖੀਕਾਰ ਬਾਬੇ ਨਾਨਕ ਦੀ ਵਡਿਆਈ ਇਸ ਗੱਲ ਵਿਚ ਦਰਸਾਉਂਦੇ ਨੇ ਕਿ ਉਹਨੇ ਮਰਦਾਨੇ ਨੂੰ ਨੀਵੀਂ ਜਾਤ ਦਾ ਡੂੰਮ, ਮਰਾਸੀ ਜਾਂ ਮੰਗ-ਖਾਣੀ ਜਾਤ ਦਾ ਹੋਣ ਦੇ ਬਾਵਜੂਦ ਆਪਣੇ ਨਾਲ ਜੋੜ ਕੇ ਜਾਤ-ਪਾਤ ਤੇ ਊਚ-ਨੀਚ ਦੇ ਬੰਧਨ ਤੋੜ ਦਿੱਤੇ ਸਨ। ਉਨ੍ਹਾਂ 'ਏਕ ਪਿਤਾ ਏਕਸੁ ਕੇ ਹਮੁ ਬਾਰਿਕ' ਦੇ ਕਥਨ ਨੂੰ ਅਮਲ ਵਿਚ ਪ੍ਰਗਟਾ ਦਿੱਤਾ ਸੀ। ਇਹ ਗੱਲ ਵੀ ਠੀਕ ਹੈ, ਤੇ, ਇਸਦਾ ਪ੍ਰਤੀਕਾਤਮਕ ਮਹੱਤਵ ਵੀ ਬਨਦਾ ਹੈ, ਪਰ, ਗੱਲ ਸਿਰਫ਼ ਏਨੀ ਹੀ ਨਹੀਂ ਸੀ। ਜਦ ਕੋਈ ਯਾਰ ਜਾਂ ਭਰਾ (ਭਾਈ) ਬਣ ਜਾਂਦਾ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਹੈ ਤਾਂ ਜਾਤ-ਪਾਤ ਜਾਂ ਊਚ-ਨੀਚ ਰਹਿੰਦੀ ਕਿੱਥੇ ਹੈ! ਗੁਰੂ ਸਾਹਿਬ ਨੇ ਮਰਦਾਨੇ ਨੂੰ 'ਭਾਈ' ਦਾ ਰੁਤਬਾ ਦੇ ਕੇ ਹਿੱਕ ਨਾਲ ਲਾਇਆ ਸੀ। ਭਾਈ ਮਰਦਾਨੇ ਦੇ ਨਾਲ 'ਭਾਈ' ਦਾ ਇਹ ਰੁਤਬਾ ਵੀ ਸਿੱਖ-ਪੰਥ ਵਿਚ ਅਮਰ-ਪਦ ਪ੍ਰਾਪਤ ਕਰ ਗਿਆ। ਉਨ੍ਹਾਂ ਦੀ ਸਾਂਝ ਦੋ ਸਰੀਰਾਂ ਦੀ ਨਹੀਂ, ਦੋ ਰੂਹਾਂ ਦੀ ਸਾਂਝ ਸੀ। ਦੋਵੇਂ ਇੱਕ-ਦੂਜੇ ਦੇ ਪੂਰਕ ਸਨ। ਗੁਰੂ ਸਾਹਿਬ ਨੇ ਭਾਈ ਮਰਦਾਨੇ ਨੂੰ ਗਲ ਨਾਲ ਲਾ ਕੇ, ਜਿਵੇਂ ਕਥਾਕਾਰ ਆਖਦੇ ਜਾਂ ਸਮਝਦੇ ਹਨ, ਉਸ ਉਤੇ ਅਹਿਸਾਨ ਨਹੀਂ ਸੀ ਕੀਤਾ। ਮਰਦਾਨਾ ਗੁਰੂ ਦੀ ਅਪਣੱਤ ਸੀ, ਗੁਰੂ ਦੀ ਮੁਹੱਬਤ ਸੀ, ਗੁਰੂ ਦੀ ਲੋੜ ਵੀ ਸੀ। ਗੁਰੂ ਸਾਹਿਬ ਜਦ ਵੀ ਸ਼ਬਦ ਉਚਾਰਨ ਕਰਦੇ ਤਾਂ ਸਦਾ ਇਹੋ ਆਖਦੇ, "ਭਾਈ ਮਰਦਾਨਿਆ! ਰਬਾਬ ਛੇੜ ਬਾਣੀ ਆਈ ਹੈ।" ਅਸਲ ਵਿਚ ਇਹ ਰਿਸ਼ਤਾ ਮਾਨਵੀ ਸਾਂਝ ਦਾ ਸਿਖਰ ਵੀ ਸੀ ਤੇ ਸੰਗੀਤ ਅਤੇ ਸ਼ਬਦ ਦੀ ਪੀਚਵੀਂ ਸਾਂਝ ਦੇ ਹਕੀਕੀ ਜਲੌਅ ਦਾ ਪ੍ਰਗਟਾਵਾ ਵੀ।

ਕਦੀ ਮਰਦਾਨੇ ਨੂੰ ਇਸ ਨਜ਼ਰ ਨਾਲ ਵੀ ਵੇਖਣ ਦਾ ਸੋਚੀਏ ਕਿ ਸਭ ਨੂੰ ਬਖ਼ਸ਼ਿਸ਼ਾਂ ਕਰਨ ਵਾਲੇ, ਸਭਨਾਂ ਦੀਆਂ ਮੰਗਾਂ ਪੂਰੀਆਂ ਕਰਨ ਵਾਲੇ ਗੁਰੂ ਪਾਤਸ਼ਾਹ ਦੀ 'ਮੰਗ' ਪੂਰੀ ਕਰਨ ਵਾਲਾ ਭਾਈ ਮਰਦਾਨਾ ਹੀ ਹੈ। ਉਹ ਉਸੇ ਵੇਲੇ ਸੁਰਤੀ-ਬਿਰਤੀ ਜੋੜ ਕੇ ਰਬਾਬ ਨੂੰ ਸੁਰ ਕਰ ਕੇ ਰਬਾਬ ਛੇੜਦਾ ਹੈ ਤੇ ਬਾਬਾ ਜੀ ਅਲਾਪ ਲੈਂਦੇ ਹਨ। ਹਵਾਵਾਂ ਵਿਚ, ਮਨਾਂ ਵਿਚ ਸ਼ਬਦ ਦੇ ਅਰਥ ਗੂੰਜਣ ਲੱਗਦੇ ਹਨ। ਮਰਦਾਨਾ ਬਾਬੇ ਦੇ ਸ਼ਬਦ ਦੀ ਅਮਰਤਾ ਨੂੰ ਮਿਠਾਸ ਨਾਲ ਭਰ ਦਿੰਦਾ ਹੈ। ਸੰਗੀਤ ਮਨਾਂ ਨੂੰ ਸੁਰ 'ਤੇ ਸ਼ਾਂਤ ਕਰਦਾ। ਮਨ-ਮਾਹੌਲ ਸੁਣਨ ਯੋਗ ਬਣ ਜਾਂਦਾ। ਰਾਗ ਦਿਲਾਂ ਵਿਚ ਸਿਆੜ ਕੱਢਦਾ ਤੇ ਬਾਬਾ ਵਗਦੇ ਸਿਆੜਾਂ ਵਿਚ ਸ਼ਬਦ ਦਾ ਬੀਜ, ਨਾਮ ਦਾ ਬੀਜ ਬੀਜਣ ਲੱਗਦਾ।

ਤਲਵੰਡੀ ਵਿਚ ਇੱਕ ਦਿਨ ਕਿਸੇ ਬਿਰਖ਼ ਹੇਠਾਂ ਅਰਾਮ ਕਰ ਰਹੇ ਗੁਰੂ ਨਾਨਕ ਨੂੰ ਨੇੜੇ ਹੀ ਕਿਧਰੇ ਵੱਜਦੀ ਰਬਾਬ ਦੀ ਮਿੱਠੀ ਧੁਨ ਸੁਣਾਈ ਦਿੱਤੀ। ਸੰਗੀਤ ਦੀ ਖਿੱਚ ਨੇ ਆਵਾਜ਼ ਵੱਲ ਤੋਰ ਲਿਆ। ਭਾਈ ਮਰਦਾਨਾ ਅੱਖਾਂ ਮੁੰਦੀ ਰਬਾਬ ਵਜਾ ਰਹੇ ਸਨ। ਗੁਰੂ ਜੀ ਨੇ ਕੋਲ ਜਾ ਕੇ ਪੁੱਛਿਆ, "ਭਾਈ, ਤੇਰਾ ਨਾਉਂ ਕਿਆ ਹੈ?" ਤਾਂ ਅੱਗੋਂ ਰਬਾਬ ਵਜਾਉਣ ਵਾਲੇ ਨੇ ਜਵਾਬ ਦਿੱਤਾ, "ਜੀ ਮੇਰਾ ਨਾਉਂ 'ਦਾਨਾ' ਹੈ, ਲੋਕ ਮਰਾਸੀ ਕਹਿੰਦੇ ਹਨ।" ਗੁਰੂ ਜੀ ਨੇ ਕਿਹਾ ਕਿ "ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।"

ਭਾਈ ਮਰਦਾਨੇ ਦੇ ਕੁਝ ਸਵਾਲ ਸਨ।

"ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਦੇ ਹਾਂ, ਆਪਣੇ ਧੀਆਂ-ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੇ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਬੀ ਹੈਨਿ, ਸੋ ਸਭ ਭੁੱਖ ਨਾਲ ਮਰ ਜਾਣਗੇ। ਤੁਸੀਂ ਉਧਾਰ ਕਿਸਤਰ੍ਹਾਂ ਕਰੋਗੇ?"

ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ, "ਦਾਨਿਆਂ! ਤੂੰ ਦੀਵਾਨਾ ਹੋਇਆ ਹੈਂ। ਸਭ ਦੀ ਪ੍ਰਤਿਪਾਲਣਾ ਈਸ਼ਵਰ ਕਰਦਾ ਹੈ। ਨਮਾਜ਼ ਅਤੇ ਰੋਜ਼ਾ ਖ਼ੁਦਾ ਦੇ ਘਰੋਂ ਬਖ਼ਸ਼ਿਸ਼ ਹੈ। ਖ਼ੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ। ਜਦ ਲੇਖਾ ਹੋਵੈਗਾ ਤਾਂ ਕਿਸੇ ਨੇ ਹਾਮੀ ਨਹੀਂ ਭਰਨੀ।"

ਫਿਰ ਗੁਰੂ ਜੀ ਨੇ ਅੰਤਮ ਬਾਤ ਆਖ ਦਿੱਤੀ, "ਦਾਨਿਆਂ! ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇਕੈ ਰਾਗ ਨੂੰ ਗਾਵੇਂ ਤਾਂ ਤੇਰਾ ਦੋਹਾਂ ਜਹਾਨਾਂ ਦਾ ਕਾਰਜ ਹੋਵੇਗਾ।"

ਜ਼ਾਹਿਰ ਹੈ ਸਾਖੀ ਵਿਚ ਪੇਸ਼ ਇਹ ਵਾਰਤਾਲਾਪ ਲੰਮੀ ਪ੍ਰਕਿਰਿਆ ਦਾ ਸਾਰ-ਸੰਖੇਪ ਹੈ। ਇੱਕੋ ਮਿਲਣੀ ਵਿਚ ਸ਼ਾਇਦ ਇੰਝ ਨਾ ਹੋਇਆ ਹੋਵੇ। ਦੋਵਾਂ ਵਿਚ ਕਈ ਦਿਨ ਲੰਮੀ ਚਰਚਾ ਹੁੰਦੀ ਰਹੀ ਹੋਵੇਗੀ। ਕਦੀ-ਕਦੀ ਮਰਦਾਨੇ ਨੇ ਬਾਬੇ ਦੇ ਕਹਿਣ 'ਤੇ, ਅਭਿਆਸ ਵਜੋਂ, ਸ਼ਬਦ ਨਾਲ ਰਬਾਬ ਦੀ ਸੁਰ ਮਿਲਾ ਕੇ ਵੀ ਵੇਖੀ ਹੋਵੇਗੀ। ਅਜਿਹਾ ਕਰਦਿਆਂ ਵੱਜਦ ਵਿਚ ਵੀ ਆਇਆ ਹੋਵੇਗਾ। ਰੂਹ ਵਿਚ ਕੁਝ ਜਗਦਾ ਹੋਇਆ ਵੀ ਦਿਸਣ ਲੱਗਾ ਹੋਵੇਗਾ। ਤੇ ਇੰਝ ਕਰਦਿਆਂ ਗੁਰੂ ਜੀ ਦੇ ਬਚਨ ਸੁਣ ਕੇ ਮਰਦਾਨੇ ਦੇ ਸਭ ਸ਼ੰਕੇ ਨਵਿੱਰਤ ਹੋ ਗਏ ਹੋਣਗੇ। ਉਸਨੇ ਸਿਰ ਝੁਕਾਅ ਕੇ ਗੁਰੂ ਜੀ ਦੀ ਪੇਸ਼ਕਸ਼ ਪ੍ਰਵਾਨ ਕਰ ਲਈ ਹੋਵੇਗੀ।

ਭਾਈ ਦਾਨਾ ਹੁਣ 'ਮਰਦਾਨਾ' ਹੋ ਗਿਆ। 'ਸੂਰਮਾ' ਹੋ ਗਿਆ। ਘਰ-ਪਰਿਵਾਰ ਨੂੰ ਤਿਆਗ ਕੇ ਸਾਰੀ ਉਮਰ ਗੁਰੂ ਦੇ ਲੇਖੇ ਲਾ ਦੇਣੀ ਸੂਰਮਗਤੀ ਹੀ ਤਾਂ ਸੀ। ਪਹਿਲਾਂ-ਪਹਿਲਾਂ ਤਲਵੰਡੀ ਦੀਆਂ ਜੂਹਾਂ ਵਿਚ ਮਰਦਾਨੇ ਦੀ ਰਬਾਬ ਤੇ ਗੁਰੂ ਦਾ ਸ਼ਬਦ ਗੂੰਜਣ ਲੱਗੇ। ਬਾਅਦ ਵਿਚ ਤਲਵੰਡੀ ਤੋਂ ਤੁਰਦੀ ਸ਼ਬਦ ਅਤੇ ਸੰਗੀਤ ਦੀ ਇਹ ਜੁਗਲ-ਬੰਦੀ ਕੁਲ ਸੰਸਾਰ ਦੀਆਂ ਹਵਾਵਾਂ ਵਿਚ ਘੁਲ਼ ਗਈ।

ਭਾਈ ਮਰਦਾਨਾ ਉਮਰ ਵਿਚ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਵੱਡਾ ਸੀ॥ ਉਸਨੇ ਲਗਪਗ 54 ਸਾਲ ਗੁਰੂ ਜੀ ਦੀ ਸੰਗਤ ਕੀਤੀ। ਏਨਾ ਮਾਣ ਇਤਿਹਾਸ ਵਿਚ ਭਲਾ ਹੋਰ ਕਿਸ ਨੂੰ ਮਿਲਿਆ ਹੈ! ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਮਰਦਾਨਾ ਕੀ ਤੋਂ ਕੀ ਹੋ ਗਿਆ ਹੋਵੇਗਾ! ਭਗਤ ਕਬੀਰ ਜੀ ਕਹਿੰਦੇ ਹਨ:

ਕਬੀਰ ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ॥

ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ॥

ਜਿਵੇਂ ਚੰਦਨ ਰੁੱਖ ਦੀ ਸੰਗਤ ਕਰਕੇ ਆਸ ਪਾਸ ਦੇ ਬੂਟਿਆਂ ਤੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ। ਉਹ ਬੂਟੇ ਚੰਦਨ ਨਾਲ ਰਹਿ ਕੇ ਚੰਦਨ ਵਰਗੇ ਬਣ ਜਾਂਦੇ ਹਨ। ਇਸੇ ਤਰ੍ਹਾਂ ਸੰਤ ਦੀ ਸੰਗਤ ਕਰਨ ਵਾਲਾ ਮਨੁੱਖ ਵੀ ਸੰਤ ਵਰਗਾ ਗਿਆਨਵਾਨ ਹੋ ਜਾਂਦਾ ਹੈ।

ਮਰਦਾਨਾ ਵੀ ਚੰਦਨ ਨਾਲ ਰਹਿ ਕੇ ਚੰਦਨ ਹੋ ਗਿਆ ਸੀ। ਐਵੇਂ ਤਾਂ ਨਹੀਂ ਭਾਈ ਗੁਰਦਾਸ ਨੇ ਜੇ ਗੁਰੂ ਨਾਨਕ ਪਾਤਸ਼ਾਹ ਨੂੰ 'ਇੱਕ' ਕਿਹਾ ਹੈ ਤਾਂ ਮਰਦਾਨੇ ਨੂੰ ਉਸਤੋਂ ਬਾਅਦ 'ਦੂਜਾ' ਕਹਿ ਕੇ ਸਨਮਾਨ ਦਿੱਤਾ ਹੈ।

ਇੱਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਤੋਂ ਬਾਅਦ ਦੂਜਾ ਨਾਂ ਭਾਈ ਮਰਦਾਨੇ ਦਾ ਆਉਣਾ, ਭਾਈ ਮਰਦਾਨੇ ਦੀ ਅਜ਼ਮਤ ਦਾ ਲਖਾਇਕ ਹੈ। ਗੁਰੂ ਨਾਨਕ ਨਾਲ 'ਦੂਜਾ ਗੁਰੂ ਅੰਗਦ' ਤਾਂ ਬਾਅਦ ਵਿਚ ਆਉਂਦਾ ਹੈ; ਬਾਅਦ ਵਿਚ ਜੁੜਦਾ ਹੈ, ਪਰ 'ਦੂਜਾ ਰਬਾਬੀ ਮਰਦਾਨਾ' ਪਹਿਲਾਂ ਆਉਂਦਾ ਹੈ।


ਗੁਰੂ ਜੀ ਦੀ ਪਾਰਖੂ ਅੱਖ ਨੇ ਭਾਈ ਮਰਦਾਨੇ ਨੂੰ ਐਵੇਂ ਨਹੀਂ ਸੀ ਚੁਣਿਆਂ। ਉਨ੍ਹਾਂ ਜਾਣ ਲਿਆ ਸੀ, ਸੰਗੀਤ ਭਾਈ ਮਰਦਾਨੇ ਦੀ ਆਤਮਾ ਸੀ। ਉਹ ਗਾਇਕ ਤੇ ਸੰਗੀਤਕਾਰ ਵੀ ਕੋਈ ਛੋਟਾ-ਮੋਟਾ ਨਹੀਂ ਸੀ। ਅਕਬਰ ਦੇ ਨੌ ਰਤਨਾਂ ਵਿਚੋਂ ਇੱਕ ਰਤਨ ਤਾਨਸੈਨ, ਜੋ ਸੰਸਾਰ-ਪ੍ਰਸਿੱਧ ਗਾਇਕ ਸੀ, ਉਹਦੇ ਗੁਰੂ ਦਾ ਨਾ ਹਰਿਦਾਸ ਸੀ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਹਰਿਦਾਸ ਭਾਈ ਮਰਦਾਨੇ ਦਾ ਸ਼ਾਗਿਰਦ ਸੀ।

ਭਾਈ ਗੁਰਦਾਸ ਆਪਣੀ ਗਿਆਰ੍ਹਵੀਂ ਵਾਰ ਵਿਚ ਲਿਖਦੇ ਹਨ:

'ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ।'

ਮਜਲਸ ਵਿਚ ਕੋਈ ਭਾਈ ਮਰਦਾਨਾ ਜੀ ਵਰਗੀ ਰਬਾਬ ਨਹੀਂ ਸੀ ਵਜਾ ਸਕਦਾ।

ਏਸੇ ਕਰ ਕੇ ਤਾਂ 'ਸਭਨਾਂ ਦੇ ਦਾਤੇ' ਗੁਰੂ ਸਾਹਿਬ ਨੇ ਮਰਦਾਨੇ ਕੋਲੋਂ ਆਪਣੇ ਸ਼ਬਦ ਵਾਸਤੇ ਸੰਗੀਤ ਦੀ ਦਾਤ ਦੀ 'ਮੰਗ' ਕੀਤੀ ਸੀ। ਮਰਦਾਨਾ ਇਹ ਸੁਣ ਕੇ ਧੰਨ ਹੋ ਗਿਆ। ਫਿਰ ਸਾਰੀ ਉਮਰ ਗੁਰੂ ਦਾ ਸਾਥ ਨਹੀਂ ਛੱਡਿਆ। ਨਾਨਕ ਉਹਦੇ ਹਰ ਸਾਹ ਵਿਚ ਵੱਸ ਗਿਆ ਸੀ।




ਤਾਰੀਖ਼ਿ-ਪੰਜਾਬ ਦਾ ਲੇਖਕ ਲਿਖਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨੀ ਨਿਕਲਦੀ ਰਹਿੰਦੀ ਸੀ ਤੇ ਬਾਬਾ ਨਾਨਕ ਜੀ 'ਕਰਤਾਰ-ਕਰਤਾਰ' ਬੋਲਦੇ।

ਗੁਰੂ ਗ੍ਰੰਥ ਸਾਹਿਬ ਵਿਚ ਬਾਕੀ ਗੁਰੂ ਸਾਹਿਬਾਨ ਤੋਂ ਇਲਾਵਾ ਆਪਣੀ ਰਚਨਾ ਪਿੱਛੇ 'ਨਾਨਕ' ਦਾ ਨਾਂ ਦਰਜ ਕਰਨ ਦਾ ਹੱਕ ਭਾਈ ਮਰਦਾਨੇ ਨੂੰ ਹੀ ਮਿਲਿਆ। 'ਨਾਨਕ! ਨਾਨਕ' ਕਰਦਿਆਂ ਉਹ 'ਨਾਨਕ ਰੂਪ' ਹੋ ਗਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' 'ਚ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਰ ਬਿਹਾਗੜਾ ਵਿਚ ਭਾਈ ਮਰਦਾਨਾ ਜੀ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ।

- ਇਕੋ ਨਾਂਉ ਤਕੜਾ ਕੀਉਨ,
ਹੋਰ ਨਾਂਵ ਸਭ ਕੀਅਨ ਖਰਾਬਾ।
ਨੇੜੈ ਨਜੀਕ ਖੁਦਾਇ ਦੇ ਬਾਬਾ।

*** ***

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।

ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ।

ਮਜਲਸ ਕੂੜੈ ਲਬ ਕੀ ਪੀ ਪੀ ਹੋਇ ਖੁਆਰੁ।

ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।

ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ।

ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।

*** ***

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ।

ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।

ਗਿਆਨੁ ਗੁੜੁ ਸਲਾਹ ਮੰਡੇ ਭਉ ਮਾਸੁ ਅਹਾਰੁ।

ਨਾਨਕ ਇਹ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।

ਕਾਂਯਾ ਲਾਹਨਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ
ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ।

ਓਸ਼ੋ ਨੇ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਹੈ, "ਯੋਗ ਨਹੀਂ, ਤਪੱਸਿਆ ਨਹੀਂ, ਧਿਆਨ ਨਹੀਂ, ਉਨ੍ਹਾਂ ਸਿਰਫ਼ ਗਾਇਆ ਤੇ ਗਾ ਕੇ ਪਾ ਲਿਆ। ਪਰ, ਗਾਇਆ ਪੂਰੇ ਪ੍ਰਾਣਾ ਨਾਲ, ਕਿ, ਗੀਤ ਹੀ ਯੋਗ ਹੋ ਗਿਆ। ਗੀਤ ਹੀ ਤਪ ਹੋ ਗਿਆ। ਪਰਮਾਤਮਾ ਦੇ ਰਾਹ 'ਤੇ ਨਾਨਕ ਲਈ ਗੀਤ ਤੇ ਫੁੱਲ ਹੀ ਵਿਛੇ ਹਨ। ਉਨ੍ਹਾਂ ਦਾ ਰਾਹ ਬਹੁਤ ਹੀ ਮਧੁਰ ਅਤੇ ਰਸ-ਭਰਿਆ ਹੈ।"

ਹੁਣ ਕੌਣ ਨਹੀਂ ਜਾਣਦਾ ਕਿ ਗਾਇਨ ਲਈ ਸ਼ਬਦ ਦੇ ਨਾਲ ਸੁਰ ਦਾ ਕੈਸਾ ਜੁੜਵਾਂ ਤੇ ਅਟੁੱਟ ਰਿਸ਼ਤਾ ਹੈ। ਇਹੋ ਜਿਹਾ ਹੀ ਨਾਨਕ ਤੇ ਮਰਦਾਨੇ ਦਾ ਰਿਸ਼ਤਾ ਹੈ।

ਬੁਰਾਈ-ਚੰਗਿਆਈ ਦਾ ਸਦੀਵੀ ਯੁੱਧ ਲੜਨ ਲਈ ਗੁਰੂ ਸਾਹਿਬ ਗਿਆਨ ਨੂੰ ਖੜਗ ਕਹਿੰਦੇ ਨੇ। ਗਿਆਨ ਸ਼ਬਦ ਵਿਚ ਹੈ ਤੇ ਸ਼ਬਦ ਤੇ ਸੰਗੀਤ ਜੁੜਵੇਂ ਹਥਿਆਰ ਹਨ। ਢਾਲ ਅਤੇ ਤਲਵਾਰ। ਧਰਮ-ਯੁੱਧ ਵਿਚ ਜਿੱਤ ਹਾਸਲ ਕਰਨ ਲਈ ਦੋਵਾਂ ਦਾ ਸੰਗਮ-ਸਾਥ ਲਾਜ਼ਮ ਹੈ। ਸ਼ਬਦ ਅਤੇ ਸੰਗੀਤ ਮਿਲ ਕੇ ਮਨੁੱਖ ਦਾ ਕਾਇਆ ਕਲਪ ਕਰ ਦਿੰਦੇ ਹਨ। ਉਹਨੂੰ 'ਜੱਟੀਉਂ ਹੀਰ' ਬਣਾ ਦਿੰਦੇ ਹਨ। ਰਾਂਝਾ ਐਵੇਂ ਨਹੀਂ ਸੀ ਹੱਥਾਂ ਵਿਚ ਵੰਝਲੀ ਲਈ ਫਿਰਦਾ! ਉਹਦੀ ਵੰਝਲੀ ਦੀ ਹੂਕ ਸੁਣ ਕੇ ਹੀਰ ਤਾਂ ਕੀ ਮੱਝਾਂ ਵੀ ਉਹਦੀ ਸੁਰ ਨਾਲ ਇੱਕ-ਸੁਰ ਹੋ ਜਾਂਦੀਆਂ ਸਨ। ਸ਼ਾਂਤਮਈ ਅੰਦੋਲਨਾਂ ਦੇ ਹੱਕ ਵਿਚ ਵਿਦਰੋਹੀ ਗੀਤ ਲਿਖਣ ਵਾਲੀ ਤੇ ਉਹੋ ਗੀਤ ਆਪਣੀ ਗਿਟਾਰ 'ਤੇ ਗਾਉਣ ਵਾਲੀ ਵੀਹਵੀਂ ਸਦੀ ਦੀ ਮਹਾਨ ਗਾਇਕਾ ਜੌਨ ਬਾਇਸ ਨੇ ਸੰਗੀਤ ਦੀ ਤਾਕਤ ਬਾਰੇ ਕਿਹਾ ਸੀ, "ਜੰਗਬਾਜ਼ਾਂ ਦੇ ਖ਼ਿਲਾਫ਼ ਲੜਨ ਵਾਸਤੇ ਮੇਰੇ ਕੋਲ ਕੇਵਲ ਇੱਕੋ ਹਥਿਆਰ ਹੈ ਤੇ ਉਹ ਹੈ ਛੇ ਤਾਰਾਂ ਵਾਲਾ ਸਾਜ਼, ਮੇਰੀ ਗਿਟਾਰ!"

ਜਿਵੇਂ ਸੂਰਮੇਂ ਪਿੱਠ ਨਾਲ ਪਿੱਠ ਜੋੜ ਕੇ ਮੈਦਾਨ-ਏ-ਜੰਗ ਵਿਚ ਲੜਦੇ ਹਨ, ਗੁਰੂ ਸਾਹਿਬ ਅਤੇ ਮਰਦਾਨਾ ਗੋਡੇ ਨਾਲ ਗੋਡਾ ਜੋੜ ਕੇ ਸ਼ਬਦ-ਗਾਇਨ ਕਰਦੇ ਹੋਏ ਇਹ ਯੁੱਧ ਲੜਦੇ ਸਨ। ਗਿਆਨ ਦੀ ਖੜਗ ਸੰਗੀਤ ਦੀ ਧਾਰ ਨਾਲ ਹੋਰ ਤਿੱਖੀ ਹੋ ਕੇ ਚੱਲਦੀ। ਹਨੇਰਿਆਂ ਨੂੰ ਚੀਰਦੀ ਜਾਂਦੀ। ਮਨ-ਮਸਤਕ ਰੌਸ਼ਨ ਹੁੰਦੇ ਜਾਂਦੇ। ਵਲੀਆਂ ਦੇ ਵਲ਼ ਨਿਕਲਦੇ ਜਾਂਦੇ। ਕੌਡੇ ਵਰਗੇ ਰਾਖ਼ਸ਼ਾਂ ਵਿਚ ਬੰਦਿਆਈ ਪ੍ਰਵੇਸ਼ ਕਰਦੀ ਜਾਂਦੀ। ਸੱਜਣ ਵਰਗੇ ਠੱਗਾਂ ਦੇ ਮਨ ਦੀ ਮੈਲ ਧੋਤੀ ਜਾਂਦੀ।

ਗੁਰੂ ਨਾਨਕ ਦੇ ਸਫ਼ਰ ਵਿਚ ਮਰਦਾਨਾ ਉਨ੍ਹਾਂ ਦਾ ਪੱਕਾ ਸਾਥੀ ਰਿਹਾ।

ਸੁਰਜੀਤ ਪਾਤਰ ਨੇ ਕਿਤੇ ਲਿਖਿਆ ਸੀ, "ਕਾਲੀਆਂ ਰਾਤਾਂ ਨਾਲ ਲੜਨ ਲਈ, ਮੈਂ ਵੀ ਆ ਪਹੁੰਚਾ ਹਾਂ ਆਪਣਾ ਸਾਜ਼ ਲਈ।"

ਭਾਈ ਮਰਦਾਨੇ ਨੇ ਵੀ ਗੁਰੂ ਸਾਹਿਬ ਨੂੰ ਸ਼ਾਇਦ ਇੰਝ ਹੀ ਕਿਹਾ ਹੋਵੇਗਾ।

ਅਸੀਂ ਤਾਂ ਐਵੇਂ ਗੁਰੂ ਦੇ ਸਿੱਖ ਅਖਵਾਉਣ ਦਾ ਦਾਅਵਾ ਕਰਦੇ ਫਿਰਦੇ ਹਾਂ। ਭਾਈ ਮਰਦਾਨੇ ਤੋਂ ਵੱਡਾ ਸਿੱਖ ਕੌਣ ਹੋ ਸਕਦਾ ਹੈ, ਜਿਸ ਨੇ ਗੁਰੂ ਦੇ ਨਾਲ ਹੀ ਆਪਣਾ ਘਰ-ਘਾਟ ਤਿਆਗ ਕੇ ਜੀਵਨ ਦੇ ਅਤਿ ਬਿਖ਼ਮ ਰਾਹ 'ਤੇ ਤੁਰਨ ਦਾ ਜੇਰਾ ਕੀਤਾ। ਇਹ ਉਹ ਦੌਰ ਸੀ ਜਦੋਂ ਹਕੂਮਤ ਦੇ ਦਾਬੇ ਤੋਂ ਡਰਦੇ ਖੱਤਰੀ ਵੀ ਧਰਮ ਛੱਡਦੇ ਜਾ ਰਹੇ ਸਨ (ਖੱਤਰੀਆਂ ਤਾਂ ਧਰਮ ਛੋੜਿਆ) ਪਰ ਇਹ ਭਾਈ ਮਰਦਾਨਾ ਹੀ ਸੀ ਜਿਸ ਨੇ ਮੁਸਲਮਾਨ ਹੁੰਦੇ ਹੋਏ ਵੀ ਹਿੰਦੂ ਖੱਤਰੀ ਗੁਰੂ ਦਾ ਸੇਵਕ ਬਣ ਕੇ ਉਹਨੂੰ ਆਪਣਾ ਆਪ ਸਮਰਪਤਿ ਕਰ ਦਿੱਤਾ।

ਨਹੀਂ, ਮੈਨੂੰ ਸ਼ਾਇਦ ਇੰਝ ਨਹੀਂ ਕਹਿਣਾ ਚਾਹੀਦਾ। ਅਸਲ ਵਿਚ ਉਹ ਹਿੰਦੂ-ਮੁਸਲਮਾਨ ਰਹਿ ਹੀ ਕਿੱਥੇ ਗਏ ਸਨ! ਉਹ ਜਾਤਾਂ-ਪਾਤਾਂ ਦੀਆਂ ਹੱਦਾਂ ਤੋੜ ਕੇ, ਸਭ ਟੋਏ-ਟਿੱਬੇ ਪੱਧਰੇ ਕਰ ਕੇ ਬਰਾਬਰ ਹੋ ਗਏ ਸਨ। ਇੱਕ ਦੇਹ-ਇੱਕ ਜਾਨ ਹੋ ਗਏ ਸਨ। ਗੁਰੂ ਨਾਨਕ ਦੇ ਸੰਗ-ਸਾਥ ਵਿਚ ਰਹਿ ਕੇ ਕੋਈ ਨੀਚ ਕਿਵੇਂ ਰਹਿ ਸਕਦਾ ਏ! ਗੁਰੂ ਨਾਨਕ ਪਾਤਸ਼ਾਹ ਨੇ ਉਹਨੂੰ ਹਿੱਕ ਨਾਲ ਲਾ ਕੇ 'ਸੋਨਾ' ਕਰ ਲਿਆ ਸੀ।

ਵੇਖਣ ਵਾਲੀ ਗੱਲ ਹੈ ਕਿ ਗੁਰੂ ਸਾਹਿਬ ਓਨਾ ਚਿਰ ਉਦਾਸੀ 'ਤੇ ਨਹੀਂ ਤੁਰਦੇ, ਜਿੰਨਾਂ ਚਿਰ ਮਰਦਾਨਾ ਉਨ੍ਹਾਂ ਨਾਲ ਜਾਣ ਲਈ ਰਾਜ਼ੀ ਨਹੀਂ ਹੁੰਦਾ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਿਆ! ਆਪਣਾ ਪਰਿਵਾਰ ਬਹੁਤ ਵੱਡਾ ਹੈ, ਆਪਾਂ ਦੂਰ-ਦੂਰ ਤੱਕ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚੱਲੋ। ਇਕੱਠੇ ਚਲਾਂਗੇ ਤਾਂ ਖ਼ਰੀ ਖ਼ੁਸ਼ੀ ਮਿਲੇਗੀ।"

ਮਰਦਾਨੇ ਨੇ ਸਵਾਲ ਕੀਤਾ, "ਬਾਬਾ! ਚਲੇ ਤਾਂ ਚੱਲਦੇ ਹਾਂ, ਪਰ, ਸਫ਼ਰ ਵਿਚ ਖਾਵਾਂਗੇ ਕੀ ਤੇ ਕਿਥੋਂ ਖਾਵਾਂਗੇ?" ਬਾਬਾ ਜੀ ਨੇ ਕਿਹਾ, "ਜੋ ਦੌਲਤ ਤੁਸਾਂ ਪਾਸ ਹੈ, ਹੋਰ ਕਿਸੇ ਪਾਸ ਨਾਹੀਂ। ਤੁਹਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ।"

ਅੱਜ ਹਜ਼ਾਰਾਂ ਰਾਗੀ-ਢਾਡੀ ਕੀਰਤਨ ਕਰ ਕੇ ਆਪਣਾ ਗੁਜ਼ਰਾਨ ਕਰ ਰਹੇ ਹਨ। ਉਨ੍ਹਾਂ ਦਾ ਰਿਜ਼ਕ-ਦਾਤਾ ਵਡੇਰਾ ਗੁਰੂ ਨਾਨਕ ਹੀ ਨਹੀਂ, ਭਾਈ ਮਰਦਾਨਾ ਵੀ ਹੈ।

ਮਰਦਾਨਾ ਗੁਰੂ ਦਾ ਆਪਣਾ ਸੀ। ਮਰਦਾਨਾ ਹੀ ਗੁਰੂ ਦੀ ਨਹੀਂ ਸੀ ਸੁਣਦਾ-ਮੰਨਦਾ। ਗੁਰੂ ਸਾਹਿਬ ਵੀ ਉਹਦੀ ਸੁਣਦੇ-ਮੰਨਦੇ ਸਨ। ਜਦੋਂ ਉਦਾਸੀ 'ਤੇ ਤੁਰਨ ਲੱਗੇ ਤਾਂ ਵਿਛੜਣ ਵੇਲੇ ਵੱਜਣ ਵਾਲੇ ਮੋਹ ਦੇ ਉਛਾਲਿਆਂ ਦਾ ਸੋਚ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਨੂੰ ਮਿਲਣ ਤਲਵੰਡੀ ਨਹੀਂ ਗਏ। ਪਰ ਜਦ ਬੇਬੇ ਨਾਨਕੀ ਨੂੰ ਮਿਲੇ ਬਗ਼ੈਰ ਜਾਣ ਲੱਗੇ ਤਾਂ ਭਾਈ ਮਰਦਾਨੇ ਨੇ ਸੌ ਦੀ ਇੱਕ ਸੁਣਾ ਦਿੱਤੀ, "ਬੇਬੇ ਨੂੰ ਮਿਲੇ ਬਗ਼ੈਰ ਨਹੀਂ ਜਾਣਾ!"

ਗੁਰੂ ਬਾਬੇ ਨੇ ਨੀਵੀਂ ਪਾ ਕੇ ਕਿਹਾ, "ਤੇਰਾ ਆਖਾ ਮੋੜਨਾ ਨਹੀਂ ਭਾਈ!"

ਜਿਸ ਮਰਦਾਨੇ ਦਾ ਆਖਿਆ ਬਾਬਾ ਮੋੜ ਨਹੀਂ ਸਕਦਾ, ਉਹ ਮਰਦਾਨਾ 'ਕੇਵਲ ਮਾਂਗਤ' ਹੀ ਕਿਵੇਂ ਹੋ ਸਕਦਾ ਏ?

ਮਰਦਾਨੇ ਕੋਲ ਜਿਹੜੀ ਸੰਗੀਤ ਦੀ ਦੌਲਤ ਸੀ, ਗੁਰੂ ਜੀ ਉਸ ਕੀਮਤ ਨੂੰ ਜਾਣਦੇ ਸਨ। ਜਿਸ ਗੁਰੂ ਨੂੰ ਮਰਦਾਨੇ ਕੋਲ ਦੌਲਤਾਂ ਨਜ਼ਰ ਆਉਂਦੀਆਂ ਸਨ, ਉਹ ਮਰਦਾਨਾ ਮੰਗ-ਖਾਣਾ ਕਿਵੇਂ ਹੋ ਸਕਦਾ ਹੈ! ਉਹਦੇ ਕੋਲ ਰਾਗ ਦਾ ਹੁਨਰ ਸੀ। ਉਹ ਤੇ ਉਹਦੇ ਵਡੇਰੇ ਹੁਣ ਤੱਕ ਰਾਗ ਗਾ ਕੇ ਹੀ ਗੁਜ਼ਰਾਨ ਕਰਦੇ ਆਏ ਸਨ। ਮਰਦਾਨਾ ਗੁਰੂ ਪਾਤਸ਼ਾਹ ਨਾਲ ਨਾ ਵੀ ਤੁਰਦਾ ਤਾਂ ਆਪਣੇ ਹੁਨਰ ਨਾਲ ਗੁਜ਼ਰਾਨ ਕਰ ਸਕਦਾ ਸੀ। ਪਰ ਉਹ ਗੁਰੂ ਸਾਹਿਬ ਦੀ ਅਜ਼ਮਤ ਜਾਣਦਾ ਸੀ। ਉਹਨੂੰ ਸਮਝ ਸੀ ਕਿ ਗੁਰੂ ਪਾਤਸ਼ਾਹ ਉਹਨੂੰ ਆਪਣਾ ਸੰਗੀ-ਸਾਥੀ ਬਣਾ ਕੇ ਕੇਡਾ ਵੱਡਾ ਮਾਣ ਬਖ਼ਸ਼ ਰਹੇ ਹਨ। ਉਹਨੇ ਇੱਕ ਵਾਰ ਵੀ ਨਾਂਹ ਨਹੀਂ ਕੀਤੀ। ਗੁਰੂ ਸਾਹਿਬ ਦੇ ਕਹਿਣ 'ਤੇ ਨਵੀਂ ਰਬਾਬ ਖ਼ਰੀਦ ਕੇ ਉਨ੍ਹਾਂ ਨਾਲ ਲੰਮੀਆਂ ਉਦਾਸੀਆਂ 'ਤੇ ਤੁਰ ਪਿਆ। ਆਪਣਾ ਆਪ ਗੁਰੂ ਪਾਤਸ਼ਾਹ ਨੂੰ ਸਪਰਪਤਿ ਕਰ ਦਿੱਤਾ।

***(ਬਾਕੀ ਅਗਲੇ ਸਫੇ 'ਤੇ)***

# ਭਵਿੱਖ ਦੀਆਂ ਵੱਡੀਆਂ ਰਾਜਸੀ ਤਬਦੀਲੀਆਂ ਲਈ ਅਹੁਲਦਾ ਜਾਪਦੈ ਪੰਜਾਬ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਸ ਵਕਤ ਜਦੋਂ ਅਗਲੀਆਂ ਲੋਕ ਸਭਾ ਚੋਣਾਂ ਵਿਚ ਦੋ ਸਾਲਾਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਸਾਡਾ ਪੰਜਾਬ ਅਸਲੋਂ ਨਵੇਂ ਸਿਆਸੀ ਹਾਲਾਤ ਵੱਲ ਵਧਣ ਦੀ ਝਲਕ ਦੇਂਦਾ ਜਾਪਦਾ ਹੈ। ਅਗਲੀਆਂ ਲੋਕ ਸਭਾ ਚੋਣਾਂ ਤੱਕ ਆਮ ਆਦਮੀ ਪਾਰਟੀ ਅੱਜ ਵਾਲੀ ਹੀ ਰਹੇਗੀ, ਜਾਂ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਤਬਦੀਲੀ ਹੋਵੇਗੀ, ਇਸ ਦੀ ਕੋਈ ਝਲਕ ਹਾਲ ਦੀ ਘੜੀ ਦਿਖਾਈ ਨਹੀਂ ਦੇ ਰਹੀ, ਪਰ ਹਾਲਾਤ ਕਦੋਂ ਕਿਹੜਾ ਵਹਿਣ ਲੱਭ ਲੈਣ, ਇਸ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ, ਜਦਕਿ ਬਾਕੀ ਸਾਰੀਆਂ ਮੁੱਖ ਸਿਆਸੀ ਧਿਰਾਂ ਵਿਚ ਹਾਲਾਤ ਰੰਗ ਵਟਾ ਰਹੇ ਹਨ। ਅਜੇ ਇਹ ਕਹਿਣ ਦਾ ਸਮਾਂ ਨਹੀਂ ਕਿ ਅਕਾਲੀ ਦਲ ਦੀ ਲੀਡਰਸ਼ਿਪ ਅੱਜ ਵਾਲੀ ਰਹੇਗੀ ਜਾਂ ਹੋਰ ਹੱਥਾਂ ਵਿਚ ਚਲੀ ਜਾਵੇਗੀ ਤੇ ਜਾਵੇਗੀ ਤਾਂ ਕਿਹੜੇ ਹੱਥਾਂ ਵਿਚ ਜਾਵੇਗੀ, ਪਰ ਕਾਂਗਰਸ ਤੇ ਭਾਜਪਾ ਬਾਰੇ ਬਹੁਤ ਕੁਝ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ। ਅਗਲੇ ਦੋ ਸਾਲਾਂ ਤੱਕ ਇਨ੍ਹਾਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਵਿਚ ਬਹੁਤ ਕੁਝ ਨਵਾਂ ਵੇਖਣ ਨੂੰ ਮਿਲ ਸਕਦਾ ਹੈ।

ਅਕਾਲੀ ਦਲ ਦਾ ਹਾਲ ਓਦਾਂ ਦਾ ਹੈ, ਜਿੱਦਾਂ ਦਾ ਕਾਮਰੇਡਾਂ ਦੇ ਰਾਜ ਵਾਲੇ ਰੂਸ ਵਿਚ ਹੁੰਦਾ ਸੀ। ਇੱਕ ਬਹੁਤ ਸੀਨੀਅਰ ਕਮਿਊਨਿਸਟ ਆਗੂ ਨੇ ਇੱਕ ਵਾਰ ਲਿਖਿਆ ਸੀ ਕਿ ਕਾਮਰੇਡ ਸਟਾਲਿਨ ਦੀ ਮੌਤ ਮਗਰੋਂ ਜਦੋਂ ਖਰੁਸ਼ਚੋਵ ਦੇ ਹੱਥ ਸਾਰੀ ਤਾਕਤ ਆਈ ਤਾਂ ਉਸ ਨੇ ਪਾਰਟੀ ਦੀ ਸੈਂਟਰਲ ਕਮੇਟੀ ਵਿਚ ਸਟਾਲਿਨ ਦੇ ਖ਼ਿਲਾਫ ਧੂੰਆਂਧਾਰ ਤਕਰੀਰ ਕਰ ਕੇ ਉਸ ਨੂੰ ਭੰਡਣ ਦੀ ਸਿਖਰ ਕਰ ਦਿੱਤੀ। ਭਾਸ਼ਣ ਦੌਰਾਨ ਕਿਸੇ ਨੇ ਉਸ ਨੂੰ ਇੱਕ ਚਿੱਟ ਭੇਜ ਦਿੱਤੀ ਕਿ ਅੱਜ ਤੂੰ ਉਸ ਦੇ ਖ਼ਿਲਾਫ ਬੋਲੀ ਜਾਂਦਾ ਹੈਂ, ਉਸ ਦੇ ਹੁੰਦਿਆਂ ਕਿਉਂ ਨਹੀਂ ਸੀ ਬੋਲਦਾ? ਉਸ ਨੇ ਚਿੱਟ ਪੜ੍ਹ ਕੇ ਸੁਣਾਈ ਤੇ ਉੱਚੀ ਆਵਾਜ਼ ਵਿਚ ਪੁੱਛਿਆ: ਆਹ ਚਿੱਟ ਕੀਹਨੇ ਭੇਜੀ ਹੈ? ਕੋਈ ਨਹੀਂ ਸੀ ਬੋਲਿਆ। ਉਸ ਨੇ ਕਿਹਾ ਕਿ ਜਿਸ ਬੰਦੇ ਨੇ ਭੇਜੀ ਹੈ, ਜਿਵੇਂ ਮੈਥੋਂ ਡਰਦਾ ਅੱਜ ਉਹ ਨਹੀਂ ਬੋਲ ਰਿਹਾ, ਸਟਾਲਿਨ ਦੇ ਜਿਉਂਦੇ ਜੀਅ ਮੈਂ ਵੀ ਉਸ ਅੱਗੇ ਬੋਲਦਾ ਨਹੀਂ ਸੀ ਹੁੰਦਾ, ਕਿਉਂਕਿ ਮੈਨੂੰ ਵੀ ਉਹੀ ਡਰ ਲੱਗਦਾ ਸੀ, ਜਿਹੜਾ ਅੱਜ ਤੁਹਾਨੂੰ ਲੱਗਦਾ ਹੈ। ਰੂਸ ਵਿਚ ਕਮਿਊਨਿਸਟ ਸਰਕਾਰ ਦਾ ਭੋਗ ਪਾਉਣ ਦੀ ਹਮਾਇਤ ਕਰਨ ਵਾਲੇ ਉਸ ਲੀਡਰ ਨੇ ਪਤਾ ਨਹੀਂ ਇਹ ਗੱਲ ਖੁਦ ਘੜ ਕੇ ਲਿਖੀ ਸੀ ਕਿ ਸੱਚ ਸੀ, ਪਰ ਅੱਜ ਦੀ ਅਕਾਲੀ ਪਾਰਟੀ ਵਿਚ ਵੀ ਬਹੁਤ ਸਾਰੇ ਆਗੂ ਆਸੇ-ਪਾਸੇ ਤਾਂ ਆਪਣੀ ਲੀਡਰਸ਼ਿਪ ਬਾਰੇ ਉਹ ਕੁਝ ਬੋਲੀ ਜਾਂਦੇ ਹਨ ਕਿ ਸੁਣਿਆ ਨਹੀਂ ਜਾਂਦਾ, ਪਰ ਜਦੋਂ ਜਨਤਕ ਤੌਰ ਉੱਤੇ ਬੋਲਣ ਤਾਂ ਓਸੇ ਲੀਡਰਸ਼ਿਪ ਦੇ ਨਾਂ ਨਾਲ ਏਨੇ ਸਤਿਕਾਰਤ ਅਲੰਕਾਰ ਜੋੜ ਕੇ ਬੋਲਦੇ ਹਨ ਕਿ ਉਸ ਨਾਲ ਦੀ ਲੀਡਰਸ਼ਿਪ ਹੀ ਕਿਸੇ ਕੋਲ ਨਹੀਂ ਹੋਣੀ। ਇਸ ਲਈ ਇਹ ਗੱਲ ਕਹਿਣੀ ਔਖੀ ਹੈ ਕਿ ਇਸ ਪਾਰਟੀ ਵਿਚ ਇਹ ਮਾਹੌਲ ਕਦੋਂ ਤੱਕ ਚੱਲੇਗਾ ਅਤੇ ਜਿਹੜੇ ਲੀਡਰ ਆਸੇ-ਪਾਸੇ ਬੋਲਦੇ ਹਨ, ਕਦੀ ਇਹੋ ਗੱਲਾਂ ਲੋਕਾਂ ਸਾਹਮਣੇ ਕਹਿਣ ਜੋਗੇ ਹੋਣਗੇ ਕਿ ਨਹੀਂ, ਇਹ ਸਿਰਫ ਉਨ੍ਹਾਂ ਨੂੰ ਪਤਾ ਹੋਵੇਗਾ।



ਦੂਸਰੇ ਪਾਸੇ ਕਾਂਗਰਸ ਦੇ ਅੱਜ ਵਾਲੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਪਹਿਲਾਂ ਪਾਰਟੀ ਦੀ ਅਗਵਾਈ ਕਰ ਚੁੱਕੇ ਤਿੰਨੇ ਆਗੂ ਇਸ ਪਾਰਟੀ ਕੋਲ ਨਹੀਂ ਰਹਿ ਗਏ। ਜਿਹੜੇ ਨਵਜੋਤ ਸਿੰਘ ਸਿੱਧੂ ਤੋਂ ਪ੍ਰਧਾਨਗੀ ਛੁਡਾ ਕੇ ਰਾਜਾ ਵੜਿੰਗ ਨੂੰ ਦਿੱਤੀ ਸੀ, ਉਹ ਸਿੱਧੂ ਹੁਣ ਜੇਲ੍ਹ ਵਿਚ ਚਲਾ ਗਿਆ ਹੈ। ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਉਣ ਲਈ ਸੁਨੀਲ ਜਾਖੜ ਨੂੰ ਪਾਸੇ ਧੱਕਿਆ ਗਿਆ, ਉਹ ਨਿੱਤ ਦਿਨ ਹੁੰਦੀ ਬੇਇੱਜ਼ਤੀ ਤੋਂ ਅੱਕ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ। ਸੁਨੀਲ ਜਾਖੜ ਦੇ ਬਾਪ ਬਲਰਾਮ ਜਾਖੜ ਨੇ ਭਾਜਪਾ ਬਣਨ ਤੋਂ ਪਹਿਲਾਂ ਜਨ ਸੰਘ ਦੇ ਸਮਿਆਂ ਤੋਂ ਇਸ ਪਾਰਟੀ ਦਾ ਲਗਾਤਾਰ ਵਿਰੋਧ ਕੀਤਾ ਸੀ ਅਤੇ ਫਿਰ ਅੱਧੀ ਸਦੀ ਖੁਦ ਸੁਨੀਲ ਜਾਖੜ ਨੇ ਕੀਤਾ ਸੀ। ਆਖਰ ਉਹ ਉਸ ਪਾਰਟੀ ਵਿਚ ਜਾਣ ਨੂੰ ਮਜਬੂਰ ਹੋ ਗਿਆ। ਜਦੋਂ ਸੁਨੀਲ ਜਾਖੜ ਖੁਦ ਪ੍ਰਧਾਨ ਬਣਿਆ ਸੀ ਤਾਂ ਜਿਹੜੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਬਣਨ ਕਰਕੇ ਪੰਜਾਬ ਕਾਂਗਰਸ ਦੀ ਪ੍ਰਧਾਨੀ ਛੱਡੀ ਸੀ, ਉਹ ਵੱਖਰੀ ਪਾਰਟੀ ਬਣਾ ਕੇ ਉਸ ਦਾ ਲੀਡਰ ਬਣ ਚੁੱਕਾ ਹੈ ਅਤੇ ਕਾਂਗਰਸ ਅਸਲੋਂ ਨਵੇਂ ਆਗੂਆਂ ਦੇ ਹੱਥ ਵਿਚ ਹੈ। ਜਿਹੜੇ ਲੋਕ ਅੱਜ ਇਸ ਪਾਰਟੀ ਦੀ ਅਗਵਾਈ ਸੰਭਾਲ ਰਹੇ ਹਨ, ਉਹ ਸਾਰੇ ਵੀ ਆਪਸ ਵਿਚ ਮਿਲ ਕੇ ਚੱਲਣ ਜੋਗੇ ਨਹੀਂ ਅਤੇ ਰੋਜ਼ ਕਿਸੇ ਨਾ ਕਿਸੇ ਥਾਂ ਬੈਠਕਾਂ ਵਿਚ ਉਨ੍ਹਾਂ ਦੇ ਸਮਰਥਕਾਂ ਦੇ ਧੱਗੋ-ਹੱਥੀ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਤੋਂ ਜਾਪਦਾ ਨਹੀਂ ਕਿ ਇਹ ਪਾਰਟੀ ਅਗਲੀਆਂ ਚੋਣਾਂ ਲਈ ਤਿਆਰੀ ਕਰਦੀ ਪਈ ਹੈ, ਸਗੋਂ ਇੰਜ ਜਾਪਦਾ ਹੈ ਕਿ ਪਾਰਟੀ ਅੰਦਰਲਾ ਆਪਸੀ ਰੱਫੜ ਅਜੇ ਹੋਰ ਚੰਦ ਚਾੜ੍ਹ ਸਕਦਾ ਹੈ ਤੇ ਹੋਰ ਦੋ ਸਾਲਾਂ ਨੂੰ ਲੋਕ ਸਭਾ ਚੋਣਾਂ ਤੱਕ ਇਹ ਹੋਰ ਦੀ ਹੋਰ ਰੰਗ ਵਿਚ ਦਿਸ ਸਕਦੀ ਹੈ। ਇਨ੍ਹਾਂ ਹਾਲਾਤ ਵਿਚ ਇਹ ਪਾਰਟੀ ਕਿੱਦਾਂ ਦੀ ਜਾਂ ਕਿੰਨੇ ਜੋਗੀ ਹੋਵੇਗੀ, ਹਾਲ ਦੀ ਘੜੀ ਕਹਿਣਾ ਔਖਾ ਹੈ।

ਸਭਨਾਂ ਤੋਂ ਤਿੱਖੀ ਤੌਰ ਭਾਜਪਾ ਦੀ ਕੇਂਦਰੀ ਕਮਾਂਡ ਚੱਲਦੀ ਜਾਪਦੀ ਹੈ। ਉਸ ਦੀਆਂ ਨੀਤੀਆਂ ਵਿਚ ਭਾਰਤੀ ਲੋਕਾਂ ਦੀ ਬਹੁ-ਗਿਣਤੀ ਦੀਆਂ ਭਾਵਨਾਵਾਂ ਦਾ ਲਾਭ ਲੈਣ ਦਾ ਕੇਂਦਰੀ ਨੁਕਤਾ ਤਾਂ ਮੌਜੂਦ ਹੈ, ਪਰ ਪਾਰਟੀ ਦਾ ਘੇਰਾ ਵੱਡਾ ਕਰਨ ਵਾਸਤੇ ਉਹ ਪੁਰਾਣੇ-ਪਰਖੇ ਲੀਡਰ ਮੂਹਰੇ ਲਾਈ ਜਾਣ ਦੀ ਨੀਤੀ ਨਾਲ ਬੱਝੀ ਨਹੀਂ ਰਹੀ। ਆਸਾਮ ਦਾ ਮੁੱਖ ਮੰਤਰੀ ਸਾਲ 2015 ਤੱਕ ਕਾਂਗਰਸ ਦਾ ਆਗੂ ਤੇ ਉਸ ਰਾਜ ਦਾ ਮੰਤਰੀ ਰਹਿ ਚੁੱਕਾ ਸੀ, ਅਗਲੇ ਸਾਲ ਓਥੇ ਬਣਨ ਵਾਲੀ ਭਾਜਪਾ ਦੀ ਪਹਿਲੀ ਸਰਕਾਰ ਦਾ ਮੰਤਰੀ ਬਣਿਆ ਅਤੇ ਪੰਜ ਸਾਲਾਂ ਪਿੱਛੋਂ ਭਾਜਪਾ ਵੱਲੋਂ ਮੁੱਖ ਮੰਤਰੀ ਬਣ ਗਿਆ ਸੀ। ਅਰੁਣਾਚਲ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਸਤੰਬਰ 2016 ਤੱਕ ਕਾਂਗਰਸੀ ਹੁੰਦਾ ਸੀ ਤੇ ਭਾਜਪਾ ਵਿਚ ਆਉਣ ਪਿੱਛੋਂ ਦਸੰਬਰ 2016 ਤੋਂ ਭਾਜਪਾ ਵੱਲੋਂ ਮੁੱਖ ਮੰਤਰੀ ਹੈ। ਕਰਨਾਟਕ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਜਨਤਾ ਦਲ ਤੋਂ ਆਇਆ ਸੀ ਤੇ ਕੁਝ ਸਮਾਂ ਮੰਤਰੀ ਰਹਿਣ ਦੇ ਬਾਅਦ ਅੱਜ-ਕੱਲ੍ਹ ਪਾਰਟੀ ਦਾ ਮੁੱਖ ਮੰਤਰੀ ਹੈ। ਮਨੀਪੁਰ ਵਿਚ ਭਾਜਪਾ ਮੁੱਖ ਮੰਤਰੀ ਨਾਗਥੌਂਬਮ ਬੀਰੇਨ ਸਿੰਘ ਅਕਤੂਬਰ 2016 ਤੱਕ ਕਾਂਗਰਸ ਸਰਕਾਰ ਦਾ ਮੰਤਰੀ ਹੁੰਦਾ ਸੀ, ਭਾਜਪਾ ਵਿਚ ਜਾਣ ਤੋਂ ਪੰਜ ਮਹੀਨੇ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਪਿੱਛੋਂ ਭਾਜਪਾ ਨੇ ਮੁੱਖ ਮੰਤਰੀ ਬਣਾ ਦਿੱਤਾ। ਮੇਘਾਲਿਆ ਵਿਚ ਮੁੱਖ ਮੰਤਰੀ ਕੋਨਰਾਡ ਸੰਗਮਾ ਪੁਰਾਣੇ ਕਾਂਗਰਸ ਆਗੂ ਪੂਰਨੋ ਸੰਗਮਾ ਦਾ ਪੁੱਤਰ ਹੈ, ਜਿਸ ਨੇ ਸੋਨੀਆ ਗਾਂਧੀ ਦੀ ਲੀਡਰੀ ਵਿਰੁੱਧ ਰੋਸ ਵਜੋਂ ਕਾਂਗਰਸ ਛੱਡੀ ਸੀ। ਪੱਛਮੀ ਬੰਗਾਲ ਵਿਧਾਨ ਸਭਾ ਵਿਚ ਵਿਰੋਧੀ ਧਿਰ ਭਾਜਪਾ ਦਾ ਆਗੂ ਅਤੇ ਅਗਲੀ ਵਾਰ ਮੁੱਖ ਮੰਤਰੀ ਦਾ ਚਿਹਰਾ ਸੁਵੇਂਦੂ ਅਧਿਕਾਰੀ ਪਿਛਲੇ ਸਾਲ ਅਸੈਂਬਲੀ ਚੋਣਾਂ ਹੋਣ ਤੱਕ ਤ੍ਰਿਨਮੂਲ ਕਾਂਗਰਸ ਵਿਚ ਸੀ। ਸਾਫ ਹੈ ਕਿ ਭਾਜਪਾ ਨੂੰ ਕਿਸੇ ਵੀ ਨਵੇਂ ਆਏ ਲੀਡਰ ਦੇ ਰਾਜਸੀ ਪਿਛੋਕੜ ਨਾਲ ਕੋਈ ਮਤਲਬ ਨਹੀਂ ਰਿਹਾ।

ਪੰਜਾਬ ਵਿਚ ਭਾਜਪਾ ਅਗਲੀਆਂ ਲੋਕ ਸਭਾ ਚੋਣਾਂ ਤੱਕ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਨੂੰ ਲਾਂਭੇ ਕਰਨ ਤੇ ਉਸ ਦੀ ਥਾਂ ਧੜੱਲੇਦਾਰ ਲੀਡਰਸ਼ਿਪ ਖੜੀ ਕਰਨ ਲਈ ਚਿਰਾਂ ਤੋਂ ਕੋਸ਼ਿਸ਼ ਕਰਦੀ ਪਈ ਸੀ। ਸੁਨੀਲ ਜਾਖੜ ਦੇ ਰੂਪ ਵਿਚ ਉਸ ਕੋਲ ਇੱਕ ਆਗੂ ਆ ਗਿਆ ਹੈ, ਜਿਸ ਨੂੰ ਪੰਜਾਬ ਦੇ ਕਿਸੇ ਵੀ ਹੋਰ ਭਾਜਪਾ ਆਗੂ ਤੋਂ ਚੰਗੀ ਪੰਜਾਬੀ ਬੋਲਣੀ ਅਤੇ ਆਮ ਲੋਕਾਂ ਦੇ ਮੁੱਦਿਆਂ ਦੀ ਗੱਲ ਕਰਨ ਦੀ ਜਾਚ ਹੈ। ਇਹ ਪ੍ਰਭਾਵ ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ, ਮਦਨ ਮੋਹਨ ਮਿੱਤਲ ਤੇ ਮਨੋਰੰਜਨ ਕਾਲੀਆ ਵਰਗੇ ਸ਼ਹਿਰੀ ਖੇਤਰ ਤੋਂ ਆਏ ਆਗੂ ਨਹੀਂ ਸੀ ਬਣਾ ਸਕੇ। ਡੇਰਾ ਬਾਬਾ ਨਾਨਕ ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਉਦਘਾਟਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਏ ਤਾਂ ਉਸ ਵੇਲੇ ਹੀ ਸੁਨੀਲ ਜਾਖੜ ਨੂੰ ਇਹ ਗੱਲ ਕਹਿ ਗਏ ਸਨ ਕਿ ਕਦੀ ਦਿੱਲੀ ਆਉਂਦੇ ਹੋ ਤਾਂ ਮਿਲ ਜਾਇਆ ਕਰੋ। ਕਾਂਗਰਸੀਆਂ ਨੂੰ ਜਿਹੜੀ ਸਮਝ ਨਹੀਂ ਸੀ ਪਈ, ਉਹ ਪੱਤਰਕਾਰੀ ਖੇਤਰ ਦੇ ਕਈ ਲੋਕਾਂ ਨੂੰ ਓਦੋਂ ਪੈ ਗਈ ਸੀ ਤੇ ਇੱਕ ਸੀਨੀਅਰ ਪੱਤਰਕਾਰ ਨੇ ਅਗਲੇ ਦਿਨ ਜਲੰਧਰ ਵਿਚ ਕਈ ਪੱਤਰਕਾਰਾਂ ਨਾਲ ਬੈਠਿਆਂ ਇਸ ਦੀ ਚਰਚਾ ਬੜੀ ਉਚੇਚ ਨਾਲ ਕੀਤੀ ਸੀ। ਹਾਲਾਤ ਸਮਝਣ ਵਿਚ ਕਾਂਗਰਸੀਆਂ ਦੀ ਗਲਤੀ ਆਪਣੀ ਥਾਂ, ਅਹੁਦਿਆਂ ਲਈ ਹਾਬੜ ਆਪਣੀ ਥਾਂ, ਅਸਲ ਗੱਲ ਇਹ ਹੈ ਕਿ ਭਾਜਪਾ ਪੰਜਾਬ ਦੀ ਰਾਜਨੀਤੀ ਨੂੰ ਭੁਆਂਟਣੀ ਦੇਣ ਲਈ ਲੰਮੇ ਸਮੇਂ ਤੋਂ ਕੰਮ ਕਰਦੀ ਆਈ ਹੈ। ਅੱਜ ਇਹ ਕਹਿਣ ਦੀ ਕਿਸੇ ਨੂੰ ਵੀ ਲੋੜ ਨਹੀਂ ਕਿ ਕਾਂਗਰਸ ਪਾਰਟੀ ਆਪਣੇ ਆਖਰੀ ਸਫਰ ਦੀਆਂ ਤਿਆਰੀਆਂ ਕਰਦੀ ਪਈ ਹੈ ਤੇ ਇਸ ਦੀ ਮੌਜੂਦਾ ਪ੍ਰਧਾਨ ਦੇ ਪੁੱਤਰ-ਮੋਹ ਨੇ ਇਸ ਪਾਰਟੀ ਨੂੰ ਕਾਸੇ ਜੋਗੀ ਛੱਡਣਾ ਹੀ ਨਹੀਂ, ਪਰ ਉਹ ਸਭ ਭੁਲਾ ਕੇ ਪੰਜਾਬ ਬਾਰੇ ਸੋਚੀਏ ਤਾਂ ਸਾਫ ਦਿਸਦਾ ਹੈ ਕਿ ਭਾਜਪਾ ਪਲੈਨ-2024 ਲਈ ਆਪਣੀ ਸਿਆਸੀ ਖੇਡ ਦੇ ਮੋਹਰੇ ਵਿਛਾ ਚੁੱਕੀ ਹੈ ਅਤੇ ਉਹ ਸੁਨੀਲ ਜਾਖੜ ਨੂੰ ਅੱਜ ਅੱਗੇ ਲਾਉਣ ਜਾਂ ਚਾਰ ਦਿਨ ਠਹਿਰ ਕੇ, ਅਗਲੀ ਚੋਣ ਤੱਕ ਇਸ ਪਾਰਟੀ ਦੀ ਅਗਵਾਈ ਉਸ ਆਗੂ ਦੇ ਹੱਥ ਦਿੱਤੀ ਜਾਣ ਵਾਲੀ ਹੈ, ਜਿਹੜਾ ਪਹਿਲਾਂ ਕਾਂਗਰਸ ਦੀ ਅਗਵਾਈ ਏਸੇ ਪੰਜਾਬ ਰਾਜ ਵਿਚ ਬਾਖੂਬੀ ਕਰ ਚੁੱਕਾ ਹੈ।

ਅਗਲੀਆਂ ਲੋਕ ਸਭਾ ਚੋਣਾਂ ਵਿਚ ਮਸਾਂ ਦੋ ਸਾਲ ਬਾਕੀ ਰਹਿੰਦੇ ਤੋਂ ਜਿਹੜੇ ਹਾਲਾਤ ਬਣਦੇ ਜਾਪਦੇ ਹਨ ਤੇ ਜਿੱਦਾਂ ਦੇ ਸਿਆਸੀ ਸੰਕੇਤ ਸਾਫ ਦਿਸਣ ਲੱਗੇ ਹਨ, ਉਸ ਬਾਰੇ ਪੰਜਾਬ ਦੀ ਇੱਕ ਵੀ ਰਾਜਸੀ ਪਾਰਟੀ ਦੇ ਲੀਡਰਾਂ ਨੂੰ ਪਤਾ ਹੋਵੇ, ਇਸ ਬਾਰੇ ਕੋਈ ਨਹੀਂ ਜਾਣਦਾ। ਅਗਲੀ ਵਾਰੀ ਦੀਆਂ ਚੋਣਾਂ ਦੌਰਾਨ ਪੰਜਾਬ ਵਿਚ ਵੱਡੀ ਰਾਜਸੀ ਤਬਦੀਲੀ ਲਈ ਜਿਹੜਾ ਮੈਦਾਨ ਤਿਆਰ ਹੁੰਦਾ ਪਿਆ ਹੈ, ਉਸ ਦੇ ਸਿੱਟਿਆਂ ਬਾਰੇ ਹਾਲ ਦੀ ਘੜੀ ਅਸੀਂ ਕੁਝ ਨਹੀਂ ਕਹਿ ਰਹੇ।

## ਮੇਰਾ ਨਾਨਕ ਇਕੱਲਾ ਰਹਿ ਗਿਆ ਹੈ!

(ਪਿਛਲੇ ਸਫੇ ਦਾ ਬਾਕੀ)

ਜੰਗਲਾਂ-ਬੀਆਬਾਨਾਂ ਵਿਚ ਗੁਰੂ ਦੇ ਸੰਗ-ਸਾਥ ਵਿਚ ਰਿਹਾ। ਸੂਲਾਂ ਅਤੇ ਰੋੜਾਂ 'ਤੇ ਸੌਣਾ ਪ੍ਰਵਾਨ ਕਰ ਲਿਆ, ਪਰ ਗੁਰੂ ਦਾ ਸਾਥ ਨਹੀਂ ਛੱਡਿਆ। ਪਰ ਗੁਰੂ ਸਾਹਿਬ ਨੇ ਵੀ ਮਰਦਾਨੇ ਦੀ ਕਦਰ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਜਦ ਵੀ ਮਰਦਾਨੇ ਦੀ ਨਮਾਜ਼ ਪੜ੍ਹਣ ਦਾ ਵਕਤ ਹੁੰਦਾ, ਗੁਰੂ ਸਾਹਿਬ ਓਸੇ ਵਕਤ ਆਪਣੇ ਪੈਰ ਰੋਕ ਲੈਂਦੇ। ਉਹਦੇ ਵਿਸ਼ਵਾਸ ਨੂੰ ਮਾਣ ਦਿੰਦੇ।

ਸਾਰੀ ਉਮਰ ਮਰਦਾਨਾ ਗੁਰੂ ਜੀ ਦੇ ਸੰਗ-ਸਾਥ ਵਿਚ ਰਿਹਾ, ਪਰ ਗੁਰੂ ਸਾਹਿਬ ਨੇ ਇੱਕ ਵਾਰ ਵੀ ਉਹਨੂੰ ਆਪਣਾ ਅਕੀਦਾ ਤਿਆਗਣ ਲਈ ਨਹੀਂ ਕਿਹਾ। ਉਹ ਜਾਣਦੇ ਸਨ ਕਿ ਮਰਦਾਨਾ 'ਜਿਹੜੀ ਨਮਾਜ਼' ਅਦਾ ਕਰ ਰਿਹਾ ਹੈ, ਉਹ ਵਿਖਾਵੇ ਦੀ ਨਮਾਜ਼ ਨਹੀਂ। ਕੋਈ ਪਾਖੰਡ ਨਹੀਂ। ਉਹ ਉਹੋ ਨਮਾਜ਼ ਹੈ ਜਿਸ ਬਾਰੇ ਉਹ ਫੁਰਮਾਉਂਦੇ ਹਨ:

॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਾਲ ਕੁਰਾਣੁ॥ ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਨ॥

ਮਰਦਾਨਾ ਅਜਿਹਾ ਮੁਸਲਮਾਨ ਹੋ ਗਿਆ ਸੀ।

ਜਿਹੜੇ ਸਾਖੀਕਾਰ ਮਰਦਾਨੇ ਨੂੰ ਭੁੱਖ ਤੋਂ ਆਤੁਰ ਹੋ ਕੇ ਵਾਰ-ਵਾਰ ਘਰ ਪਰਤਣ ਦੇ ਤਰਲੇ ਲੈਂਦਾ ਵਿਖਾਉਂਦੇ ਹਨ, ਉਹ ਮਰਦਾਨੇ ਦੇ ਸਮਰਪਣ ਨੂੰ ਕੀ ਜਾਣਨ! ਓਹ ਮਰਦਾਨੇ ਦੀ ਦੂਰ-ਦ੍ਰਿਸ਼ਟੀ ਨੂੰ ਕੀ ਸਮਝਣ! ਉਹਦਾ ਨਾਨਕ ਉਹਨੂੰ ਭੁੱਖਾ ਕਿਵੇਂ ਰੱਖ ਸਕਦਾ ਸੀ? ਨਾਨਕ ਦੇ ਸਾਥ ਵਿਚ ਉਹ ਭੁੱਖਾ ਕਿਵੇਂ ਰਹਿ ਸਕਦਾ ਸੀ? ਉਹ ਭਗੌੜਾ ਕਿਵੇਂ ਹੋ ਸਕਦਾ ਸੀ? ਉਹਦੇ ਲਈ ਤਾਂ ਉਹਦਾ ਯਾਰ, ਉਹਦਾ ਭਰਾ, ਉਹਦਾ ਰੱਬ ਉਹਦਾ ਨਾਨਕ ਹੀ ਤਾਂ ਸੀ। ਜਿਸ ਨੇ ਨਾਨਕ ਨੂੰ ਪਾ ਲਿਆ, ਉਹਨੂੰ ਹੋਰ ਲੋੜ ਕਿਸ ਚੀਜ਼ ਦੀ ਰਹਿ ਜਾਂਦੀ ਹੈ!

ਜਦ ਸ਼ਬਦ ਤੇ ਸਾਜ਼ ਇੱਕ ਹੋ ਕੇ ਵੱਜਦ ਵਿਚ ਗੂੰਜਦੇ ਤਾਂ ਇਹਨਾਂ ਅਮਰ-ਪਲਾਂ ਵਿਚ ਮਰਦਾਨੇ ਨੇ ਇੱਕ ਦਿਨ ਪੂਰੇ ਮਾਣ ਵਿਚ ਭਿੱਜ ਕੇ ਕਿਹਾ ਸੀ, "ਭਾਈ ਨਾਨਕਾ! ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!"

ਜਿਹੜੇ ਮਰਦਾਨੇ ਨੇ ਨਾਨਕ ਵਿਚ ਰੱਬ ਪਾ ਲਿਆ, ਉਹਦੇ ਕੋਲ ਹੋਰ ਪਾਉਣ ਲਈ ਬਚਿਆ ਹੀ ਕੀ ਸੀ? ਉਹਦੀ ਰੂਹ ਤਾਂ ਰੱਜੀ ਹੋਈ ਸੀ। ਉਹਦਾ ਰੱਬ ਤਾਂ ਚੌਵੇ-ਪਹਿਰ ਉਹਦੇ ਅੰਗ-ਸੰਗ ਰਹਿੰਦਾ ਸੀ। ਸਾਖੀ ਆਉਂਦੀ ਹੈ ਕਿ ਜਦ ਭਾਈ ਮਰਦਾਨੇ ਦੇ ਸਰੀਰ ਤਿਆਗਣ ਦਾ ਵੇਲਾ ਆਣ ਪਹੁੰਚਾ ਤਾਂ ਗੁਰੂ ਜੀ ਨੇ ਮਰਦਾਨੇ ਦੇ ਸੀਸ ਨੂੰ ਗੋਦ ਵਿਚ ਲਿਆ ਹੋਇਆ ਹੈ ਤੇ ਪੁੱਛਦੇ ਹਨ, "ਮਰਦਾਨਿਆਂ! ਜੇ ਚਾਹੇਂ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਦਰਿਆ ਵਿਚ ਸੁੱਟ ਦੇਈਏ? ਮਰਦਾਨਿਆਂ! ਜੇ ਤੇਰੀ ਖਾਹਿਸ਼ ਹੋਵੇ ਤਾਂ ਖੱਤਰੀ ਵਾਂਗ ਸਾੜ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਵੈਸ਼ ਵਾਂਗੂੰ ਹਵਾ ਵਿਚ ਉਛਾਲ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਸ਼ੂਦਰ ਵਾਂਗ ਦਬਾ ਦੇਈਏ?"

ਭਾਈ ਮਰਦਾਨੇ ਨੇ ਕਿਹਾ, "ਵਾਹ! ਬਾਬਾ ਵਾਹ! ਅਜੇ ਵੀ ਸਰੀਰਾਂ ਦੇ ਚੱਕਰ ਵਿਚ? ਤੁਹਾਡੇ ਉਪਦੇਸ਼ ਕਰ ਤਾਂ ਦੇਹੀ ਦਾ ਖਿਆਲ ਹੀ ਮੁੱਕ ਗਿਆ ਹੈ। ਮੈਂ ਤਾਂ ਕੇਵਲ ਆਪਣੀ ਆਤਮਾ ਨੂੰ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ।"

ਫਿਰ ਗੁਰੂ ਸਾਹਿਬ ਨੇ ਕਿਹਾ, "ਮਰਦਾਨਿਆਂ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ-ਪ੍ਰਸਿੱਧ ਕਰ ਦੇਈਏ।"

ਮਰਦਾਨੇ ਨੇ ਬੜੀ ਗੰਭੀਰ ਮੁਦਰਾ ਵਿਚ ਕਿਹਾ, "ਬਾਬਾ! ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗੇ ਹਾਂ, ਇਸਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ?"

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾ ਕੇ ਘੁੱਟ ਲਿਆ ਤੇ ਬਚਨ ਕੀਤਾ, "ਤੂੰ ਬ੍ਰਹਮ ਨੂੰ ਪਛਾਣ ਲਿਆ ਹੈ ਮਰਦਾਨਿਆਂ!"

ਤਾਂ ਮਰਦਾਨੇ ਨੇ ਸੌ ਗੱਲਾਂ ਦੀ ਇੱਕੋ ਗੱਲ ਆਖੀ, "ਬਾਬਾ! ਤੂੰ ਖ਼ੁਦਾਇ ਦਾ ਡੂੰਮ, ਮੈਂ ਤੇਰਾ ਡੂੰਮ। ਤੂੰ ਖ਼ੁਦਾਇ ਨੂੰ ਪਾਇਆ, ਮੈਂ ਤੈਨੂੰ ਪਾਇਆ। ਤੇਰਾ ਕਿਹਾ ਖ਼ੁਦਾਈ ਮੰਨਦੀ ਹੈ ਅਰ ਮੇਰਾ ਕਿਹਾ ਤੂੰ ਮੰਨਦਾ ਹੈਂ। ਤੁਧ ਅੱਗੇ ਅਸਾਂ ਦੀ ਬੇਨਤੀ ਹੈ ਅੱਜ ਇੱਕ। ਅਸਾਂ ਨੂੰ ਬਿਛੋੜਨਾ ਨਾਹੀਂ ਆਪਣੇ ਨਾਲੋਂ। ਨਾ ਹੀ ਏਥੇ, ਨਾ ਹੀ ਓਥੇ।"

ਗੁਰੂ ਸਾਹਿਬ ਨੇ ਮੁਹੱਬਤ ਵਿਚ ਭਿੱਜ ਕੇ ਕਿਹਾ, "ਮਰਦਾਨਿਆ! ਤੁਧ ਉਪਰ ਅਸਾਂ ਦੀ ਖਰੀ ਖ਼ੁਸ਼ੀ ਹੈ। ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਅਸੀਂ ਆਖ ਚੁੱਕੇ ਹਾਂ ਕਿ ਜਿੰਨਾਂ ਚਿਰ ਮਰਦਾਨਾ ਨਾਲ ਨਹੀਂ ਤੁਰਿਆ, ਓਨਾ ਚਿਰ ਗੁਰੂ ਸਾਹਿਬ, ਉਦਾਸੀਆਂ 'ਤੇ ਨਹੀਂ ਤੁਰੇ। ਮਰਦਾਨਾ ਸਰੀਰ ਤੇ ਸਾਥ ਛੱਡ ਜਾਂਦਾ ਹੈ ਤਾਂ ਗੁਰੂ ਜੀ ਆਪਣੀ ਚਾਦਰ ਲਾਹ ਕੇ ਮਰਦਾਨੇ ਦੀ ਦੇਹ 'ਤੇ ਪਾਉਂਦੇ ਹਨ। ਮਰਦਾਨੇ ਦੀ ਰਬਾਬ ਗਲ ਨਾਲ ਲਾਉਂਦੇ ਹਨ ਤੇ ਉਦਾਸੀਆਂ ਵਿਚੇ ਛੱਡ ਕੇ ਤਲਵੰਡੀ ਪਰਤ ਆਉਂਦੇ ਹਨ। ਸਿੱਧਾ ਮਰਦਾਨੇ ਦੇ ਘਰ ਜਾਂਦੇ ਹਨ. ਮਰਦਾਨੇ ਦਾ ਪੁੱਤਰ ਸ਼ਹਿਜ਼ਾਦ ਬਾਬੇ ਨੂੰ ਨਤਮਸਤਕ ਹੁੰਦਾ ਹੈ, ਪਰ, ਇੱਕਲ੍ਹਾ ਆਇਆ ਵੇਖ ਕੇ ਪੁੱਛਦਾ ਹੈ, "ਬਾਬਾ! ਅੱਬੂ ਕਿੱਥੇ ਹਾਈ?"

ਗੁਰੂ ਪਾਤਸ਼ਾਹ ਨੇ ਸ਼ਹਿਜ਼ਾਦ ਨੂੰ ਗਲ ਨਾਲ ਲਾਇਆ। ਅਸੀਸਾਂ ਦੇਣ ਲੱਗੇ। ਸ਼ਹਿਜ਼ਾਦ ਸਮਝ ਗਿਆ ਕਿ ਉਹਦਾ ਬਾਪ ਇਸ ਦੁਨੀਆਂ ਵਿਚ ਨਹੀਂ ਰਿਹਾ। ਗੁਰੂ ਸਾਹਿਬ ਨੂੰ ਕਹਿੰਦਾ, "ਸਾਨੂੰ ਓਹੋ ਦਿਉ, ਜੋ ਅੱਬੂ ਨੂੰ ਦਿੱਤਾ ਸਾਈ।"

ਗੁਰੂ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਉਹਨੂੰ ਸੌਂਪ ਦਿੱਤੀ।

ਸਦੀਆਂ ਤੋਂ ਮਰਦਾਨੇ ਦੀ ਅੰਸ-ਬੰਸ ਨੇ ਬਾਬੇ ਦੀ ਦਿੱਤੀ ਬਖ਼ਸ਼ਿਸ਼ ਨੂੰ ਗਲ ਨਾਲ ਲਾਈ ਰੱਖਿਆ। ਪੀੜ੍ਹੀ-ਦਰ-ਪੀੜ੍ਹੀ ਗੁਰੂ ਘਰਾਂ ਤੇ ਗੁਰੂ ਦਰਾਂ 'ਤੇ ਸਦਾ ਗੁਰੂ ਦੀ ਬਾਣੀ ਗਾਉਂਦੇ ਰਹੇ। ਨਨਕਾਣੇ ਵੀ ਤੇ ਅੰਬਰਸਰ ਦੇ ਗੁਰੂ ਘਰਾਂ ਵਿਚ ਵੀ ਉਹ ਗੁਰਬਾਣੀ ਦਾ ਗਾਇਨ ਕਰਦੇ ਰਹੇ। ਮਰਦਾਨੇ ਕੇ, ਗੁਰੂ ਦੇ ਆਪਣੇ ਸਨ, ਗੁਰੂ ਘਰਾਂ ਦੇ ਆਪਣੇ ਸਨ, ਗੁਰੂ ਦੇ ਸਿੱਖਾਂ ਦੇ ਆਪਣੇ ਸਨ। ਮਰਦਾਨੇ ਕੇ ਗੁਰੂ ਦੇ ਸਿੱਖ ਹੀ ਸਨ।

ਗੁਰੂ ਸਾਹਿਬ ਨੇ ਤਾਂ ਕਿਹਾ ਸੀ, "ਮਰਦਾਨਿਆਂ! ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਪਰ ਅਸੀਂ ਉਨ੍ਹਾਂ ਦੇ ਵਾਸੇ ਅੱਡ-ਅੱਡ ਕਰ ਛੱਡੇ।

ਸ਼ਾਇਦ ਏਸੇ ਸੱਚ ਨੂੰ ਬਿਆਨ ਕਰਦਿਆਂ ਡਾ ਹਰਿਭਜਨ ਸਿੰਘ ਆਪਣੀ ਨਜ਼ਮ ਵਿਚ ਪੁਕਾਰ ਉਠਿਆ ਸੀ,

"ਮੇਰਾ ਨਾਨਕ ਇਕੱਲਾ ਰਹਿ ਗਿਆ ਹੈ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ.
ਮਰਦਾਨਾ ਗੁਰੂ ਦਾ ਯਾਰ ਸੀ
ਉਹਦੇ ਸਦਕਾ ਗੁਰੂ ਦੇ ਆਸੇ-ਪਾਸੇ ਦੋਸਤੀ ਦੀ ਮਹਿਕ ਸੀ
ਜਦੋਂ ਰੱਬਾਬ ਚੋਂ ਸਰਗਮ ਉਦੈ ਹੁੰਦੀ
ਗੁਰੂ ਦੇ ਬੋਲ ਸਵੇਰੀ ਪੌਣ ਵਾਂਗੂੰ ਜਾਗਦੇ ਸਨ
ਅਜ ਵੀ ਸੰਗਤ 'ਚ ਗੁਰੂ ਦੇ ਬੋਲ ਨੇ
ਪਰ ਸੁਰ ਨਹੀਂ ਹੈ
ਗੁਰੂ ਦਾ ਸ਼ਬਦ ਹੈ
ਪਰ ਅਰਥ ਗੁੰਮ ਹੋ ਗਿਆ ਹੈ
ਕੀਰਤਨ ਦੀ ਭੀੜ ਹੈ
ਸੰਗੀਤ ਦਾ ਚਿਹਰਾ ਨਹੀਂ ਦਿਸਦਾ
ਕਿਸੇ ਖੂੰਜੇ 'ਚ ਗੁੰਮ-ਸੁਮ ਚੁੱਪ ਪਈ ਰੱਬਾਬ
ਕਈ ਸਾਲਾਂ ਤੋਂ ਇਸ ਦੀ ਤਾਰ ਚੋਂ ਝਨਕਾਰ ਨਹੀਂ ਜਾਗੀ
ਕਿਸੇ ਆਸ਼ਕ ਦੀ ਮਹਿਰਮ ਛੋਹ ਬਿਨਾਂ
ਸਾਜ਼ 'ਚੋਂ ਸੁਰਤਾਲ ਦਾ ਜਾਦੂ ਨਹੀਂ ਉਗਦਾ
ਕੋਈ ਜਾਵੋ ਲਿਆਵੋ ਸਾਜ਼ ਦੇ ਮਹਿਰਮ ਨੂੰ ਪਾਰੋਂ ਮੋੜ ਕੇ
ਕਿਸੇ ਵੀ ਸਾਜ਼ ਬਿਨ
ਆਵਾਜ਼ ਦਾ ਕੁੱਝ ਭੇਤ ਨਹੀਂ ਪਾਇਆ
ਬਹੁਤ ਦਿਨ ਬੀਤ ਗਏ
ਸੰਗਤ 'ਚ ਮਰਦਾਨਾ ਨਹੀਂ ਆਇਆ

ਅਸੀਂ ਇਹ ਕੀ ਕੀਤਾ? ਅਸੀਂ ਅੱਜ ਮਰਦਾਨੇ-ਕਿਆਂ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਉਨ੍ਹਾਂ ਲਈ ਦਰਬਾਰ ਸਾਹਿਬ ਵਿਚ ਕੀਰਤਨ ਕਰਨਾ ਵਰਜਿਤ ਹੋ ਗਿਆ। ਸਾਡੀ ਆਪੇ ਬਣਾਈ ਮਰਿਆਦਾ ਨੇ ਬਾਬੇ ਤੇ ਮਰਦਾਨੇ ਨੂੰ ਵਿਛੋੜ ਦਿੱਤਾ ਹੈ। ਗੁਰੂ ਸਹਿਬ ਨੇ ਤਾਂ ਮਰਦਾਨੇ ਨੂੰ ਭਰੋਸਾ ਦਿੱਤਾ ਸੀ, "ਮਰਦਾਨਿਆ! ਜਿੱਥੇ ਤੇਰਾ ਵਾਸਾ, ਤਿਥੇ ਮੇਰਾ ਵਾਸਾ।"

ਪਰ ਅਸੀਂ ਉਨ੍ਹਾਂ ਦਾ ਵਸੇਬ ਵੀ ਨਿਖੇੜ ਦਿੱਤਾ ਤੇ ਉਨ੍ਹਾਂ ਦੀ ਸੋਚ ਵੀ ਤਿਆਗ ਦਿੱਤੀ।

ਅਸੀਂ ਅਜੇ ਵੀ ਮਾਣ ਨਾਲ ਕਹਿੰਦੇ ਹਾਂ, "ਅਸੀਂ ਗੁਰੂ ਨਾਨਕ ਦੇ ਸਿੱਖ ਹਾਂ!"

ਅਸੀਂ ਇਹ ਕਿਹੋ ਜਿਹੇ ਸਿੱਖ ਹੋ ਗਏ ਹਾਂ?

(ਨਵੀਂ ਛਪੀ ਪੁਸਤਕ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਵਿਚੋਂ)

# ਸੋਵੀਅਤ ਯੂਕਰੇਨ ਦੀ ਰਾਜਧਾਨੀ ਕੀਵ ਵਿਚ

***ਇਸ ਵਕਤ ਰੂਸ ਅਤੇ ਯੂਕਰੇਨ ਦਰਮਿਆਨ ਜੰਗ ਹੋ ਰਹੀ ਹੈ। ਰੂਸ ਦੇ ਇਤਿਹਾਸ ਵਿਚ ਯੂਕਰੇਨ ਦੀ ਰਾਜਧਾਨੀ ਕੀਵ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਰੂਸ ਆਰੰਭ ਵਿਚ ਕੀਵਨ ਰੂਸ ਸੀ ਜਿਸ ਦੀ ਰਾਜਧਾਨੀ ਕੀਵ ਸੀ। ਪੰਦਰ੍ਹਵੀਂ ਸਦੀ ਵਿਚ ਮਾਸਕੋ ਸੱਤਾ ਅਤੇ ਸਿਆਸਤ ਦਾ ਕੇਂਦਰ ਬਣਿਆ। ਰੂਸ ਨੂੰ 'ਵੱਡਾ ਰੂਸ' (ਗ੍ਰੇਟ ਰੂਸ), ਯੂਕਰੇਨ ਨੂੰ ਛੋਟਾ ਰੂਸ (ਲਿਟਲ ਰੂਸ) ਅਤੇ ਬੇਲਾਰੂਸ ਨੂੰ ਚਿੱਟਾ ਰੂਸ (ਵ੍ਹਾਈਟ ਰੂਸ) ਵੀ ਕਿਹਾ ਜਾਂਦਾ ਰਿਹਾ ਹੈ। ਉਘੇ ਕਹਾਣੀਕਾਰ ਨਵਤੇਜ ਸਿੰਘ ਦਾ ਇਹ ਲੇਖ ਜੂਨ 1975 ਦਾ ਲਿਖਿਆ ਹੋਇਆ ਹੈ।***

ਮੈਂ ਕੀਵ ਵਿਚ ਪੂਰੇ ਤੇਰਾਂ ਵਰ੍ਹਿਆਂ ਬਾਅਦ ਆਇਆ ਹਾਂ। ਇਹ ਸੋਵੀਅਤ ਯੂਨੀਅਨ ਦੇ ਅਤਿ ਸੋਹਣੇ ਸ਼ਹਿਰਾਂ ਵਿਚੋਂ ਹੈ।

ਜਿਹੋ ਜਿਹਾ ਅੱਜ ਇਹ ਸ਼ਹਿਰ ਹੈ, ਜਿਹੋ ਜਿਹੀ ਅੱਜ ਏਥੇ ਸੋਵੀਅਤ ਲੋਕਾਂ ਦੀ ਜ਼ਿੰਦਗੀ ਹੈ, ਉਸ ਉੱਤੇ ਤੁਹਾਨੂੰ ਝਾਤ ਪੁਆਉਣ ਤੋਂ ਪਹਿਲਾਂ ਇਸ ਵੇਲੇ ਮੈਂ ਤੁਹਾਨੂੰ ਇਹਦੇ ਬੀਤੇ ਵਿਚ ਲੈ ਜਾਣਾ ਚਾਹੁੰਦਾ ਹਾਂ। ਜੋ ਕੱਲ੍ਹ ਸੀ, ਉਹਨੂੰ ਵੇਖਣ ਬਾਅਦ, ਤੁਸੀਂ, ਜੋ ਅੱਜ ਹੈ, ਉਹ ਸ਼ਾਇਦ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕੋਗੇ। ਮੈਂ ਇਕ ਚੰਗੀ ਪਰ ਪੁਰਾਣੀ ਇਮਾਰਤ ਦੇ ਇਕ ਕਮਰੇ ਵਿਚ ਬੈਠਾ ਹਾਂ। ਇਹ 'ਵਸੈਸਵਿਤ' (ਉਚਾਰਨ ਫਸੇਸਵੀਤ) ਪਰਚੇ ਦਾ ਸੰਪਾਦਕੀ ਦਫਤਰ ਹੈ। ਮੇਰੇ ਸਾਹਮਣੇ ਪ੍ਰਸਿੱਧ ਯੂਕਰੇਨੀ ਲੇਖਕ ਮਿਕੀਤੈਂਕੋ ਬੈਠਾ ਹੈ। ਉਹ ਯੂਕਰੇਨੀ ਭਾਸ਼ਾ ਵਿਚ ਛਪਦੇ ਪ੍ਰਦੇਸੀ ਸਾਹਿਤ ਦੇ ਸਾਹਿਤਕ ਰਸਾਲੇ 'ਵਸੈਸਵਿਤ' (ਸਰਬ ਸੰਸਾਰ) ਦਾ ਮੁੱਖ ਸੰਪਾਦਕ ਹੈ। ਇਹ ਪਰਚਾ 17 ਵਰ੍ਹਿਆਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਕੁਝ ਮਹੀਨਿਆਂ ਨੂੰ

**ਨਵਤੇਜ ਸਿੰਘ**

ਇਹਦਾ ਵਿਸ਼ੇਸ਼ 'ਭਾਰਤੀ ਸਾਹਿਤ ਅੰਕ' ਵੀ ਛਾਪਿਆ ਜਾਣਾ ਹੈ। ਉਹਦੀ ਤਿਆਰੀ ਹੋ ਰਹੀ ਹੈ ਤੇ ਇਸ ਸਬੰਧ ਵਿਚ ਮਿਕੀਤੈਂਕੋ ਨੇ ਭਾਰਤ ਵੀ ਜਾਣਾ ਹੈ।

ਮਿਕੀਤੈਂਕੋ ਦੀ ਸਾਫ, ਨਿੱਘੀ, ਦੋਸਤੀ ਭਰਪੂਰ ਸ਼ਖਸੀਅਤ ਨੇ ਮਿਲਣ ਤੋਂ ਝੱਟ ਬਾਅਦ ਹੀ ਸਾਡੇ ਵਿਚਾਲੀਓਂ ਓਪਰਾਪਣ ਗੁਆ ਦਿੱਤਾ ਸੀ।

ਮਿਕੀਤੈਂਕੋ ਦੇ ਸਹਾਇਕ-ਸੰਪਾਦਕ ਨੇ ਮੈਨੂੰ ਰਾਹ ਵਿਚ ਹੀ ਦਸ ਦਿੱਤਾ ਸੀ ਕਿ ਮਿਕੀਤੈਂਕੋ ਦੇ ਪਿਤਾ ਬੜੇ ਪ੍ਰਸਿੱਧ ਯੂਕਰੇਨੀ ਲੇਖਕ ਸਨ ਪਰ ਉਹ ਸ਼ਖਸੀਅਤ-ਪ੍ਰਸਤੀ ਦੇ ਕਾਲੇ ਦੌਰ ਵਿਚ ਬੇਇਨਸਾਫੀ ਦਾ ਸ਼ਿਕਾਰ ਹੋ ਗਏ।

ਮਿਕੀਤੈਂਕੋ ਨੂੰ ਮੈਂ ਉਨ੍ਹਾਂ ਦੇ ਪਿਤਾ ਬਾਰੇ ਪੁੱਛ ਬੈਠਾ ਤਾਂ ਉਨ੍ਹਾਂ ਸਾਫ ਸਾਫ ਦੱਸਿਆ:

"ਮੇਰੇ ਪਿਆਰੇ ਪਿਤਾ, ਆਈਵਾਨ (ਈਵਾਨ) ਮਿਕੀਤੈਂਕੋ, ਇਕ ਯੂਕਰੇਨੀ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਸਨ। ਪਹਿਲੀ ਵੱਡੀ ਜੰਗ ਵਿਚ ਉਹ ਫੌਜ ਵਿਚ ਛੋਟੀ ਜਿਹੀ ਨੌਕਰੀ ਉਤੇ ਸਨ। ਖਾਨਾਜੰਗੀ ਦੇ ਦਿਨਾਂ ਵਿਚ ਉਹ ਦੱਖਣੀ ਯੂਕਰੇਨ ਵਿਚ ਡਾਕਟਰਾਂ ਦੇ ਸਹਾਇਕ ਰਹੇ। ਸੋਵੀਅਤ ਰਾਜ ਕਾਇਮ ਹੋਣ ਉਤੇ ਉਨ੍ਹਾਂ ਡਾਕਟਰੀ ਦੀ ਵਿਦਿਆ ਹਾਸਲ ਕੀਤੀ। ਵਿਚ ਵਿਚ ਉਹ ਲਿਖਣ ਲਗ ਪਏ, ਤੇ ਉਨ੍ਹਾਂ ਦੀ ਸਾਹਿਤ-ਸੂਝ ਤੇ ਪ੍ਰਤਿਭਾ ਲੋਕਾਂ ਸਾਹਮਣੇ ਉਘੜਦੀ ਗਈ। ਉਨ੍ਹਾਂ ਵਾਰਤਕ, ਕਵਿਤਾ, ਨਾਟਕ ਸਭ ਕੁਝ ਲਿਖਿਆ। ਉਹ ਨੌਜਵਾਨ ਸੋਵੀਅਤ ਯੂਕਰੇਨੀ ਸਾਹਿਤ ਦੇ ਬੜੇ ਸਰਗਰਮ ਉਸਰਈਏ ਸਨ। ਉਹ ਯੂਕਰੇਨੀ ਪ੍ਰੋਲਤਾਰੀ ਲੇਖਕ ਯੂਨੀਅਨ ਦੇ ਮੁਖੀ ਵੀ ਬਣੇ।

1920 ਤੋਂ 1930 ਤਕ ਰੂਸ, ਬਾਇਲੋਰੂਸ (ਬੇਲਾਰੂਸ), ਕਾਕੇਸ਼ੀਆ, ਜਰਮਨੀ ਤੇ ਹੋਰ ਕੁਝ ਦੂਜੇ ਮੁਲਕਾਂ ਵਿਚ ਇਸ ਤਰ੍ਹਾਂ ਦੀ ਲੇਖਕ ਜਥੇਬੰਦੀ ਹੁੰਦੀ ਰਹੀ। 1930 ਵਿਚ ਖਾਰਕੋਵ ਸਾਡੀ ਰਾਜਧਾਨੀ ਹੁੰਦੀ ਸੀ। ਓਦੋਂ ਓਥੇ 22 ਜ਼ਬਾਨਾਂ ਦੇ ਇਨਕਲਾਬੀ ਪ੍ਰੋਲਤਾਰੀ ਸਾਹਿਤਾਂ ਦੇ ਪ੍ਰਤੀਨਿਧਾਂ ਦੀ ਕੌਮਾਂਤਰੀ ਕਾਨਫਰੰਸ ਹੋਈ। ਏਥੇ ਭਾਰਤ ਦਾ ਪ੍ਰਤੀਨਿਧ ਐਮ.ਐਨ. ਰਾਏ ਵੀ ਆਇਆ ਸੀ। ਏਥੇ ਇਨਕਲਾਬੀ ਸਾਹਿਤ ਦਾ ਕੌਮਾਂਤਰੀ ਬਿਊਰੋ ਬਣਿਆ ਸੀ ਜਿਸ ਨਾਲ ਮੇਰੇ ਪਿਤਾ ਜੀ ਸਬੰਧਤ ਸਨ। 1935 ਵਿਚ ਪੈਰਿਸ ਵਿਚ ਹੋਈ ਬੁਧੀਵਾਨਾਂ ਤੇ ਫਾਸਿਸਟ ਵਿਰੋਧੀ ਲੇਖਕਾਂ ਦੀ ਪਹਿਲੀ ਕੌਮਾਂਤਰੀ ਕਾਨਫਰੰਸ ਵਿਚ ਵੀ ਉਹ ਸ਼ਾਮਲ ਹੋਏ ਤੇ 1937 ਵਿਚ ਮੈਡਿਰਿਡ ਵਿਚ ਦੂਜੀ ਕੌਮਾਂਤਰੀ ਕਾਨਫਰੰਸ ਲਈ ਗਏ। ਉਨ੍ਹਾਂ ਦੀ ਜ਼ਿੰਦਗੀ ਵਿਚ ਸਾਹਿਤਕਾਰੀ ਦੇ ਨਾਲ ਸਮਾਜੀ-ਰਾਜਸੀ ਸਰਗਰਮੀ ਵੀ ਜੁੜੀ ਹੋਈ ਸੀ।

ਉਨ੍ਹਾਂ ਦਿਨਾਂ ਵਿਚ ਸਾਡੇ ਦੇਸ਼ ਵਿਚ ਸ਼ਖਸੀਅਤ-ਪ੍ਰਸਤੀ ਦਾ ਬਦਕਿਸਮਤ ਦੌਰ ਸੀ ਜਿਸ ਵਿਚ ਕਈ ਉਘੀਆਂ ਸ਼ਖਸੀਅਤਾਂ ਨਾਲ ਘੋਰ ਅਨਿਆਂ ਹੋਇਆ। ਮੇਰੇ ਪਿਤਾ ਜੀ ਵੀ ਇਹਦੇ ਸ਼ਿਕਾਰ ਹੋਏ। ਓਦੋਂ ਸਰਕਾਰੀ ਤੌਰ ਉਤੇ ਕਿਹਾ ਗਿਆ ਕਿ ਉਨ੍ਹਾਂ ਆਪਣੇ ਆਪ ਨੂੰ ਗੋਲੀ ਮਾਰੀ ਹੈ। ਮੇਰੇ ਪਿਤਾ ਜੀ ਦੇ ਕੁਝ ਨਜ਼ਦੀਕੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ ਫੇਰ ਗੋਲੀ ਦੀ ਸਜ਼ਾ ਦਿੱਤੀ ਗਈ ਸੀ...

ਸਾਡੇ ਦੇਸ਼ ਦੀ ਕਮਿਊਨਿਸਟ ਪਾਰਟੀ ਦੀ ਇਤਿਹਾਸਕ ਵੀਹਵੀਂ ਕਾਂਗਰਸ ਨੇ ਉਨ੍ਹਾਂ ਨੂੰ ਉਕਾ ਬੇਕਸੂਰ ਸਾਬਤ ਕੀਤਾ ਤੇ ਉਨ੍ਹਾਂ ਦੀ ਯਾਦ ਨੂੰ ਪੂਰੇ ਸਤਿਕਾਰ ਤੇ ਮਾਣ ਨਾਲ ਬਹਾਲ ਕੀਤਾ।"

ਕੁਝ ਦੇਰ ਕਮਰੇ ਵਿਚ ਇਕ ਸਿਲ੍ਹੀ ਚੁੱਪ ਤਣ ਗਈ। ਫੇਰ ਮੇਰੇ ਪੁੱਛਣ ਉਤੇ ਉਹ ਮੈਨੂੰ ਭਿਆਨਕ ਫਾਸਿਸਟ ਜੰਗ ਦੇ ਦਿਨਾਂ ਦੀ ਜ਼ਿੰਦਗੀ ਵਿਚ ਲੈ ਗਏ:

"1941- ਓਦੋਂ ਮੈਂ 13 ਵਰ੍ਹਿਆਂ ਦਾ ਸਾਂ। ਮੇਰੇ ਪਿਤਾ ਜੀ ਇਸ ਦੁਨੀਆ ਤੋਂ ਵਿਛੋੜੇ ਜਾ ਚੁੱਕੇ ਸਨ। ਮੈਂ ਆਪਣੀ ਮਾਂ ਨਾਲ ਏਥੇ, ਏਸੇ ਕੀਵ



2022: ਰੂਸ ਦੇ ਹਮਲੇ ਕਾਰਨ ਯੂਕਰੇਨ ਵਿਚ ਹੋਈ ਤਬਾਹੀ।



1943: ਨਾਜ਼ੀ ਜਰਮਨਾਂ ਵੱਲੋਂ ਪੱਛਮੀ ਯੂਕਰੇਨ ਵਿਚ ਕੀਤੀ ਜਾ ਰਹੀ ਪਰੇਡ।

ਵਿਚ, ਰਹਿੰਦਾ ਸਾਂ। ਕੀਵ, ਜ਼ਾਹਿਰ ਹੈ ਓਦੋਂ ਅੱਜ ਵਰਗਾ ਉੱਕਾ ਨਹੀਂ ਸੀ। ਕੀਵ ਉਤੇ ਜਿਵੇਂ ਮੌਤ ਦਾ ਪਰਛਾਵਾਂ ਟਿਕ ਗਿਆ ਹੋਵੇ, ਪਰ ਲੋਕ ਪੂਰੀ ਤਰ੍ਹਾਂ ਜੂਝ ਰਹੇ ਸਨ। ਮੋਰਚਾ ਨੇੜੇ ਆ ਰਿਹਾ ਸੀ, ਹੋਰ ਨੇੜੇ। ਕੀਵ ਘਿਰਿਆ ਹੋਇਆ ਸੀ। ਬੜੇ ਸਾਰੇ ਲੋਕ ਏਥੋਂ ਕੱਢ ਕੇ ਸੁਰੱਖਿਅਤ ਥਾਵਾਂ ਉਤੇ ਪੁਚਾਏ ਗਏ ਸਨ। ਇਸ ਸ਼ਹਿਰ ਦੇ ਸਭਿਆਚਾਰਕ ਭੰਡਾਰਾਂ ਵਿਚੋਂ ਜੋ ਕੁਝ ਵੀ ਸੁਰੱਖਿਅਤ ਥਾਵਾਂ ਉਤੇ ਲਿਜਾਇਆ ਜਾ ਸਕਦਾ ਸੀ, ਉਹ ਵੀ ਚੁੱਕ ਲਿਆ ਗਿਆ ਸੀ। ਏਥੋਂ ਜਿਹੜੀ ਸਨਅਤ ਪੁੱਟੀ ਜਾ ਸਕਦੀ ਸੀ, ਉਹ ਵੀ ਪੁੱਟ ਕੇ ਦੂਰ ਪਿੱਛੇ ਉਸਾਰ ਦਿੱਤੀ ਗਈ ਸੀ।

ਫੇਰ ਢਾਈ ਵਰ੍ਹੇ- ਪੂਰੇ 720 ਦਿਨ, ਸਤੰਬਰ 1941 ਤੋਂ ਨਵੰਬਰ 1943 ਤਕ, ਸਾਡੇ ਉਤੇ ਫਾਸਿਜ਼ਮ ਦੀ ਕਾਲੀ ਬੋਲੀ ਰਾਤ ਛਾਈ ਰਹੀ।

ਅੱਗਾਂ ਸਨ, ਅੱਗਾਂ ਦੇ ਭਾਂਬੜ। ਸ਼ਿਹਰ ਦਾ ਕੇਂਦਰ ਸੜ ਰਿਹਾ ਸੀ, ਤੇ ਦਹਿਸ਼ਤ ਤੇ ਜ਼ੁਲਮ ਸੀ।

ਸਾਡੇ ਓਪੇਰਾ ਥੀਏਟਰ ਵਿਚ ਓਪੇਰਾ ਖੇਡੇ ਜਾਂਦੇ ਸਨ ਪਰ ਸਿਰਫ ਜਰਮਨ ਹਮਲਾਵਰਾਂ ਲਈ ਤੇ ਉਹੀ ਓਪੇਰੇ ਜਿਹੜੇ ਉਨ੍ਹਾਂ ਨੂੰ ਪਸੰਦ ਸਨ। ਬਹੁਤੀ ਵਾਰ ਭਾਂਤ ਭਾਂਤ ਦੇ ਮਨ-ਪਰਚਾਵੇ ਦਾ ਸਸਤਾ ਜਿਹਾ ਪ੍ਰੋਗਰਾਮ ਹੁੰਦਾ ਸੀ। ਕੁਝ ਏਥੋਂ ਦੇ ਹੀ ਪੁਰਾਣੇ ਕਲਾਕਾਰ ਜਬਰੀ ਨਰੜੇ ਗਏ ਸਨ, ਤੇ ਕੁਝ ਹਮਲਾਵਰਾਂ ਨੇ ਬਾਹਰੋਂ ਲਿਆਂਦੇ ਸਨ।

ਪਹਿਲੇ 4 ਮਹੀਨੇ ਸਾਰੀ ਸੋਵੀਅਤ ਵਸੋਂ ਲਈ ਖੁਰਾਕ ਦਾ ਉੱਕਾ ਹੀ ਕੋਈ ਪ੍ਰਬੰਧ ਨਹੀਂ ਸੀ। ਛਲੀਆਂ ਦੇ ਤੁਕੇ, ਤੇ ਭਾਂਤ ਭਾਂਤ ਦੀਆਂ ਗਿਟਕਾਂ ਵਿਚੋਂ ਨਿਕਲੀਆਂ ਗਿਰੀਆਂ। ਫੇਰ ਨਕਲੀ ਜਿਹੀ, ਹਰ ਤਰ੍ਹਾਂ ਦੀਆਂ ਫਾਲਤੂ ਚੀਜ਼ਾਂ ਤੋਂ ਰਲਾ ਮਿਲਾ ਕੇ ਬਣਾਈ 'ਰੋਟੀ' 200 ਗਰਾਮ ਦਿੱਤੀ ਜਾਣ ਲੱਗ ਪਈ। ਜਿਨ੍ਹਾਂ ਦਾ ਸਖਤ ਕੰਮ ਕਰਕੇ ਬਹੁਤਾ ਲਿਹਾਜ਼ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਇਹ ਰੋਟੀ 400 ਗਰਾਮ ਦਿੱਤੀ ਜਾਂਦੀ। ਸਭ ਤੋਂ ਵੱਡੀ ਸਮੱਸਿਆ ਲੂਣ ਲੱਭਣ ਦੀ ਸੀ। ਮੈਨੂੰ ਚੇਤੇ ਵੇ ਇਕ ਵਾਰ 200 ਗਰਾਮ ਚਰਬੀ ਕਿਤੋਂ ਮੈਨੂੰ ਲੱਭ ਪਈ- ਮੈਂ ਤੇ ਮਾਂ ਫੂਲੇ ਨਹੀਂ ਸਾਂ ਸਮਾਉਂਦੇ। ਖਾਣ ਨੂੰ ਸਿਰਫ ਜਰਮਨ ਹਾਕਮਾਂ ਲਈ ਸੀ, ਜਾਂ ਉਨ੍ਹਾਂ ਟਾਂਵੇਂ ਵਿਰਲੇ ਸ਼ਹਿਰੀਆਂ ਲਈ ਜਿਹੜੇ ਦੁਸ਼ਮਣ ਨਾਲ ਜਾ ਰਲੇ ਸਨ। ਮੇਰੀ ਮਾਂ ਕਮਿਊਨਿਸਟ ਨਹੀਂ ਸੀ। ਹਾਕਮਾਂ ਨੂੰ ਮੇਰੇ ਪਿਤਾ ਜੀ ਨਾਲ ਹੋਈ ਦੁਰਘਟਨਾ ਦਾ ਵੀ ਪਤਾ ਸੀ। ਸੋ, ਉਨ੍ਹਾਂ ਮੇਰੀ ਮਾਂ ਨੂੰ ਆਪਣੇ ਵੱਲ ਜਿੱਤਣ ਦੀ ਬੜੀ ਕੋਸ਼ਿਸ਼ ਕੀਤੀ। ਉਹ ਸਾਡੇ ਘਰ ਬਹੁਤ ਸਾਰੀ ਵਧੀਆ ਡਬਲ-ਰੋਟੀ ਤੇ ਹੋਰ ਖੁਰਾਕ ਲੈ ਕੇ ਆਏ। ਉਹ ਮੇਰੀ ਮਾਂ ਨੂੰ ਇਹ ਸਭ ਕੁਝ ਇਸ ਲਈ ਦੇ ਰਹੇ ਸਨ ਕਿ ਉਹ ਜਰਮਨ ਹਾਕਮਾਂ ਨਾਲ ਰਲ ਜਾਏ।

ਮੇਰੀ ਮਾਂ ਭਾਵੇਂ ਕਮਿਊਨਿਸਟ ਨਹੀਂ ਸੀ ਪਰ ਉਹ ਸੋਵੀਅਤ ਦੇਸ਼ਭਗਤ ਸੀ, ਤੇ ਉਹਨੇ ਉੱਕਾ ਇਨਕਾਰ ਕਰ ਦਿੱਤਾ। ਉਹ ਸਭ ਚੰਗੀ ਖੁਰਾਕ, ਜਿਹੜੀ ਹੁਣੇ ਹੁਣੇ ਸਾਡੇ ਮੇਜ਼ ਉਤੇ ਪਈ ਸੀ- ਉਹ ਆਪਣੇ ਨਾਲ ਵਾਪਸ ਲੈ ਗਏ। ਉਤੋਂ ਪਾਲਾ ਅੰਤਾਂ ਦਾ ਸੀ। ਠੰਢੇ ਠਾਰ ਘਰ। ਸਾਡੇ ਘਰ ਗਰਮਾਉਣ ਦਾ ਕੋਈ ਸਾਧਨ ਨਾ। ਘਰ ਸਿਰਫ ਜਰਮਨ ਹਾਕਮਾਂ ਦੇ ਹੀ ਗਰਮਾਏ ਜਾਂਦੇ ਸਨ।

ਭੋਖੜਿਆਂ ਤੇ ਪਾਲੇ ਨਾਲ ਮੇਰੀ ਮਾਂ ਬਹੁਤ ਹੀ ਬਿਮਾਰ ਹੋ ਗਈ। ਅਸੀਂ ਨਕਲੀ ਕਾਫੀ ਪੀਂਦੇ ਸਾਂ ਜੋ ਬਲੂਤ ਦੇ ਦਰਖਤਾਂ ਦੇ ਬੀਜਾਂ ਤੋਂ ਬਣਦੀ ਸੀ; ਤੇ ਸਟਾਰਚ ਜੇ ਕਿਸੇ ਨੁਕਰੇ ਲੱਭ ਪੈਂਦੀ, ਭਾਵੇਂ ਕੰਧਾਂ ਉਤੇ ਲਾਏ ਕਾਗਜ਼ਾਂ ਥਲੜੀ ਲੇਵੀ ਦੀ ਸ਼ਕਲ ਵਿਚ ਹੀ, ਉਹ ਘੋਲ ਕੇ ਪੀਂਦੇ ਸਾਂ।

ਤੇ ਫੇਰ ਪਾਣੀ ਵੀ ਬਹੁਤ ਮੁਸ਼ਕਿਲ ਮਿਲਣ ਲੱਗ ਪਿਆ। ਕਹਿਰਾਂ ਦੇ ਪਾਲੇ ਕਰਕੇ ਹਰ ਥਾਂ ਪਾਣੀ ਜੰਮ ਗਿਆ। ਪਾਣੀ ਦਾ ਕੋਈ ਪ੍ਰਬੰਧ ਸੋਵੀਅਤ ਸ਼ਹਿਰੀਆਂ ਲਈ ਹਮਲਾਵਰਾਂ ਨੇ ਨਹੀਂ ਸੀ ਕੀਤਾ ਹੋਇਆ। ਇਕ ਦਿਨ ਸਾਨੂੰ ਮਾਂ-ਪੁੱਤਰ ਨੂੰ ਜਾਪਿਆ ਕਿ ਬਸ ਹੁਣੇ ਸਾਡੇ ਪ੍ਰਾਣ ਨਿਕਲੇ ਕਿ ਨਿਕਲੇ। ਓਦੋਂ ਹੀ ਮੇਰੇ ਚਾਚੇ ਦਾ ਪੁੱਤਰ ਜਿਹੜਾ ਏਥੋਂ 500 ਕਿਲੋਮੀਟਰ ਦੂਰ ਕਿਸੇ ਪਿੰਡ ਵਿਚ ਰਹਿੰਦਾ ਸੀ, ਚੋਰੀ ਛੁਪੇ ਸਾਡੇ ਲਈ ਸੂਰ ਦਾ ਮਾਸ, ਆਂਡੇ ਤੇ ਆਟਾ ਲੈ ਆਇਆ। ਉਹਨੇ ਇਹ ਕਿਸੇ ਤਰ੍ਹਾਂ ਦੁਸ਼ਮਣ ਦੀ ਨਜ਼ਰੋਂ ਓਹਲੇ ਲੁਕਾ ਰੱਖੇ ਸਨ ਤੇ ਆਪਣੀ ਜਿੰਦ ਹੂਲ ਕੇ ਸਾਡੇ ਤਕ ਰਾਹ ਲੱਭ ਲਿਆ ਸੀ।

ਉਸ ਵੇਲੇ ਖੁਰਾਕ ਬਾਰੇ ਬੜੇ ਸਖਤ ਕਾਨੂੰਨ ਸਨ। ਜਿਹੜਾ ਕੋਈ ਬਿਨਾਂ ਇਜਾਜ਼ਤ ਆਪਣੇ ਘਰ ਦਾ ਸਾਮਾਨ ਆਦਿ ਖੇਤੀਬਾੜੀ ਦੀ ਉਪਜ ਨਾਲ ਵਟਾਂਦਾ ਫੜਿਆ ਜਾਂਦਾ ਸੀ, ਉਹਨੂੰ ਦੋ ਸਾਲ ਦੀ ਸਖਤ ਸਜ਼ਾ ਦਿੱਤੀ ਜਾਂਦੀ ਸੀ।

ਸਿਰਫ ਏਥੇ ਹੀ ਸਜ਼ਾ ਨਹੀਂ ਸਗੋਂ ਏਥੋਂ ਚੁੱਕ ਕੇ ਜਰਮਨੀ ਦੇ ਕਿਸੇ ਤਸੀਹਾ-ਕੈਂਪ ਵਿਚ ਭੇਜੇ ਜਾਣ ਦਾ ਖਤਰਾ ਵੀ ਸਿਰ ਉਤੇ ਲਟਕਣ ਲੱਗ ਪੈਂਦਾ ਸੀ। ਮੈਂ ਪੰਜ ਕੁ ਵਰ੍ਹੇ ਸਕੂਲ ਪੜ੍ਹ ਚੁੱਕਿਆ ਸਾਂ। ਹੁਣ ਮੇਰੇ ਲਈ ਕੋਈ ਸਕੂਲ ਨਹੀਂ ਸੀ। ਸਭ ਸੋਵੀਅਤ ਸਕੂਲ ਬੰਦ ਕਰ ਦਿੱਤੇ ਗਏ ਸਨ ਤੇ ਜਰਮਨ ਹਾਕਮਾਂ ਨੇ ਜੋ ਨਵੇਂ ਕੁਝ ਖੋਲ੍ਹੇ ਸਨ, ਉਹ ਸਿਰਫ ਪਹਿਲੀ ਤੋਂ ਚੌਥੀ ਤਕ ਸਨ। ਸਾਰੇ ਦਿਨ ਵਿਚ ਇਹ ਤਿੰਨਾਂ ਘੰਟਿਆਂ ਲਈ ਖੁੱਲ੍ਹਦੇ ਸਨ ਤੇ ਬੜੇ ਹੀ ਮਾਮੂਲੀ ਪੱਧਰ ਦੀ ਪੜ੍ਹਾਈ ਹੁੰਦੀ ਸੀ।

ਸਾਰਾ ਦਿਨ ਵਿਹਲਾ। ਭਲੇ ਸਮਿਆਂ ਵਿਚ ਇਕ ਮਿੰਟ ਵੀ ਵਿਹਲ ਨਹੀਂ ਸੀ ਮਿਲਦੀ ਹੁੰਦੀ: ਪੜ੍ਹਾਈ ਤੇ ਫੇਰ ਕਿੰਨੇ ਹੀ ਸਾਥੀ ਮੁੰਡੇ ਕੁੜੀਆਂ ਹੁੰਦੇ ਸਨ, ਤੇ ਕਿੰਨੀਆਂ ਹੀ ਖੇਡਾਂ।

ਹੁਣ ਤਾਂ ਕਿੰਨੇ ਕਿੰਨੇ ਦਿਨ ਕੋਈ ਹਮਜੋਲੀ ਵੀ ਨਹੀਂ ਸੀ ਮਿਲਦਾ। ਕਦੇ ਜੇ ਕੋਈ ਟਾਵਾਂ ਵਿਰਲਾ ਮਿਲ ਪੈਂਦਾ ਤਾਂ ਉਨ੍ਹਾਂ ਪੈਸਿਆਂ ਨਾਲ ਨਿਸ਼ਾਨੇ ਮਾਰਨਾ ਅਸੀਂ ਗਲੀਆਂ ਵਿਚ ਖੇਡ ਲੈਂਦੇ ਸਾਂ, ਜਿਹੜੇ ਪੈਸੇ ਹੁਣ ਕੁਝ ਵੀ ਖਰੀਦ ਨਹੀਂ ਸਨ ਸਕਦੇ।

ਹਾਂ, ਸਾਡੇ ਘਰ ਕਿਤਾਬਾਂ ਬੜੀਆਂ ਸਨ ਤੇ ਉਨ੍ਹਾਂ ਵਿਚੋਂ ਮੈਂ ਇਨ੍ਹਾਂ ਢਾਈ ਵਰ੍ਹਿਆਂ ਵਿਚ ਕਾਫੀ ਕੁਝ ਪੜ੍ਹਿਆ ਤੇ ਇਸ ਤਰ੍ਹਾਂ ਆਪਣੇ ਆਪ ਆਪਣੀ ਪੜ੍ਹਾਈ ਵਧਾਈ।

ਬਿਜਲੀ ਓਦੋਂ ਸਿਰਫ ਜਰਮਨਾਂ ਲਈ ਹੀ ਹੁੰਦੀ ਸੀ। ਸਾਡੇ ਘਰ, ਬਹੁਤੇ ਘਰਾਂ ਵਾਂਗ ਹਨੇਰਾ ਹੀ ਰਹਿੰਦਾ ਸੀ। ਹਾਂ, ਜੇ ਕਦੇ ਚੰਗੀ ਕਿਸਮਤ ਹੁੰਦੀ ਤਾਂ ਕੁੱਤੇ ਦੀ ਚਰਬੀ ਮਿਲ ਜਾਂਦੀ ਤੇ ਦੀਵੇ ਵਿਚ ਪਾ ਕੇ ਅਸੀਂ ਕੁਝ ਚਿਰ ਲਈ ਚਾਨਣ ਕਰ ਲੈਂਦੇ।

ਮੇਰੇ ਸਾਹਮਣੇ ਕੁਝ ਨਹੀਂ ਸੀ, ਨਾ ਭਵਿਖ ਲਈ ਕੁਝ ਪ੍ਰੋਗਰਾਮ, ਨਾ ਹੁਣ ਕਰਨ ਨੂੰ ਕੁਝ। ਸਾਰੇ ਦਿਨ ਦਾ ਆਦਰਸ਼: ਖਾਣ ਲਈ ਕੁਝ ਲੱਭਣਾ, ਆਲੇ-ਦੁਆਲੇ ਜਿਹੜੇ ਖਤਰੇ ਸਨ ਉਨ੍ਹਾਂ ਤੋਂ ਬਚਣਾ, ਚੋਰ ਬਾਜ਼ਾਰ ਵਿਚ ਜਾ ਕੇ ਕੁਝ ਵਟਾਂਦਰਾ ਕਰਨਾ, ਕਿਤੇ ਲੱਕੜ ਦਾ ਕੋਈ ਟੋਟਾ, ਕੋਈ ਟਹਿਣੀ ਲੱਭ ਲਿਆਣੀ। ਤੇ ਦਿਨ ਵੀ ਬੜਾ ਸੀਮਿਤ ਹੁੰਦਾ ਸੀ, 7 ਵਜੇ ਤੋਂ 7 ਵਜੇ ਤੱਕ। ਬਾਕੀ ਦੇ ਘੰਟੇ ਕਰਫਿਊ।

ਜਰਮਨ ਫਾਸਿਜ਼ਮ ਨੇ ਆਪਣੇ ਸਾਹਮਣੇ ਇਹ ਟੀਚਾ ਰੱਖਿਆ ਹੋਇਆ ਸੀ: ਸਲਾਵ ਨਸਲ ਨੂੰ ਸਰੀਰਕ ਤੌਰ ਉਤੇ ਹੀ ਖਤਮ ਕਰ ਦਿੱਤਾ ਜਾਏ। ਗੈਰ-ਸਲਾਵ ਨਸਲਾਂ ਦੇ ਲੋਕਾਂ ਨੂੰ ਉਹ ਜਰਮਨਿਆਣਾ ਚਾਂਹਦੇ ਸਨ। ਆਪਣੇ ਇਸ ਟੀਚੇ ਦੀ ਪੂਰਤੀ ਲਈ ਉਨ੍ਹਾਂ ਪਹਿਲਾਂ ਬੁਧੀਵਾਨਾਂ ਨੂੰ ਖਤਮ ਕਰਨਾ ਸ਼ੁਰੂ ਕੀਤਾ। ਬਸ, ਅਸੀਂ ਸਭ ਉਡੀਕ ਰਹੇ ਸਾਂ, ਕਿਤੇ ਕੁਝ ਹੋ ਜਾਏ... ਜਰਮਨ ਹਾਕਮ ਚਾਹੁੰਦੇ ਸਨ ਕਿ ਉਹ ਕੁਝ ਅਜਿਹਾ ਕਰਨ ਜਿਸ ਨਾਲ ਇਹ ਪ੍ਰਭਾਵ ਪੈ ਸਕੇ ਕਿ ਕੀਵ ਵਿਚ ਜ਼ਿੰਦਗੀ ਆਮ ਦਿਨਾਂ ਵਾਂਗ ਬੜੀ ਠੀਕ ਠਾਕ ਚਲ ਰਹੀ ਸੀ।

ਸਾਡੀ 'ਡਾਇਨਾਮੋ' ਫੁਟਬਾਲ ਟੀਮ ਬੜੀ ਪ੍ਰਸਿੱਧ ਸੀ। ਉਹਦੇ ਜਿੰਨੇ ਖਿਡਾਰੀ ਉਸ ਵੇਲੇ ਤਕ ਜਿਊਂਦੇ ਸਨ, ਉਨ੍ਹਾਂ ਨੂੰ ਜੇਲ੍ਹ ਜਾਂ ਵਗਾਰੀ ਕੰਮਾਂ ਤੋਂ ਜਰਮਨ ਹਾਕਮਾਂ ਨੇ ਮੈਚ ਖੇਡਣ ਲਈ ਹਿੱਕ ਲਿਆਂਦਾ। ਹਾਕਮਾਂ ਨੇ ਸੋਵੀਅਤ ਯੂਕਰੇਨੀ 'ਡਾਇਨਾਮੋ' ਫੁਟਬਾਲ ਟੀਮ ਦਾ ਆਪਣੇ ਫੌਜੀ ਯੂਨਿਟ ਦੀ ਫੁਟਬਾਲ ਟੀਮ ਨਾਲ ਮੈਚ ਰੱਖਿਆ।

ਇਸ ਮੈਚ ਨੂੰ ਵੇਖਣ ਲਈ ਉਨ੍ਹਾਂ ਯੂਕਰੇਨੀ ਵਸੋਂ ਨੂੰ ਜ਼ੋਰੀ ਇਕੱਠਾ ਕੀਤਾ। ਇਸ ਤਰ੍ਹਾਂ ਜਰਮਨ ਹਾਕਮਾਂ ਦਾ ਇਕ ਮੰਤਵ ਇਹ ਵੀ ਸੀ ਕਿ ਯੂਕਰੇਨੀ ਲੋਕ ਆਪ ਦੇਖ ਲੈਣਗੇ ਕਿ ਜਰਮਨ ਖਿਡਾਰੀ ਉਨ੍ਹਾਂ ਦੀ ਟੀਮ ਨਾਲੋਂ ਕਿੰਨੇ ਵਧੀਆ ਹਨ, ਤੇ ਸ਼ਹਿਰੀਆਂ ਦਾ ਹੌਂਸਲਾ ਡਿਗੇਗਾ।

ਮੈਚ ਸ਼ੁਰੂ ਹੋਇਆ। 'ਡਾਇਨਾਮੋ' ਦੇ ਖਿਡਾਰੀਆਂ ਨੇ ਅਸਾਧਾਰਨ ਉਤਸ਼ਾਹ ਨਾਲ ਖੇਡਣਾ ਸ਼ੁਰੂ ਕੀਤਾ, ਭਾਵੇਂ ਉਹ ਜੇਲ੍ਹਾਂ ਵਿਚ ਰਹਿ ਕੇ ਤੇ ਫਾਕੇ ਕੱਟ ਕੇ ਬੜੇ ਹੀ ਕਮਜ਼ੋਰ ਹੋਏ ਪਏ ਸਨ।

ਜਰਮਨ ਫੌਜੀ ਟੀਮ ਰਿਸ਼ਟ-ਪੁਸ਼ਟ ਸੀ, ਉਨ੍ਹਾਂ ਬੁੱਚੜਾਂ ਵਾਂਗ ਖੇਡ ਸ਼ੁਰੂ ਕੀਤੀ। ਇੰਟਰਵਲ ਤਕ ਯੂਕਰੇਨੀ ਟੀਮ ਖੇਡ ਵਿਚ ਅੱਗੇ ਰਹੀ। ਇੰਟਰਵਲ ਵੇਲੇ ਯੂਕਰੇਨੀ ਟੀਮ ਉਤੇ ਮਨੋਵਿਗਿਆਨਕ ਦਬਾ ਪਾਇਆ ਗਿਆ। ਇਲਾਕੇ ਦੇ ਵੱਡੇ ਜਰਮਨ ਹਾਕਮ ਨੇ ਉਨ੍ਹਾਂ ਨੂੰ ਧਮਕਾਇਆ, ਤਾੜਨਾ ਕੀਤੀ ਕਿ ਉਹ ਜਿੱਤਣ ਦੀ ਮੂਰਖਤਾ ਨਾ ਕਰਨ। ਜਿੱਤਣਾ ਉਨ੍ਹਾਂ ਲਈ ਸਿੱਧਾ ਮੌਤ ਦਾ ਸੱਦਾ ਹੋਏਗਾ। ਇੰਟਰਵਲ ਬਾਅਦ ਫੇਰ ਖੇਡ ਸ਼ੁਰੂ ਹੋਈ। ਸਾਡੀ 'ਡਾਇਨਾਮੋ' ਟੀਮ ਪਹਿਲਾਂ ਤੋਂ ਵੀ ਵੱਧ ਹੁਨਰਮੰਦੀ ਤੇ ਜੋਸ਼ ਨਾਲ ਖੇਡੀ। ਮੈਚ ਵੇਖਣ ਲਈ ਜੁੜੀ ਭੀੜ ਨੂੰ ਵੀ ਭਿਣਕ ਪੈ ਚੁੱਕੀ ਸੀ ਕਿ ਇਹ 'ਮੌਤ ਦਾ ਮੈਚ' ਹੈ, ਤੇ ਇਸ ਵਿਚ ਉਨ੍ਹਾਂ ਦੀ ਟੀਮ ਦੀ ਜਿੱਤ ਦਾ ਕੀ ਨਤੀਜਾ ਨਿਕਲੇਗਾ! ਮੈਚ ਦਾ ਖਾਤਮਾ ਜਿਉਂ-ਜਿਉਂ ਨੇੜੇ ਆ ਰਿਹਾ ਸੀ, ਵਾਤਾਵਰਨ ਹੋਰ ਖਿਚਾਅ ਭਰਿਆ ਤੇ ਗੰਭੀਰ ਹੁੰਦਾ ਜਾ ਰਿਹਾ ਸੀ।

ਸਾਡੀ ਟੀਮ ਜਿੱਤ ਗਈ... ਸਾਡੇ ਦਿਲਾਂ ਅੰਦਰ ਜਿਹੜੀ ਲੋਅ ਇਨ੍ਹਾਂ ਕਾਲੇ ਵਰ੍ਹਿਆਂ ਵਿਚ ਸਦਾ ਬਲਦੀ ਰਹੀ ਸੀ, ਉਹ ਯਕਦਮ ਕੁਝ ਉੱਚੀ ਹੋਈ।

ਇਸ ਉੱਚੀ ਹੋਈ ਲੋਅ ਦੇ ਸਾਂਝੇ ਚਾਨਣ ਵਿਚ ਜਿਵੇਂ ਸਾਨੂੰ ਭਵਿੱਖ ਦਾ ਝਲਕਾਰਾ ਪਿਆ ਹੋਵੇ- ਆਜ਼ਾਦ ਭਵਿੱਖ ਦਾ, ਇਸ ਅੱਜ ਦੀ ਸਾੜ੍ਹਸਤੀ ਤੋਂ ਮੁਕਤੀ ਦੇ ਭਵਿੱਖ ਦਾ...

ਸਾਡੀ ਟੀਮ ਸਟੇਡੀਅਮ ਤੋਂ ਸਿੱਧੀ ਤਸੀਹੇ-ਕੈਂਪ ਵਿਚ ਹਿੱਕ ਦਿੱਤੀ ਗਈ।

ਉਨ੍ਹਾਂ ਯਾਰਾਂ (ਗਿਆਰਾਂ) ਖਿਡਾਰੀਆਂ ਵਿਚੋਂ ਸਿਰਫ ਦੋ ਹੀ ਹੁਣ ਜਿਊਂਦੇ ਨੇ...।"

ਮੇਰੇ ਨਵੇਂ ਬਣੇ ਦੋਸਤ ਮਿਕੀਤੈਂਕੋ ਨੂੰ ਉਹਦੇ ਸੰਪਾਦਕੀ ਮੰਡਲ ਦੀ ਜ਼ਰੂਰੀ ਮੀਟਿੰਗ ਬੁਲਾ ਰਹੀ ਸੀ। ਵੇਲਾ ਵੀ ਕਾਫੀ ਹੋ ਗਿਆ ਸੀ। ਭਰੀਆਂ ਅੱਖਾਂ ਨਾਲ ਅਸੀਂ ਇਕ ਦੂਜੇ ਕੋਲੋਂ ਵਿਦਾ ਹੋਏ।

## ਕੀਵ ਦਾ ਇਤਿਹਾਸ

ਅਜੋਕੇ ਯੂਕਰੇਨ ਦੀ ਰਾਜਧਾਨੀ ਕੀਵ, ਮੱਧਕਾਲੀ ਯੁੱਗ ਦੌਰਾਨ (880 ਈਸਵੀ ਵਿਚ) ਓਲੇਗ ਵਾਈਕਿੰਗ ਨਾਂ ਦੇ ਸਮਰਾਟ (ਉਸ ਨੂੰ 'ਕੀਵ ਦਾ ਮਹਾਨ ਸ਼ਹਿਜ਼ਾਦਾ' ਕਿਹਾ ਜਾਂਦਾ ਹੈ) ਅਧੀਨ ਆਉਂਦੇ ਸ਼ਕਤੀਸ਼ਾਲੀ ਸਾਮਰਾਜ ਦੀ ਰਾਜਧਾਨੀ ਬਣੀ। ਇਸ ਬਾਦਸ਼ਾਹਤ ਨੂੰ 'ਕੀਵਨ ਰੂਸ' ਦਾ ਨਾਂ ਦਿੱਤਾ ਗਿਆ; ਇਸ ਨੂੰ ਪੂਰਬੀ ਸਲਾਵਿਕ ਸਾਮਰਾਜ ਵੀ ਕਿਹਾ ਜਾਂਦਾ ਹੈ। ਇਸ ਬਾਦਸ਼ਾਹਤ ਵਿਚ ਅਜੋਕੇ ਯੂਕਰੇਨ ਤੇ ਬੇਲਾਰੂਸ ਅਤੇ ਰੂਸ ਦਾ ਕਾਫੀ ਹਿੱਸਾ ਆਉਂਦੇ ਹਨ। 'ਕੀਵਨ ਰੂਸ' ਤੋਂ ਭਾਵ 'ਰੂਸ ਲੋਕਾਂ ਦੀ ਧਰਤੀ' ਹੈ। ਇਸੇ ਦੌਰਾਨ ਇੱਥੋਂ ਦੇ ਲੋਕਾਂ ਅਤੇ ਬਾਦਸ਼ਾਹਾਂ ਨੇ 'ਸਲਾਵੀਅਨ ਪੈਗਾਨਿਜ਼ਮ' (ਸਲਾਵ ਲੋਕਾਂ ਦਾ ਪੁਰਾਤਨ ਧਰਮ) ਧਰਮ ਨੂੰ ਤਿਆਗ ਕੇ ਇਸਾਈ ਧਰਮ (ਆਰਥੋਡੋਕਸ ਚਰਚ) ਅਪਣਾ ਲਿਆ। 13ਵੀਂ ਸਦੀ ਦੇ ਅੱਧ ਵਿਚ ਮੱਧ ਏਸ਼ੀਆ ਤੋਂ ਆਏ ਮੰਗੋਲਾਂ ਨੇ ਯੂਰਪ 'ਤੇ ਕੀਤੇ ਹਮਲਿਆਂ ਦੌਰਾਨ 'ਕੀਵਨ ਰੂਸ' ਨੂੰ ਤਹਿਸ-ਨਹਿਸ ਕਰ ਦਿੱਤਾ ਅਤੇ ਉਹ ਚਾਰ ਹਿੱਸਿਆਂ ਰੂਸ, ਯੂਕਰੇਨ, ਬੇਲਾਰੂਸ ਅਤੇ 'ਮਾਸਕੋ ਦੀ ਵਿਸ਼ਾਲ ਰਿਆਸਤ' ਵਿਚ ਵੰਡਿਆ ਗਿਆ।

ਅਗਲੇ ਲਗਭਗ 600 ਸਾਲ ਤਕ ਵੱਖ-ਵੱਖ ਸ਼ਕਤੀਆਂ ਨੇ ਯੂਕਰੇਨ ਦੇ ਵੱਖ-ਵੱਖ ਹਿੱਸਿਆਂ ਉੱਪਰ ਰਾਜ ਕੀਤਾ ਜਿਨ੍ਹਾਂ ਵਿਚ ਪੋਲਿਸ਼-ਲਿਥੁਆਨੀਅਨ ਗਣਰਾਜ, ਆਸਟ੍ਰੀਅਨ ਬਾਦਸ਼ਾਹਤ, ਓਟੋਮਨ ਬਾਦਸ਼ਾਹਤ ਅਤੇ ਰੂਸੀ ਜ਼ਾਰਾਂ ਦੀ ਬਾਦਸ਼ਾਹਤ ਸ਼ਾਮਿਲ ਸਨ। 18ਵੀਂ ਸਦੀ ਤਕ ਪੂਰਾ ਯੂਕਰੇਨ ਰੂਸੀ ਸਾਮਰਾਜ ਅਧੀਨ ਹੋ ਗਿਆ। ਰੂਸ ਵਿਚ ਹੋਈ ਸਾਲ 1917 ਦੀ ਅਕਤੂਬਰ ਕ੍ਰਾਂਤੀ ਤੋਂ ਬਾਅਦ ਯੂਕਰੇਨ ਕੁਝ ਸਮੇਂ ਲਈ 'ਆਜ਼ਾਦ' ਮੁਲਕ ਰਿਹਾ ਪਰ ਵੱਖ-ਵੱਖ ਇਲਾਕਿਆਂ ਵਿਚ ਸੋਵੀਅਤ ਫੌਜਾਂ ਤੋਂ ਹਾਰਨ ਤੋਂ ਬਾਅਦ 1922 ਵਿਚ ਉਹ ਸੋਵੀਅਤ ਯੂਨੀਅਨ ਦੇ ਅਧੀਨ ਰਾਜ ਬਣ ਗਿਆ। ਸੋਵੀਅਤ ਯੂਨੀਅਨ ਨੇ ਕਰੀਮੀਆ ਜੋ ਪਹਿਲਾਂ ਰੂਸ ਦਾ ਹਿੱਸਾ ਸੀ ਅਤੇ ਰੂਸ ਦੇ ਕੁਝ ਹੋਰ ਹਿੱਸਿਆਂ ਨੂੰ ਵੀ ਯੂਕਰੇਨ ਨਾਲ ਮਿਲਾ ਦਿੱਤਾ। ਇਨ੍ਹਾਂ ਸਮਿਆਂ ਵਿਚ ਉੱਥੇ ਰੂਸੀ ਭਾਸ਼ਾ ਅਤੇ ਸਭਿਆਚਾਰ ਗਾਲਿਬ ਹੋਏ। ਅਗਸਤ 1991 ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਯੂਕਰੇਨ ਆਜ਼ਾਦ ਮੁਲਕ ਬਣ ਗਿਆ। ਯੂਕਰੇਨ ਦੇ ਲੋਕ ਖੁਦ ਨੂੰ ਵੱਖਰੀ ਕੌਮ ਸਮਝਦੇ ਰਹੇ ਹਨ। ਇਹ ਵੀ ਸੱਚ ਹੈ ਕਿ ਦੋਨੇਤਸਕ, ਲੁਹਾਂਸਕ, ਮਾਰੀਓਪੋਲ, ਆਦਿ (ਦੋਨਬਾਸ) ਤੇ ਕਰੀਮੀਆ ਵਿਚ ਯੂਕਰੇਨੀਆਂ ਨੇ ਵੀ ਰੂਸੀ ਮੂਲ ਦੇ ਲੋਕਾਂ ਨਾਲ ਵਿਤਕਰਾ ਕੀਤਾ ਹੈ। ***-ਸੰਜੀਵ ਕੁਮਾਰ ਸ਼ਰਮਾ***

# ਨਵ-ਰਾਸ਼ਟਰਵਾਦ ਅਤੇ ਸੱਤਾ ਦੀ ਸਿਆਸਤ

**ਸਵਰਾਜਬੀਰ**

ਭਾਰਤ ਵਿਚ ਇਸ ਤਰ੍ਹਾਂ ਦਾ ਮਾਹੌਲ ਅਤੇ ਬਿਰਤਾਂਤ ਬਣਾਇਆ ਗਿਆ ਹੈ ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਜਿਵੇਂ ਹਿੰਦੂ ਧਰਮ ਬਹੁਤ ਤੇਜ਼ੀ ਨਾਲ ਨਵੀਂ ਵਿਜੈ ਯਾਤਰਾ ਦੇ ਰਾਹ ਅੱਗੇ ਵਧ ਰਿਹਾ ਹੋਵੇ। ਇਸ ਬਿਰਤਾਂਤ ਵਿਚ ਨਿੱਤ ਨਵੇਂ ਉਪ-ਬਿਰਤਾਂਤ ਜਨਮ ਲੈਂਦੇ ਹਨ। ਸਭ ਤੋਂ ਨਵਾਂ ਉਪ-ਬਿਰਤਾਂਤ ਗਿਆਨਵਾਪੀ ਮਸਜਿਦ ਬਾਰੇ ਹੈ ਜਿਸ ਵਿਚ ਇਕ ਹੇਠਲੀ ਅਦਾਲਤ ਦੁਆਰਾ ਕਰਵਾਏ ਗਏ ਸਰਵੇਖਣ ਦੌਰਾਨ ਸ਼ਿਵਲਿੰਗ ਮਿਲਣ ਦਾ ਦਾਅਵਾ ਕੀਤਾ ਗਿਆ ਹੈ ਅਤੇ ਮਸਜਿਦ ਨੂੰ ਢਾਹੁਣ ਤੇ ਮੰਦਰ ਬਣਾਉਣ ਦੀ ਮੰਗ ਉਭਰਨ ਲੱਗੀ ਹੈ। ਕਿਤੇ ਇਹ ਉਪ-ਬਿਰਤਾਂਤ ਉੱਭਰਦਾ ਹੈ ਕਿ ਇਸਾਈ ਪਾਦਰੀ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਲੋਭ-ਲਾਲਚ ਦੇ ਕੇ ਉਨ੍ਹਾਂ ਦੀ ਧਰਮ ਤਬਦੀਲੀ ਕਰਾ ਰਹੇ ਹਨ। ਕਿਤੋਂ ਇਹ ਖ਼ਬਰ ਆਉਂਦੀ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਘੱਟਗਿਣਤੀ ਭਾਈਚਾਰੇ ਦੇ ਨੌਜਵਾਨ ਬਹੁਗਿਣਤੀ ਭਾਈਚਾਰੇ ਦੀਆਂ ਲੜਕੀਆਂ ਨੂੰ ਵਰਗਲਾ ਕੇ ਉਨ੍ਹਾਂ ਨਾਲ ਵਿਆਹ ਕਰਵਾਉਂਦੇ ਅਤੇ ਆਪਣੇ ਧਰਮ ਦੇ ਲੋਕਾਂ ਦੀ ਗਿਣਤੀ ਵਧਾਉਂਦੇ ਹਨ; ਇਸ ਨੂੰ ਲਵ ਜਹਾਦ ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਵਿਰੁੱਧ ਕਾਨੂੰਨ ਬਣਾਏ ਗਏ ਅਤੇ ਬਣਾਏ ਜਾ ਰਹੇ ਹਨ (ਉਦਾਹਰਨ ਵਜੋਂ ਇਨ੍ਹਾਂ ਦਿਨਾਂ ਵਿਚ ਕਰਨਾਟਕ ਵਿਚ ਜਾਰੀ ਕੀਤਾ ਗਿਆ ਆਰਡੀਨੈਂਸ)। ਮੁਸਲਮਾਨ ਕੁੜੀਆਂ ਦੇ ਹਿਜਾਬ ਪਹਿਨਣ ਨੂੰ ਦੇਸ਼ ਦੀ ਧਰਮ ਨਿਰਪੱਖਤਾ ਵਿਰੁੱਧ ਦੱਸਿਆ ਜਾਂਦਾ ਹੈ। ਗਊ ਰੱਖਿਆ ਦੇ ਨਾਂ 'ਤੇ ਹਜੂਮੀ ਹਿੰਸਾ ਧਾਰਮਿਕ 'ਫਰਜ਼' ਬਣ ਚੁੱਕੀ ਹੈ; ਹਜੂਮੀ ਹਿੰਸਾ ਕਰਨ ਵਾਲੇ ਜਨਤਕ ਪੱਧਰ 'ਤੇ ਸਨਮਾਨਿਤ ਹੋ ਚੁੱਕੇ ਹਨ। ਧਰਮ ਸੰਸਦਾਂ ਵਿਚ ਬਹੁਗਿਣਤੀ ਫਿਰਕੇ ਦੇ ਨੌਜਵਾਨਾਂ ਨੂੰ ਘੱਟਗਿਣਤੀ ਫਿਰਕੇ ਦੇ ਲੋਕਾਂ ਨੂੰ ਮਾਰ-ਮੁਕਾਉਣ ਲਈ ਹਥਿਆਰ ਚੁੱਕਣ ਲਈ ਉਕਸਾਇਆ ਜਾਂਦਾ ਹੈ; ਨਫ਼ਰਤ ਭਰੇ ਭਾਸ਼ਣ ਦਿੱਤੇ ਜਾਂਦੇ ਹਨ। ਮਹਾਤਮਾ ਗਾਂਧੀ ਦੇ ਹੱਤਿਆਰੇ ਨੱਥੂ ਰਾਮ ਗੋਡਸੇ ਦਾ ਗੁਣ-ਗਾਣ ਕੀਤਾ ਜਾਂਦਾ ਹੈ। ਗਿਰਜਿਆਂ 'ਤੇ ਹਮਲੇ ਲਗਾਤਾਰ ਵਧੇ ਹਨ। ਇਕ ਪ੍ਰਾਂਤ ਦਾ ਵਿਧਾਇਕ ਮੁਸਲਮਾਨ ਭਾਈਚਾਰੇ ਦੇ ਵਪਾਰੀਆਂ ਦਾ ਬਾਈਕਾਟ ਕਰਨ ਦਾ ਸੱਦਾ ਦਿੰਦਾ ਹੈ। ਧਾਰਮਿਕ ਤਿਉਹਾਰਾਂ ਸਮੇਂ ਭੜਕਾਊ ਨਾਅਰੇ ਲੱਗਦੇ ਅਤੇ ਹਿੰਸਾ ਹੁੰਦੀ ਹੈ; ਫਿਰ ਬੁਲਡੋਜ਼ਰ ਚਲਾਏ ਜਾਂਦੇ ਹਨ।

ਕਈ ਸੂਬਿਆਂ ਵਿਚ ਦੇਸ਼ ਦੇ ਇਤਿਹਾਸ ਦੀ ਪੜ੍ਹਾਈ ਦੇ ਸਿਲੇਬਸ ਬਦਲ ਦਿੱਤੇ ਗਏ ਹਨ; ਸਿੰਧੂ ਘਾਟੀ ਦੀ ਸੱਭਿਅਤਾ ਹੁਣ ਸਿੰਧ-ਸਰਸਵਤੀ ਸੱਭਿਅਤਾ ਬਣ ਗਈ ਹੈ। ਉਸ ਸੰਗਠਨ ਜਿਸ ਨੇ ਆਜ਼ਾਦੀ ਸੰਘਰਸ਼ ਵਿਚ ਕੋਈ ਹਿੱਸਾ ਨਹੀਂ ਲਿਆ, ਨੂੰ ਅਜਿਹੀ ਸ਼ਕਤੀ ਦੱਸਿਆ ਜਾ ਰਿਹਾ ਹੈ ਜਿਹੜੀ ਦੇਸ਼ ਦੀ ਏਕਤਾ ਕਾਇਮ ਰੱਖਣਾ ਚਾਹੁੰਦੀ ਸੀ ਅਤੇ ਕਾਂਗਰਸ ਨੂੰ ਦੇਸ਼-ਵੰਡ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਵਾਰ-ਵਾਰ ਦੁਹਰਾਇਆ ਜਾਂਦਾ ਹੈ ਕਿ ਦੇਸ਼ ਵਿਸ਼ਵ-ਗੁਰੂ ਬਣ ਰਿਹਾ ਹੈ। ਪੁਰਾਤਨ ਭਾਰਤ ਨੂੰ ਸਰਬ-ਸ੍ਰੇਸ਼ਠ ਦੇਸ਼ ਅਤੇ ਪੁਰਾਤਨ ਧਾਰਮਿਕ ਗ੍ਰੰਥਾਂ ਨੂੰ ਸਾਰੇ ਗਿਆਨ ਦੇ ਸੋਮੇ ਦੱਸਿਆ ਜਾਂਦਾ ਹੈ। ਇਹ ਉਪ-ਬਿਰਤਾਂਤ ਵੀ ਲਗਭਗ ਸਥਾਪਿਤ ਹੋ ਚੁੱਕਾ ਹੈ ਕਿ ਦੇਸ਼ ਵਿਚ ਜੋ ਵੀ ਗਲਤ ਵਰਤਾਰੇ ਵਾਪਰੇ ਹਨ, ਉਹ ਬਾਹਰਲਿਆਂ (ਭਾਵ ਮੁਸਲਮਾਨ ਹਮਲਾਵਰਾਂ) ਕਾਰਨ ਹੋਏ ਅਤੇ ਅਜੋਕੀ ਹਕੂਮਤ ਉਨ੍ਹਾਂ ਨੂੰ ਠੀਕ ਕਰ ਰਹੀ ਹੈ।

ਇਨ੍ਹਾਂ ਸਾਰੇ ਉਪ-ਬਿਰਤਾਂਤਾਂ ਦੇ ਨਾਲ-ਨਾਲ ਇਹ ਖ਼ਬਰਾਂ ਵੀ ਆਉਂਦੀਆਂ ਹਨ ਕਿ ਦੇਸ਼ ਇਕ ਹਿੰਦੂ ਰਾਸ਼ਟਰ ਹੈ। ਇਕ ਸੂਬੇ ਦਾ ਵਿਧਾਇਕ ਹਿੰਦੂ ਰਾਸ਼ਟਰ ਬਣਾਉਣ ਦੇ ਉਪਰਾਲੇ ਕਰਨ ਲਈ ਸਹੁੰ ਚੁੱਕਦਾ ਹੈ। ਇਹ ਸਵਾਲ ਕਿ ਧਰਮ ਆਧਾਰਿਤ ਰਾਸ਼ਟਰ ਬਾਰੇ ਗੱਲ ਕਰਨੀ ਸੰਵਿਧਾਨ ਜਿਸ ਅਨੁਸਾਰ ਭਾਰਤ ਧਰਮ ਨਿਰਪੱਖ ਦੇਸ਼ ਹੈ, ਦੇ ਵਿਰੁੱਧ ਹੈ, ਨੂੰ ਨਵ-ਰਾਸ਼ਟਰਵਾਦੀ ਰੌਲੇ ਵਿਚ ਦਬਾ ਦਿੱਤਾ ਜਾਂਦਾ ਹੈ। ਇਹ ਉਪ-ਬਿਰਤਾਂਤ ਦੂਸਰੇ ਉਪ-ਬਿਰਤਾਂਤਾਂ ਵਿਚ ਘੁੰਮਦਾ ਤੇ ਉਨ੍ਹਾਂ ਦਾ ਹਿੱਸਾ ਹੋਣ ਦੇ ਨਾਲ ਨਾਲ ਉਹ ਮੁੱਖ ਵਿਚਾਰਧਾਰਕ ਧਾਰਨਾ ਹੈ ਜੋ ਦੂਸਰੇ ਉਪ-ਬਿਰਤਾਂਤਾਂ ਦੀ ਆਧਾਰ ਭੂਮੀ ਬਣਦੀ ਹੈ।



ਲੋਕਾਂ ਦੇ ਮਨ ਵਿਚ ਇਹ ਪ੍ਰਸ਼ਨ ਉਠਣਾ ਸੁਭਾਵਿਕ ਹੈ ਕਿ ਕੀ ਕੇਂਦਰ ਵਿਚ ਸੱਤਾਧਾਰੀ ਪਾਰਟੀ ਦੇਸ਼ ਨੂੰ ਧਰਮ ਆਧਾਰਿਤ ਰਾਸ਼ਟਰ ਐਲਾਨੇਗੀ? ਦੇਸ਼ ਦੇ ਸੰਵਿਧਾਨਕ ਮਾਹਿਰ ਦੱਸਦੇ ਹਨ ਕਿ ਇਸ ਤਰ੍ਹਾਂ ਕਰਨਾ ਸੰਭਵ ਨਹੀਂ ਹੈ; ਨਾ ਸਿਰਫ ਸੰਵਿਧਾਨ ਅਨੁਸਾਰ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਸਗੋਂ ਸੁਪਰੀਮ ਕੋਰਟ ਦੇ ਕਈ ਨਿਰਣੇ ਇਹ ਦੁਹਰਾ ਚੁੱਕੇ ਹਨ ਕਿ ਧਰਮ ਨਿਰਪੱਖਤਾ ਸੰਵਿਧਾਨ ਦੀ ਬੁਨਿਆਦੀ ਬਣਤਰ ਦਾ ਹਿੱਸਾ ਹੈ (1994 ਦੇ ਐਸ.ਆਰ. ਬੋਮਈ ਕੇਸ ਵਿਚ ਸੁਪਰੀਮ ਕੋਰਟ ਦਾ ਫੈਸਲਾ) ਅਤੇ ਕੇਸ਼ਵਾਨੰਦ ਭਾਰਤੀ ਕੇਸ (1973) ਵਿਚ ਸਰਬਉੱਚ ਅਦਾਲਤ ਦੇ ਫੈਸਲੇ ਅਨੁਸਾਰ ਬੁਨਿਆਦੀ ਬਣਤਰ ਵਿਚ ਸੰਵਿਧਾਨਕ ਸੋਧ ਨਹੀਂ ਕੀਤੀ ਜਾ ਸਕਦੀ।

ਕੁਝ ਸਿਆਸੀ ਮਾਹਿਰਾਂ ਅਤੇ ਚਿੰਤਕਾਂ ਦਾ ਕਹਿਣਾ ਹੈ ਕਿ ਰਾਸ਼ਟਰਾਂ ਦੇ ਕਿਰਦਾਰ ਦਾ ਨਿਰਣਾ ਸੰਵਿਧਾਨਾਂ ਜਾਂ ਕਾਨੂੰਨਾਂ ਰਾਹੀਂ ਨਹੀਂ ਸਗੋਂ ਲੋਕਾਂ ਦੇ ਮਨਾਂ ਵਿਚ ਹੁੰਦਾ ਹੈ। ਉੱਪਰ ਦੱਸੇ ਗਏ ਉਪ-ਬਿਰਤਾਂਤ ਬਹੁਗਿਣਤੀ ਭਾਈਚਾਰੇ ਦੇ ਲੋਕਾਂ ਦੇ ਮਨਾਂ ਵਿਚ ਇਹ ਧਾਰਨਾ ਬਣਾ ਰਹੇ ਹਨ ਕਿ ਭਾਰਤ ਹਿੰਦੂ ਰਾਸ਼ਟਰ ਹੈ; ਇਹ ਅਤਿਅੰਤ ਭਾਵਨਾਤਮਕ ਮੁੱਦਾ ਹੈ ਅਤੇ ਬਹੁਗਿਣਤੀ ਭਾਈਚਾਰੇ ਦੇ ਲੋਕਾਂ ਦਾ ਵੱਡਾ ਹਿੱਸਾ ਇਸ ਨੂੰ ਸਵੀਕਾਰ ਕਰਦਾ ਹੈ; ਜੇ ਕੋਈ ਇਸ ਦੇ ਵਿਰੁੱਧ ਦਲੀਲ ਦੇਵੇ ਤਾਂ ਉਸ ਤੋਂ ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ ਕਿ ਜੇ ਭਾਰਤ ਹਿੰਦੂ ਰਾਸ਼ਟਰ ਨਹੀਂ ਬਣੇਗਾ ਤਾਂ ਹੋਰ ਕਿਹੜਾ ਦੇਸ਼ ਬਣੇਗਾ। ਮਾਹਿਰ ਇਹ ਦਲੀਲ ਦਿੰਦੇ ਹਨ ਕਿ ਜਦ ਸੱਤਾਧਾਰੀ ਪਾਰਟੀ ਅਤੇ ਉਸ ਦੀ ਹਮਾਇਤ ਕਰਨ ਵਾਲੀਆਂ ਕੱਟੜਪੰਥੀ ਜਥੇਬੰਦੀਆਂ ਇਸ ਨਿਰਣੇ 'ਤੇ ਪਹੁੰਚਣਗੀਆਂ ਕਿ ਬਹੁਗਿਣਤੀ ਭਾਈਚਾਰੇ ਦਾ ਲੋਕ-ਮਨ ਇਸ ਧਾਰਨਾ ਨੂੰ ਸਵੀਕਾਰ ਕਰ ਚੁੱਕਾ ਹੈ ਤਾਂ ਇਸ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ।

ਕੀ ਐਲਾਨ ਕਰਨ ਨਾਲ ਕਿਸੇ ਦੇਸ਼ ਨੂੰ ਧਰਮ ਆਧਾਰਿਤ ਰਾਸ਼ਟਰ ਬਣਾਇਆ ਜਾ ਸਕਦਾ ਹੈ? ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਬਹੁਗਿਣਤੀ ਫਿਰਕੇ ਦੇ ਲੋਕਾਂ ਦਾ ਵੱਡਾ ਹਿੱਸਾ ਇਸ ਧਾਰਨਾ ਨੂੰ ਸਵੀਕਾਰ ਕਰ ਲਵੇ ਤਾਂ ਅਜਿਹਾ ਕਰਨ ਲਈ ਢੰਗ-ਤਰੀਕੇ ਲੱਭੇ ਜਾ ਸਕਦੇ ਹਨ। ਅਜਿਹੇ ਬਿਆਨ ਹੁਣ ਵੀ ਦਿੱਤੇ ਜਾ ਰਹੇ ਹਨ ਪਰ ਕਾਨੂੰਨੀ ਤੌਰ 'ਤੇ ਦੇਸ਼ ਨੂੰ ਧਰਮ ਆਧਾਰਿਤ ਰਾਸ਼ਟਰ ਐਲਾਨਣ ਲਈ ਸੰਵਿਧਾਨਕ ਸੋਧ ਦੀ ਜ਼ਰੂਰਤ ਪਵੇਗੀ ਜੋ ਕੀਤੀ ਜਾ ਸਕਦੀ ਹੈ ਜਿਵੇਂ ਸੰਵਿਧਾਨ ਦੀ ਧਾਰਾ 370 ਮਨਸੂਖ ਕਰ ਦਿੱਤੀ ਗਈ। ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਜੇ 1976 ਵਿਚ 42ਵੀਂ ਸੰਵਿਧਾਨਕ ਸੋਧ ਕਰ ਕੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਧਰਮ ਨਿਰਪੱਖ ਅਤੇ ਸਮਾਜਵਾਦੀ ਸ਼ਬਦ ਪਾਏ ਜਾ ਸਕਦੇ ਹਨ ਤਾਂ ਅਜਿਹੀ ਸੋਧ ਕਰ ਕੇ ਕੱਢੇ ਵੀ ਜਾ ਸਕਦੇ ਹਨ; ਇਨ੍ਹਾਂ ਸ਼ਬਦਾਂ ਨੂੰ ਕੱਢਣ ਨੂੰ ਇਹ ਕਹਿ ਕੇ ਨਿਆਂ-ਸੰਗਤ ਠਹਿਰਾਇਆ ਜਾ ਰਿਹਾ ਹੈ ਕਿ ਇਹ ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਉਦੋਂ ਪਾਏ ਗਏ ਜਦੋਂ ਦੇਸ਼ ਵਿਚ ਐਮਰਜੈਂਸੀ ਲੱਗੀ ਹੋਈ ਸੀ ਅਤੇ ਜਮਹੂਰੀਅਤ ਖਤਰੇ ਵਿਚ ਸੀ; ਇਨ੍ਹਾਂ ਸ਼ਬਦਾਂ ਦੀ ਹੁਣ ਕੋਈ ਜ਼ਰੂਰਤ ਨਹੀਂ ਹੈ। ਇਕ ਵਾਰ ਅਜਿਹੀ ਪਹਿਲਕਦਮੀ ਸਫਲ ਹੋ ਜਾਂਦੀ ਹੈ ਤਾਂ ਸੰਵਿਧਾਨ ਦੀ ਪ੍ਰਸਤਾਵਨਾ ਜਾਂ ਕਿਸੇ ਹੋਰ ਹਿੱਸੇ ਵਿਚ ਦੇਸ਼ ਨੂੰ ਧਰਮ ਆਧਾਰਿਤ ਰਾਸ਼ਟਰ ਐਲਾਨਣ ਬਾਰੇ ਸ਼ਬਦ ਸਿੱਧੀ ਤਰ੍ਹਾਂ ਪਾਏ ਜਾ ਸਕਦੇ ਹਨ ਜਾਂ ਅਜਿਹੀ ਅਸਿੱਧੀ ਤੇ ਗੁੰਝਲਦਾਰ ਸ਼ਬਦਾਵਲੀ ਵਰਤੀ ਜਾ ਸਕਦੀ ਹੈ ਜਿਸ ਵਿਚ ਇਹ ਨਿਹਿਤ ਹੋਵੇ ਕਿ ਦੇਸ਼ ਬੁਨਿਆਦੀ ਤੌਰ 'ਤੇ ਸਭ ਤੋਂ ਵੱਡੇ ਧਰਮ ਦੀ ਸਰਬ-ਸ੍ਰੇਸ਼ਠਤਾ ਨੂੰ ਸਵੀਕਾਰ ਕਰਦਾ ਹੈ। ਇਹ ਪ੍ਰਸ਼ਨ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਕੀ ਕੁਝ ਸਿਆਸੀ ਪਾਰਟੀਆਂ ਅਜਿਹੀ ਸੋਧ ਦਾ ਵਿਰੋਧ ਨਹੀਂ ਕਰਨਗੀਆਂ? ਇਸ ਦਾ ਉੱਤਰ ਇਹ ਹੈ ਕਿ ਸ਼ਾਇਦ ਹੀ ਕੋਈ ਵੱਡੀ ਸਿਆਸੀ ਪਾਰਟੀ ਅਜਿਹੀ ਸੋਧ ਦਾ ਵਿਰੋਧ ਕਰੇ; ਬਹੁਤ ਸਾਰੀਆਂ ਖੇਤਰੀ ਪਾਰਟੀਆਂ ਅਜਿਹੀ ਸੋਧ ਦੇ ਹੱਕ ਵਿਚ ਭੁਗਤਣਗੀਆਂ; ਕੁਝ ਪਾਰਟੀਆਂ ਇਸ ਮੁੱਦੇ 'ਤੇ ਟੁੱਟ ਵੀ ਸਕਦੀਆਂ ਹਨ। ਖੱਬੇ-ਪੱਖੀ ਪਾਰਟੀਆਂ ਅਜਿਹੀ ਸੋਧ ਦਾ ਵਿਰੋਧ ਜ਼ਰੂਰ ਕਰਨਗੀਆਂ ਪਰ ਉਨ੍ਹਾਂ ਦੀ ਸਿਆਸੀ ਤਾਕਤ ਬਹੁਤ ਸੀਮਤ ਹੈ।

ਦਲੀਲ ਦਿੱਤੀ ਜਾਂਦੀ ਹੈ ਕਿ ਸੁਪਰੀਮ ਕੋਰਟ ਅਜਿਹੀ ਸੰਵਿਧਾਨਕ ਸੋਧ ਨੂੰ ਮਾਨਤਾ ਨਹੀਂ ਦੇਵੇਗੀ। ਸਿਆਸੀ ਮਾਹਿਰਾਂ ਅਨੁਸਾਰ ਜਿਹੜੀ ਸਿਆਸੀ ਧਿਰ ਧਰਮ ਆਧਾਰਿਤ ਰਾਸ਼ਟਰ ਦੀ ਧਾਰਨਾ ਨੂੰ ਬਹੁਗਿਣਤੀ ਫਿਰਕੇ ਦੇ ਲੋਕਾਂ ਦੇ ਮਨਾਂ ਵਿਚ ਪੈਦਾ ਅਤੇ ਮਜ਼ਬੂਤ ਕਰਨ ਵਿਚ ਕਾਮਯਾਬ ਹੋ ਰਹੀ ਹੈ, ਉਹ ਅਜਿਹੀ ਸੋਧ ਨੂੰ ਸੁਪਰੀਮ ਕੋਰਟ ਤੋਂ ਪ੍ਰਵਾਨ ਕਰਵਾਉਣ ਦੇ ਢੰਗ-ਤਰੀਕੇ ਵੀ ਤਲਾਸ਼ ਲਵੇਗੀ। ਉਹ ਪਹਿਲਾਂ ਵੀ ਆਪਣੀਆਂ ਕਾਰਵਾਈਆਂ 'ਤੇ ਸੁਪਰੀਮ ਕੋਰਟ ਦੀ ਸਹੀ ਪੁਆਉਣ ਵਿਚ ਕਾਮਯਾਬ ਹੋਈ ਹੈ। ਅਜਿਹਾ ਇਕ ਨਿਰਣਾ ਦੇਣ ਵਾਲੇ ਸਾਬਕਾ ਚੀਫ ਜਸਟਿਸ ਨੂੰ ਰਾਜ ਸਭਾ ਦੀ ਸੀਟ ਦੇ ਕੇ 'ਸਨਮਾਨਿਤ' ਕੀਤਾ ਜਾ ਚੁੱਕਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸੁਪਰੀਮ ਕੋਰਟ ਨੇ ਬਹੁਤ ਵਾਰ ਸੰਵਿਧਾਨ ਅਤੇ ਉਸ ਦੀ ਬੁਨਿਆਦੀ ਬਣਤਰ ਨੂੰ ਕਾਇਮ ਰੱਖਣ ਲਈ ਵੇਲੇ ਦੀਆਂ ਸਰਕਾਰਾਂ ਵਿਰੁੱਧ ਸਟੈਂਡ ਲਿਆ ਅਤੇ ਸੰਵਿਧਾਨ ਦੀ ਰੱਖਿਆ ਕੀਤੀ ਹੈ ਪਰ ਅਜਿਹੀ ਸਥਿਤੀ ਦੀ ਕਲਪਨਾ ਕਰਨੀ ਮੁਸ਼ਕਿਲ ਨਹੀਂ ਜਦ ਕਾਰਜਪਾਲਿਕਾ (ਸਰਕਾਰ) ਇਸ ਗੱਲ ਉੱਤੇ ਅੜ ਜਾਵੇ ਕਿ ਉਸ ਨੇ ਵਿਧਾਨਪਾਲਿਕਾ ਤੋਂ ਸੰਵਿਧਾਨਕ ਸੋਧ ਕਰਾ ਲਈ ਹੈ ਅਤੇ ਉਸ ਨੂੰ ਗਲਤ ਨਹੀਂ ਠਹਿਰਾਇਆ ਜਾ ਸਕਦਾ।

### ਇਹ ਇੱਥੇ ਨਹੀਂ ਵਾਪਰ ਸਕਦਾ

ਕੀ ਇਸ ਤਰ੍ਹਾਂ ਦਾ ਕੁਝ ਭਾਰਤ ਵਿਚ ਵਾਪਰ ਸਕਦਾ ਹੈ? ਕੁਝ ਲੋਕਾਂ ਦਾ ਕਹਿਣਾ ਹੈ ਕਿ 'ਇਹ ਇੱਥੇ ਨਹੀਂ ਵਾਪਰ ਸਕਦਾ।' ਕੁਝ ਸਿਆਸੀ ਮਾਹਿਰਾਂ ਅਨੁਸਾਰ ਇਹ ਧਾਰਨਾ ਫੋਕੇ ਵਿਸ਼ਵਾਸ 'ਤੇ ਆਧਾਰਿਤ ਹੈ। ਹਕੀਕਤ ਇਹ ਹੈ ਕਿ ਬਹੁਗਿਣਤੀ ਫਿਰਕੇ ਦੇ ਲੋਕਾਂ ਦੇ ਮਨਾਂ ਵਿਚ ਤਾਂ ਇਹ ਵਾਪਰ ਹੀ ਰਿਹਾ ਹੈ; ਥਾਂ-ਥਾਂ 'ਤੇ ਯੋਜਨਾਬੱਧ ਤਰੀਕੇ ਨਾਲ ਧਰਮ ਆਧਾਰਿਤ ਰਾਸ਼ਟਰ ਲਈ ਆਵਾਜ਼ ਉਠਾਈ ਜਾ ਰਹੀ ਹੈ। ਜਿਨ੍ਹਾਂ ਕੱਟੜਪੰਥੀ ਤਾਕਤਾਂ ਨੂੰ ਜਮਹੂਰੀ ਸ਼ਕਤੀਆਂ ਹਾਸ਼ੀਆਗਤ ਤਾਕਤਾਂ ਕਹਿੰਦੀਆਂ ਹੁੰਦੀਆਂ ਸਨ, ਉਨ੍ਹਾਂ ਦੀ ਵਿਚਾਰਧਾਰਾ ਹੁਣ ਮੁੱਖ ਧਾਰਾ ਦੀ ਵਿਚਾਰਧਾਰਾ ਬਣ ਰਹੀ ਹੈ। ਜਦ ਇਕ ਧਾਰਨਾ ਬਹੁਗਿਣਤੀ ਫਿਰਕੇ ਦੇ ਲੋਕਾਂ ਦੇ ਵੱਡੇ ਹਿੱਸੇ ਦੁਆਰਾ ਸਵੀਕਾਰ ਕਰ ਲਈ ਜਾਵੇ ਤਾਂ ਉਸ ਨੂੰ ਅਮਲੀ ਰੂਪ ਦੇਣਾ ਬਹੁਤਾ ਔਖਾ ਨਹੀਂ ਹੁੰਦਾ।

ਮੁੱਖ ਸਵਾਲ ਇਹ ਹੈ ਕਿ ਕੀ ਇਸ ਰੁਝਾਨ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ? ਇਸ ਦਾ ਜਵਾਬ ਇਹ ਹੈ ਕਿ ਇਸ ਰੁਝਾਨ ਦਾ ਸਾਹਮਣਾ ਕਰਨਾ ਹੀ ਜਮਹੂਰੀ ਤਾਕਤਾਂ ਦਾ ਮੁੱਖ ਕਾਰਜ ਹੈ; ਇਹ ਰੁਝਾਨ ਨਫ਼ਰਤ ਫੈਲਾਉਣ ਅਤੇ ਵੰਡ-ਪਾਊ ਧਾਰਨਾਵਾਂ 'ਤੇ ਆਧਾਰਿਤ ਹੈ; ਇਸ ਲਈ ਲੜਾਈ ਬੁਨਿਆਦੀ ਤੌਰ 'ਤੇ ਵਿਚਾਰਧਾਰਕ ਹੈ। ਜਮਹੂਰੀ ਤਾਕਤਾਂ ਸਾਹਮਣੇ ਮੁੱਖ ਸਿਆਸੀ-ਇਤਿਹਾਸਕ ਕਾਰਜ ਇਹ ਹੈ ਕਿ ਉਨ੍ਹਾਂ ਲੋਕਾਂ ਜਿਨ੍ਹਾਂ ਦੇ ਮਨਾਂ ਵਿਚ ਨਫ਼ਰਤ ਦੇ ਬੀਜ ਬੀਜੇ ਜਾ ਰਹੇ ਹਨ, ਨੂੰ ਨਫ਼ਰਤ ਅਤੇ ਧਾਰਮਿਕ ਕੱਟੜਤਾ ਦੀ ਦਲਦਲ ਵਿਚੋਂ ਕੱਢਿਆ ਜਾਵੇ। ਇਸ ਲਈ ਹਿੰਦੂ ਧਰਮ ਦੇ ਮਹਾਨ ਸੁਧਾਰਕਾਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਪੀਪਾ, ਭਗਤ ਦਾਦੂ ਅਤੇ ਹੋਰ ਭਗਤਾਂ ਤੇ ਚਿੰਤਕਾਂ ਦੁਆਰਾ ਪ੍ਰਚਾਰੇ ਗਏ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਸਾਹਮਣੇ ਲਿਆਉਣ ਅਤੇ ਉਸ ਨੂੰ ਮੁੱਖ ਧਾਰਾ ਦੀ ਵਿਚਾਰਧਾਰਾ ਦਾ ਮੁੱਖ ਹਿੱਸਾ ਬਣਾਉਣ ਦੀ ਜ਼ਰੂਰਤ ਹੈ। ਬ੍ਰਾਹਮਣੀ ਸੋਚ ਨੇ ਇਨ੍ਹਾਂ ਭਗਤਾਂ ਅਤੇ ਉਨ੍ਹਾਂ ਦੀ ਸੋਚ ਨੂੰ ਜਾਤੀਵਾਦੀ ਬੰਧਨਾਂ ਵਿਚ ਕੈਦ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਜਮਹੂਰੀ ਤਾਕਤਾਂ ਦਾ ਕਾਰਜ ਅਜਿਹੇ ਬੰਧਨਾਂ ਨੂੰ ਤੋੜ ਕੇ ਉਨ੍ਹਾਂ ਭਗਤਾਂ ਤੇ ਚਿੰਤਕਾਂ ਦੀ ਸੋਚ ਨੂੰ ਪੁਨਰ-ਸੁਰਜੀਤ ਕਰਨਾ ਹੈ। ਜਨ-ਅੰਦੋਲਨਾਂ ਦੇ ਨਾਲ ਨਾਲ ਅਜਿਹੀ ਵਿਚਾਰਧਾਰਕ ਲੜਾਈ ਹੀ ਦੇਸ਼ ਨੂੰ ਧਾਰਮਿਕ ਕੱਟੜਤਾ ਦੀ ਦਲਦਲ ਵਿਚ ਧਸਣ ਤੋਂ ਬਚਾ ਸਕਦੀ ਹੈ। ਕੱਟੜਪੰਥੀ ਤਾਕਤਾਂ ਨੇ ਬਹੁਗਿਣਤੀ ਫਿਰਕੇ ਦੇ ਲੋਕਾਂ ਦੀਆਂ ਸੋਚਾਂ ਤੇ ਸੁਪਨਿਆਂ ਨੂੰ ਅਗਵਾ ਕਰ ਕੇ ਉਨ੍ਹਾਂ ਨੂੰ ਧਾਰਮਿਕ ਕੁੜੱਤਣ ਦੀ ਵਿਹੁ ਵਿਚ ਡੋਬ ਦਿੱਤਾ ਹੈ। ਇਸ ਕੁੜੱਤਣ ਤੋਂ ਮੁਕਤ ਹੋਣ ਲਈ ਉਨ੍ਹਾਂ ਨੂੰ ਵੱਡਾ ਸੰਘਰਸ਼ ਕਰਨਾ ਪੈਣਾ ਹੈ।

## ਇਹ ਇੱਥੇ ਨਹੀਂ ਵਾਪਰ ਸਕਦਾ...

*1935 ਵਿਚ ਅਮਰੀਕੀ ਨਾਵਲਕਾਰ ਸਿਨਕਲੇਅਰ ਲਿਊਸ ਨੇ ਆਪਣੇ ਮਸ਼ਹੂਰ ਨਾਵਲ 'ਇਹ ਇੱਥੇ ਨਹੀਂ ਵਾਪਰ ਸਕਦਾ' ਵਿਚ ਇਹ ਕਲਪਨਾ ਕੀਤੀ ਕਿ ਅਮਰੀਕਾ ਵਿਚ ਅਡੋਲਫ ਹਿਟਲਰ ਵਰਗਾ ਸ਼ਾਸਕ ਸੱਤਾ ਪ੍ਰਾਪਤ ਕਰ ਲਵੇਗਾ। ਉਸ ਕਲਪਨਾ ਵਿਚ ਬਰਜ਼ੀਲਅਸ 'ਬਜ਼' ਰਾਸ਼ਟਰਪਤੀ ਅਜਿਹੇ ਵਾਅਦਿਆਂ ਕਿ ਉਹ ਦੇਸ਼ ਨੂੰ ਮਹਾਨ ਬਣਾਏਗਾ, ਖੁਸ਼ਹਾਲੀ ਵਧਾਏਗਾ ਅਤੇ ਹਰ ਨਾਗਰਿਕ ਨੂੰ 5000 ਡਾਲਰ (ਅੱਜ ਕੱਲ੍ਹ ਦੇ 50,000 ਤੋਂ ਇਕ ਲੱਖ ਡਾਲਰ ਦੇ ਬਰਾਬਰ) ਦੀ ਸਾਲਾਨਾ ਆਮਦਨ ਯਕੀਨੀ ਬਣਾਏਗਾ, ਦੇ ਸਿਰ 'ਤੇ ਸੱਤਾ ਹਾਸਲ ਕਰਦਾ ਹੈ ਅਤੇ ਫਾਸ਼ੀਵਾਦੀ ਤਾਨਾਸ਼ਾਹ ਬਣ ਜਾਂਦਾ ਹੈ। ਅਮਰੀਕਾ ਵਿਚ ਫਾਸ਼ੀਵਾਦ ਤਾਂ ਨਹੀਂ ਆਇਆ ਪਰ ਅਜਿਹੇ ਰਾਸ਼ਟਰਪਤੀ ਜ਼ਰੂਰ ਬਣੇ ਜਿਨ੍ਹਾਂ ਨੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਜੰਗਾਂ ਕਰਵਾਈਆਂ ਅਤੇ ਤਬਾਹੀ ਮਚਾਈ। ਇਸ ਤਰ੍ਹਾਂ ਸਿਨਕਲੇਅਰ ਲਿਊਸ ਦੀ ਮੂਲ ਧਾਰਨਾ ਕਿ ਅਮਰੀਕਾ ਵਿਚ ਫਾਸ਼ੀਵਾਦ ਆਵੇਗਾ ਤਾਂ ਸਹੀ ਸਥਾਪਿਤ ਨਹੀਂ ਹੋਈ ਪਰ ਵੱਖ-ਵੱਖ ਸਮਿਆਂ 'ਤੇ ਅਜਿਹੇ ਵਿਅਕਤੀ ਰਾਸ਼ਟਰਪਤੀ ਬਣੇ ਜਿਨ੍ਹਾਂ ਦੀ ਵਿਚਾਰਧਾਰਾ ਨੀਮ-ਫਾਸ਼ੀਵਾਦੀ ਸੀ। ਇਸ ਤਰ੍ਹਾਂ ਜੋ ਵਰਤਾਰਾ ਚਿਤਵਿਆ ਜਾਵੇ, ਭਾਵੇਂ ਉਹ ਇੰਨ-ਬਿੰਨ ਨਾ ਵਾਪਰੇ ਪਰ ਉਸ ਵਰਗੇ ਵਰਤਾਰੇ ਤਾਂ ਵਾਪਰਦੇ ਹੀ ਹਨ।*

---

# ਭਾਰਤ ਵਿਕਣੇ ਲਾਇਆ...

**ਟੀਐਨ ਨੈਨਾਨ**

ਭਾਰਤ ਸਰਕਾਰ ਦੀਆਂ ਦੋ ਵਿਕਰੀਆਂ ਵੱਲ ਧਿਆਨ ਦਿਓ: ਇਕ ਏਅਰ ਇੰਡੀਆ ਦੀ ਥੋਕ ਵਿਚ ਟਾਟਾ ਗਰੁੱਪ ਨੂੰ, ਅਤੇ ਦੂਜੀ ਭਾਰਤੀ ਜੀਵਨ ਬੀਮਾ ਨਿਗਮ (ਐਲ.ਆਈ.ਸੀ.) ਦੇ ਸ਼ੇਅਰਾਂ ਦੀ ਪਰਚੂਨ ਨਿਵੇਸ਼ਕਾਰਾਂ ਨੂੰ ਕੀਤੀ ਵਿਕਰੀ। ਐਲ.ਆਈ.ਸੀ. ਦੀ ਪੇਸ਼ਕਸ਼ ਕੀਮਤ ਮੈਟਰਿਕਸ ਦੇ ਇਕ ਅੰਸ਼ 'ਤੇ ਸੀ ਜਿਸ ਤਹਿਤ ਪ੍ਰਾਈਵੇਟ ਖੇਤਰ ਦੇ ਵਿਰੋਧੀਆਂ ਦਾ ਮੁਲੰਕਣ ਕੀਤਾ ਜਾਂਦਾ ਹੈ। ਇਸ ਦੇ ਬਾਵਜੂਦ ਸੂਚੀਬੱਧ ਹੋਣ ਤੋਂ ਬਾਅਦ ਇਸ ਦੇ ਸ਼ੇਅਰਾਂ ਦੀ ਕੀਮਤ ਡਿੱਗੀ, ਭਾਵ ਇਕ ਅਜਿਹਾ ਇਤਿਹਾਸ ਜਿਸ ਨੇ ਪਹਿਲਾਂ ਵੀ ਸਰਕਾਰੀ ਕੰਪਨੀਆਂ ਨੂੰ ਬਹੁਤ ਸਤਾਇਆ ਹੈ। ਐਲ.ਆਈ.ਸੀ. ਅਜੇ ਵੀ 96.5 ਸਰਕਾਰੀ ਮਾਲਕੀ ਵਾਲੀ ਕੰਪਨੀ ਹੈ ਪਰ ਇਸ ਦੇ ਉਲਟ ਏਅਰ ਇੰਡੀਆ ਦਾ ਮੁਕੰਮਲ ਨਿਜੀਕਰਨ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਏਅਰ ਇੰਡੀਆ ਨੂੰ ਵੇਚਣ ਦੀ ਕੀਤੀ ਪੇਸ਼ਕਸ਼ ਜਿਸ ਦੌਰਾਨ ਸਰਕਾਰ ਨੇ ਕੁਝ ਸ਼ੇਅਰ ਆਪਣੇ ਕੋਲ ਰੱਖਣੇ ਸਨ, ਨੂੰ ਕੋਈ ਖਰੀਦਦਾਰ ਨਹੀਂ ਮਿਲਿਆ ਸੀ। ਇਥੋਂ ਤੱਕ ਕਿ ਸਰਕਾਰ ਵੱਲੋਂ ਸਾਰੇ ਸ਼ੇਅਰ ਵੇਚਣ ਦੀ ਪੇਸ਼ਕਸ਼ ਤੋਂ ਬਾਅਦ ਵੀ ਵਿਕਰੀ ਸਿਰਫ ਇਸ ਕਾਰਨ ਹੋਈ ਕਿਉਂਕਿ ਸਰਕਾਰ ਨੇ ਕੁੱਲ ਮਿਲਾ ਕੇ ਕਰੀਬ 50,000 ਕਰੋੜ ਰੁਪਏ 'ਤੇ ਲੀਕ ਮਾਰੀ ਸੀ। ਹੁਣ ਬਹੁਤੇ ਲੋਕਾਂ ਨੂੰ ਇਸ ਹਵਾਈ ਕੰਪਨੀ ਤੋਂ ਬਿਹਤਰ ਕਾਰਗੁਜ਼ਾਰੀ ਦੀ ਉਮੀਦ ਹੈ।

ਇਹ ਨਵੀਂ ਗੱਲ ਨਹੀਂ। ਸਰਕਾਰ ਵੱਲੋਂ ਪ੍ਰਾਈਵੇਟ ਖੇਤਰ ਦੇ ਸ਼ੇਅਰ ਧਾਰਕਾਂ ਦੀ ਘੱਟਗਿਣਤੀ ਨਾਲ (ਭਾਵ ਘੱਟ ਸ਼ੇਅਰ ਵੇਚ ਕੇ) ਖੁਦ ਚਲਾਈਆਂ ਜਾਣ ਵਾਲੀਆਂ ਕੰਪਨੀਆਂ ਦੇ ਮੁਕਾਬਲੇ ਪ੍ਰਾਈਵੇਟ ਹੱਥਾਂ ਵਿਚ ਸੌਂਪੀਆਂ ਕੰਪਨੀਆਂ ਵਿਕਰੀ ਤੋਂ ਬਾਅਦ ਬਿਹਤਰ ਕਾਰਗੁਜ਼ਾਰੀ ਵਾਲੀਆਂ ਹੁੰਦੀਆਂ ਹਨ।

ਹਕੀਕਤ ਇਹ ਹੈ ਕਿ ਕਿਸੇ ਜਨਤਕ ਖੇਤਰ ਅਦਾਰੇ ਵਿਚ ਫੈਸਲੇ ਕਰਨ ਸਬੰਧੀ ਖੁੱਲ੍ਹ ਕਾਫੀ ਸੌੜੀ ਹੁੰਦੀ ਹੈ, ਇਹੋ ਕਾਰਨ ਹੈ ਕਿ ਐਲ.ਆਈ.ਸੀ. ਅਤੇ ਜਨਤਕ ਖੇਤਰ ਦੇ ਬੈਂਕ ਲਗਾਤਾਰ ਪ੍ਰਾਈਵੇਟ ਖੇਤਰ ਦੇ ਮੁਕਾਬਲੇ ਵਿਚ ਪਛੜ ਰਹੇ ਹਨ। ਇਸ ਤੋਂ ਇਲਾਵਾ ਇਸ ਕਥਨ ਕਿ ਸਮੱਸਿਆ ਜਨਤਕ ਖੇਤਰ ਦੇ ਪ੍ਰਬੰਧਕ ਨਹੀਂ ਸਗੋਂ ਖੁਦ ਸਰਕਾਰ ਹੈ, ਸਰਕਾਰੀ ਕੰਪਨੀਆਂ ਨੂੰ ਸੂਚੀਬੱਧ ਕਰਨ ਦੀ ਦਲੀਲ ਨੂੰ ਨਕਾਰਦਾ ਹੈ ਕਿਉਂਕਿ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕੰਪਨੀਆਂ ਲਗਾਤਾਰ ਸਰਕਾਰੀ ਮਨਮਰਜ਼ੀ ਅਧੀਨ ਰਹਿੰਦੀਆਂ ਹਨ। ਇਉਂ ਇਹ ਗੱਲ ਫਿਰ ਸਿੱਧੇ ਤੌਰ 'ਤੇ ਨਿਜੀਕਰਨ ਲਈ ਦਲੀਲ ਬਣ ਜਾਂਦੀ ਹੈ ਜਿਵੇਂ ਏਅਰ ਇੰਡੀਆ ਜਿਸ ਨੂੰ ਸਰਕਾਰੀ/ਮੰਤਰੀਆਂ ਦੇ ਦਖਲ ਨਾਲ ਤਬਾਹ ਕਰ ਦਿੱਤਾ ਗਿਆ।

ਜਨਤਕ ਖੇਤਰ ਦੇ ਰਾਖੇ/ਹਮਾਇਤੀ ਆਖ ਸਕਦੇ ਹਨ ਕਿ ਪ੍ਰਾਈਵੇਟ ਖੇਤਰ ਦੀਆਂ ਨਾਕਾਮੀਆਂ ਵੀ ਜਨਤਕ ਖੇਤਰ ਵਾਂਗ ਹੀ ਆਮ ਹਨ। ਆਖਿਰ ਲਾਇਸੈਂਸ ਹਾਸਲ ਕਰਨ ਵਾਲੇ ਬਹੁਤ ਸਾਰੇ ਪ੍ਰਾਈਵੇਟ ਬੈਂਕਾਂ (ਗਲੋਬਲ ਟਰਸਟ, ਸੈਂਚੂਰੀਅਨ ਆਦਿ) ਦੀ ਹੋਂਦ ਖਤਮ ਹੋ ਚੁੱਕੀ ਹੈ; ਹੋਰਨਾਂ (ਯੈੱਸ ਬੈਂਕ) ਨੂੰ ਘਪਲੇ ਖਾ ਗਏ। ਇਹੋ ਗੱਲ ਬਹੁਤ ਸਾਰੇ ਟੈਲੀਕਾਮ ਲਾਇਸੈਂਸੀਆਂ ਅਤੇ ਪ੍ਰਾਈਵੇਟ ਏਅਰਲਾਈਨਜ਼ ਬਾਰੇ ਆਖੀ ਜਾ ਸਕਦੀ ਹੈ। ਮੁਕਾਬਲੇ ਬਾਰੇ ਸਪੱਸ਼ਟ ਨੁਕਤਾ ਇਹ ਹੁੰਦਾ ਹੈ ਕਿ ਹਾਰਨ ਵਾਲਿਆਂ ਨੂੰ ਲਾਂਭੇ ਹੋ ਜਾਣਾ ਚਾਹੀਦਾ ਹੈ ਪਰ ਸਰਕਾਰੀ ਕੰਪਨੀਆਂ ਵਿਚ ਕਰਦਾਤਾਵਾਂ ਦੇ ਪੈਸੇ ਨਾਲ ਹਾਰਨ ਵਾਲਿਆਂ ਦੇ ਖੀਸੇ ਭਰਨ ਦਾ ਰੁਝਾਨ ਹੁੰਦਾ ਹੈ।

ਭਾਰਤ ਦੇ ਹਵਾਲੇ ਨਾਲ ਨਿਜੀਕਰਨ ਖਿਲਾਫ ਅਸਲੀ ਦਲੀਲ ਇਹ ਹੈ ਕਿ ਇਥੇ ਵਿਕਰੀ ਪਿੱਛੋਂ ਕਿਸੇ ਵੀ ਵੱਡੀ ਕੰਪਨੀ ਦੇ ਕੁਲੀਨ ਵਰਗਾਂ ਵਿਚੋਂ ਕਿਸੇ ਇਕ ਦੀ ਝੋਲੀ ਪੈਣ ਦੀ ਸੰਭਾਵਨਾ ਹੁੰਦੀ ਹੈ। ਕੋਈ ਵੀ ਸਿਆਣਾ ਬੰਦਾ ਨਹੀਂ ਚਾਹੇਗਾ ਕਿ ਇਹ ਵਰਗ ਜੋ ਪਹਿਲਾਂ ਹੀ ਬਹੁਤ ਤਾਕਤਵਰ ਹੈ, ਹੋਰ ਤਕੜਾ ਹੋਵੇ। ਇਹੋ ਕਾਰਨ ਹੈ ਕਿ ਭਾਰਤ ਵਿਚ ਜਿਸ ਮਾਡਲ ਨੇ ਕੰਮ ਕੀਤਾ ਹੈ, ਉਹ ਅਸਲ ਵਿਚ ਬਾਜ਼ਾਰਾਂ (ਹਵਾਬਾਜ਼ੀ, ਟੈਲੀਕਾਮ, ਬੈਂਕਿੰਗ, ਬੀਮਾ) ਦਾ ਨਿਜੀਕਰਨ ਹੈ, ਨਾ ਕਿ ਉਸ ਬਾਜ਼ਾਰ ਨਾਲ ਸਬੰਧਤ ਕੰਪਨੀਆਂ ਦਾ ਪਰ ਇਹ ਅਜੇ ਵੀ ਮੁਕਾਬਲਾ ਆਧਾਰਿਤ ਬਾਜ਼ਾਰਾਂ ਵਿਚ ਜਨਤਕ ਖੇਤਰ ਦੇ ਹਾਰਨ ਵਾਲਿਆਂ ਨਾਲ ਸਿੱਝਣ ਦੀ ਸਮੱਸਿਆ ਨੂੰ ਛੱਡ ਦਿੰਦਾ ਹੈ।

ਜੇ ਕੋਈ ਏਅਰ ਇੰਡੀਆ ਵਾਲਾ ਹੱਲ ਅਪਣਾਉਂਦਾ ਤਾਂ ਉਸ ਨੂੰ ਪਹਿਲਾਂ ਇਸ ਗੱਲ ਦੀ ਉਡੀਕ ਕਰਨੀ ਪਵੇਗੀ ਕਿ ਕੰਪਨੀ ਦੀ ਵਿਆਪਕ ਪੱਧਰ 'ਤੇ ਦੀਵਾਲੀਆਪਣ ਦਾ ਸ਼ਿਕਾਰ ਹੋ ਜਾਣ ਵਾਲੀ ਹਾਲਤ ਬਣ ਜਾਵੇ ਅਤੇ ਫਿਰ ਉਸ ਨੂੰ ਕੌਡੀਆਂ ਦੇ ਭਾਅ ਕਿਸੇ ਨੂੰ ਦੇ ਦਿਓ, ਉਹ ਵੀ ਜੇ ਕੋਈ ਲੈਣਾ ਚਾਹੇ; ਜਾਂ ਫਿਰ ਕੋਈ ਸਰਕਾਰੀ ਕੰਪਨੀਆਂ ਦੇ ਦੀਵਾਲੀਆਪਣ ਦੇ ਅਮਲ ਦਾ ਵਿਸਤਾਰ ਕਰ ਸਕਦਾ ਹੈ ਅਤੇ ਇਸ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚ ਸਕਦਾ ਹੈ।

# ਦਿੱਲੀ ਦੇ ਦੋ ਪੁੜਾਂ ਵਿਚ ਫਸਿਆ ਪੰਜਾਬ

ਪਿਛਲੇ ਦਿਨੀਂ ਦਿੱਲੀ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਵਿਚਕਾਰ ਇਕ ਸੰਧੀ ਕੀਤੀ ਗਈ ਜਿਸ ਤਹਿਤ ਦੋਵਾਂ ਰਾਜਾਂ ਦੇ ਅਠਾਰਾਂ ਵਿਭਾਗ ਮਿਲ ਕੇ ਕੰਮ ਕਰਨਗੇ ਅਤੇ ਇਕ ਦੂਸਰੇ ਦਾ ਗਿਆਨ ਤੇ ਤਜਰਬਾ ਆਪਣੇ ਆਪਣੇ ਸੂਬੇ ਦੀ ਬੇਹਤਰੀ ਲਈ ਵਰਤਣਗੇ। ਇਹ ਸੰਧੀ ਹੁਣ ਸਿਆਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਖੁਦ-ਮੁਖਤਿਆਰ ਰਾਜਿਆਂ ਵਿਚ ਬਹੁਤ ਸਾਰੀਆਂ ਸੰਧੀਆਂ ਹੁੰਦੀਆਂ ਰਹੀਆਂ ਹਨ ਪਰ ਲੋਕਤੰਤਰ ਵਿਚ ਸ਼ਾਇਦ ਇਹ ਪਹਿਲੀ ਮਿਸਾਲ ਹੈ। ਪਿਛਲੇ ਸਮਿਆਂ ਵਿਚ ਵੀ ਰਾਜਿਆਂ ਵਿਚ ਸੰਧੀਆਂ ਹੁੰਦੀਆਂ ਰਹੀਆਂ ਹਨ ਪਰ ਉਨ੍ਹਾਂ ਦਾ ਆਧਾਰ ਹੋਰ ਹੁੰਦਾ ਸੀ। ਕਮਜ਼ੋਰ ਰਾਜਾ ਕਿਸੇ ਸ਼ਕਤੀਸ਼ਾਲੀ ਰਾਜੇ ਤੋਂ ਸ਼ਰਨ ਮੰਗਦਾ ਸੀ ਤਾਂ ਕਿ ਸ਼ਕਤੀਸ਼ਾਲੀ ਰਾਜਾ

ਰਵਿੰਦਰ ਚੋਟ
ਫੋਨ: 98726-73703


ਕਿਸੇ ਭੀੜ ਸਮੇਂ ਉਸਦੀ ਰੱਖਿਆ ਕਰੇ। ਇਸ ਦੇ ਇਵਜ਼ ਵਿਚ ਕਮਜ਼ੋਰ ਰਾਜੇ ਵਲੋਂ ਬਹੁਤ ਸਾਰੇ ਤੋਹਫੇ ਵੀ ਭੇਟ ਕੀਤੇ ਜਾਂਦੇ ਸਨ। ਕਈ ਵਾਰੀ ਜਦੋਂ ਦੋ ਰਾਜਿਆਂ ਵਿਚ ਯੁੱਧ ਚੱਲ ਰਿਹਾ ਹੁੰਦਾ ਸੀ ਜਿਹੜਾ ਰਾਜਾ ਹਾਰ ਦੇ ਨੇੜੇ ਹੁੰਦਾ ਸੀ ਉਹ ਦੂਸਰੇ ਰਾਜੇ ਦੀਆਂ ਸ਼ਰਤਾਂ ਮੰਨ ਕੇ ਸੰਧੀ ਕਰ ਲੈਂਦਾ ਸੀ। ਉਹ ਅਧੀਨ ਰਾਜੇ ਵਜੋਂ ਵਿਚਰਦਾ ਸੀ।

ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁਤ ਸਾਰੇ ਸਮਝੌਤੇ ਹੁੰਦੇ ਰਹੇ ਹਨ। ਮੁਗਲ ਰਾਜੇ ਅਹੋਮ ਰਾਜ ਨੂੰ ਜਿੱਤ ਕੇ ਆਪਣੇ ਰਾਜ ਵਿਚ ਮਿਲਾਉਣਾ ਚਾਹੁੰਦੇ ਸਨ ਪਰ ਅਹੋਮ ਰਾਜੇ ਨੇ ਉਨ੍ਹਾਂ ਦੀ ਈਨ ਨਾ ਮੰਨੀ ਤਾਂ ਮੁਗਲਾਂ ਨੂੰ 1639 ਈ. ਵਿਚ ਉਨ੍ਹਾਂ ਨਾਲ ਸੰਧੀ ਕਰਨੀ ਪਈ ਜਿਸ ਤਹਿਤ ਸਰਹੱਦਾਂ ਮਿੱਥੀਆਂ ਗਈਆਂ ਤੇ ਉਨ੍ਹਾਂ ਦੀ ਪਾਲਣਾ ਕਰਨੀ ਦੋਵਾਂ ਧਿਰਾਂ ਲਈ ਲਾਜ਼ਮੀ ਹੋ ਗਈ। ਇਸੇ ਤਰ੍ਹਾਂ 1665 ਈਸਵੀ ਵਿਚ ਮੁਗਲ ਰਾਜ ਦੇ ਸ਼ਕਤੀਸ਼ਾਲੀ ਰਾਜਪੂਤ ਜਰਨੈਲ ਰਾਜਾ ਜੈ ਸਿੰਘ ਨੇ ਪੁਰੰਦਰ ਦਾ ਕਿਲ੍ਹਾ ਫਤਹਿ ਕਰ ਕੇ ਛਤਰਪਤੀ ਸ਼ਿਵਾ ਜੀ ਮਰਾਠਾ ਨੂੰ ਸੰਧੀ ਕਰਨ ਲਈ ਮਜਬੂਰ ਕਰ ਦਿੱਤਾ ਸੀ। ਸੰਨ 1757 ਈਸਵੀ ਵਿਚ ਅੰਗਰੇਜ਼ ਜਰਨੈਲ ਰੌਬਰਟ ਕਲਾਈਵ ਨੇ ਆਪਣਾ ਪ੍ਰਭਾਵ ਵਰਤ ਕੇ ਸਿਰਾਜੁਦੌਲਾ ਨੂੰ ਸੰਧੀ ਕਰਨ ਲਈ ਮਜਬੂਰ ਕਰ ਦਿੱਤਾ ਸੀ ਜਿਸ ਤਹਿਤ ਅੰਗਰੇਜ਼ਾਂ ਨੇ ਇਹ ਅਧਿਕਾਰ ਪ੍ਰਾਪਤ ਕਰ ਲਿਆ ਸੀ ਕਿ ਅੰਗਰੇਜ਼ ਆਪਣੀਆਂ ਵਸਤਾਂ ਬਿਨਾਂ ਕੋਈ ਡਿਊਟੀ ਦਿੱਤਿਆਂ ਬੰਗਾਲ ਵਿਚੋਂ ਲੰਘਾ ਕੇ ਕਲਕੱਤਾ ਬੰਦਰਗਾਹ 'ਤੇ ਲੈ ਜਾਣਗੇ।

ਅਲਾਹਾਬਾਦ ਦੀ ਸੰਧੀ ਜੋ ਸੰਨ 1765 ਵਿਚ ਅੰਗਰੇਜ਼ ਜਨਰਲ ਰੌਬਰਟ ਕਲਾਈਵ ਅਤੇ ਮੁਗਲ ਬਾਦਸ਼ਾਹ ਸ਼ਾਹ ਆਲਮ ਦੂਸਰੇ ਵਿਚਕਾਰ ਹੋਈ, ਜਿਸ ਤਹਿਤ ਅੰਗਰੇਜ਼ਾਂ ਨੇ ਬੰਗਾਲ, ਬਿਹਾਰ ਤੇ ਉੜੀਸਾ ਵਿਚੋਂ ਟੈਕਸ ਇਕੱਠਾ ਕਰਨ ਦੇ ਅਧਿਕਾਰ ਪ੍ਰਾਪਤ ਕਰ ਲਏ ਸਨ। ਇਸ ਕਾਰਨ ਅੰਗਰੇਜ਼ਾਂ ਦੀ ਆਰਥਿਕ ਹਾਲਤ ਮਜ਼ਬੂਤ ਹੁੰਦੀ ਗਈ ਅਤੇ ਉਹ ਹੋਰ ਰਾਜਾਂ ਵਿਚ ਵੀ ਪੈਰ ਪਸਾਰਨ ਦੇ ਯੋਗ ਹੋ ਗਏ। ਵੈਦਾਗਾਓ ਦੀ ਲੜਾਈ ਵਿਚ ਅੰਗਰੇਜ਼ਾਂ ਨੇ ਮਰਾਠਿਆਂ ਨੂੰ ਇੰਨਾ ਪਛਾੜਿਆ ਕਿ ਉਨ੍ਹਾਂ ਨੂੰ ਸੰਨ 1782 ਵਿਚ ਅੰਗਰੇਜ਼ਾਂ ਦੀਆਂ ਸ਼ਰਤਾਂ ਮੰਨਣੀਆਂ ਪਈਆਂ। ਸੰਨ 1792 ਵਿਚ ਅੰਗਰੇਜ਼ ਲਾਰਡ ਕਾਰਨਵਾਲਿਸ ਅਤੇ ਟੀਪੂ ਸੁਲਤਾਨ ਵਿਚਕਾਰ ਇਕ ਸੰਧੀ ਹੋਈ ਜਿਸ ਤਹਿਤ ਅੰਗਰੇਜ਼ਾਂ ਨੇ ਉਸਦੇ ਅੱਧੇ ਰਾਜ 'ਤੇ ਕਬਜ਼ਾ ਕਰ ਲਿਆ। ਸੰਨ 1846 ਵਿਚ ਲਾਹੌਰ ਦਰਬਾਰ ਦੇ ਰਾਜਾ ਦਲੀਪ ਸਿੰਘ ਬਹਾਦਰ ਅਤੇ ਅੰਗਰੇਜ਼ ਜਨਰਲ ਹੈਨਰੀ ਹਾਰਡਿੰਗ ਵਿਚਕਾਰ ਵੀ ਇਕ ਸੰਧੀ ਹੋਈ ਜਿਸ ਤਹਿਤ ਅੰਗਰੇਜ਼ਾਂ ਨੇ ਲੜਾਈ ਤਾਂ ਖਤਮ ਕਰ ਦਿੱਤੀ ਪਰ ਅਧਿਕਾਰ ਪ੍ਰਾਪਤ ਕਰ ਕੇ ਈਸਟ ਇੰਡੀਆ ਕੰਪਨੀ ਨੇ ਕਸ਼ਮੀਰ ਨੂੰ ਰਾਜਾ ਗੁਲਾਬ ਸਿੰਘ ਕੋਲ ਵੇਚ ਦਿੱਤਾ ਸੀ, ਜਿਹੜਾ ਕਿ ਸੰਨ 1947 ਤਕ ਰਾਜ ਕਰਦਾ ਰਿਹਾ, ਬਾਅਦ ਵਿਚ ਮਹਾਰਾਜਾ ਹਰੀ ਸਿੰਘ ਨੇ ਕਸ਼ਮੀਰ ਨੂੰ ਭਾਰਤ ਨਾਲ ਰਲਾਇਆ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਹਰ ਛੋਟੀ ਧਿਰ ਨੇ ਹਮੇਸ਼ਾ ਘਾਟਾ ਖਾਧਾ ਹੈ।

ਕੌਮਾਂਤਰੀ ਪੱਧਰ 'ਤੇ ਵੀ ਬਹੁਤ ਸਾਰੀਆਂ ਸੰਧੀਆਂ ਹੁੰਦੀਆਂ ਰਹੀਆਂ ਹਨ। ਕੌਮਾਂਤਰੀ ਕਾਨੂੰਨ ਮੁਤਾਬਕ ਸੰਧੀ ਜਾਂ ਸੁਲ੍ਹਾਨਾਮਾ ਇਕ ਸਮਝੌਤਾ ਹੁੰਦਾ ਹੈ ਜੋ ਕੌਮਾਂਤਰੀ ਨਿਯਮਾਂ ਨੂੰ ਮੰਨਣ ਵਾਲੀਆਂ ਖੁਦਮੁਖਤਿਆਰ ਦੇਸ਼ਾਂ ਅਤੇ ਜਥੇਬੰਦੀਆਂ ਵਰਗੀਆਂ ਧਿਰਾਂ ਵਿਚਕਾਰ ਹੁੰਦਾ ਹੈ। ਕਈ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਲੋਕਾਂ ਪ੍ਰਤੀ ਵੀ ਅਹਿਦ ਲੈਂਦੀਆਂ ਹਨ, ਕਈ ਕੰਮਾਂ ਲਈ ਪ੍ਰਤੀਬਧਤਾ ਦੇ ਅਹਿਦ ਲੈਂਦੀਆਂ ਹਨ। ਕੈਨੇਡਾ ਦੀਆਂ ਸਰਕਾਰਾਂ ਨੇ ਕਈ ਇਤਿਹਾਸਕ ਅਤੇ ਮਾਡਰਨ ਸੰਧੀਆਂ ਆਪਣੇ ਲੋਕਾਂ ਲਈ ਕੀਤੀਆਂ। ਓਲਡ ਟਰੀਟੀਜ਼ ਟਰਾਈਬਲ ਕਲਚਰ ਨੂੰ ਬਚਾਉਣ ਲਈ ਲਈਆਂ ਗਈਆਂ। ਉਨ੍ਹਾਂ ਦੀ ਸਿਹਤ, ਵਿਦਿਆ, ਖੇਤੀ ਅਤੇ ਪਸ਼ੂ ਧਨ ਦੀ ਸੰਭਾਲ ਲਈ ਆਰਥਿਕ ਅਹਿਦ ਲਏ ਗਏ। ਮਾਡਰਨ ਟਰੀਟੀਜ਼ ਲੈਂਡ-ਕਲੇਮ ਅਤੇ ਸਰਕਾਰ ਦੇ ਆਪਣੇ ਕੰਮਾਂ ਨਾਲ ਸਬੰਧਤ ਸਨ।

ਦਿੱਲੀ ਸਰਕਾਰ ਤੇ ਪੰਜਾਬ ਦਾ ਸਮਝੌਤਾ ਪਹਿਲੀ ਵਾਰੀ ਹੋਇਆ ਹੈ। ਇਹ ਸਮਝੌਤਾ ਵੀ ਇੰਜ ਲੱਗਦਾ ਹੈ ਕਿ ਜਿਵੇਂ ਇਕ ਛੋਟੇ ਰਾਜੇ ਵਲੋਂ ਵੱਡੇ ਰਾਜੇ ਨਾਲ ਹੋਇਆ ਹੋਵੇ। ਇਹ ਵੀ ਲੱਗਦਾ ਹੈ ਕਿ ਛੋਟੇ ਰਾਜੇ ਨੂੰ ਹਰ ਫੈਸਲਾ ਵੱਡੇ ਤੋਂ ਪੁੱਛ ਕੇ ਕਰਨਾ ਪਵੇਗਾ। ਇਸ ਸੰਧੀ ਦੇ ਨਤੀਜੇ ਨਾਲ ਅਧੀਨਗੀ ਦੇ ਅਹਿਸਾਸ ਹੇਠ ਦੱਬੇ ਰਹਿਣ। ਸੂਬਿਆਂ ਵਿਚ ਜੀ.ਐਸ.ਟੀ. ਐਕਟ ਲਾਗੂ ਹੋਣ ਤੋਂ ਪਹਿਲਾਂ ਵੈਟ ਐਕਟ ਅਧੀਨ ਟੈਕਸ ਦੀ ਸਾਰੀ ਆਮਦਨ ਸੂਬਿਆਂ ਕੋਲ ਆਉਂਦੀ ਸੀ, ਕੇਂਦਰ ਦਾ ਹਿੱਸਾ ਕੇਂਦਰ ਨੂੰ ਚਲਿਆ ਜਾਂਦਾ ਸੀ। ਹਰ ਸੂਬਾ ਆਪਣੀ ਮਰਜ਼ੀ ਨਾਲ ਇਸ ਆਮਦਨ ਨੂੰ ਵਰਤਦਾ ਸੀ। ਸੂਬੇ ਆਪਣੇ ਹਾਲਾਤ ਮੁਤਾਬਕ ਟੈਕਸ ਢਾਂਚੇ ਵਿਚ ਵਾਧਾ-ਘਾਟਾ ਕਰ ਸਕਦੇ ਸਨ, ਟੈਕਸ ਦੀਆਂ ਦਰਾਂ ਵਿਚ ਵੀ ਵਾਧਾ-ਘਾਟਾ ਕਰ ਸਕਦੇ ਸਨ ਪਰ ਹੁਣ ਕੇਂਦਰ ਸਰਕਾਰ ਨੇ ਜੀ.ਐਸ.ਟੀ. ਢਾਂਚੇ ਅਧੀਨ ਇਹ ਸਾਰੀਆਂ ਤਾਕਤਾਂ ਆਪਣੇ ਕੋਲ ਲੈ ਲਈਆਂ ਹਨ। ਹੁਣ ਸਾਰਾ ਟੈਕਸ ਪਹਿਲਾਂ ਕੇਂਦਰ ਸਰਕਾਰ ਕੋਲ ਜਾਂਦਾ ਹੈ। ਫਿਰ ਕੇਂਦਰ ਆਪਣੀ ਮਰਜ਼ੀ ਨਾਲ ਸੂਬਿਆਂ ਨੂੰ ਵੰਡਦਾ ਹੈ। ਇਸ ਦੇ ਨਾਲ ਨਾਲ ਇਹ ਗੱਲ ਵੀ ਗੌਲਣਯੋਗ ਹੈ ਕਿ ਕੇਂਦਰ ਨੂੰ ਜਿਹੜੀ ਆਮਦਨ ਟੈਕਸ 'ਤੇ ਲੱਗੇ ਸੈਸ ਤੋਂ ਆਉਂਦੀ ਹੈ ਉਸ ਵਿਚੋਂ ਕੇਂਦਰ ਸਰਕਾਰ ਰਾਜ ਸਰਕਾਰਾਂ ਨੂੰ ਕੁਝ ਨਹੀਂ ਦਿੰਦਾ। ਟੈਕਸ ਦੀ ਆਪਣੀ ਬਣਦੀ ਰਕਮ ਪ੍ਰਾਪਤ ਕਰਨ ਲਈ ਕਈ ਵਾਰੀ ਸੂਬਿਆਂ ਨੂੰ ਬਹੁਤ ਯਤਨ ਕਰਨੇ ਪੈਂਦੇ ਹਨ। ਕਈ ਵਾਰੀ ਇਸ ਆਪਣੇ ਹਿੱਸੇ ਦੀ ਉਡੀਕ ਵਿਚ ਸੂਬੇ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਰੁਕ ਜਾਂਦੀਆਂ ਹਨ। ਖਾਸ ਕਰਕੇ ਇਹ ਉਨ੍ਹਾਂ ਸੂਬਿਆਂ ਨਾਲ ਵਾਪਰਦਾ ਹੈ ਜਿਨ੍ਹਾਂ ਵਿਚ ਕੇਂਦਰ ਸਰਕਾਰ ਦੀਆਂ ਵਿਰੋਧੀ ਪਾਰਟੀ ਦੀਆਂ ਸਰਕਾਰਾਂ ਹਨ। ਸਰਕਾਰਾਂ ਭਾਵੇਂ ਵਿਰੋਧੀ ਪਾਰਟੀਆਂ ਦੀਆਂ ਹੋਣ ਪਰ ਲੋਕ ਤਾਂ ਇਕ ਦੇਸ਼ ਦੇ ਵਾਸੀ ਹਨ।



ਹੀ ਆਉਣੇ ਸ਼ੁਰੂ ਹੋ ਗਏ ਹਨ। ਦਿੱਲੀ ਦੀ ਸਰਕਾਰ ਪੰਜਾਬ ਦੀ ਪੁਲੀਸ ਅਤੇ ਪ੍ਰਸ਼ਾਸਨ ਨੂੰ ਆਪਣੀਆਂ ਦੁਸ਼ਮਣੀਆਂ ਕੱਢਣ ਲਈ ਜਾਂ ਆਪਣੇ ਮੁਹਾਜ਼ ਲਈ ਵਰਤਦੀ ਨਜ਼ਰ ਆ ਰਹੀ ਹੈ। ਜੇਕਰ ਅਪਰਾਧ ਦਿੱਲੀ ਵਿਚ ਹੋਵੇ ਤਾਂ ਕੇਸ ਉਸਦਾ ਪੰਜਾਬ ਵਿਚ ਰਜਿਸਟਰ ਹੋਵੇ ਤਾਂ ਠੀਕ ਨਹੀਂ ਲੱਗਦਾ। ਸ਼ਾਇਦ ਇਹ ਸਿਆਸੀ ਮਨਸੂਬੇ ਪੂਰੇ ਕਰਨ ਲਈ ਕੀਤਾ ਜਾ ਰਿਹਾ ਹੈ ਪਰ ਇਸ ਵਰਤਾਰੇ ਨਾਲ ਪੰਜਾਬ ਦੇ ਲੋਕਾਂ ਦਾ ਕੋਈ ਭਲਾ ਨਹੀਂ ਹੋ ਸਕਦਾ। ਭਾਵੇਂ ਉਂਜ ਪੰਜਾਬ ਦੀ ਮੌਜੂਦਾ ਸਰਕਾਰ ਬਹੁਤ ਸਾਰੇ ਲੋਕ ਹਿਤ ਫੈਸਲੇ ਲੈ ਰਹੀ ਹੈ, ਉਲਝੀ ਹੋਈ ਤਾਣੀ ਨੂੰ ਸੁਲਝਾਉਣ ਲਈ ਪੂਰੀ ਵਾਹ ਲਾ ਰਹੀ ਹੈ ਪਰ ਆਰਥਿਕ ਹਾਲਾਤ ਨਾਸਾਜ਼ ਹੋਣ ਕਾਰਨ ਸਫਲਤਾ ਪ੍ਰਤੱਖ ਨਜ਼ਰ ਨਹੀਂ ਆ ਰਹੀ। ਦੂਸਰੇ ਪਾਸੇ ਕੇਂਦਰ ਸਰਕਾਰ ਤਾਂ ਪਹਿਲਾਂ ਹੀ ਸੂਬਿਆਂ ਦੇ ਸਾਰੇ ਅਧਿਕਾਰ ਆਪਣੇ ਅਧੀਨ ਕਰਨ ਦੇ ਮਨਸੂਬੇ ਬਣਾਈ ਬੈਠੀ ਹੈ ਤਾਂ ਕਿ ਉਹ


ਜੀ.ਐਸ.ਟੀ. ਐਕਟ ਲਾਗੂ ਹੋਣ ਤੋਂ ਪਹਿਲਾ ਕੇਂਦਰ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਰਾਜ ਸਰਕਾਰਾਂ ਨੂੰ ਜਿੰਨਾ ਘਾਟਾ ਪਵੇਗਾ ਉਹ ਘਾਟਾ ਕੇਂਦਰ ਪੂਰਾ ਕਰੇਗਾ ਤੇ ਉਹ ਸ਼ਰਤ ਵੀ ਇਸ ਸਾਲ ਹੀ ਖਤਮ ਹੋ ਰਹੀ ਹੈ। ਇਸ ਨਾਲ ਪੰਜਾਬ ਦਾ ਆਰਥਿਕ ਸੰਕਟ ਹੋਰ ਵੀ ਗੰਭੀਰ ਹੋ ਸਕਦਾ ਹੈ, ਜਿਸ ਦੇ ਨਤੀਜੇ ਮਾਨ ਸਰਕਾਰ ਅਤੇ ਆਮ ਲੋਕਾਂ ਨੂੰ ਭੁਗਤਣੇ ਪੈਣਗੇ।

ਪੰਜਾਬ ਆਰਥਿਕ ਸੰਕਟ ਦੇ ਨਾਲ ਨਾਲ ਇਸ ਸਮੇਂ ਬਿਜਲੀ ਦੇ ਸੰਕਟ 'ਚ ਘਿਰਿਆ ਹੋਇਆ ਹੈ। ਕੋਲੇ ਦੀ ਕਮੀ ਵੱਡੀ ਸਮੱਸਿਆ ਬਣੀ ਹੋਈ ਹੈ। ਇਕ ਅੰਦਾਜ਼ੇ ਮੁਤਾਬਕ ਇਸ ਸਾਲ ਦੋ ਹਜ਼ਾਰ ਕਰੋੜ ਤੋਂ ਪੰਜੀ ਸੌ ਕਰੋੜ ਤਕ ਬਿਜਲੀ ਸਪਾਈ 'ਤੇ ਖਰਚ ਹੋ ਸਕਦਾ ਹੈ ਤੇ 1400 ਕਰੋੜ ਦਾ ਕੋਲਾ ਲੱਗ ਜਾਣ ਦਾ ਖਦਸ਼ਾ ਹੈ। ਇਸ ਸਾਲ ਬਿਜਲੀ ਖਪਤ ਵੀ ਬਹੁਤ ਵਧ ਜਾਣ ਦੀ ਸੰਭਾਵਨਾ ਹੈ। ਹੁਣ ਕੇਂਦਰ ਸਰਕਾਰ ਵਲੋਂ ਸੂਬਿਆਂ 'ਤੇ ਪੈਟਰੋਲ ਅਤੇ ਡੀਜ਼ਲ 'ਤੇ ਟੈਕਸ ਘੱਟ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ ਜਦਕਿ ਇਨ੍ਹਾਂ ਨੂੰ ਮਿਲੀ ਭੁਗਤ ਨਾਲ ਹੀ ਜੀ.ਐਸ.ਟੀ. ਐਕਟ ਤੋਂ ਬਾਹਰ ਰੱਖਿਆ ਗਿਆ ਸੀ ਤੇ ਇਹ ਲੋਕਾਂ ਨਾਲ ਵੱਡਾ ਧੋਖਾ ਸੀ। ਜੇ ਇਨ੍ਹਾਂ ਨੂੰ ਇਸ ਐਕਟ ਅਧੀਨ ਲਿਆ ਹੁੰਦਾ ਤਾਂ ਆਪਣੇ ਆਪ ਹੀ ਇਨ੍ਹਾਂ 'ਤੇ ਟੈਕਸ ਘਟ ਜਾਣਾ ਸੀ ਅਤੇ ਲੋਕਾਂ ਨੂੰ ਵੱਡੀ ਰਾਹਤ ਮਿਲਣੀ ਸੀ।

ਪੰਜਾਬ ਦਿੱਲੀ ਦੇ ਦੋ ਪੁੜਾਂ ਵਿਚਕਾਰ ਫਸਿਆ ਨਜ਼ਰ ਆ ਰਿਹਾ ਹੈ। ਕੇਂਦਰ ਸਰਕਾਰ ਪੰਜਾਬ ਦੀ ਆਰਥਿਕਤਾ ਨੂੰ ਆਪਣੇ ਹਿੱਤ ਵਿਚ ਵਰਤਣ ਦੇ ਰੌਂਅ ਵਿਚ ਹੈ ਅਤੇ ਦਿੱਲੀ ਸਰਕਾਰ ਪੰਜਾਬ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਆਪਣੇ ਤਰੀਕੇ ਨਾਲ ਚਲਾਉਣਾ ਚਾਹੁੰਦੀ ਹੈ। ਇਸ ਤਰ੍ਹਾਂ ਪੰਜਾਬ ਦਾ ਵਜੂਦ ਕੇਂਦਰ ਸਰਕਾਰ ਦੇ ਘੇਰੇ ਵਿਚ ਹੈ ਅਤੇ ਪੰਜਾਬ ਦੀ ਰੂਹ ਕਿਸੇ ਹੋਰ ਦੇ ਹੱਥਾਂ ਵਿਚ ਹੈ। ਜਿਹੜੀ ਸਥਿਤੀ ਵਿਚੋਂ ਹੁਣ ਪੰਜਾਬ ਗੁਜ਼ਰ ਰਿਹਾ ਹੈ, ਇਸ ਵਿਚੋਂ ਕੱਢਣ ਲਈ ਰਾਜਸੀ ਪਾਰਟੀਆਂ-ਰਾਜ ਕਰਦੀ ਪਾਰਟੀ ਤੇ ਵਿਰੋਧੀ ਪਾਰਟੀਆਂ, ਪ੍ਰਸ਼ਾਸਨਿਕ ਢਾਂਚੇ ਅਤੇ ਰਾਜ ਦੇ ਲੋਕਾਂ ਨੂੰ ਬਹੁਤ ਦਿਆਨਤਦਾਰੀ ਨਾਲ ਲਗਾਤਾਰ ਕੰਮ ਕਰਨ ਦੀ ਲੋੜ ਹੈ ਤਾਂ ਹੀ ਆਸ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੇ ਚਿਹਰੇ 'ਤੇ ਪਹਿਲਾਂ ਵਾਲਾ ਨੂਰ ਵੇਖਿਆ ਜਾ ਸਕਦਾ ਹੈ।

# ਬੇਅਦਬੀ ਦਲ ਕਹਿਣਾ ਭੁੱਲ ਕੇ 'ਬੀਬੇ' ਕਿਵੇਂ ਬਣੇ ਜਥੇਦਾਰ?

ਬਰਗਾੜੀ ਵਾਲ਼ੀ ਬੇਅਦਬੀ ਅਤੇ ਉਸ ਤੋਂ ਬਾਅਦ ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਹੋਏ ਗੋਲ਼ੀ-ਕਾਂਡਾਂ ਵਿਚ ਦੋ ਬੇਦੋਸ਼ੇ ਸਿੱਖਾਂ ਦੇ ਮਾਰੇ ਜਾਣ ਉਪਰੰਤ ਸਿੱਖ ਜਗਤ ਵਿਚ ਬਾਦਲ ਦਲ ਨੂੰ ਬੇਅਦਬੀ ਦਲ ਕਿਹਾ ਜਾਣ ਲੱਗਾ। ਸਿਰਫ ਬਾਦਲ ਪਰਿਵਾਰ ਨਾਲ ਜੀਅ-ਹਜ਼ੂਰੀਆਂ ਵਾਂਗ ਜੁੜੇ ਸਿੱਖ ਆਗੂਆਂ ਨੂੰ ਛੱਡ ਕੇ ਸਿੱਖ ਸਿਆਸਤ ਵਿਚ ਸਰਗਰਮ ਸਾਰੇ ਹੀ ਸਿੱਖ ਆਗੂ ਸਟੇਜਾਂ 'ਤੇ ਬੋਲਣ ਵੇਲੇ ਜਾਂ ਮੀਡੀਆ ਨੂੰ ਕੋਈ ਬਿਆਨ ਦੇਣ ਵੇਲੇ ਬਾਦਲ ਦਲ ਨੂੰ 'ਬੇਅਦਬੀ ਦਲ' ਹੀ ਕਹਿੰਦੇ ਆ ਰਹੇ ਹਨ। ਬੀਤੇ ਦਿਨੀਂ ਬਾਦਲ ਪਰਿਵਾਰ ਦੀਆਂ



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਤੈਅਸ਼ੁਦਾ ਯੋਜਨਾਵਾਂ ਤਹਿਤ ਆਪਣੇ ਬੁਰੀ ਤਰ੍ਹਾਂ ਉੱਖੜੇ ਪੈਰ ਮੁੜ ਜਮਾਉਣ ਲਈ ਬੰਦੀ ਸਿੰਘਾਂ ਦੀ ਰਿਹਾਈ ਦੇ ਬਹਾਨੇ, ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕਰਦਿਆਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਪੰਥਕ ਇਕੱਤਰਤਾ ਬੁਲਾਈ ਗਈ। ਉਸ ਇਕੱਠ ਵਿਚ ਜਥੇਦਾਰ ਪਰਮਜੀਤ ਸਿੰਘ ਸਰਨਾ, ਸਿਮਰਨਜੀਤ ਸਿੰਘ ਮਾਨ, ਬਾਬਾ ਦਾਦੂਵਾਲ ਅਤੇ ਬਾਦਲੀ-ਪੰਜਾਲੀ 'ਚੋਂ ਤਾਜ਼ੇ ਤਾਜ਼ੇ ਬਾਹਰ ਨਿਕਲੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਕਾਲਕਾ ਵਰਗੇ ਸਿੱਖ ਆਗੂਆਂ ਨੂੰ ਸ਼ਾਮਲ ਹੋਏ ਦੇਖ ਕੇ ਸਿੱਖ ਜਗਤ ਹੈਰਾਨ ਰਹਿ ਗਿਆ!

ਸ਼੍ਰੋਮਣੀ ਅਕਾਲੀ ਦਲ ਜਿਹੀ ਸ਼ਹੀਦਾਂ ਦੀ ਜਥੇਬੰਦੀ ਨੂੰ ਬਾਦਲ ਦਲ ਫਿਰ 'ਬੇਅਦਬੀ ਦਲ' ਬਣਾ ਦੇਣ ਦੇ ਦੋਸ਼, ਬਾਦਲ ਪਰਿਵਾਰ ਉੱਤੇ ਲਾਉਂਦੇ ਆ ਰਹੇ ਇਹ ਸਾਰੇ ਜਥੇਦਾਰ, ਉਸੇ ਸੁਖਬੀਰ ਸਿੰਘ ਬਾਦਲ ਦੇ ਗੋਡੇ ਨਾਲ਼ ਗੋਡਾ ਜੋੜ ਕੇ ਬਹਿ ਗਏ ਜਿਸ ਨੇ ਉਪ ਮੁੱਖ ਮੰਤਰੀ ਹੁੰਦਿਆਂ ਦੋ ਸਿੱਖ ਗੱਭਰੂਆਂ ਨੂੰ ਗੋਲ਼ੀਆਂ ਚਲਾ ਕੇ ਮਾਰਨ ਵਾਲੇ ਪੁਲਸੀਆਂ ਨੂੰ 'ਅਣਪਛਾਤੇ' ਲਿਖਵਾਇਆ ਸੀ। ਬੇਅਦਬੀ ਕਾਂਡ ਯਾਦ ਕਰ ਕੇ ਬਾਦਲ ਪਿਉ-ਪੁੱਤ ਜਾਂ ਉਨ੍ਹਾਂ ਦੇ ਦਲ ਨੂੰ ਚਿਮਟੇ ਨਾਲ ਵੀ ਛੂਹਣਾ ਮਹਾਂ ਪਾਪ ਸਮਝਣ ਵਾਲੇ ਉਪਰੋਕਤ ਪੰਥਕ ਆਗੂਆਂ ਨੂੰ ਬਾਦਲਾਂ ਦੇ ਸਾਰੇ ਕਾਰੇ ਇਕਦਮ ਕਿਵੇਂ ਭੁੱਲ ਗਏ ? ਸਮੁੰਦਰੀ ਹਾਲ ਦੇ ਉਕਤ ਇਕੱਠ ਵਿਚ ਭਾਵੇਂ ਬਾਬੇ ਦਾਦੂਵਾਲ ਨੇ ਕੁੱਝ ਕੁ ਸੈਨਤਾਂ ਕੀਤੀਆਂ ਪਰ ਕੁੱਲ ਮਿਲ਼ਾ ਕੇ ਉਹ ਸਾਰੇ ਆਗੂ ਹੀ 'ਬੀਬੇ ਰਾਣੇ' ਬਣੇ ਵੇਖੇ ਗਏ। ਲੰਘੀਆਂ ਵਿਧਾਨ ਸਭਾਈ ਚੋਣਾਂ ਮੌਕੇ ਬਾਦਲ ਦਲ ਨੂੰ ਪੂਰੀ ਤਰ੍ਹਾਂ ਨਕਾਰਨ ਤੇ ਦੁਰਕਾਰਨ ਵਾਲੇ ਸਿੱਖਾਂ ਸਮੇਤ ਪ੍ਰਵਾਸੀ ਸਿੱਖ ਤਾਂ ਇਸ ਸ਼ਿਅਰ ਵਾਂਗ ਤਵੱਕੋ ਕਰ ਰਹੇ ਸਨ:

'ਸੁਨਾ ਥਾ ਕਿ ਗਾਲਿਬ ਕੇ ਉਡੇਂਗੇ ਪਰਖਚੇ
ਦੇਖਨੇ ਹਮ ਭੀ ਗਏ ਲੇਕਿਨ ਤਮਾਸ਼ਾ ਨਾ ਹੂਆ।'

ਸ਼੍ਰੋਮਣੀ ਕਮੇਟੀ ਦਾ ਸਾਬਕਾ ਮੈਂਬਰ ਹੋਣ ਨਾਤੇ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਸ ਮੌਕੇ ਦੀ ਇਕ ਬੜੀ ਦਿਲਚਸਪ 'ਸੂਹ' ਮਿਲੀ ਹੈ। ਕਹਿੰਦੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਥੇਦਾਰ ਸਿਮਰਨਜੀਤ ਸਿੰਘ ਮਾਨ ਅਤੇ ਜਥੇਦਾਰ ਸਰਨਾ ਸਾਹਬ ਵਰਗੇ ਆਗੂਆਂ ਨੂੰ ਬੈਠੇ ਦੇਖ ਕੇ ਹੇਠਾਂ ਇਕ ਬੰਦ ਕਮਰੇ ਵਿਚ ਬੈਠੇ ਸ੍ਰੀ ਭੂੰਦੜ, ਸ੍ਰੀ ਚੰਦੂਮਾਜਰਾ ਤੇ ਭਾਈ ਵਲਟੋਹਾ ਵਰਗੇ ਸੀਨੀਅਰ ਬਾਦਲ ਦਲੀਏ 'ਭਰਦਾਨ' ਸੁਖਬੀਰ ਸਿੰਘ ਬਾਦਲ ਨੂੰ 'ਤਿਆਰ ਕਰਦਿਆਂ' ਨਸੀਹਤਾਂ ਦੇ ਰਹੇ ਸਨ ਕਿ ਸਮੁੰਦਰੀ ਹਾਲ ਵਿਚ ਸ਼ਾਂਤੀ ਨਾਲ ਸੁਣੀ ਜਾਈਂ, ਬੁਲਾਰਿਆਂ ਨੇ ਬਹੁਤ ਕੁੱਝ ਤੇਰੇ ਖ਼ਿਲਾਫ ਬੋਲਣਾ ਐਂ... ਬੇਅਦਬੀ ਕਾਂਡ ਅਤੇ ਗੋਲੀ ਕਾਂਡ ਦੀਆਂ ਲਾਹਣਤਾਂ ਪਾਉਣੀਆਂ ਨੇ... ਉਹ ਸਾਰਾ ਕੁਝ ਤੈਨੂੰ ਸੁਣਨਾ ਪੈਣਾ ਹੈ... ਸੁਣ ਕੇ ਮੱਥੇ 'ਤੇ ਤਿਊੜੀਆਂ ਨਾ ਪਾਈਂ...ਖਾਮੋਸ਼ ਹੋ ਕੇ ਸੋਤਾ ਬਣਿਆ ਰਹੀਂ! ਕਹਿੰਦੇ ਸਹੁਰੇ ਤੁਰਨ ਲੱਗੀ ਕੁੜੀ ਨੂੰ ਮਾਈਆਂ ਵਲੋਂ ਸਿੱਖ-ਮੱਤ ਦੇਣ ਵਾਂਗ ਭਾਈ ਭੂੰਦੜ ਹੁਣੀ ਸੁਖਬੀਰ ਸਿੰਘ ਬਾਦਲ ਨੂੰ ਸਮੁੰਦਰੀ ਹਾਲ ਵਿਚ ਲੈ ਕੇ ਗਏ ਪਰ ਉਨ੍ਹਾਂ ਸਾਰਿਆਂ ਦੀ ਆਸ ਦੇ ਉਲਟ ਸਟੇਜਾਂ 'ਤੇ ਗੱਜਣ ਵਾਲੇ 'ਬੀਬੇ ਰਾਣੇ' ਹੀ ਬਣੇ ਰਹੇ...! (ਭੂੰਦੜ ਤੇ ਚੰਦੂਮਾਜਰੇ ਹੁਣੀ ਮਗਰੋਂ ਹੱਸੇ ਬਹੁਤ ਹੋਣਗੇ!)

ਇਹ ਬਿਰਤਾਂਤ ਦੇਖ ਕੇ ਮੈਨੂੰ ਮੁਗਲ ਕਾਲ ਦਾ ਇੱਕ ਇਤਿਹਾਸਕ ਵਾਕਿਆ ਯਾਦ ਆ ਗਿਆ,

ਕਹਿੰਦੇ ਜਦ ਦਿੱਲੀ ਦੇ ਤਖ਼ਤ 'ਤੇ ਬੈਠੇ ਤੈਮੂਰ ਲੰਗ ਨੂੰ ਗ਼ੁਲਾਮ ਕਾਦਰ ਰੁਹੇਲਾ (1758-1789) ਨੇ ਹਰਾ ਕੇ ਖ਼ੁਦ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਤਾਂ ਜੇਤੂ ਰੁਹੇਲਾ, ਤੈਮੂਰ



ਲੰਗ ਦੇ ਹਰਮ (ਜਨਾਨਖਾਨੇ) ਵਿਚ ਜਾ ਵੜਿਆ। ਉਸ ਨੇ ਸ਼ਾਹਜ਼ਾਦੀਆਂ ਨੂੰ ਨਿਰਵਸਤਰ ਹੋ ਕੇ ਆਪਣੇ ਸਾਹਮਣੇ ਨੱਚਣ ਦਾ ਹੁਕਮ ਦਿੱਤਾ। ਇਸ ਮੌਕੇ ਉਸ ਨੇ ਤੈਮੂਰ ਦੇ ਪਰਿਵਾਰ ਨੂੰ ਪਰਖਣਾ ਚਾਹਿਆ। ਕਹਿੰਦੇ ਰੁਹੇਲੇ ਨੇ ਕੋਲ ਰੱਖ ਲਈਆਂ ਸ਼ਰਾਬ ਦੀਆਂ ਬੋਤਲਾਂ ਤੇ ਨੇੜੇ ਪਏ ਮੇਜ ਉੱਤੇ ਆਪਣੀ ਖੰਜਰ ਰੱਖ ਦਿੱਤੀ। ਆਪ ਉਹ ਉਨੀਂਦਾ ਜਿਹਾ ਹੋਣ ਦੇ 'ਨਾਟਕ' ਵਜੋਂ ਥੋੜ੍ਹੀਆਂ ਥੋੜ੍ਹੀਆਂ ਅੱਖਾਂ ਮੀਚਣ ਲੱਗ ਪਿਆ। ਓਧਰ ਜਦ ਤੈਮੂਰ ਘਰਾਣੇ ਦੀਆਂ ਬੀਬੀਆਂ ਲੱਗੀਆਂ ਆਪਣੇ ਕੱਪੜੇ ਉਤਾਰਨ ਤਾਂ ਰੁਹੇਲਾ ਕਾਦਰ ਛਾਲ਼ ਮਾਰ ਕੇ ਉਠਿਆ ਤੇ ਉਨ੍ਹਾਂ ਨੂੰ ਕਰੜਾਈ ਨਾਲ ਵਸਤਰ ਨਾ ਉਤਾਰਨ ਲਈ ਕਹਿ ਕੇ ਬੋਲਿਆ ਕਿ ਬੱਸ ਰਹਿਣ ਦਿਉ ! ਮੈਂ ਦੇਖਣਾ ਹੀ ਸੀ ਕਿ ਤੈਮੂਰ ਦੇ ਖਾਨਦਾਨ 'ਚ ਅਣਖ ਹੋਵੇਗੀ ਕਿ ਨਹੀਂ ? ਜੇ ਅਣਖ ਹੁੰਦੀ ਤਾਂ ਤੁਹਾਡੇ 'ਚੋਂ ਕੋਈ ਮੇਜ ਤੋਂ ਖੰਜਰ ਚੁੱਕ ਕੇ ਮੇਰੇ 'ਤੇ ਹਮਲਾਵਰ ਹੋ ਜਾਂਦੀ। ਇਸ ਵਾਕਿਆ ਨੂੰ ਡਾਕਟਰ ਮੁਹੰਮਦ ਇਕਬਾਲ ਨੇ ਵੀ ਆਪਣੀ ਸ਼ਾਇਰੀ ਵਿਚ ਬਿਆਨਿਆ ਹੈ:-

'ਮੇਰਾ ਮਕਸਦ ਥਾ ਇਸ ਸੇ ਕਿ
ਕੋਈ ਤੈਮੂਰ ਕੀ ਬੇਟੀ
ਮੁਝੇ ਮਾਰ ਡਾਲੇ
ਮੇਰੇ ਹੀ ਖੰਜਰ ਸੇ
ਮਗਰ ਯਿਹ ਰਾਜ਼ ਖ਼ੁੱਲ੍ਹ ਗਯਾ
ਸਾਰੇ ਜ਼ਮਾਨੇ ਮੇਂ
ਕਿ ਗ਼ੈਰਤ ਨਾਮ ਹੈ ਜਿਸਕਾ
ਗਈ ਤੈਮੂਰ ਕੇ ਘਰ ਸੇ।'

ਚਲੋ, 'ਦੇਰ ਆਇ ਦਰੁਸਤ ਆਇ' ਵਾਂਗ ਹੁਣ ਭਾਈ ਦਾਦੂਵਾਲ ਅਤੇ ਕਈ ਹੋਰ ਸਿੰਘ ਅਤੇ ਜਥੇਬੰਦੀਆਂ ਵੀ ਇਹ ਮੰਗ ਕਰਨ ਲੱਗੀਆਂ ਹਨ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਮਗਰਮੱਛ ਦੇ ਹੰਝੂ ਕੇਰਦੇ ਸੁਖਬੀਰ ਬਾਦਲ ਨੂੰ ਕਮੇਟੀ 'ਚੋਂ ਬਾਹਰ ਕੱਢੋ। ਵਰ੍ਹਿਆਂ ਤੋਂ ਜੇਲ੍ਹਾਂ ਵਿਚ ਸੜਦੇ ਬੰਦੀ ਸਿੰਘਾਂ ਪ੍ਰਤੀ ਸੁਖਬੀਰ ਬਾਦਲ ਦੇ 'ਯੋਗਦਾਨ' ਬਾਰੇ ਸੋਚਦਿਆਂ ਇਹ ਸ਼ਿਅਰ ਜ਼ਿਹਨ ਵਿਚ ਆਉਂਦਾ ਹੈ:

'ਹਮੀਂ ਕੋ ਕਤਲ ਕਰਕੇ
ਫਿਰ ਹਮੀਂ ਸੇ ਪੂਛਤੇ ਹੈਂ ਵੋਹ
ਸ਼ਹੀਦੇ-ਨਾਜ਼ ਬਤਾ
ਮੇਰੀ ਤਲਵਾਰ ਕੈਸੀ ਹੈ।'

# ਪੀਐਚਡੀ ਕਰਨ ਦਾ ਜਨੂੰਨ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੇ ਪੀ.ਐਚਡੀ ਕਰਨ ਦੇ ਜਨੂੰਨ ਦੀ ਦਾਸਤਾਂ ਨੂੰ ਬਿਆਨ ਕੀਤਾ ਹੈ। ਉਨ੍ਹਾਂ ਅਨੁਸਾਰਜਨੂੰਨ, ਜਜ਼ਬਾ ਤੇ ਜਜ਼ਬਾਤ ਵਿਚੋਂ ਉਗੀ ਹੋਈ ਜਿੱਤ ਦੇ ਨਕਸ਼ ਜ਼ਿੰਦਗੀ ਨੂੰ ਜਿਉਣਜੋਗਾ ਕਰਦੇ ਨੇ। ਇਸ ਵਿਚੋਂ ਹੀ ਉਨ੍ਹਾਂ ਰਾਹਾਂ ਦੀ ਪਛਾਣ ਹੁੰਦੀ ਹੈ ਜਿਨ੍ਹਾਂ ਵਿਚ ਖੁਸ਼ੀਆਂ ਤੇ ਖੇੜਿਆਂ ਦੀ ਫਸਲ ਲਹਿਰਾਉਂਦੀ ਹੈ।**

ਐਮ.ਐਸ.ਸੀ. ਕਰਦਿਆਂ ਸਾਰ ਮਨ ਵਿਚ ਸੀ ਕਿ ਪੀ.ਐਚਡੀ ਕਰਾਂ ਅਤੇ ਬਾਪ ਦੀ ਅੱਖ ਵਿਚ ਪ੍ਰੈਪ ਵਿਚੋਂ ਫੇਲ੍ਹ ਹੋਣ ਦੇ ਹਿਰਖ਼ ਨੂੰ ਸਹਿਲਾਵਾਂ ਪਰ ਘਰ ਦੇ ਆਰਥਿਕ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ, ਪੀ.ਐਚਡੀ ਕਰਨ ਦਾ ਵਿਚਾਰ ਤਿਆਗ ਕੇ ਨੌਕਰੀ ਦੀ ਭਾਲ ਵਿਚ ਤੁਰ ਪਿਆ। ਭਾਵੇਂ ਕਿ ਐਮ.ਐਸ. ਸੀ ਦੇ ਰਿਜ਼ਲਟ ਆਉਣ 'ਤੇ ਡਾ. ਖੁਰਾਨਾ ਨੇ ਜ਼ੋਰ ਲਾਇਆ ਸੀ ਕਿ ਮੈਂ ਪੀ.ਐਚਡੀ ਕਰਾਂ।

ਮਨੁੱਖ ਦੀ ਸਫ਼ਲਤਾ ਦਾ ਰਾਜ਼ ਹੀ ਇਸ ਵਿਚ ਹੁੰਦਾ ਹੈ ਕਿ ਕੀ ਉਸਦੀ ਸੋਚ ਵਿਚ ਨਵੇਂ ਫੁਰਨੇ ਫੁਰਦੇ ਨੇ? ਕੀ ਉਹ ਆਪਣੀਆਂ ਤਮੰਨਾਵਾਂ ਨੂੰ ਸੰਗੋੜਦਾ ਹੈ ਜਾਂ ਫੈਲਾਉਂਦਾ ਹੈ? ਕੀ ਉਹ ਇਕ ਮੁਕਾਮ 'ਤੇ ਆ ਕੇ ਠਹਿਰ ਜਾਂਦਾ? ਕੀ ਸਾਰੀ ਜ਼ਿੰਦਗੀ ਉਸ ਹੀ ਮੁਕਾਮ ਦੇ ਨਾਮ ਲਾ ਉਮਰ ਦੇ ਪੈਂਡੇ ਨੂੰ ਖੋਟਾ ਕਰ ਜਾਂਦਾ? ਕੀ ਉਸਦੇ ਮਨ ਵਿਚ ਲਏ ਹੋਏ ਸੁਪਨੇ ਜਿਉਂਦੇ ਨੇ? ਕੀ ਕਦੇ ਕਦਾਈਂ ਉਹ ਅਧੂਰੇ ਸੁਪਨਿਆਂ ਨੂੰ ਮਿਲਦਾ ਹੈ ਅਤੇ ਉਨ੍ਹਾਂ ਦਾ ਸੱਚ ਸਿਰਜਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਸਾਣ 'ਤੇ ਲਾਉਂਦਾ ਹੈ? ਕੀ ਉਹ ਨਵੀਆਂ ਤਦਬੀਰਾਂ ਨੂੰ ਆਪਣੀ ਤਾਂਘ ਬਣਾਉਂਦਾ ਹੈ? ਕੀ ਉਸਨੂੰ ਚੇਤਿਆਂ ਵਿਚ ਸੱਜਰੇ ਲੱਗਦੇ ਨੇ ਉਹ ਪਲ ਜਦ ਤਿੜਕੇ ਸੁਪਨੇ ਦੀ ਚੀਸ ਸੀਨੇ ਵਿਚ ਛੇਕ ਕਰ ਗਈ ਸੀ ਅਤੇ ਇਸਦੀ ਪੀੜਾ ਵਿਚ ਉਹ ਖੁਦ ਵੀ ਪੀੜ ਪੀੜ ਹੋਇਆ ਸੀ? ਆਪਣੇ ਮਾਪਿਆਂ ਨੂੰ ਵੀ ਪੀੜਾਂ ਵਣਜਦੀਆਂ ਸਨ? ਕੀ ਉਹ ਨਵੀਂ ਅਤੇ ਉਚੇਰੀ ਪ੍ਰਵਾਜ਼ ਭਰਨ ਲਈ ਤਿਆਰ ਹੈ? ਕੀ ਉਸਨੂੰ ਆਪਣੇ ਆਪ 'ਤੇ ਭਰੋਸਾ ਹੈ ਕਿ ਉਹ ਜੀਵਨ ਦੇ ਕਿਸੇ ਵੀ ਪੜਾਅ ਵਿਚ ਆਪਣੇ ਸੁਪਨਿਆਂ ਦੀ ਅਪੂਰਤੀ ਨੂੰ ਪੂਰਨਤਾ ਦਾ ਵਰਦਾਨ ਦੇ ਸਕਦਾ ਹੈ?

ਅਸੀਂ ਸਾਰੇ ਸੁਪਨੇ ਲੈਂਦੇ ਹਾਂ ਅਤੇ ਫਿਰ ਸੁਪਨਿਆਂ ਨੂੰ ਭੁੱਲਣ ਦੀ ਆਦਤ ਪਾ ਲੈਂਦੇ ਹਾਂ। ਬਹੁਤੀ ਵਾਰ ਸਾਡੇ ਸੁਪਨਿਆਂ ਦੀ ਤਾਸੀਰ ਅਤੇ ਤਕਦੀਰ ਵੀ ਸਮੇਂ ਨਾਲ ਬਦਲਦੀ ਰਹਿੰਦੀ ਹੈ। ਸਾਨੂੰ ਯਾਦ ਹੀ ਨਹੀਂ ਰਹਿੰਦਾ ਕਿ ਅਸੀਂ ਕਿਸ ਰੁੱਤੇ ਕਿਹੜਾ ਸੁਪਨਾ ਲਿਆ ਸੀ ਅਤੇ ਕਿਹੜੇ ਸੁਪਨੇ ਨੂੰ ਪੂਰਾ ਕਰਨ ਲਈ ਖ਼ੁਦ ਨੂੰ ਅਰਪਿਤ ਕਰਨ ਦਾ ਪ੍ਰਣ ਲਿਆ ਸੀ। ਸਿਰਫ਼ ਕੁਝ ਬੇਹਿੰਮਤੇ ਅਤੇ ਸਿਰੜਹੀਣ ਲੋਕ ਹੁੰਦੇ ਨੇ ਜੋ ਆਪਣੀ ਤਕਦੀਰ ਨੂੰ ਕੋਸਦੇ, ਆਪਣੀਆਂ ਪੈੜਾਂ ਨੂੰ ਗਵਾਚਣ ਦੇ ਰਾਹ ਤੋਰਦੇ ਅਤੇ ਫਿਰ ਸੁਪਨਿਆਂ ਦਾ ਧੁੰਧਲਕਾ ਉਨ੍ਹਾਂ ਦੀ ਜ਼ਿੰਦਗੀ ਦੇ ਉਜਵਲ ਭਵਿੱਖ ਨੂੰ ਵੀ ਗਹਿਰ ਨਾਲ ਭਰ ਦੇਂਦਾ।

ਜ਼ਰੂਰੀ ਹੁੰਦਾ ਹੈ ਆਪਣੇ ਪੈਰਾਂ ਵਿਚ ਸਫ਼ਰ ਨੂੰ ਉਗਾਉਣਾ, ਆਪਣੇ ਦੀਦਿਆਂ ਵਿਚ ਉਚੇ ਦਿਸਹੱਦਿਆਂ ਵੰਨੀਂ ਝਾਕਣਾ ਅਤੇ ਆਪਣੀ ਸੋਚ ਦੀ ਪ੍ਰਵਾਜ਼ ਨੂੰ ਅੰਬਰ ਦਾ ਹਾਣੀ ਬਣਾਈ ਰੱਖਣਾ, ਇਸ ਨਾਲ ਕਿਸੇ ਵੀ ਅਸਥਾਈ ਰੁਕਾਵਟ ਦੇ ਕੋਈ ਅਰਥ ਨਹੀਂ ਰਹਿਣਗੇ। ਫਿਰ ਰਾਹਾਂ ਦਾ ਘੱਟਾ ਤੁਹਾਡੇ ਮਸਤਕ ਦੀ ਧੂੜ ਬਣ ਕੇ ਤੁਹਾਡੀਆਂ ਬਲਾਵਾਂ ਉਤਾਰਦਾ, ਤੁਹਾਡੀਆਂ ਪੈੜਾਂ ਨੂੰ ਨਤਮਸਤਕ ਹੋਵੇਗਾ।

ਸਰਕਾਰੀ ਕਾਲਜ ਦੀ ਸਥਾਈ ਨੌਕਰੀ ਮਿਲਣ ਅਤੇ ਸਿਰ 'ਤੇ ਛੱਤ ਅਤੇ ਆਪਣੇ ਪਰਿਵਾਰ ਦੇ ਨਿੱਘ ਨੂੰ ਮਾਣਦਿਆਂ ਵੀ ਮਨ ਵਿਚ ਇਕ ਕਸਕ ਜ਼ਰੂਰ ਉਠਦੀ ਸੀ ਕਿ ਮੈਂ ਪੀ.ਐਚਡੀ ਕਰਾਂ। ਇਹ ਸੁਪਨਾ ਮੇਰੇ ਅਵਚੇਤਨ ਵਿਚ ਅਕਸਰ ਹੀ ਮੈਨੂੰ ਕੁਰੇਦਦਾ ਰਹਿੰਦਾ। ਇਸ ਸੁਪਨੇ ਨਾਲ ਹੀ ਬਹੁਤ ਕੁਝ ਅਜਿਹਾ ਜੁੜਿਆ ਹੋਇਆ ਸੀ ਜਿਸਨੂੰ ਪੂਰਾ ਕਰਨ ਲਈ ਮੈਂ ਆਪਣੇ ਆਪ ਨੂੰ ਪ੍ਰਖਣਾ ਅਤੇ ਨਿਰੀਖਣਾ ਚਾਹੁੰਦਾ ਸਾਂ। ਇਸ ਚਾਹਤ ਵਿਚੋਂ ਹੀ ਉਗਮੇ ਮੇਰੇ ਖ਼ਿਆਲ ਨੂੰ ਅਸਲੀਅਤ ਦਾ ਜਾਮਾ ਪਾਉਣ ਲਈ ਇਕ ਦਿਨ ਮੈਂ ਆਪਣੇ ਮਿੱਤਰ, ਬੀ.ਐਸ.ਸੀ. ਤੇ ਐਮ.ਐਸ.ਸੀ. ਵਿਚ ਮੇਰੇ ਤੋਂ ਇਕ ਸਾਲ ਜੂਨੀਅਰ ਅਤੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਫ਼ਿਜ਼ਿਕਸ ਵਿਭਾਗ ਵਿਚ ਅਸਿਸਟੈਂਟ ਪ੍ਰੋਫੈਸਰ ਵਜੋਂ ਕਾਰਜਸ਼ੀਲ ਡਾ. ਕੁਲਵੰਤ ਸਿੰਘ ਨੂੰ ਮਿਲਿਆ ਅਤੇ ਉਸ ਨਾਲ ਪੀ.ਐਚਡੀ ਕਰਨ ਦੀ ਇੱਛਾ ਜ:ਾਹਰ ਕੀਤਾ। ਇਹ ਡਾ. ਥਿੰਦ ਦੀ ਵਡੱਤਣ ਅਤੇ ਮੁਹੱਬਤੀ ਅੰਦਾਜ਼ ਸੀ ਕਿ ਉਸ ਨੇ ਇਸਦੀ ਹਾਮੀ ਭਰੀ ਅਤੇ ਮੈਂ ਪੀ.ਐਚਡੀ ਕਰਨ ਦਾ ਮਨ ਵਿਚ ਧਾਰ ਲਿਆ।

ਸਾਇੰਸ ਵਿਚ ਪੀ.ਐਚਡੀ ਕਰਨਾ, ਬਹੁਤ ਹੀ ਮਿਹਨਤ ਅਤੇ ਸਿਰੜ ਵਾਲਾ ਕਾਰਜ ਹੈ ਜਿਸ ਵਿਚ ਤੁਹਾਡੀ ਮਿਹਨਤ, ਨਿਰੰਤਰਤਾ, ਧਿਆਨ ਦਾ ਕੇਂਦਰੀਕਰਨ ਅਤੇ ਆਪਣੇ ਆਪ ਨੂੰ ਇਕ ਨਿਸ਼ਚਿਤ ਸੀਮਾ ਵਿਚ ਬੰਨ੍ਹ ਕੇ ਸਮੇਂ ਸਿਰ ਪੂਰਾ ਕਰਨਾ ਹੂੰਦਾ। ਇਹ ਖੋਜ ਕਾਰਜ ਪ੍ਰਯੋਗਕੀ ਅਤੇ ਥਿਊਰੀਕਲ ਹੁੰਦਾ ਹੈ। ਇਸ ਵਿਚ ਤੁਹਾਡੇ ਗਾਈਡ ਨੇ ਸਿਰਫ਼ ਗਾਈਡ ਕਰਨਾ ਹੁੰਦਾ। ਇਹ ਖੋਜਾਰਥੀ 'ਤੇ ਨਿਰਭਰ ਕਰਦਾ ਕਿ ਉਹ ਆਪਣੇ ਗਾਈਡ ਦੇ ਦਿਸ਼ਾ-ਨਿਰਦੇਸ਼ਾਂ ਦੀ ਆਗਿਆ ਦਾ ਪਾਲਣ ਕਰਦਿਆਂ ਖ਼ੁਦ ਨੂੰ ਕਿੰਨਾ ਕੁ ਸਾਧਦਾ ਹੈ? ਆਪਣੇ ਖੋਜ-ਕਾਰਜ ਪ੍ਰਤੀ ਕਿੰਨਾ ਸਮਰਪਿਤ, ਸੰਜੀਦਾ ਅਤੇ ਸਮਝਦਾਰ ਹੈ। ਇਸ ਵਿਚ ਤੀਸਰੀ ਅੱਖ ਰਾਹੀਂ ਝਾਕਣਾ ਬਹੁਤ ਅਹਿਮ ਹੁੰਦਾ ਕਿ ਤੁਸੀਂ ਕੋਈ ਵੀ ਖੋਜ-ਕਾਰਜ ਕਰਦਿਆਂ, ਇਸ 'ਚੋਂ ਕਿਹੋ ਜਿਹੇ ਸਿੱਟੇ ਕਿਆਸ ਕਰ ਸਕਦੇ ਹੋ? ਇਨ੍ਹਾਂ ਵਿਚੋਂ ਕਿਹੜੇ ਨਵੇਂ ਤੱਥ ਸਾਹਮਣੇ ਲਿਆ ਸਕਦੇ ਹੋ ਜਿਨ੍ਹਾਂ ਵਿਚੋਂ ਭੌਤਿਕ ਵਿਗਿਆਨ ਨੂੰ ਸਮੁੱਚਤਾ ਵਿਚ ਵਰਤਿਆ ਤੇ ਸਮਝਿਆ ਜਾ ਸਕਦਾ? ਇਸ ਦੀਆਂ ਕਿਹੜੀਆਂ ਲੱਭਤਾਂ ਵਿਚੋਂ ਮਨੁੱਖ ਨੂੰ ਖ਼ੁਦ ਨੂੰ ਵਿਸਥਾਰਤ ਕਰਨ ਦਾ ਮੌਕਾ ਮਿਲਦਾ ਹੈ?




ਮੇਰਾ ਪੀ.ਐਚਡੀ ਦਾ ਵਿਸ਼ਾ ਸੀ ਕਿ ਰੇਡੀਆਈ ਕਿਰਨਾਂ (ਅਲਫ਼ਾ, ਬੀਟਾ ਅਤੇ ਗਾਮਾ ਕਿਰਨਾਂ) ਵੱਖੋ-ਵੱਖਰੇ ਪਦਾਰਥਾਂ ਵਿਚੋਂ ਕਿਵੇਂ ਲੰਘਦੀਆਂ ਅਤੇ ਉਨ੍ਹਾਂ ਵਿਚ ਜਜ਼ਬ ਹੁੰਦੀਆਂ ਨੇ? ਇਨ੍ਹਾਂ ਪਦਾਰਥਾਂ ਨੂੰ ਉਨ੍ਹਾਂ ਕਿਰਨਾਂ ਤੋਂ ਬਚਾਅ ਲਈ ਮਨੁੱਖ ਕਿਵੇਂ ਵਰਤ ਸਕਦਾ ਹੈ। ਇਸ ਖੋਜ ਕਾਰਜ ਵਿਚ ਕੁਝ ਹਿੱਸਾ ਪ੍ਰਯੋਗਕੀ ਅਤੇ ਕੁਝ ਥਿਊਰੀਕਲ ਸੀ। ਲੈਬ ਵਿਚ ਪ੍ਰਯੋਗ ਕਰਦਿਆਂ ਅਕਸਰ ਹੀ ਰੇਡੀਆਈ ਪਦਾਰਥਾਂ ਅਤੇ ਕਿਰਨਾਂ ਨਾਲ ਵਾਹ ਪੈਂਦਾ ਸੀ ਅਤੇ ਉਨ੍ਹਾਂ ਤੋਂ ਖੁਦ ਨੂੰ ਬਚਾਉਣਾ ਵੀ ਜ਼ਰੂਰੀ ਸੀ।

ਸ਼ੁਰੂ ਸ਼ੁਰੂ ਵਿਚ ਡਾ. ਥਿੰਦ ਨੂੰ ਲੱਗਦਾ ਕਿ ਸ਼ਾਇਦ ਮੈਂ ਪੀ.ਐਚਡੀ ਨੂੰ ਪੂਰਾ ਨਾ ਕਰ ਸਕਾਂ ਕਿਉਂਕਿ ਉਨ੍ਹਾਂ ਨੇ ਦੇਖਿਆ ਸੀ ਕਿ ਕੁਝ ਕਾਲਜਾਂ ਦੇ ਪ੍ਰੋਫੈਸਰ ਯੂਜੀਸੀ ਵਲੋਂ ਫ਼ੈਲੋਸ਼ਿਪ ਲੈ ਕੇ ਪੀ.ਐਚਡੀ ਕਰਨ ਲਈ ਆਉਂਦੇ ਸਨ ਅਤੇ ਪੰਜ ਸਾਲ ਗਵਾ ਕੇ ਬਿਨਾਂ ਪੀ.ਐਚਡੀ ਕੀਤਿਆਂ ਹੀ ਵਾਪਸ ਚਲੇ ਜਾਂਦੇ ਸਨ ਪਰ ਮੈਂ ਤਾਂ ਕਾਲਜ ਵਿਚ ਪੜ੍ਹਾਉਂਦਿਆਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪਾਰਟ ਟਾਈਮ ਪੀ.ਐਚਡੀ ਕਰਨ ਦਾ ਫੈਸਲਾ ਕੀਤਾ ਸੀ। ਇਸ ਵਿਚ ਕਪੂਰਥਲਾ ਅਤੇ ਅੰਮ੍ਰਿਤਸਰ ਵਿਚਲੀ ਦੂਰੀ ਅਤੇ ਮੇਰੀਆਂ ਕਾਲਜ ਅਧਿਆਪਨ ਦੀਆਂ ਬੰਦਸ਼ਾਂ ਵੀ ਸਨ। ਉਨ੍ਹਾਂ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਹੀ ਪੀ. ਐਚਡੀ ਕਰਨ ਦਾ ਅਸੰਭਵ ਜਾਪਦਾ ਕਾਰਜ ਕਰਨ ਦਾ ਮਨ ਵਿਚ ਧਾਰਿਆ।

ਯਾਦ ਸੀ ਕਿ ਕੁਝ ਵੀ ਅਸੰਭਵ ਨਹੀਂ ਹੁੰਦਾ। ਇਹ ਸਿਰਫ਼ ਤੁਹਾਡੀ ਮਾਨਸਿਕਤਾ 'ਤੇ ਨਿਰਭਰ ਕਰਦਾ ਕਿ ਤੁਸੀਂ ਕਿਸੇ ਵੀ ਕਾਰਜ ਨੂੰ ਸੰਭਵ ਜਾਂ ਅਸੰਭਵ ਸਮਝਦੇ ਹੋ? ਮਨ ਦੀ ਤਾਕਤ ਨੇ ਤੁਹਾਡੀ ਸਰੀਰਕ ਤਾਕਤ ਬਣ ਕੇ ਤੁਹਾਡੇ ਲਈ ਤਦਬੀਰਾਂ ਅਤੇ ਤਕਦੀਰਾਂ ਦੀ ਤਾਮੀਰਦਾਰੀ ਕਰਨੀ ਹੁੰਦੀ। ਇਸ ਵਿਚੋਂ ਹੀ ਤੁਹਾਡੇ ਵਿਅਕਤੀਤਵ ਦੇ ਉਸ ਰੂਪ ਨੇ ਉਜਾਗਰ ਹੋਣਾ ਹੁੰਦਾ ਜਿਸ ਤੋਂ ਤੁਸੀਂ ਵੀ ਨਾਵਾਕਫ਼ ਹੁੰਦੇ ਹੋ।

ਜਦ ਮੈਂ ਪਿੱਛਲਝਾਤੀ ਮਾਰਦਾ ਹਾਂ ਤਾਂ ਯਾਦ ਆਉਂਦੇ ਨੇ 1991 ਤੋਂ 1995 ਤੀਕ ਦੇ ਉਹ ਦਿਨ ਜਦ ਮੇਰਾ ਹਰ ਸ਼ਨਿਚਰਵਾਰ ਅਤੇ ਐਤਵਾਰ ਯੂਨੀਵਰਸਿਟੀ ਦੀ ਲੈਬ ਵਿਚ ਗੁਜ਼ਰਦਾ ਸੀ। ਸੋਮਵਾਰ ਨੂੰ ਪਹਿਲੀ ਬੱਸ ਲੈ ਕੇ ਕਪੂਰਥਲੇ ਆਉਂਦਾ ਸਾਂ ਅਤੇ ਕਾਲਜ ਵਿਚ ਪੜ੍ਹਾਉਣ ਜਾਂਦਾ ਸਾਂ। ਇਹ ਡਾ. ਥਿੰਦ ਦੀ ਦੀਦਾ-ਦਲੇਰੀ ਸੀ ਕਿ ਉਹ ਵੀ ਸ਼ਨਿਚਰਵਾਰ ਅਤੇ ਐਤਵਾਰ ਨੂੰ ਅਕਸਰ ਹੀ ਲੈਬ ਵਿਚ ਆ ਜਾਂਦਾ ਅਤੇ ਹੋ ਰਹੇ ਖੋਜ ਕਾਰਜ ਦੀ ਪ੍ਰਗਤੀ ਬਾਰੇ ਜਾਣਦਾ ਅਤੇ ਹੋਰ ਨਿਰੇਦਸ਼ ਦਿੰਦਾ। ਗਰਮੀਆਂ ਦੀਆਂ ਛੁੱਟੀਆਂ ਜਾਂ ਕ੍ਰਿਸਮਿਸ ਦੀਆਂ ਛੁੱਟੀਆਂ ਵੀ ਖੋਜ ਕਾਰਜ ਦੇ ਲੇਖੇ ਹੀ ਲੱਗਦੀਆਂ ਸਨ। ਘਰੋਂ ਬਾਹਰ ਰਹਿਣ ਕਰਕੇ ਘਰ ਦਾ ਸਮੁੱਚਾ ਦਾਰੋਮਦਾਰ ਪਤਨੀ ਦੀ ਅਗਵਾਈ ਵਿਚ ਪੂਰਨ ਰੂਪ ਵਿਚ ਨਿਰਵਿਘਨ ਚੱਲ ਰਿਹਾ ਸੀ।

ਉਸ ਸਮੇਂ ਵਿਚ ਬਹੁਤ ਘੱਟ ਕੰਪਿਊਟਰ ਹੁੰਦੇ ਸਨ। ਕਪੂਰਥਲਾ ਵਿਚ ਮੇਰੇ ਇਕ ਵਿਦਿਆਰਥੀ ਰਮਨ ਨੇ ਕੰਪਿਊਟਰ ਸੈਂਟਰ ਖੋਲ੍ਹਿਆ ਸੀ। ਮੇਰੇ ਖੋਜ ਕਾਰਜ ਲਈ ਲੰਮੀਆਂ ਚੌੜੀਆਂ ਕੈਲਕੁਲੇਸ਼ਨ ਕਰਨ ਲਈ ਕੰਪਿਊਟਰ ਦਾ ਪ੍ਰੋਗਰਾਮ ਵਰਤਣਾ ਜ਼ਰੂਰੀ ਸੀ। ਇਸ ਲਈ ਜਦ ਕੰਪਿਊਟਰ ਸੈਂਟਰ ਰਾਤ ਨੂੰ 8 ਵਜੇ ਬੰਦ ਹੋ ਜਾਂਦਾ ਤਾਂ ਮੈਂ ਸੈਂਟਰ ਦਾ ਕੰਪਿਊਟਰ ਵਰਤ ਕੇ ਰਾਤ ਦੇ ਬਾਰਾਂ ਵਜੇ ਤੱਕ ਕੈਲਕੁਲੇਸ਼ਨ ਕਰਦਾ ਅਤੇ ਪ੍ਰਿੰਟ ਆਊਟ ਲੈਂਦਾ ਰਹਿੰਦਾ ਸਾਂ। ਇਹ ਮੇਰੇ ਵਿਦਿਆਰਥੀ ਦੀ ਮੁਹੱਬਤ ਸੀ ਕਿ ਉਹ ਰਾਤ ਨੂੰ ਬਾਰਾਂ ਵਜੇ ਤੀਕ ਜਾਗਦਾ ਰਹਿੰਦਾ ਤਾਂ ਕਿ ਮੇਰੇ ਜਾਣ ਤੋਂ ਬਾਅਦ ਸੈਂਟਰ ਨੂੰ ਬੰਦ ਕਰ ਸਕੇ। ਇਹ ਸਭ ਕੁਝ ਇਸ ਲਈ ਕਰਨਾ ਜ਼ਰੂਰੀ ਸੀ ਕਿਉਂਕਿ ਉਨ੍ਹਾਂ ਕੈਲਕੁਲੇਸ਼ਨਾਂ ਦੇ ਅਧਾਰ 'ਤੇ ਹੀ ਮੈਂ ਇਸ ਨੂੰ ਗਰਾਫ਼ਾਂ ਵਿਚ ਦਰਸਾਉਂਦਾ ਅਤੇ ਫਿਰ ਉਨ੍ਹਾਂ ਗਰਾਫ਼ਾਂ ਵਿਚੋਂ ਨਵੇਂ ਤੱਥ ਕੱਢ ਇਸਨੂੰ ਖੋਜ ਕਾਰਜ ਦੇ ਰੂਪ ਵਿਚ ਪ੍ਰਗਟਾਉਂਦਾ। ਇਹ ਕਾਰਜ ਨਵੇਂ ਖੋਜ ਪੱਤਰ ਦੇ ਰੂਪ ਵਿਚ ਅੰਤਰਰਾਸ਼ਟਰੀ ਮੈਗਜ਼ੀਨਾਂ ਵਿਚ ਛਪਦਾ ਸੀ।

ਮੇਰੇ ਖੋਜ ਕਾਰਜ ਦੀ ਨਵੀਨਤਾ ਅਤੇ ਇਸ ਵਿਚੋਂ ਨਿਕਲੇ ਸਿੱਟਿਆਂ ਦਾ ਕੇਹਾ ਆਲਮ ਸੀ ਕਿ ਮੇਰੇ ਥੀਸਸ ਦੇ 14 ਚੈਪਟਰ ਸਨ। ਇਹ ਚੈਪਟਰ ਹੀ ਖੋਜ ਪੱਤਰਾਂ ਦੇ ਰੂਪ ਵਿਚ ਵੱਖ-ਵੱਖ ਅੰਤਰਰਾਸ਼ਟਰੀ ਮੈਗਜ਼ੀਨਾਂ ਵਿਚ ਛਪ ਗਏ ਅਤੇ ਸਾਰਾ ਖੋਜ ਕਾਰਜ ਅੰਤਰਰਾਸ਼ਟਰੀ ਖੋਜ ਦਾ ਹਿੱਸਾ ਬਣ ਸਕਣ ਦੇ ਕਾਬਲ ਹੋਇਆ।

ਮੇਰੀ ਖੋਜ-ਕਾਰਜ ਪ੍ਰਤੀ ਸਮਰਪਿਤਾ ਦਾ ਇਹ ਆਲਮ ਸੀ ਕਿ ਜਿੰਨਾ ਵੀ ਕੰਮ ਮੈਨੂੰ ਦੱਸਿਆ ਜਾਂਦਾ ਉਹ ਨਿਸ਼ਚਿਤ ਸਮੇਂ ਵਿਚ ਪੂਰਾ ਕਰ ਕੇ ਮੈਂ ਯੂਨੀਵਰਸਿਟੀ ਪਹੁੰਚ ਜਾਂਦਾ ਅਤੇ ਫਿਰ ਅਗਲੇਰਾ ਪੜਾਅ ਸ਼ੁਰੂ ਕਰ ਦਿੰਦਾ। ਮੇਰੇ ਮਿੱਤਰ ਪਰ ਗਾਈਡ ਡਾ. ਥਿੰਦ ਦਾ ਕਹਿਣਾ ਸੀ, "ਗੁਰਬਖ਼ਸ਼! ਤੂੰ ਮੈਨੂੰ ਦੱਸ ਕਿ ਤੂੰ ਸੌਂਦਾ ਕੱਦ ਏਂ? ਤੂੰ ਕਾਲਜ ਵੀ ਪੜ੍ਹਾਉਂਦਾ ਅਤੇ ਕਾਲਜ ਦੇ ਸਾਰੇ ਕੰਮਾਂ ਵਿਚ ਵਧ ਚੜ੍ਹ ਕੇ ਭਾਗ ਲੈਂਦਾ ਏਂ। ਸਾਹਿਤ ਦਾ ਤੈਨੂੰ ਸ਼ੌਕ ਏ ਜਿਸਨੂੰ ਹੁਣ ਵੀ ਪਾਲ ਰਿਹਾ ਏਂ। ਪਰਿਵਾਰ ਨੂੰ ਸਮਾਂ ਜ਼ਰੂਰ ਦਿੰਦਾ ਹੋਵੇਂਗਾ। ਪਰ ਇਸ ਸਭ ਦੇ ਬਾਵਜੂਦ ਤੂੰ ਪੀ.ਐਚਡੀ ਲਈ ਇੰਨਾ ਸਮਾਂ ਕੱਢ ਲੈਂਦਾ ਏਂ, ਇਹ ਕਮਾਲ ਏ। ਮੈਂ ਕਈ ਵਾਰ ਸੋਚਦਾ ਸਾਂ ਕਿ ਤੂੰ ਕਦੇ ਤਾਂ ਆ ਕੇ ਕਹੇਂਗਾ ਕਿ ਮੈਂ ਇਸ ਹਫ਼ਤੇ ਦਾ ਕੰਮ ਨਹੀਂ ਕਰ ਸਕਿਆ ਪਰ ਤੂੰ ਹਰ ਵਾਰ ਮੈਨੂੰ ਲਾਜਵਾਬ ਕਰ ਦਿੰਦਾ ਏਂ। ਇਹ ਤੇਰੀ ਮਿਹਨਤ ਅਤੇ ਪ੍ਰਤੀਬੱਧਤਾ ਦਾ ਹੀ ਸਿੱਟਾ ਏ ਕਿ ਤੂੰ ਤਿੰਨ ਸਾਲਾਂ ਵਿਚ ਆਪਣੀ ਪੀ.ਐਚਡੀ ਕਰ ਲਈ ਜਦਕਿ ਕਈ ਤਾਂ 5-7 ਸਾਲ ਤੀਕ ਵੀ ਯੂਨੀਵਰਸਿਟੀ ਵਿਚ ਰੁਲਦੇ ਰਹਿੰਦੇ ਨੇ। ਖਾਸ ਗੱਲ ਇਹ ਹੈ ਕਿ ਤੂੰ ਪੀ.ਐਚਡੀ ਦੇ ਦੌਰਾਨ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋ ਕੇ ਆਪਣੇ ਨਾਮ ਇਕ ਹੋਰ ਕਾਮਯਾਬੀ ਕੀਤੀ ਹੈ। ਤੇਰੀ ਮਿਹਨਤ ਅਤੇ ਸਮਰਪਿਤਾ ਨੂੰ ਸਲਾਮ।"

ਦਰਅਸਲ ਜਦ ਮੈਂ ਐਮ.ਐਸ.ਸੀ. ਤੋਂ ਬਾਅਦ ਉਚੇਰੀ ਪੜ੍ਹਾਈ ਲਈ ਕੈਨੇਡਾ ਨਾ ਜਾ ਸਕਿਆ ਤਾਂ ਇਕ ਚੀਸ ਮਨ ਵਿਚ ਘਰ ਪਾ ਬੈਠੀ। ਇਕ ਲਲਕ ਸੀ ਕਿ ਕੈਨੇਡਾ 'ਕੇਰਾਂ ਜ਼ਰੂਰ ਜਾਣਾ ਹੈ। ਫਿਰ 1993 ਵਿਚ ਯੂਨੀਵਰਸਿਟੀ ਆਫ਼ ਵੈਸਟਰਨ ਓਂਟਾਰੀਓ, ਲੰਡਨ, ਕੈਨੇਡਾ ਵਿਚ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਨਾਲ ਮੇਰੇ ਮਨ ਵਿਚ ਬੈਠੀ ਚਸਕ ਨੂੰ ਕੁਝ ਰਾਹਤ ਜ਼ਰੂਰ ਮਿਲੀ। ਇਸ ਕਾਨਫਰੰਸ ਦਾ ਰੋਚਕ ਤੱਥ ਇਹ ਵੀ ਸੀ ਕਿ ਇਸ ਕਾਨਫਰੰਸ ਵਿਚ ਮੈਂ ਅਤੇ ਮੇਰੇ ਗੁਰੂ ਡਾ. ਹਰਦੇਵ ਸਿੰਘ ਵਿਰਕ ਸ਼ਾਮਲ ਸਨ। ਮੈਂ ਆਪਣਾ ਕੈਨੇਡਾ ਦਾ ਸਫ਼ਰਨਾਮਾ 'ਸੁਪਨਿਆਂ ਦੀ ਜੂਹ-ਕੈਨੇਡਾ ਲਿਖਿਆ ਜੋ ਰੋਜ਼ਾਨਾ ਅਜੀਤ ਅਖਬਾਰ ਵਿਚ ਲੜੀਵਾਰ ਛਪਿਆ ਸੀ ਅਤੇ ਡਾ. ਵਿਰਕ ਦਾ ਕੈਨੇਡਾ ਸਫ਼ਰਨਾਮਾ ਪੰਜਾਬੀ ਟ੍ਰਿਬਿਊਨ ਵਿਚ ਛਪਿਆ ਸੀ।

ਪੀ.ਐਚਡੀ ਦੇ ਦੌਰਾਨ ਲੈਬ ਤੋਂ ਬਾਅਦ ਦੇ ਪਲਾਂ ਵਿਚ ਮੇਰਾ ਰੈਣ ਬਸੇਰਾ ਡਾ. ਥਿੰਦ ਦਾ ਘਰ ਹੀ ਹੁੰਦਾ ਸੀ ਜਿੱਥੇ ਆਪਣੇ ਘਰ ਵਰਗੀ ਅਣਪੱਤ ਵੀ ਮਾਣੀ। ਇਸ ਦੌਰਾਨ ਆਪਣੀ ਜੀਵਨ ਦੇ ਉਨ੍ਹਾਂ ਪਲਾਂ ਦਾ ਚਿੱਤਰਨ ਵੀ ਕਰ ਸਕਿਆ ਜੋ ਕਦੇ ਮੇਰੇ ਮਸਤਕ ਦੀ ਚਿੱਤਰਪਟ ਬਣਨ ਲਈ ਕਾਹਲੇ ਸਨ।

ਆਪਣੇ ਹੀ ਆਪਣਿਆਂ ਦਾ ਨਸੀਬਾ ਬਣਨ ਲਈ ਜਦ ਅਹੁਲਦੇ ਨੇ ਤਾਂ ਫਿਰ ਕਾਮਯਾਬੀਆਂ ਦਾ ਕਾਫ਼ਲਾ ਉਨ੍ਹਾਂ ਦਾ ਨਸੀਬ ਬਣ ਜਾਂਦਾ ਜਿਨ੍ਹਾਂ ਨੇ ਜ਼ਿੰਦਗੀ ਦੀਆਂ ਤਲਖ਼ੀਆਂ, ਬੇਰੁਖੀਆਂ, ਬੇਗਾਨਗੀਆਂ ਤੇ ਬੇਤਰਤੀਬੀਆਂ ਨੂੰ ਨੰਗੇ ਪਿੰਡੇ 'ਤੇ ਜਰਿਆ ਹੋਵੇ ਅਤੇ ਜਿਨ੍ਹਾਂ ਦਾ ਸੁਪਨ-ਸੰਸਾਰ ਉਨ੍ਹਾਂ ਤੋਂ ਵਿੱਥ ਸਿਰਜਣ ਦਾ ਆਦੀ ਹੋਵੇ।

ਜਨੂੰਨ, ਜਜ਼ਬਾ ਤੇ ਜਜ਼ਬਾਤ ਵਿਚੋਂ ਉਗੀ ਹੋਈ ਜਿੱਤ ਦੇ ਨਕਸ਼ ਜ਼ਿੰਦਗੀ ਨੂੰ ਜਿਊਣਜੋਗਾ ਕਰਦੇ ਨੇ। ਇਸ ਵਿਚੋਂ ਹੀ ਉਨ੍ਹਾਂ ਰਾਹਾਂ ਦੀ ਪਛਾਣ ਹੁੰਦੀ ਹੈ ਜਿਨ੍ਹਾਂ ਵਿਚ ਖੁਸ਼ੀਆਂ ਤੇ ਖੇੜਿਆਂ ਦੀ ਫਸਲ ਲਹਿਰਾਉਂਦੀ ਹੈ। ਅਜਿਹਾ ਹੀ ਕੇਹਾ ਵਕਤ ਦਾ ਮਿਜ਼ਾਜ਼ ਸੀ ਜਦ ਲਾਲ ਗਾਊਨ ਪਾ ਕੇ ਪੀ.ਐਚਡੀ ਦੀ ਡਿਗਰੀ ਲੈਣ ਗਿਆ ਸਾਂ। ਉਸ ਸਮੇਂ ਦੌਰਾਨ ਮੇਰੇ ਪਰਿਵਾਰ ਵਾਲਿਆਂ ਦੇ ਮੁਖੜੇ 'ਤੇ ਨੂਰੀ ਆਭਾ ਵਿਚੋਂ ਮੈਂ ਆਪਣੀ ਕਿਸਮਤ ਦੀਆਂ ਸੁਰਖ਼-ਰੇਖਾਵਾਂ ਨੂੰ ਕਿਆਸ ਸਕਦਾ ਸਾਂ। ਇਸ ਮੌਕੇ ਡਾ. ਥਿੰਦ ਦੇ ਬੋਲਾਂ ਵਿਚਲਾ ਪਿਆਰ ਅਤੇ ਆਪਣੇ ਮਿੱਤਰ ਨੂੰ ਚੇਲੇ ਦੇ ਰੂਪ ਵਿਚ ਇਸ ਅਕਾਦਮਿਕ ਪ੍ਰਾਪਤੀ ਦਾ ਸਿਰਲੇਖ ਬਣਿਆ ਦੇਖਣਾ ਬਹੁਤ ਚੰਗਾ ਲੱਗਾ ਸੀ। ਉਸ ਪਲ ਭੁੱਲ ਹੀ ਗਿਆ ਸੀ ਪਿਛਲੇ ਸਾਲਾਂ ਦੀ ਦੌੜ-ਭੱਜ, ਅੰਮ੍ਰਿਤਸਰ ਤੇ ਕਪੂਰਥਲੇ ਦਰਮਿਆਨ ਮਾਰੇ ਹੋਏ ਬੇਹਿਸਾਬ ਗੇੜੇ ਅਤੇ ਅੱਧੀ ਅੱਧੀ ਰਾਤ ਤੀਕ ਕਿਤਾਬਾਂ ਨਾਲ ਮੱਥਾ ਮਾਰਦਿਆਂ ਆਪਣੇ ਖੋਜ ਕਾਰਜ ਨੂੰ ਸਿਰੇ ਚਾੜ੍ਹਨ ਦੀ ਜ਼ਿੱਦ ਦੌਰਾਨ ਉਨੀਂਦਰੀਆਂ ਰਾਤਾਂ। ਆਪਣੀ ਕਾਰਜ ਦੌਰਾਨ ਭੁੱਖ, ਨੀਂਦ ਅਤੇ ਪਿਆਸ ਤੋਂ ਅਣਭਿੱਜਤਾ। ਸਕੂਨ ਅਤੇ ਸੁਖਨ ਨਾਲ ਲਬਰੇਜ਼ ਉਹ ਕੇਹੀ ਮਾਨਸਿਕ ਅਵਸਥਾ ਸੀ ਜਿਸ ਵਿਚੋਂ ਮੈਨੂੰ ਆਪਣੇ ਬਾਪ ਦਾ ਉਹ ਦੈਵੀ ਮੁਖੜਾ ਨਜ਼ਰ ਆਇਆ ਜਿਸ 'ਤੇ ਕਦੇ ਮੇਰੇ ਪ੍ਰੈਪ ਵਿਚੋਂ ਫੇਲ੍ਹ ਹੋਣ 'ਤੇ ਸ਼ਿਕਨ ਉਗੀ ਸੀ ਪਰ ਉਸ ਮੁੱਖ 'ਤੇ ਮਾਣ ਭਰੀ ਆਭਾ ਦਾ ਜਲੌਅ ਮੇਰੇ ਖ਼ੁਆਬਾਂ ਨੂੰ ਹੋਰ ਉਚੇਰੀਆਂ ਪੁਲਾਂਘਾਂ ਪੁੱਟਣ ਲਈ ਉਤਸ਼ਾਹਿਤ ਕਰ ਗਿਆ।

ਜਜ਼ਬੇ ਤੇ ਜਨੂੰਨ ਦੀ ਜ਼ਰਬ ਵਿਚੋਂ ਉਗੀ ਪੀ.ਐਚਡੀ ਦੀ ਡਿਗਰੀ ਦੀ ਹਾਸਲਤਾ, ਜਸ਼ਨਮਈ ਕਾਮਯਾਬੀ ਸੀ ਜਿਸਨੂੰ ਕਦੇ ਸੁਪਨਈ ਰੂਪ ਵਿਚ ਦੇਖਿਆ ਸੀ ਪਰ ਹੁਣ ਇਹ ਸੱਚ ਮੇਰਾ ਹਾਸਲ ਬਣ ਚੁੱਕਿਆ ਸੀ। ਇਹ ਪੀਐਚਡੀ ਹੀ ਸੀ ਜਿਸ ਤੋਂ ਮਹਿਰੂਮ ਕਰਨ ਲਈ ਮੇਰੇ ਆਪਣਿਆਂ ਨੇ ਮੈਨੂੰ ਕੈਨੇਡਾ ਜਾਣ ਤੋਂ ਹੋੜਿਆ ਸੀ। ਪਰ ਇਸ ਡਿਗਰੀ ਅਤੇ ਮਾਪਿਆਂ ਦੀਆਂ ਦੁਆਵਾਂ ਨੇ ਹੀ ਮੈਨੂੰ ਅਮਰੀਕਾ ਦੀ ਯੂਨੀਵਰਸਟੀ ਵਿਚ ਪੜ੍ਹਾਉਣ ਦਾ ਮੌਕਾ ਪ੍ਰਦਾਨ ਕੀਤਾ, ਵਰਨਾ ਮੰਡ ਵਿਚ ਪਸ਼ੂ ਚਾਰਨ ਵਾਲੇ ਦੇ ਭਾਗਾਂ ਵਿਚ ਕਿੱਥੇ ਸੀ ਵਿਦੇਸ਼ ਪੜ੍ਹਾਉਣਾ ਅਤੇ ਆਪਣੇ ਵਿਦਿਆਰਥੀਆਂ ਨੂੰ ਉਹ ਕੁਝ ਵਾਪਸ ਦੇ ਰਿਹਾ ਹਾਂ ਜੋ ਮੈਨੂੰ ਸਮਾਜ ਨੇ ਦਿੱਤਾ ਸੀ ਅਤੇ ਜਿਸਦੀ ਤਵੱਕੋਂ ਮੇਰੇ ਮਾਪਿਆਂ ਨੇ ਮੇਰੇ ਕੋਲੋਂ ਕੀਤੀ ਸੀ। ਮੈਂ ਆਪਣੇ ਮਾਪਿਆਂ ਦੀ ਕਿਰਤਾਰਥਾ ਦਾ ਕਰਜ਼ ਉਤਾਰਨ ਲਈ ਹੁਣ ਤੀਕ ਵੀ ਯਤਨਸ਼ੀਲ ਹਾਂ। ਇਹ ਸਫ਼ਰ ਆਖਰੀ ਸਾਹ ਤੀਕ ਇੰਝ ਹੀ ਜਾਰੀ ਰਹੇ। ਇਹੀ ਇਕ ਮਨ ਦੀ ਤਮੰਨਾ ਹੈ ਜੋ ਮੈਨੂੰ ਜਿਊਣ ਦਾ ਸਬੱਬ ਬਖਸ਼ਦੀ ਏ।

## ਸੰਪਾਦਕ ਦੀ ਡਾਕ

### *ਹਰਜੀਤ ਦਿਓਲ ਦਾ ਲੇਖ*

ਮੈਂ ਪਿਛਲੇ 11 ਸਾਲ ਤੋਂ 'ਪੰਜਾਬ ਟਾਈਮਜ਼' ਦਾ ਪਾਠਕ ਹਾਂ। ਪਰਚੇ ਵਿਚ ਬੜੀਆਂ ਮਿਆਰੀ ਰਚਨਾਵਾਂ ਛਪਦੀਆਂ ਹਨ ਅਤੇ ਇਹ ਕਹਿੰਦੇ-ਕਹਾਉਂਦੇ ਲਿਖਾਰੀਆਂ ਦੀਆਂ ਹੁੰਦੀਆਂ ਹਨ ਪਰ 21 ਮਈ ਵਾਲੇ ਅੰਕ ਵਿਚ ਹਰਜੀਤ ਦਿਓਲ, ਬਰੈਂਪਟਨ ਦੀ ਰਚਨਾ 'ਘਰ ਦੀਆਂ ਕੰਧਾਂ 'ਤੇ ਬਿਰਾਜਮਾਨ ਬਾਬਾ ਜੀ' ਪੜ੍ਹੀ। ਠੀਕ ਹੈ, ਉਨ੍ਹਾਂ ਦੀ ਕੋਈ ਖਾਸ ਵਿਚਾਰਧਾਰਾ ਹੋਵੇਗੀ ਪਰ ਉਨ੍ਹਾਂ ਨੇ ਸਿੱਖਾਂ ਤੇ ਕਿਸਾਨਾਂ ਖਿਲਾਫ ਬਿਨਾਂ ਵਜ੍ਹਾ ਭੜਾਸ ਕੱਢੀ ਹੈ ਅਤੇ ਇਕ ਲਿਹਾਜ਼ ਨਾਲ ਗੁਰੂਆਂ ਬਾਰੇ ਟੇਢੇ ਢੰਗ ਨਾਲ ਟਿੱਪਣੀ ਕੀਤੀ ਹੈ।

*-ਬਲਵੰਤ ਸਿਘ ਰਾਣੂ*

# ‘ਥੋਨੂੰ ਜੈ ਹਿੰਦ ਕਹਿਣਾਂ ਆਊਂਦੈ...?’

**ਵਿਅੰਗ**

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਕਿਸੇ ਮੰਤਰੀ ਨੇ ਇਸ ਸ਼ਹਿਰ ਵਿਚ 'ਚਰਨ' ਪਾਉਣੇ ਸਨ। ਇਸ ਸ਼ਹਿਰ ਨੂੰ ਭਾਗ ਲਾਉਣੇ ਸਨ ਅਤੇ ਇਸ ਸ਼ਹਿਰ ਨੂੰ 'ਜ਼ਿਲ੍ਹਾ' ਕਰਾਰ ਦੇਣਾ ਸੀ! ਸੜਕਾਂ ਧੋਤੀਆਂ ਜਾ ਰਹੀਆਂ ਸਨ, ਕੂੜਾ ਕਬਾੜਾ ਅਤੇ ਗੰਦ ਚੁੱਕ ਕੇ ਬਾਹਰ ਸੁੱਟਿਆ ਜਾ ਰਿਹਾ ਸੀ। ਮੰਤਰੀ ਦੇ ਲੰਘਣ ਵਾਲੇ ਰਸਤੇ ਦੀਆਂ ਕੰਧਾਂ 'ਤੇ ਕੂਚਾ-ਕੂਚੀ ਤਾਂ ਦੋ ਦਿਨ ਪਹਿਲਾਂ ਹੀ ਕੀਤੀ ਜਾ ਚੁੱਕੀ ਸੀ। ਬੱਸਾਂ ਦੇ ਮੂੰਹ ਦੂਜੀ ਦਿਸ਼ਾ ਵੱਲ ਕਰਵਾ ਦਿੱਤੇ ਗਏ ਸਨ ਅਤੇ ਚੌਰਾਹੇ ਤੋਂ ਉਰ੍ਹੇ ਕਿਸੇ ਵੀ ਬੱਸ ਨੂੰ ਮੁੜਨ ਦਾ ਆਰਡਰ ਨਹੀਂ ਸੀ। ਟਰੈਫਿਕ ਦੇ ਅਨੁਸ਼ਾਸਨ 'ਜੁੱਤੀ' ਨਾਲ ਲਾਗੂ ਕਰਵਾਏ ਜਾ ਰਹੇ ਸਨ, ਟਰੈਫਿਕ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

ਲਾਈਟਾਂ ਵਾਰ-ਵਾਰ ਸਾਫ਼ ਕਰਵਾਈਆਂ ਜਾ ਚੁੱਕੀਆਂ ਸਨ। ਟਰੱਕਾਂ ਵਾਲਿਆਂ 'ਤੇ ਛਿੱਤਰ ਫੇਰਿਆ ਜਾ ਚੁੱਕਾ ਸੀ, 'ਥੋਡਾ ਜਰਦਾ ਦਾਰੂ ਦੋ ਦਿਨ ਬਿਲਕੁਲ ਬੰਦ! ਦਾਹੜੀ ਦੇ ਖਤ ਵੀ ਨ੍ਹੀ ਕੱਢਣੇ! ਲੱਤਾਂ ਵੀ ਨ੍ਹੀ ਮੁੰਨਣੀਆਂ! ਚਾਦਰਾ ਬੰਦਿਆਂ ਮਾਂਗੂੰ ਬੰਨਣੈਂ! ਹੋਰ ਨਾ ਸਾਰਾ 'ਸਮਾਨ' ਈ ਵਿਚ ਦੀ ਦਿਸੀ ਜਾਵੇ, ਝੱਗਾ-ਝੁੱਗਾ ਪਾ ਕੇ ਰੱਖਣੈਂ! ਮੁੱਛਾਂ ਥੱਲੇ ਰੱਖਣੀਐਂ! ਗੁੰਡੇ ਲੱਗਦੇ ਓਂ! ਆਪਾਂ ਹੁਣ ਜਿਲ੍ਹੇ ਆਲੇ ਐਂ, ਥੋੜ੍ਹਾ ਜਿਆ ਬੰਦੇ ਬਣ ਕੇ ਰਿਹਾ ਕਰੋ! ਕਿਸੇ ਕੁੜੀ ਕੱਤਰੀ ਵੱਲ ਨ੍ਹੀ ਦੇਖਣਾ, ਅੱਖ ਮਾਰ ਕੇ ਗੱਲ ਨ੍ਹੀ ਕਰਨੀ, ਟਰੱਕ 'ਚ ਚਮਕੀਲਾ ਵੀ ਨ੍ਹੀ ਲਾਉਣਾ, ਭੁੱਲਗੀ ਮੈਂ ਘੁੰਡ ਕੱਢਣਾ ਜੇਠਾ ਵੇ ਮਾਫ਼ ਕਰੀਂ, ਜਾਂ ਚੱਕਲੋ ਡਰੈਵਰੋ ਪੁਰਜੇ ਨੂੰ ਨਿਕਲ ਹੱਥੋਂ ਨਾ ਜਾਵੇ, ਜਾਂ ਹਿੱਕ ਉਤੇ ਸੌਂ ਜਾ ਵੇ ਸ਼ਰਾਬੀ ਬਣ ਕੇ ਅਰਗੇ ਗੀਤ ਨ੍ਹੀ ਸੁਣਨੇ, ਜਦੋਂ ਕਿਸੇ ਨਾਲ ਗੱਲ ਕਰਨੀਂ ਐਂ ਨਿਮਰਤਾ ਨਾਲ ਕਰਨੀ ਐਂ, ਨਹੀਂ ਥੋਡੇ ਲਸੰਸ ਕੈਂਸਲ ਤੇ ਟਰੱਕ ਠਾਣੇ ਦੇ ਅੰਦਰ!' ਡੀ. ਟੀ. ਓ. ਦਾ ਹੁਕਮ ਸੀ। ਉਹ ਸਿੱਧਾ ਟਰੱਕ ਯੂਨੀਅਨ ਆ ਕੇ ਹਦਾਇਤਾਂ ਦੇ ਕੇ ਗਿਆ ਸੀ।

-'ਥੋਨੂੰ ਜੈ ਹਿੰਦ ਕਹਿਣਾ ਆਉਂਦੈ ਸਾਰਿਆਂ ਨੂੰ...?' ਪੀ. ਏ. ਦਾ ਡਰਾਈਵਰਾਂ ਨੂੰ ਸੁਆਲ ਸੀ।

-'ਆਹੋ, ਆਉਂਦੈ ਜੀ...!' ਸਾਰੇ ਬੋਲੇ।

-'ਅਸੀਂ ਤਾਂ ਕੱਢ ਦਿਆਂਗੇ ਜੈ ਹਿੰਦ ਕਹਿਣ ਆਲ਼ੀ, ਧੁੱਕੀ!'

-'ਅੱਜ ਤੋਂ ਬਾਅਦ 'ਸੁਣਾ ਪਟੋਲ੍ਹਿਆ'- 'ਸਦਕੇ ਲੇਹ ਦਿਆ ਫੁੱਲਾ'-'ਕਿਵੇਂ ਐਂ ਮਾਲ'- 'ਬੋਲ ਨੱਢੀਏ' ਵਰਗੀਆਂ ਅਵਲ਼ੀਆਂ-ਸਵਲ਼ੀਆਂ ਗੱਲਾਂ ਨ੍ਹੀ ਕਹਿਣੀਆਂ, ਜਿਹੜਾ ਮਿਲੇ 'ਜੈ ਹਿੰਦ' ਆਖਣੀ ਐਂ!'

-'ਜੇ ਕੋਈ 'ਜਿਹੜੀ' ਮਿਲਜੇ ਫੇਰ ਜੀ...?' ਘੋੜੇ ਡਰਾਈਵਰ ਨੇ ਪੁੱਛਿਆ। ਉਹ ਸਾਰੇ ਡਰਾਈਵਰਾਂ 'ਚੋਂ ਘਤਿੱਤੀ ਸੀ।

-'ਫੇਰ ਵੀ ਜੈ ਹਿੰਦ ਬੁਲਾਉਣੀ ਐਂ!'

-'ਕਿੰਨ੍ਹਾ ਕੁ ਚਿਰ ਜੀ...?'

-'ਜਿੰਨਾਂ ਚਿਰ ਮੰਤਰੀ ਜੀ ਆ ਕੇ ਨ੍ਹੀ ਮੁੜ ਜਾਂਦੇ!'

-'ਸੱਤ ਬਚਨ ਜੀ।' ਪੀ. ਏ. ਤੁਰ ਗਿਆ।

ਦੁਕਾਨਦਾਰਾਂ ਦੀਆਂ ਦੁਕਾਨਾਂ ਤੋਂ ਮੁਫ਼ਤੀ ਵਿਚ ਫੁੱਲ-ਬੂਟੇ ਲਿਆ ਕੇ ਲਾਂਘੇ 'ਤੇ ਸਜਾਏ ਜਾ ਰਹੇ ਸਨ। ਸ਼ਹਿਰ ਦਾ ਸਾਰਾ ਸਰਕਾਰੀ ਅਮਲਾ-ਫ਼ੈਲਾ ਖ਼ੁਦ ਸਫ਼ਾਈ ਦੀ ਜਾਂਚ ਕਰ ਰਿਹਾ ਸੀ। ਸਾਈਕਲ, ਰੇੜ੍ਹੀ, ਗੱਡਾ, ਰਿਕਸ਼ਾ ਸਭ ਨੂੰ ਘਰੇ ਰਹਿਣ ਦੀ ਹਦਾਇਤ ਸੀ। ਇੱਕ ਬਜੁਰਗ ਨੂੰ ਨਾਕੇ ਵਾਲਿਆਂ ਨੇ ਰੋਕ ਲਿਆ।

-'ਸਾਸਰੀਕਾਲ ਜੀ..!' ਬਜੁਰਗ ਨੇ ਪੁਲੀਸ ਦਾ ਅਦਬ ਕੀਤਾ।

-'ਕੀ ਨਾਂ ਐਂ..?' ਚੰਗਿਆੜੇ ਛੱਡਦੇ ਪੁਲਸ ਦੇ ਸਿਪਾਹੀ ਨੇ ਪੁੱਛਿਆ।

-'ਸੱਭਿਆਚਾਰ ਐ ਜੀ, ਨਾਲੇ ਸਾਸਰੀਕਾਲ ਸਰਕਾਰ..!'

-'ਸਾਸਰੀਕਾਲ ਦਿਆ ਲੱਗਦਿਆ, ਤੈਨੂੰ ਸਾਡੀਆਂ ਹਦਾਇਤਾਂ ਦਾ ਨ੍ਹੀ ਪਤਾ ਉਏ?' ਇੱਕ ਭੂਤਰੇ ਸਿਪਾਹੀ ਨੇ ਸੱਭਿਆਚਾਰ ਦੇ ਸਾਈਕਲ 'ਤੇ ਡੰਡਾ ਮਾਰਿਆ।

-'ਨਾ ਸ਼ੇਰਾ ਇਹ ਤਾਂ ਮੇਰਾ ਪੁੱਤਾਂ ਮਾਂਗੂੰ ਰੱਖਿਆ ਵਿਐ!' ਸੱਭਿਆਚਾਰ ਨੇ ਆਪਣੇ ਸਾਈਕਲ ਨੂੰ ਪਲੋਸਿਆ।

-'ਤੈਨੂੰ ਪੁੱਛਿਆ ਕੀ ਐ, ਤੂੰ ਬੋਲਦਾ ਕੀ ਐਂ...? ਛੱਡੀਦਾ ਤੈਨੂੰ ਮੱਝ ਥੱਲੇ ਐ, ਜਾ ਤੂੰ ਕੱਟੇ ਥੱਲੇ ਵੜਦੈਂ..! ਕੀ ਅਲ਼ੱਥ ਫ਼ੜਿਐ ਤੂੰ..?'

-'ਮੈਂ ਤਾਂ ਸਰਕਾਰ ਅੱਜ ਪੰਜਵੇਂ ਦਿਨ ਘਰ ਨੂੰ ਆਉਨੈਂ। ਪੰਜ ਦਿਨਾਂ ਦਾ ਖੇਤ ਈ ਤਾੜਿਆ ਵਿਆ ਸੀ ਜੀ। ਕਹਿੰਦੇ ਸੀ ਬਾਵਰੀਆਂ ਆਲੇ ਗਾਇਕਾਂ ਨੇ ਆਉਣੈਂ, ਉਨ੍ਹਾਂ ਨੇ ਗੀਤ ਗਾਉਣੇਂ ਐ: ਤੇਰੀ ਤੰਗ ਪਜਾਮੀ ਦੇਖ ਕੇ ਪਾਟ ਗਿਆ ਮੇਰਾ ਝੱਗਾ। ਤਿੰਨ ਦਿਨ ਮੇਲਾ ਲੱਗਣੈਂ, ਅਖੇ ਸੱਭਿਆਚਾਰਕ ਮੇਲਾ! ਬਲਾਊਜ਼ ਚੱਡੀਆਂ ਆਲੀਆਂ ਬੀਬੀਆਂ ਵੀ ਨੱਚਣਗੀਆਂ, ਅਖੇ ਤੂੰ ਖ਼ੂਦ ਕਰੇਂਗਾ ਬੀਬੀਆਂ ਦੀਆਂ ਨੰਗੀਆਂ ਲੱਤਾਂ ਦੇਖ ਕੇ। ਸਰਕਾਰ ਮੈਨੂੰ ਥੋਡੇ ਸੱਭਿਅਕ ਬੰਦੇ ਖੇਤ ਰਹਿਣ ਦੀ ਸਖ਼ਤ ਹਦਾਇਤ ਕਰ ਆਏ, ਕਹਿੰਦੇ ਜੇ ਤਿੰਨ ਦਿਨ ਸ਼ਹਿਰ ਵੜਿਆ ਤਾਂ ਲੱਤਾਂ ਭੰਨ ਦਿਆਂਗੇ। ਮੈਨੂੰ ਥੋਡੇ ਹੁਕਮ ਦਾ ਕੀ ਪਤਾ ਲੱਗਣਾ ਸੀ? ਪਰ ਸਰਕਾਰ ਆਹ ਐਨੀ ਸਫ਼ਾਈ ਕੀਤੀ ਪਈ ਐ, ਕਿਸੇ ਮਹਾਂਪੁਰਖ ਨੇ ਆਉਣੈਂ..?'

-'ਤੈਨੂੰ ਅਸ਼ਟਾਮ 'ਤੇ ਲਿਖ ਕੇ ਦੇਈਏ? ਚੱਲ ਦਫ਼ਾ ਹੋ ਐਥੋਂ...!' ਸਿਪਾਹੀ ਨੇ ਇੱਕ ਡੰਡਾ ਹੋਰ ਸਾਈਕਲ 'ਤੇ ਮਾਰਿਆ।

-'ਸਰਕਾਰ, ਇਹਦੇ ਨਾ ਮਾਰੋ, ਮੇਰਾ ਛੈਂਕਲ ਪੁੱਤਾਂ ਮਾਂਗੂੰ ਪਾਲਿਆ ਵਿਐ, ਮੇਰੇ ਚਾਹੇ ਦੋ ਮਾਰਲੋ!'

-'ਚੱਲ ਤੂੰ ਦਫ਼ਾ ਹੋ ਯਾਰ...।' ਦੂਜਾ ਸਿਪਾਹੀ ਬੋਲਿਆ।

-'ਸਰਕਾਰ ਮੇਰੀ ਗੱਲ ਦਾ ਕਿਸੇ ਨੇ ਗੌਗਾ ਈ ਨ੍ਹੀ ਗੌਲਿਆ? ਆਬਦੀਆਂ ਸੁਣਾ ਕੇ ਈ ਚੁੱਪ ਕਰਗੇ। ਮੈਂ ਪੁੱਛਿਆ ਸੀ ਬਈ ਕਿਸੇ ਸਾਧ ਸੰਤ ਨੇ ਆਉਣੈਂ, ਐਨੀ ਸਫ਼ਾਈ ਹੋਈ ਜਾਂਦੀ ਐ? ਕਿਧਰੇ ਝੰਡੀਆਂ, ਕਿਧਰੇ ਫੁੱਲਝੜੀਆਂ, ਕਿਧਰੇ ਫੁੱਲ ਬੂਟੇ ਝੂਲਣ ਲੱਗਪੇ। ਐਥੋਂ ਤਾਂ ਸਰਕਾਰ ਮੱਝ ਵੀ ਨੱਕ ਸਕੋੜ ਕੇ ਲੰਘਦੀ ਸੀ, ਤੇ ਅੱਜ ਤਾਂ ਓਸ ਗੱਲ ਦੇ ਆਖਣ ਮਾਂਗੂੰ ਨਵੀਂ ਵਿਆਹੀ ਮਾਂਗੂੰ ਮਹਿਕਾਂ ਆਉਂਦੀਐਂ, ਰੰਗ ਭਾਗ ਲੱਗੇ ਪਏ ਐ...!'

-'ਮੰਤਰੀ ਨੇ ਆਉਣੈਂ।' ਸਿਪਾਹੀ ਨੇ ਖਹਿੜਾ ਜਿਹਾ ਛੁਡਾਉਣ ਲਈ ਆਖਿਆ।

-'ਵਾਹ ਜੀ ਸਰਕਾਰ ਜੀ ਵਾਹ..! ਬੱਲੇ ਬੱਲੇ...! ਜੇ ਮੰਤਰੀ ਆਉਣ ਨਾਲ ਸ਼ਹਿਰ ਦੀ ਐਨੀ ਰੂਹ ਬਦਲ ਸਕਦੀ ਐ ਤਾਂ ਸਰਕਾਰ ਨਿੱਤ ਈ ਕੋਈ ਨਾ ਕੋਈ ਮੰਤਰੀ-ਛੰਤਰੀ ਸੱਦ ਲਿਆ ਕਰੋ, ਸ਼ਹਿਰ ਦੀ ਜੂਨ ਤਾਂ ਸੁਧਰੇ। ਪਰ ਸਰਕਾਰ ਜਦੋਂ ਮੰਤਰੀ ਆ ਕੇ ਮੁੜ ਗਿਆ, ਫੇਰ ਰੂੜੀਆਂ ਫਿਰ ਐਥੇ ਲਿਆ ਲਾਵੋਂਗੇ?'

-'ਤੈਨੂੰ ਗੱਲਾਂ ਬਹੁਤ ਆਉਂਦੀਐਂ।'

-'ਹੋਰ ਗੌਰਮਿੰਟ ਜੀ ਮੈਨੂੰ ਮਨੀਆਡਰ ਆਉਣੇਂ ਐਂ..?'

ਸਿਪਾਹੀ ਨੇ ਸੱਭਿਆਚਾਰ ਦੇ ਟੰਬੇ ਵਰਗੇ ਹੱਡ 'ਤੇ ਡੰਡਾ ਮਾਰਿਆ। 'ਟਣਨ' ਦੀ ਅਵਾਜ਼ ਆਈ।

-'ਜੇ ਦਿਲ ਖੁਸ਼ ਹੁੰਦੈ ਇਕ ਹੋਰ ਮਾਰਲੋ ਜੀ। ਪਰ ਸਰਕਾਰ ਇਹ ਦੱਸ ਦਿਓ ਬਈ ਉਥੇ ਤਾਂ ਨ੍ਹੀ ਕਿਸੇ ਬਾਵਰੀਆਂ ਆਲੇ ਗਾਇਕ ਜਾਂ ਬਲਾਊਜ਼ ਚੱਡੀ ਆਲੀ ਬੀਬੀ ਨੇ ਨੱਚਣਾ? ਨਹੀਂ ਮੈਂ ਫਿਰ ਮੁੜ ਕੇ ਖੇਤ ਜਾ ਵੜਦੈਂ!'

-'ਚੱਲ ਭੱਜ ਐਥੋਂ...! ਨਹੀਂ ਚੱਕ ਕੇ ਸਾਲਿਆ ਅੰਦਰ ਦੇ ਦਿਆਂਗੇ...!'

-'ਕੋਈ 'ਤਬਾਰ ਨ੍ਹੀ ਭਾਈ, ਆਬਦੀ ਇੱਜਤ ਆਬਦੇ ਹੱਥ।' ਸੱਭਿਆਚਾਰ ਨੇ ਮਨ 'ਚ ਕਿਹਾ।

-'ਚੰਗਾ ਜੀ ਫੇਰ ਸਾਸਰੀਕਾਲ ਸਰਕਾਰ ਜੀ!' ਸੱਭਿਆਚਾਰ ਸਾਈਕਲ 'ਤੇ ਚੜ੍ਹ ਤੁਰ ਗਿਆ।

ਸੱਭਿਆਚਾਰ ਜੀ ਅਜੇ ਗਏ ਹੀ ਸਨ ਕਿ ਇਕ ਸੋਹਣੀ ਸੁਨੱਖੀ ਕੁੜੀ ਲੇਡੀ ਸਾਈਕਲ 'ਤੇ ਆਉਂਦੀ ਦਿਸੀ। ਸਿਪਾਹੀ ਦੇ 'ਕੁੱਤੇ ਫ਼ੇਲ੍ਹ' ਹੋਣ ਵਾਲੇ ਹੋ ਗਏ।

-'ਆਪਾਂ ਕੌਣ ਐਂ ਜੀ...?' ਉਹ ਕੁੜੀ ਦੇ ਕਾਫ਼ੀ ਨੇੜੇ ਹੋ ਕੇ ਬੋਲਿਆ। ਮੂੰਹ 'ਚੋਂ ਲਾਲ਼ ਟਪਕੀ ਅਤੇ ਬਾਛਾਂ ਖਿੱਲਰ ਗਈਆਂ।

-'ਕੀ ਮਤਲਬ..?' ਉਸ ਦੀ ਵੰਝਲੀ ਵਰਗੀ ਅਵਾਜ਼ ਟਣਕੀ। ਭਰ ਜੁਆਨ, ਗਰਨੇਡ ਵਰਗੀ ਕੁੜੀ ਦੀਆਂ ਜੋਬਨ-ਮੱਤੀਆਂ ਛਾਤੀਆਂ ਨੇ ਗਿੱਧਾ ਪਾਇਆ।

-'ਥੋਡਾ ਸ਼ੁਭ ਨਾਮ? ਐਥੇ ਕੀ ਕਰਨ ਆਏ ਓਂ??'

-'ਮੇਰਾ ਨਾਂ ਤੰਦਰੁਸਤੀ! ਐਥੇ ਤੇਰੇ ਸ਼ਹਿਰ ਦੀ ਸਫ਼ਾਈ ਦੇਖ ਕੇ ਆਈਂ ਐਂ!' ਉਸ ਦੇ ਕੇਸੂ ਬੁੱਲ੍ਹ ਹਿੱਲੇ।

-'ਅੱਜ ਕਿਹੋ ਜਿਹੇ ਬੰਦਿਆਂ ਨਾਲ ਵਾਹ ਪਈ ਜਾਂਦੈ?' ਸਿਪਾਹੀ ਕਮਲ਼ਾ ਹੋਇਆ ਖੜ੍ਹਾ ਸੀ।

-'ਚੱਲ ਜਾਣ ਦੇ! ਜਿੱਦੇਂ ਮੰਤਰੀ ਆ ਕੇ ਮੁੜ ਗਿਆ, ਇਹ ਆਪੇ ਮੁੜਜੂਗੀ। ਦੇਖ ਲੈਣ ਦੇ ਇਹਨੂੰ ਇੱਕ ਅੱਧਾ ਦਿਨ ਤੁਰ ਫਿਰ ਕੇ ਮੇਲਾ, ਦਫ਼ਾ ਕਰ!' ਦੂਜੇ ਸਿਪਾਹੀ ਨੇ ਕਿਹਾ।

-'ਜਾਓ ਜੀ..!' ਸਿਪਾਹੀ ਨੇ ਰਾਹ ਦਿੱਤਾ ਤਾਂ ਉਹ ਸਾਈਕਲ ਰੋੜ੍ਹ ਤੁਰ ਗਈ।

-'ਤੋਰ ਸਹੁਰੀ ਦੀ ਸੱਪ ਅਰਗੀ ਐ!' ਸਿਪਾਹੀ ਡਿੱਗਣ ਵਾਲਾ ਹੋਇਆ ਖੜ੍ਹਾ ਸੀ।

-'ਹੋਵੇ ਨਾ...? ਜੁਆਨੀ ਤਾਂ ਸਾਲੀ ਗਧੇ 'ਤੇ ਆਈ ਨ੍ਹੀ ਮਾਨ..!' ਦੂਜਾ ਬੋਲਿਆ।

-'ਤੇਰੇ ਆਲੀ ਤਾਂ ਹੁਣ ਡੰਡ ਬੈਠਕਾਂ ਕੱਢਣੋਂ ਰਹੀ, ਉਹ ਤਾਂ ਭਾਈ ਸਾਹ ਜੇ ਵਰੋਲ਼ਦੀ ਫਿਰਦੀ ਐ!'

-'ਉਹ ਤਾਂ ਇਹਦੀਆਂ ਰੋਟੀਆਂ ਪਕਾਈ ਚੱਲੇ, ਵਾਹ ਭਲੀ ਐ!'

ਪੁਲਸ ਵਾਲਿਆਂ ਨੇ ਅੱਗੇ ਕਰੋਲ਼ੇ ਦੇਣੇ ਸ਼ੁਰੂ ਕਰ ਦਿੱਤੇ। ਰਿਕਸ਼ੇ ਵਾਲਿਆਂ ਦੇ ਹੱਡ ਕੁੱਟੇ, ਰੇੜ੍ਹੀਆਂ ਵਾਲਿਆਂ ਦੇ ਮੌਰ ਸੇਕੇ, ਅਖੀਰ ਇੱਕ ਸੜਕ ਦੇ ਇੱਕ ਖੂੰਜੇ ਪਈ ਇੱਕ ਬਿਰਧ ਮਾਈ ਨੂੰ ਜਾ ਉਠਾਇਆ। ਮਾਈ ਦੀ ਪੁੱਛ-ਗਿੱਛ ਸ਼ੁਰੂ ਹੋ ਗਈ।

-'ਮਾਈ ਤੂੰ ਐਥੇ ਬੈਠੀ ਕੀ ਕਰਦੀ ਐਂ?'

-'ਆਬਦੇ ਜਣਦਿਆਂ ਨੂੰ ਰੋਨੀਂ ਐਂ, ਪੁੱਤ...!' ਮਾਈ ਅਤੀਅੰਤ ਦੁਖੀ ਹੋਈ ਬੋਲੀ।

-'ਕੌਣ ਐਂ ਤੂੰ?' ਝੁੱਗੀਆਂ ਕੋਲੇ ਸੜਕ ਕੰਢੇ ਬੈਠੀ ਇਸ ਬਿਰਧ ਮਾਈ ਦੇ ਡੰਡਾ ਮਾਰਨੋਂ ਸੰਕੋਚ ਕਰਦਿਆਂ ਠਾਣੇਦਾਰ ਨੇ ਪੁੱਛਿਆ।

-'ਪੁੱਤ ਮੈਂ ਅਜਾਦੀ ਐਂ!' ਉਸ ਦੀਆਂ ਝੁਰੜੀਆਂ ਭਰੇ ਮੂੰਹ 'ਚੋਂ ਮੁਰਦਾ ਅਵਾਜ਼ ਨਿਕਲੀ।

-'ਕਿੱਥੇ ਰਹਿਨੀ ਐਂ?'

-'ਝੁੱਗੀਆਂ ਝੌਂਪੜੀਆਂ 'ਚ। ਕਦੇ ਬਿਮਾਰਾਂ ਕੋਲੇ ਤੇ ਕਦੇ ਗਰੀਬ ਗੁਰਬਿਆਂ 'ਚ। ਕਦੇ ਕਦੇ ਸੜਕ ਦੇ ਕਿਨਾਰੇ। ਕਦੇ ਛੱਪੜ ਦੇ ਕੰਢੇ। ਕਦੇ ਸਿਵਿਆਂ 'ਚ। ਕਦੇ ਕਿਤੇ-ਕਦੇ ਕਿਤੇ, ਹੋਰ ਦੱਸ ਪੁੱਤ?'

-'ਕਿਹੜਾ ਪਿੰਡ ਐ?'

-'ਕੋਈ ਨ੍ਹੀ ਪੁੱਤ! ਬੇਪਿੰਡੀ ਤੇ ਬੇਘਰੀ ਐਂ ਮੈਂ, ਟੱਪਰੀਵਾਸ ਐਂ ਮੈਂ ਤਾਂ...!'

-'ਐਥੇ ਕੀ ਕਰਦੀ ਐਂ?'

-'ਮੇਰੇ ਪੁੱਤ ਮੈਨੂੰ ਛੱਡ ਕੇ ਤੁਰ ਗਏ, ਉਨ੍ਹਾਂ ਨੂੰ 'ਡੀਕਦੀ ਆਂ ਪੁੱਤਾ!' ਉਹ ਡੁਸਕ ਪਈ। ਬੁਝੀਆਂ ਅੱਖਾਂ 'ਚ ਪਤਾ ਨਹੀਂ ਕਿੱਥੋਂ ਜਲ ਆ ਗਿਆ ਸੀ।

-'ਕੀ ਕਿਹੈ..? ਛੱਡ ਕੇ ਤੁਰਗੇ..?'

-'ਵੇ ਆਹੋ..! ਬੜੇ ਚੰਗੇ, 'ਲੈਕ' ਪੁੱਤ ਸੀ ਮੇਰੇ!'

-'ਉਹ ਚੰਗੇ ਪੁੱਤ ਕਾਹਦੇ ਹੋਏ ਮਾਈ, ਜਿਹੜੇ ਮਾਂ ਨੂੰ ਈ ਛੱਡ ਕੇ ਤੁਰਗੇ?'

-'ਵੇ ਪੁੱਤਾ ਤੂੰ ਨ੍ਹੀ ਸਮਝ ਸਕਦਾ ਇਹ ਘਾਣੀਂ! ਤੂੰ ਅਜੇ ਨਿਆਣੈਂ ਪੁੱਤ!'

-'ਕੀ ਨਾਂ ਐਂ ਉਨ੍ਹਾਂ ਦਾ, ਖ਼ਬਰ ਲਈਏ?' ਹੌਲਦਾਰ ਬੋਲਿਆ।

-'ਸ਼ੇਰ ਬਹਾਦਰ ਭਗਤ ਸਿੰਘ! ਸੂਰਮਾਂ ਕਰਤਾਰ ਸਿੰਘ ਸਰਾਭਾ-!'

-'ਬੁੜ੍ਹੀਏ ਤੇਰਾ ਦਿਮਾਗ ਤਾਂ ਨ੍ਹੀ ਖਰਾਬ ਹੋ ਗਿਆ?'

-'ਪੁੱਤ ਮੇਰਿਆ ਡਮਾਕ ਖਰਾਬ ਨ੍ਹੀ ਹੋਇਆ। ਡਮਾਕ ਖਰਾਬ ਕਰਤਾ ਮੇਰਾ ਅੱਗ ਲੱਗੜਾ। ਤਾਹੀਂ ਤਾਂ ਕਮਲੀ ਹੋਈ ਫਿਰਦੀ ਆਂ। ਤੂੰ ਪੁੱਤ ਅਜੇ ਨਿਆਣੈਂ ਬਹੁਤ, ਤੈਨੂੰ ਕੀ-ਕੀ ਸਮਝਾਵਾਂ?'

-'ਕੀਹਨੇ ਖਰਾਬ ਕਰਤਾ ਤੇਰਾ ਦਿਮਾਗ?' ਠਾਣੇਦਾਰ ਵਿਅੰਗਮਈ ਹੱਸਿਆ। ਉਸ ਨੂੰ ਯਕੀਨ ਹੋ ਗਿਆ ਸੀ ਕਿ ਇਹ ਬੁੜ੍ਹੀ ਪਾਗਲ ਹੈ।

-'ਵੇ ਆਹ ਜਿਹੜੇ ਝੰਡੀ ਆਲੀਆਂ ਕਾਰਾਂ 'ਚ ਜਬਕਦੇ ਫਿਰਦੇ ਐ। ਕੀ ਕਹਿੰਦੇ ਐ ਇਹਨਾਂ ਅੱਗ ਲੱਗੜਿਆਂ ਨੂੰ? ਮੰਤਰੀ-ਮੰਤਰੀ!'

-'ਬੇਬੇ ਤੇਰੇ ਨਾਲ ਬਿਰਧ ਕਰਕੇ ਲਿਹਾਜ ਕਰਦੈਂ। ਤੂੰ ਹੁਣ ਕਿਰਪਾ ਕਰ, ਇਥੋਂ ਪਰ੍ਹੇ ਹੋਜਾ!' ਠਾਣੇਦਾਰ ਨੇ ਡੰਡਾ ਘੁੰਮਾਉਂਦਿਆਂ ਕਿਹਾ।

-'ਵੇ ਕਾਹਤੋਂ ਜਿਉਣ ਜੋਕਰਿਆ, ਕਾਹਤੋਂ ਪਰ੍ਹੇ ਹੋਜਾਂ ਮੈਂ? ਮੈਂ ਅਜਾਦੀ ਆਂ ਪੁੱਤ!'

-'ਮਾਈ ਇੱਥੋਂ ਦੀ ਮੰਤਰੀ ਨੇ ਗੁਜਰਨੈਂ।'

-'ਵੇ ਤੇਰੇ ਮੰਤਰੀ-ਸ਼ੰਤਰੀ ਪਿੱਛੋਂ ਗੁਜਰਦੇ ਹੁਣ 'ਗੁਜਰ' ਜਾਣ! ਪਰ ਮੈਂ ਪਿੱਛੇ ਕਿਉਂ ਹਟਾਂ? ਮੈਂ ਸਾਰੇ ਹਿੰਦੋਸਤਾਨ ਦੀ ਮਾਂ ਐਂ?'

-'ਉਏ ਮੁੰਡਿਓ ਇਹ ਬੁੜ੍ਹੀ ਆਪਣੀਆਂ ਪੇਟੀਆਂ ਲੁਹਾਊਗੀ, ਮੰਤਰੀ ਜੀ ਦੇ ਲੰਘਣ ਤੱਕ ਇਹਨੂੰ ਆਸੇ-ਪਾਸੇ ਕਰੋ!' ਠਾਣੇਦਾਰ ਨੇ ਸਿਪਾਹੀਆਂ ਨੂੰ ਅਬਦਾਲੀ ਹੁਕਮ ਕੀਤਾ।

-'ਵੇ ਮੈਂ ਤੇਰੇ ਮੰਤਰੀ ਦੇ ਕੀ ਗੋਲ਼ੀ ਮਾਰਦੀ ਆਂ? ਮੇਰਾ ਨਾਂ ਲੈ ਲੈ ਕੇ ਤਾਂ ਉਹ ਮੇਰੀ ਜਨਤਾ ਨੂੰ ਲੁੱਟੀ ਜਾਂਦੇ ਐ ਟੁੱਟ ਪੈਣੇਂ। ਇਨ੍ਹਾਂ ਨੂੰ ਲੱਗਜੇ ਇਨ੍ਹਾਂ ਨੂੰ ਅੱਗ ਨਪੁੱਤੇ ਦਿਆਂ ਨੂੰ!'

-'ਚੱਲ ਮਾਈ ਖੜ੍ਹੀ ਹੋ!' ਠਾਣੇਦਾਰ ਦੇ ਇਸ਼ਾਰੇ 'ਤੇ ਇੱਕ ਸਿਪਾਹੀ ਨੇ ਬਿਰਧ ਦੀ ਬਾਂਹ ਫੜ ਕੇ ਉਠਾਉਣਾ ਚਾਹਿਆ। ਪਰ ਉਹ ਉਠ ਨਾ ਸਕੀ।

-'ਵੇ ਮੈਥੋਂ ਨ੍ਹੀ ਉਠਿਆ ਜਾਣਾ ਜਿਉਣ ਜੋਕਰਿਆ! ਮੇਰਾ ਇੱਕ ਪਾਸਾ ਮਾਰਿਆ ਵਿਐ!!' ਉਹ ਬਿਲਕ ਉਠੀ।

-'ਚੱਲ ਮਾਈ ਤੈਨੂੰ ਦੁਆਈ ਬੂਟੀ ਦਿਵਾਈਏ, ਠੀਕ ਹੋਜੇਂਗੀ।' ਸਿਪਾਹੀ ਨੇ ਫਿਰ ਉਠਾਉਣ ਲਈ ਹਿੰਮਤ ਕੀਤੀ।

-'ਵੇ ਹੁਣ ਤੂੰ ਮੈਨੂੰ ਕਿੱਥੋਂ ਦੁਆਈ ਦੁਆਵੇਂਗਾ ਕਮਲਿਆ ਪੁੱਤਾ? ਮੇਰਾ ਪਾਸਾ ਤਾਂ 1947 ਦਾ ਮਾਰਿਆ ਵਿਐ! ਵੇ ਕੀ-ਕੀ ਤੈਨੂੰ ਦੁੱਖ ਦੱਸਾਂ ਵੇ ਮੇਰਿਆ ਕਮਲਿਆ ਪੁੱਤਾ...!' ਮਾਈ ਨੇ ਮੁਰਦਈ ਅਵਾਜ਼ ਵਿੱਚ ਵੈਣ ਪਾਉਣੇ ਸ਼ੁਰੂ ਕਰ ਦਿੱਤੇ।

ਸਿਪਾਹੀ ਬੇਵੱਸ ਹੋਇਆ ਖੜ੍ਹਾ ਸੀ।

-'ਮੈਨੂੰ ਤਾਂ ਰੋਗ ਈ ਬਾਹਲੇ ਐ...! 1947 ਤੋਂ ਲੈ ਕੇ ਹੁਣ ਤੱਕ ਦਾਣੇ ਮਾਂਗੂੰ ਭੁੱਜਦੀ ਆਉਨੀਂ ਐਂ ਪੁੱਤ! ਭੁੱਜਦੀ ਆਉਨੀ ਆਂ ਦਾਣੇ ਮਾਂਗੂੰ! ਬਥੇਰੀਆਂ 'ਵਾਂਵਾਂ ਵਗੀਆਂ ਮੇਰੇ ਐਸ ਪਿੰਡੇ 'ਤੇ ਪੁੱਤ! ਮਾੜੇ ਕਰਮਾਂ ਕਰਕੇ ਫੇਰ ਵੀ ਬਚਦੀ ਰਹੀ, ਆਹ ਬੁਰੇ ਦਿਨ ਦੇਖਣ ਆਸਤੇ ਪੁੱਤ, ਹੁਣ ਤੁਸੀਂ ਨ੍ਹੀ ਟਿਕਣ ਦਿੰਦੇ...!'

ਬਿਰਧ ਮਾਤਾ ਦੀ ਗੱਲ ਅਧੂਰੀ ਹੀ ਸੀ ਕਿ 'ਮੰਤਰੀ ਜੀ-ਜ਼ਿੰਦਾਬਾਦ..!' ਦਾ ਰੌਲਾ ਮੱਚ ਗਿਆ।

ਸਾਰੀ ਪੁਲਸ ਮੰਤਰੀ ਜੀ ਦੇ 'ਸੁਆਗਤ' ਲਈ ਜੁਟ ਗਈ। ਮੰਤਰੀ ਜੀ ਸਟੇਜ 'ਤੇ ਦਮਗੱਜੇ ਮਾਰ ਰਹੇ ਸਨ।

-'ਸਾਡਾ ਦੇਸ਼ ਅੱਜ ਦੁਨੀਆਂ ਦੀ ਚੌਥੀ ਤਾਕਤਵਰ ਪਾਵਰ ਹੈ! ਹਮਰੇ ਪਾਸ ਪ੍ਰਮਾਣੂੰ ਸ਼ਕਤੀ ਹੈ...।'

ਮੰਤਰੀ ਜੀ ਦੇ ਭਾਸ਼ਣ ਤੋਂ ਬਾਅਦ ਵਾਰੀ ਆਈ ਚਾਪਲੂਸਾਂ ਦੀ ਅਤੇ ਫਿਰ ਵਾਰੀ ਆਈ ਗਾਇਕ ਜੋੜੀ ਦੀ।

ਸਟੇਜ 'ਤੇ 'ਸੱਭਿਆਚਾਰਕ ਗੀਤ' ਚੱਲ ਰਿਹਾ ਸੀ।

-'ਨਾਲੋਂ ਜਾ ਕੇ ਨਾਇਣ ਚੱਕ ਲਈ- ਮੈਂ ਤਾਂ ਸੋਚਿਆ ਪਟੋਲ੍ਹਾ ਹੱਥ ਆ ਗਿਆ...!' ਗੀਤ ਸੁਣ ਕੇ ਟਰੱਕਾਂ ਵਾਲੇ 'ਜੈ-ਹਿੰਦ' ਕਹਿਣਾ ਭੁੱਲ ਗਏ ਸਨ। ਇਕ ਪਾਸੇ ਬਿਰਧ ਅਜ਼ਾਦੀ ਅਤੇ ਦੂਜੇ ਪਾਸੇ ਸੱਭਿਆਚਾਰ ਭੁੱਖੇ-ਤਿਹਾਏ ਇੱਕ ਦੂਜੇ ਵੱਲ ਦੇਖ ਰਹੇ ਸਨ। ਖੂੰਜੇ ਖੜ੍ਹੀ ਤੰਦਰੁਸਤੀ ਉਨ੍ਹਾਂ ਵੱਲ ਦੇਖ ਦੇਖ ਕੇ ਝੁਰੀ ਜਾ ਰਹੀ ਸੀ।

---

## ਭਦੌੜ ਦਾ ਇਤਿਹਾਸ: ਰਾਮ ਸਰੂਪ ਰਿਖੀ

*(ਸਫਾ 23 ਦਾ ਬਾਕੀ)*

ਰਤਾ ਕੁ ਵੀ ਏਧਰ ਓਧਰ ਹੋ ਜਾਂਦਾ ਤਾਂ ਭੁੰਜੇ ਆ ਡਿੱਗਦਾ ਜਿਸ ਦਾ ਮਤਲਬ ਮੌਤ ਹੋ ਸਕਦੀ ਸੀ। ਤਦੇ ਇਸ ਨੂੰ ਸੂਲੀ ਦੀ ਛਾਲ ਦਾ ਨਾਂ ਦਿੱਤਾ ਗਿਆ। ਇਸ ਛਾਲ ਦਾ ਮਾਹਿਰ ਭਦੌੜ ਦਾ ਅਮਰ ਸਿੰਘ ਮੁਸਾਫ਼ਿਰ ਪੁੱਤਰ ਸ. ਦੁੱਲਾ ਸਿੰਘ ਪੁੱਤਰ ਸ. ਨਿੱਕਾ ਸਿੰਘ ਸੀ। ਪੰਦਰਾਂ ਵੀਹ ਫੁੱਟ ਉੱਚੇ ਬਾਂਸ ਜਾਂ ਪੌੜੀ 'ਤੇ ਬੰਨ੍ਹੀ ਫੱਟੀ ਉਤੇ ਪੁੱਠੀ ਲੋਟਣੀ ਲਾ ਕੇ ਪੈਰਾਂ 'ਤੇ ਖੜ੍ਹੇ ਹੋਣਾ ਬਹੁਤ ਵੱਡੇ ਜੋਖਮ ਵਾਲਾ ਕਾਰਨਾਮਾ ਸੀ। ਜੇਕਰ ਜ਼ਰਾ ਜਿੰਨਾ ਵੀ ਭਾਰ ਜਾਂ ਸਰੀਰ ਦਾ ਅੰਗ ਵੱਧ ਘੱਟ ਲਿਫ ਜਾਵੇ ਤਾਂ ਬਾਜ਼ੀਗਰ ਧਰਤੀ 'ਤੇ ਪਟਕ ਸਕਦਾ ਸੀ। ਉਚਾਈ ਤੋਂ ਧਰਤੀ 'ਤੇ ਪਟਕਿਆ ਬੰਦਾ ਘੱਟ ਹੀ ਬਚਦਾ ਸੀ। ਇਸੇ ਲਈ ਭਦੌੜ ਦੇ ਸਿਆਣੇ ਜ਼ਿੰਮੇਵਾਰ ਵਿਅਕਤੀਆਂ ਨੇ ਸੂਲੀ ਦੀ ਛਾਲ ਬੰਦ ਕਰਾ ਦਿੱਤੀ ਸੀ। ਭਦੌੜ ਦੇ ਬਾਜ਼ੀਗਰ ਲੋਕ ਵੱਡੇ ਇਤਬਾਰੀ ਆਦਮੀ ਸਨ। ਧੀਆਂ-ਭੈਣਾਂ ਦਾ ਸਮਾਨ ਬੋਤੀ 'ਤੇ ਲੱਦ ਕੇ ਸਹੁਰੇ ਘਰ ਛੱਡ ਕੇ ਆਉਂਦੇ ਅਤੇ ਲੈ ਕੇ ਵੀ ਆਉਂਦੇ ਸਨ। ਇਹ ਕੰਮ ਉਹ ਆਪਣੇ ਜਜਮਾਨਾਂ ਦੇ ਘਰਾਂ ਦਾ ਹੀ ਕਰਦੇ ਜਿਸ ਦਾ ਹਾੜ੍ਹੀ ਸਾਉਣੀ ਲਾਗ ਲੈਂਦੇ। ਆਉਂਦੇ ਹੋਏ ਬਰਨਾਲੇ ਜਾਂ ਰਾਮਪੁਰੇ ਦੀ ਮੰਡੀ 'ਚੋਂ ਦੁਕਾਨਾਂ ਦਾ ਸਮਾਨ ਲਿਆਉਂਦੇ।

### ਸੌਂਚੀ ਪੱਕੀ ਤੇ ਘੋਲ ਕਬੱਡੀ

ਇਸੇ ਤਰ੍ਹਾਂ ਦੀ ਇਕ ਖੇਡ ਸੌਂਚੀ ਪੱਕੀ ਹੁੰਦੀ ਸੀ। ਇਸ ਨੂੰ ਕਈ ਥਾਈਂ ਖੇਡ ਚੜ੍ਹਨਾ ਵੀ ਕਹਿੰਦੇ। ਇਸ ਵਿਚ ਇਕ ਸਮੇਂ ਦੋ ਜਣੇ ਖੇਡਦੇ, ਇਕ ਧਾਵੀ ਦੂਜਾ ਜਾਫੀ। ਧਾਵੀ ਜਾਫੀ ਦੇ ਤਲ਼ੀਆਂ ਮਾਰਦਾ ਪਿੱਛਲਖੁਰੀ ਮੁੜਦਾ। ਜਾਫੀ ਧੌਣ 'ਤੇ ਧੌਲਾਂ ਮਾਰ-ਮਾਰ ਕੇ ਗੁੱਟ ਫੜ ਕੇ ਰੋਕਦਾ। ਧਾਵੀ ਨੂੰ ਪਿੰਡੇ 'ਤੇ ਤੇਲ ਲਾ ਲੈਣ ਦੀ ਖੁੱਲ੍ਹ ਹੁੰਦੀ ਸੀ ਜਿਸ ਕਰਕੇ ਉਹਦੇ ਪਿੰਡੇ 'ਤੇ ਹੱਥ ਨਹੀਂ ਸੀ ਅਟਕਦਾ। ਅਖਾੜੇ ਵਿਚ ਘੋਲ ਹੁੰਦੇ। ਸ਼ਾਮ ਦੇ ਸਮੇਂ ਕਹੀ ਨਾਲ ਅਖਾੜਾ ਪੁੱਟ ਕੇ ਮੱਲ ਕਾਂਟੇ ਦੀ ਕੁਸ਼ਤੀ ਲੜਦੇ। ਭਦੌੜ ਦੀ ਛਿੰਝ ਪਹਿਲਵਾਨ ਰਾਜ ਸਿੰਘ ਪੁਆਉਂਦਾ ਸੀ ਜੋ ਇਲਾਕੇ ਦਾ ਮਸ਼ਹੂਰ ਮੱਲ ਸੀ। ਉਹ ਛਿੰਝ ਦਾ ਬਹੁਤ ਖਰਚਾ ਆਪਣੀ ਜੇਬ ਵਿਚੋਂ ਕਰਦਾ। ਉਦੋਂ ਘੋਲ ਅੱਜ ਵਾਂਗ ਨੰਬਰਾਂ ਦੇ ਆਧਾਰ 'ਤੇ ਨਹੀਂ ਸਨ ਘੁਲੇ ਜਾਂਦੇ। ਸਿੱਧਾ ਢੂਹੀ ਲਾਉਣ ਵਾਲਾ ਜੇਤੂ ਹੁੰਦਾ ਸੀ। ਭਦੌੜ ਦੇ ਸੰਤ ਰਾਮ ਤੇ ਢੱਟੀ ਭਲਵਾਨ ਉੱਚੇ ਜੋੜ ਦੀਆਂ ਕੁਸ਼ਤੀਆਂ ਲੜਦੇ।

1956-57 ਦੇ ਸਾਲ ਭਦੌੜ ਦੇ ਕਬੱਡੀ ਖਿਡਾਰੀ ਅਗਵਾੜਾਂ ਦੀਆਂ ਟੀਮਾਂ ਬਣਾ ਕੇ ਅੰਤਰ-ਅਗਵਾੜ ਕਬੱਡੀ ਮੈਚ ਖੇਡਣ ਲੱਗੇ। ਦੋ ਮੁੱਖ ਟੀਮਾਂ ਕੌੜਿਆਂ ਦੇ ਅਗਵਾੜ ਦੀ ਜਿਸ ਦੇ ਦੱਲ ਸਿੰਘ ਦੱਲੋ ਤੇ ਛੋਟਾ ਪੁੱਤਰ ਜੰਗੀਰ ਸਿੰਘ ਅਤੇ ਹਰਨਾਮ ਸਿੰਘ ਪਾੜ੍ਹਾ ਬਹੁਤ ਤਕੜੇ ਖਿਡਾਰੀ ਸਨ। ਦੂਜੀ ਟੀਮ ਵਿਚ ਭਾਗ ਸਿੰਘ ਛੁਰਾ, ਪੰਡਤ ਰਤਨ ਚੰਦ, ਲਾਲ ਚੰਦ ਸੁਨਿਆਰਾ ਤੇ ਸੁਰਜੀਤ ਬੱਟੂ ਤਕੜੇ ਖਿਡਾਰੀ ਹੁੰਦੇ ਸਨ। ਸਭ ਤੋਂ ਤਕੜਾ ਪਲੇਅਰ ਭਾਗ ਸਿੰਘ ਛੁਰਾ ਸੀ। ਇਥੇ ਬਾਹਰਲੇ ਪਿੰਡਾਂ ਦੀਆਂ ਟੀਮਾਂ ਵੀ ਦਿਨ ਬੰਨ੍ਹ ਕੇ ਮੈਚ ਖੇਡਣ ਆਉਂਦੀਆਂ ਸਨ...।

1968-69 ਦੇ ਸਾਲ ਪਹਿਲਾ ਤਿੰਨ ਰੋਜ਼ਾ ਕਬੱਡੀ ਟੂਰਨਾਮੈਂਟ 'ਰਾਜਾ ਨਿਰਪਾਲ ਸਿੰਘ ਟੂਰਨਾਮੈਂਟ' ਦੇ ਨਾਂ 'ਤੇ ਕੀਤਾ ਗਿਆ। ਫੂਲਕਿਆਂ ਵਿਚੋਂ ਰਾਜਾ ਨਿਰਪਾਲ ਸਿੰਘ ਬੇਔਲਾਦਾ ਗਿਆ। ਉਸ ਦੀਆਂ ਪਤਨੀਆਂ ਰਾਣੀ ਹਰਭਜਨ ਕੌਰ ਅਤੇ ਵੱਡੀ ਰਾਣੀ ਕਪੂਰ ਕੌਰ ਦੋਵੇਂ ਸਕੀਆਂ ਭੈਣਾਂ ਸਨ। ਟੂਰਨਾਮੈਂਟ ਦਾ ਨਾਂ ਰਾਜਾ ਨਿਰਪਾਲ ਟੂਰਨਾਮੈਂਟ ਰੱਖਣ ਨਾਲ ਸਾਰਾ ਖਰਚਾ ਜੋ ਉਸ ਸਮੇਂ ਪੰਜ ਸੌ ਆਉਣਾ ਸੀ ਦੇਣ ਦਾ ਵਾਇਦਾ ਕਰ ਲਿਆ। ਇਸ ਟੂਰਨਾਮੈਂਟ ਦਾ ਕਰਤਾ ਧਰਤਾ ਅਜਮੇਰ ਸਿੰਘ ਪੀਟੀ ਸਾਹਿਬ ਸੀ। ਟੂਰਨਾਮੈਂਟ ਵਧੀਆ ਢੰਗ ਨਾਲ ਹੋ ਗਿਆ ਪਰ ਰਾਣੀਆਂ ਨੇ ਮੰਨਿਆ ਖਰਚਾ ਦੇਣ ਤੋਂ ਨਾਂਹ ਕਰ ਦਿੱਤੀ। ਸਕੂਲ ਦੇ ਸਟਾਫ ਤੇ ਪਿੰਡ ਵਾਲਿਆਂ ਨੂੰ ਖਰਚਾ ਪੱਲਿਓਂ ਝੱਲਣਾ ਪਿਆ। ਰਾਣੀਆਂ ਦੀ ਥਾਂ ਪਬਲਿਕ ਤੋਂ ਪੈਸੇ 'ਕੱਠੇ ਕਰਨ ਕਰਕੇ ਟੂਰਨਾਮੈਂਟ ਦਾ ਨਾਂ ਹੀ 'ਪਬਲਿਕ ਟੂਰਨਾਮੈਂਟ ਭਦੌੜ' ਰੱਖ ਲਿਆ ਗਿਆ ਜੋ 1974-75 ਤੋਂ ਹਰ ਸਾਲ ਹੋਣ ਲੱਗਾ। ਹੁਣ ਇਹ ਪੰਜਾਬ ਦਾ ਮਾਡਲ ਟੂਰਨਾਮੈਂਟ ਹੈ।

# ਫਿਲਮ 'ਧਰਤੀ ਕੇ ਲਾਲ' ਦੀਆਂ ਪੈੜਾਂ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

ਸਾਡੀ ਸ਼ੂਟਿੰਗ ਸ੍ਰੀ ਸਾਊਂਡ ਸਟੂਡੀਓ ਵਿਚ ਹੁੰਦੀ ਸੀ। ਇਸ ਦੇ ਪ੍ਰਚਾਲਕ, ਰਜਨੀ ਕਾਂਤ ਪਾਂਡੇ ਕੈਮਰੇ ਦੇ ਪਾਰੰਗਤ ਉਸਤਾਦ, ਤੇ ਉਹਨਾਂ ਦੇ ਨਿੱਕੇ ਵੀਰ, ਚੰਦਰ ਕਾਂਤ ਪਾਂਡੇ ਸਾਊਂਡ ਰਿਕਾਰਡਿੰਗ ਵਿਚ ਬੇਮਿਸਾਲ ਮੰਨੇ ਜਾਂਦੇ ਸਨ। ਜਿਸ ਫਿਲਮ ਦੇ ਗਾਣਿਆਂ ਦੀ ਰਿਕਾਰਡਿੰਗ ਚੰਦਰ ਕਾਂਤ ਪਾਂਡੇ ਦੇ ਹੱਥੋਂ ਤੇ ਸ਼ੂਟਿੰਗ ਸ੍ਰੀ ਸਾਊਂਡ ਸਟੂਡੀਓ ਵਿਚ ਨਾ ਹੋਈ ਹੋਵੇ, ਉਹ ਡਿਸਟ੍ਰੀਬਿਊਟਰਾਂ ਦੀਆਂ ਨਜ਼ਰਾਂ ਵਿਚ ਨਹੀਂ ਸੀ ਚੜ੍ਹਦੀ। ਕਹਾਣੀਕਾਰਾਂ, ਸੰਗੀਤਕਾਰਾਂ, ਫਿਲਮ ਸਟਾਰਾਂ, ਪ੍ਰੋਡਿਊਸਰਾਂ ਤੇ ਡਾਇਰੈਕਟਰਾਂ ਦਾ ਦਿਨੇ-ਰਾਤੀਂ ਉਥੇ ਮੇਲਾ ਲੱਗਾ ਰਹਿੰਦਾ ਸੀ। ਇਤਨੇ ਵੱਡੇ ਸਟੂਡੀਓ ਦਾ ਸਾਡੀ ਗਰੀਬੜੀ ਜਿਹੀ ਸੰਸਥਾ ਨੂੰ ਜਰ ਲੈਣਾ ਖਵਾਜਾ ਅਹਿਮਦ ਅੱਬਾਸ ਦੇ ਹੀ ਰਸੂਖ ਦਾ ਚਮਤਕਾਰ ਸੀ। ਸਾਨੂੰ ਸਦਾ ਦਿਲ ਵਿਚ ਖਹੁ ਪਿਆ ਰਹਿੰਦਾ ਕਿ ਕਿਤੇ ਸਾਡੇ ਨਿੱਤ ਦੇ ਲੜਾਈ-ਝਗੜੇ ਤੇ ਅਨਾੜੀਪੁਣੇ ਤੋਂ ਤੰਗ ਆ ਕੇ ਸਟੂਡੀਓ ਵਾਲੇ ਸਾਡਾ ਬਿਸਤਰਾ-ਬੋਰੀਆ ਗੋਲ ਨਾ ਕਰ ਦੇਣ।

ਪਰ ਹੌਲੀ-ਹੌਲੀ ਸਾਨੂੰ ਮਹਿਸੂਸ ਹੋਇਆ ਕਿ ਅਸੀਂ ਨੀਵੇਂ ਡਿੱਗਣ ਦੀ ਥਾਂ ਉਹਨਾਂ ਦੀਆਂ ਨਜ਼ਰਾਂ ਵਿਚ ਉੱਚੇ ਉਠ ਰਹੇ ਹਾਂ, ਕਿਉਂਕਿ ਸਾਡੇ ਝਗੜੇ ਸ਼ਖਸੀ ਪੱਧਰ ਦੇ ਨਹੀਂ ਸਨ। ਉਹਨਾਂ ਵਿਚ ਸਾਰੇ ਸਾਥੀਆਂ ਦੀ ਫਿਲਮ ਨੂੰ ਬਿਹਤਰ ਤੋਂ ਬਿਹਤਰ ਬਣਾਉਣ ਦੀ ਸੱਧਰ ਲੁਕੀ ਹੋਈ ਸੀ। ਹਜ਼ਾਰ ਖੁੜਭੋ-ਖੁੜਭੀ ਹੋਈਏ, ਪਲ ਭਰ ਬਾਅਦ ਅਸੀਂ ਫੇਰ ਵੀਰਾਂ ਵਾਂਗ ਇਕ ਹੋ ਜਾਂਦੇ ਸਾਂ। ਸਾਡੀ ਏਕਤਾ ਅਟੁੱਟ ਸੀ। ਆਪਣੇ ਟੀਚੇ ਉਪਰ ਪੁੱਜਣ ਲਈ ਅਸੀਂ ਆਪਣਾ ਸਭ ਕੁਝ ਵਾਰਨਾ ਚਾਹੁੰਦੇ ਸਾਂ। ਬੰਗਾਲੋਂ ਆਈ ਸਾਰੀ ਦੀ ਸਾਰੀ ਟੋਲੀ ਅੱਬਾਸ ਦੇ ਦੋ ਕਮਰਿਆਂ ਵਾਲੇ ਫਲੈਟ ਵਿਚ ਟਿਕੀ ਹੋਈ ਸੀ। ਮੈਂ ਅਤੇ ਦਮੋ (ਪਤਨੀ) ਵੀ ਕਈ ਵਾਰੀ ਉਥੇ ਜਾ ਪਨਾਹ ਲੈਂਦੇ, ਖਾਸ ਕਰ ਜਦੋਂ ਦਿਨੇ 'ਦੂਰ ਚਲੇਂ' ਦੀ ਅਤੇ ਰਾਤੀਂ 'ਧਰਤੀ ਕੇ ਲਾਲ' ਦੀ ਸ਼ੂਟਿੰਗ ਹੁੰਦੀ। ਰਾਤ ਦੀ ਸ਼ੂਟਿੰਗ ਦਾ ਉਦੋਂ ਬੜਾ ਰਿਵਾਜ ਸੀ। ਰਾਤੀਂ ਸ਼ੂਟਿੰਗ ਕਰਨੀ ਕਲਾਕਾਰ ਦੀ ਵਡਿਆਈ ਸਮਝਿਆ ਜਾਂਦਾ ਸੀ। ਅਸੀਂ ਇਕ ਦਫਾ ਚਾਰ ਦਿਨ ਅਤੇ ਚਾਰ ਰਾਤਾਂ ਨਹੀਂ ਸਾਂ ਸੁੱਤੇ। ਅੱਬਾਸ ਦਾ ਪਰਵਾਰ ਇਸ ਪ੍ਰਕਾਰ ਦੀ ਹਫੜਾ-ਦਫੜੀ ਵਿਚ ਕਿਵੇਂ ਸਮਾਂ ਕੱਟ ਰਿਹਾ ਸੀ, ਅਨੁਮਾਨ ਕਰਨਾ ਮੁਸ਼ਕਿਲ ਨਹੀਂ।

ਜਦੋਂ ਅੱਧੀ ਤੋਂ ਜ਼ਿਆਦਾ ਫਿਲਮ ਬਣ ਗਈ, ਤਾਂ ਸਟੂਡੀਓ ਦੇ ਨਿੱਕੇ ਜਿਹੇ ਪ੍ਰੋਜੈਕਸ਼ਨ ਥੀਏਟਰ ਵਿਚ ਉਸ ਦੇ 'ਰੱਸ਼ ਪ੍ਰਿੰਟ' ਵਿਖਾਏ ਗਏ। ਮਸ਼ਹੂਰ ਫਿਲਮ ਡਾਇਰੈਕਟਰ ਮਹੇਸ਼ ਕੌਲ ਵੀ ਚੁਪ-ਚੁਪੀਤੇ ਕੋਲ ਆ ਬੈਠੇ। ਜਦੋਂ ਵੇਖ ਕੇ ਬਾਹਰ ਨਿਕਲੇ ਤਾਂ ਉਹਨਾਂ ਦਾ ਚਿਹਰਾ ਅਨੋਖੇ ਪ੍ਰਭਾਵ ਨਾਲ ਤਮਤਮਾ ਰਿਹਾ ਸੀ। ਕਹਿਣ ਲਗੇ, "ਮੇਰਾ ਫਿਲਮਾਂ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਸੀ, ਤੁਸਾਂ ਮੁੰਡਿਆਂ ਨੇ ਇਸ ਨੂੰ ਫੇਰ ਬਰਕਰਾਰ ਕਰ ਦਿੱਤਾ ਏ।" ਰਾਜ ਕਪੂਰ ਵੀ ਉਸ ਵੇਲੇ ਉਹਨਾਂ ਕੋਲ ਖੜ੍ਹਾ ਸੀ। ਅਜੇ ਉਹ ਫਿਲਮਾਂ ਵਿਚ ਕਲਾਕਾਰ ਦੀ ਹੈਸੀਅਤ ਵਿਚ ਨਹੀਂ ਸੀ ਉਤਰਿਆ, ਤੇ ਕੇਦਾਰ ਸ਼ਰਮਾ ਨਾਲ ਸਹਾਇਕ ਲੱਗਿਆ ਹੋਇਆ ਸੀ। ਉਸ ਨੇ ਵੀ ਭਰਪੂਰ ਪ੍ਰਸੰਸਾ ਕੀਤੀ।

ਸ਼ਾਇਦ 'ਧਰਤੀ ਕੇ ਲਾਲ' ਤੋਂ ਪ੍ਰਭਾਵਤ ਹੋ ਕੇ ਹੀ ਮਹੇਸ਼ ਕੌਲ ਨੇ ਆਪ ਯਥਾਰਥਵਾਦੀ ਫਿਲਮ ਅਰੰਭ ਦਿੱਤੀ ਜਿਸ ਦਾ ਨਾਂ 'ਕਾਸ਼ੀ ਨਾਥ' ਸੀ। 'ਧਰਤੀ ਕੇ ਲਾਲ' ਦੀ ਹੀਰੋਇਨ ਤ੍ਰਿਪਤੀ ਭਾਦੁੜੀ (ਹੁਣ ਤ੍ਰਿਪਤੀ ਮਿਤ੍ਰਾ) ਨੂੰ ਉਹਨਾਂ ਇਸ ਦੀ ਮੁਖ ਅਭਿਨੇਤਰੀ ਬਣਾਇਆ, ਤੇ ਮੁਖ ਅਭਿਨੇਤਾ ਰਾਜ ਕਪੂਰ ਨੂੰ। ਉਹ ਵੀ ਬੜੀ ਯਾਦਗਾਰ ਫਿਲਮ ਸੀ।

ਸਾਡੇ ਵਿਚੋਂ ਕੋਈ ਵੀ ਮੋਟਰ ਵਿਚ ਬੈਠ ਕੇ ਸਟੂਡੀਓ ਜਾਣ ਵਾਲਾ ਨਹੀਂ ਸੀ, ਫੇਰ ਵੀ ਰਜਨੀ ਕਾਂਤ ਪਾਂਡੇ ਤੋਂ ਲੈ ਕੇ ਛੋਟੇ ਤੋਂ ਛੋਟੇ ਕਰਮਚਾਰੀ ਤਕ ਸਾਡਾ ਬੜਾ ਆਦਰ ਕਰਦੇ ਸਨ। ਸਾਡੀਆਂ ਫਰਮਾਇਸ਼ਾਂ ਉਹ ਹੋਰ ਕੰਮ ਛੱਡ ਕੇ ਪੂਰੀਆਂ ਕਰਦੇ ਸਨ। ਅਸੀਂ ਉਹਨਾਂ ਦੀ ਨਿਗਾਹ ਵਿਚ ਦੇਸ਼ ਸੇਵਾ ਦਾ ਕੰਮ ਕਰ ਰਹੇ ਸਾਂ, ਮਹਾਨ ਸਾਂ। ਵਿਅਕਤੀਵਾਦ ਦੇ ਰੋਗੀ ਫਿਲਮੀ ਮਾਹੌਲ ਵਿਚ ਸਾਡਾ ਆਦਰਸ਼ਕ ਸਮੂਹਤਾਵਾਦ ਅਜੀਬ ਖੇੜੇ ਖਿਲਾਰਦਾ ਸੀ। ਇਸ ਦਾ ਸਬੂਤ ਨਿੱਕੀਆਂ-ਨਿਕੀਆਂ ਘਟਨਾਵਾਂ ਤੋਂ ਮਿਲਦਾ ਸੀ ਜੋ ਮੈਨੂੰ ਕਦੇ ਨਹੀਂ ਭੁਲਣਗੀਆਂ।







*ਫਿਲਮ 'ਧਰਤੀ ਕੇ ਲਾਲ' ਦਾ ਦ੍ਰਿਸ਼ ਅਤੇ ਸੱਜੇ ਬਲਰਾਜ ਸਾਹਨੀ ਦੀ ਜਨਮ ਸ਼ਤਾਬਦੀ ਮੌਕੇ ਜਾਰੀ ਡਾਕ ਟਿਕਟ।*

ਇਕ ਰਾਤ ਅਸੀਂ ਕਹਾਣੀ ਦੇ ਕੇਂਦਰੀ ਪਾਤਰ, ਪ੍ਰਧਾਨ ਮੰਡਲ ਦੇ ਕਲਕੱਤੇ ਦੀਆਂ ਸੜਕਾਂ ਉਤੇ ਭੁੱਖ ਨਾਲ ਸਿਸਕ-ਸਿਸਕ ਕੇ ਪ੍ਰਾਣ ਛੱਡਣ ਦਾ ਸੀਨ ਲੈ ਰਹੇ ਸਾਂ ਜੋ ਇਸ ਪ੍ਰਕਾਰ ਸੀ: ਬੁੱਢੇ ਕਿਸਾਨ ਦਾ ਸਰੀਰ ਤੇਜ਼ ਬੁਖਾਰ ਨਾਲ ਕੰਬ ਰਿਹਾ ਹੈ। ਉਸ ਦੀ ਬੁੱਢੀ ਵਹੁਟੀ (ਉਸ਼ਾ ਸੇਨ ਗੁਪਤਾ), ਉਸ ਦਾ ਵੱਡਾ ਲੜਕਾ (ਬਲਰਾਜ ਸਾਹਨੀ), ਛੋਟਾ ਲੜਕਾ (ਅਨਵਰ), ਵਡੀ ਨੂੰਹ (ਦਮਯੰਤੀ ਸਾਹਨੀ), ਛੋਟੀ ਨੂੰਹ (ਤ੍ਰਿਪਤੀ ਭਾਦੁੜੀ) ਅਤੇ ਪਿੰਡ ਤੇ ਕੁਝ ਇਕ ਦੋ ਹੋਰ ਬੰਦੇ ਉਹਨੂੰ ਘੇਰੀ ਬੈਠੇ ਹਨ। ਬਦਹਵਾਸੀ ਵਿਚ ਬੁੱਢੇ ਕਿਸਾਨ ਨੂੰ ਆਪਣੀਆਂ ਪੈਲੀਆਂ ਯਾਦ ਆਉਂਦੀਆਂ ਹਨ, ਝੋਨੇ ਦੀਆਂ ਝੂਮਦੀਆਂ ਫਸਲਾਂ, ਤੇ ਉਹ ਆਪਣੇ ਪੁੱਤਰਾਂ ਨੂੰ ਦਾਤਰੀਆਂ ਫੜ ਕੇ ਨੱਠਣ ਲਈ ਵੰਗਾਰਦਾ ਹੈ। "ਕਾਟੋ, ਜੋਰ ਸੇ ਕਾਟੋ", ਉਹ ਹੱਸ-ਹੱਸ ਕੇ ਕੂਕਦਾ ਹੈ, ਜਿਵੇਂ ਵੱਟਾਂ ਉਤੇ ਖੜ੍ਹਾ ਕਟਾਈ ਦਾ ਨਜ਼ਾਰਾ ਵੇਖ ਰਿਹਾ ਹੋਵੇ। "ਕਿਤਨਾ ਧਾਨ, ਕਿਤਨਾ ਬਹੁਤ-ਬਹੁਤ ਧਾਨ!"

ਤੇ ਉਹ ਮਰ ਜਾਂਦਾ ਹੈ।

ਫੁੱਟਪਾਥ ਤੇ ਸੜਕ ਦਾ ਸੈੱਟ ਸਟੂਡੀਓ ਦੇ ਅੰਦਰ ਹੀ ਲਗਿਆ ਹੋਇਆ ਸੀ। ਪਹਿਲਾਂ ਕੈਮਰਾ ਦੂਰ ਰੱਖ ਕੇ ਲਾਂਗ ਸ਼ਾਟ ਵਿਚ ਇਹ ਸਾਰਾ ਦ੍ਰਿਸ਼ ਖਿੱਚ ਲਿਆ ਗਿਆ। ਇਸ ਲਈ ਤਿੰਨ ਚਾਰ ਘੰਟੇ ਲਾਈਟਿੰਗ ਵਿਚ ਲੱਗੇ ਪਰ ਅਸਿਸਟੈਂਟ ਡਾਇਰੈਕਟਰ ਕੈਮਰਾ ਡਿਪਾਰਟਮੈਂਟ ਦੀ ਅਣਗਹਿਲੀ ਕਾਰਨ ਫੁੱਟਪਾਥ ਉੱਤੇ ਲਗਾਏ ਬਿਜਲੀ ਦੇ ਖੰਭਿਆਂ ਦੀਆਂ ਲਾਈਟਾਂ ਅਣਜਗੀਆਂ ਰਹਿ ਗਈਆਂ। ਜਦੋਂ ਕੈਮਰਾ ਚੁੱਕ ਕੇ ਬੁੱਢੇ ਕਿਸਾਨ ਦੇ 'ਕਲੋਜ਼-ਅਪ' ਉਤੇ ਲਿਆਏ ਤਾਂ ਇਸ ਗਲਤੀ ਦਾ ਗਿਆਨ ਹੋਇਆ। ਹੁਣ ਕੀ ਕਰੀਏ? ਉਦੋਂ ਤਕ ਸਟੂਡੀਓ ਦੀਆਂ ਸਾਰੀਆਂ ਲਾਈਟਾਂ ਹਿਲਾਈਆਂ ਜਾ ਚੁਕੀਆਂ ਸਨ। ਹਨੇਰੀ ਰਾਤ ਵਿਚ ਬੁੱਢੇ ਕਿਸਾਨ ਦੇ ਚਿਹਰੇ ਉਪਰ ਚਾਨਣ ਪਾਉਣ ਦਾ ਇਕੋ-ਇਕ ਬਹਾਨਾ ਬਿਜਲੀ ਦੇ ਖੰਭੇ ਦੀ ਲਾਈਟ ਸੀ ਜੋ 'ਲਾਂਗ ਸ਼ਾਟ' ਵਿਚ ਅਣਜਗੀ ਰਹਿ ਗਈ ਸੀ।

ਸਭ ਇਕ ਦੂਜੇ ਦਾ ਮੂੰਹ ਵੇਖਣ ਤੇ ਦੋਸ਼ ਦੇਣ ਲੱਗ ਗਏ। ਜੇ ਪਹਿਲੇ ਸ਼ਾਟ ਨੂੰ ਦੁਬਾਰਾ ਲਈਏ, ਤਾਂ ਲਾਈਟਿੰਗ ਲਈ ਫੇਰ ਚਾਰ ਘੰਟੇ ਚਾਹੀਦੇ ਸਨ। ਇਸ ਤਰ੍ਹਾਂ ਪੂਰੀ ਸ਼ਿਫਟ ਹੀ ਬਰਬਾਦ ਹੋ ਜਾਂਦੀ।

ਅਚਨਚੇਤ ਲਾਈਟਿੰਗ ਵਿਭਾਗ ਦੇ ਇਕ ਮਜ਼ਦੂਰ ਨੇ ਸੁਝਾਅ ਪੇਸ਼ ਕੀਤਾ। ਸ਼ੁਰੂ ਵਿਚ ਕਿਸਾਨ ਦੇ 'ਕਲੋਜ਼-ਅਪ' ਨੂੰ ਬੇਸ਼ੱਕ ਨ੍ਹੇਰਾ ਰੱਖਿਆ ਜਾਏ। ਫੇਰ ਬਰੜਾਂਦੇ ਦੇ ਚਿਹਰੇ ਉਪਰ ਝੱਟ ਕਿਸੇ ਦੂਰੋਂ ਆਉਂਦੀ ਮੋਟਰ ਦਾ ਲਿਸ਼ਕਾਰਾ ਆ ਪਏ। ਜਿਉਂ-ਜਿਉਂ ਉਹ ਆਵੇਸ਼ ਵਿਚ ਆਏ, ਲਿਸ਼ਕਾਰਾ ਤੇਜ਼ ਹੁੰਦਾ ਜਾਏ। ਉਹਦੇ ਮਰਦਿਆਂ ਸਾਰ ਸ਼ਾਟ ਕੱਟ ਕਰ ਕੇ ਫੇਰ ਕਿਸੇ ਹੋਰ ਐਂਗਲ ਤੋਂ ਵਿਖਾਇਆ ਜਾਏ ਕਿ ਇਧਰ ਕਿਸਾਨ ਦਾ ਪਰਿਵਾਰ ਚੀਕਾਂ ਮਾਰਦਾ ਉਸ ਦੀ ਲਾਸ਼ ਉਪਰ ਡਿੱਗ ਪੈਂਦਾ ਹੈ, ਤੇ ਉਸੇ ਵੇਲੇ ਇਕ ਚਮ-ਚਮਾਂਦੀ ਮੋਟਰ ਜਿਵੇਂ ਉਹਨਾਂ ਦੀ ਬਿਪਤਾ ਉਤੇ ਹਾਸੀ ਉਡਾਉਂਦੀ, ਐਨ ਕੋਲੋਂ ਦੀ ਹੋ ਕੇ ਲੰਘ ਜਾਂਦੀ ਹੈ।

ਏਸ ਤਜਵੀਜ਼ ਨੂੰ ਸੁਣ ਕੇ ਅਸੀਂ ਸਕਤੇ ਵਿਚ ਆ ਗਏ। ਅੱਬਾਸ, ਸ਼ੰਭੂ, ਗੁਪਤੇ, ਮੈਂ, ਕੈਮਰਾਮੈਨ ਕਪਾਡੀਆ ਸਭ ਅਸ਼-ਅਸ਼ ਕਰ ਉੱਠੇ। ਬੁਧੀਵਾਨਾਂ ਦੀ ਕੀਤੀ ਗਲਤੀ ਨੂੰ ਅਣਪੜ੍ਹ ਮਜ਼ਦੂਰ ਨੇ ਮਹਾਨ ਕਲਾ ਵਿਚ ਬਦਲ ਦਿੱਤਾ। 'ਧਰਤੀ ਕੇ ਲਾਲ' ਦਾ ਸੰਗੀਤ ਰਵੀ ਸ਼ੰਕਰ ਨੇ ਦਿੱਤਾ ਸੀ। ਉਪਰੋਕਤ ਸੀਨ ਦੇ ਪਿਛੋਕੜ ਉਹਨੇ ਕੇਵਲ ਇਕ ਬੰਸਰੀ ਦੀ ਅਵਾਜ਼ ਭਰੀ, ਜਿਵੇਂ ਮਰਨ ਤੋਂ ਬਾਅਦ ਕਿਸਾਨ ਦੀ ਰੂਹ ਮੋਟਰ ਦੇ ਉਤੋਂ ਦੀ ਹੋ ਕੇ ਸਚਮੁਚ ਆਪਣੇ ਖੇਤਾਂ ਵਲ ਉੱਡ ਗਈ ਹੋਵੇ। ਇੰਜ ਇਹ ਸਾਡੀ ਫਿਲਮ ਦਾ ਅਤਿਅੰਤ ਹਿਰਦੇ-ਵੇਧਕ ਸੀਨ ਬਣ ਗਿਆ।

ਅਤੇ ਇਹ ਇਕ ਐਸੇ ਵਰਗ ਦੇ ਆਦਮੀ ਦੀ ਦੇਣ ਸੀ ਜਿਸ ਦੀ ਸ਼ੂਟਿੰਗ ਵੇਲੇ ਕਿਸੇ ਸਫੈਦ-ਪੋਸ਼ ਨਾਲ ਗੱਲ ਕਰਨ ਤਕ ਦੀ ਹਿੰਮਤ ਨਹੀਂ ਪੈਂਦੀ, ਸਲਾਹ-ਮਸ਼ਵਰਾ ਦੇਣਾ ਤਾਂ ਵੱਖ ਰਿਹਾ। ਬਕੌਲ-ਸ਼ਖਸੇ- "ਹਮ ਭੀ ਮੂੰਹ ਮੇਂ ਜ਼ਬਾਨ ਰਖਤੇ ਹੈਂ, ਕਾਸ਼ ਪੂਛੋ ਕਿ ਮੁਦਆ ਕਿਆ ਹੈ।"

ਸਾਡੇ ਯੂਨਿਟ ਵਿਚ ਝੂਠੀ ਸ਼ਾਨ ਅਤੇ ਪੈਸੇ ਦੀ ਹੈਂਕੜ ਦਾ ਅਭਾਵ ਵੇਖ ਕੇ ਹੀ ਉਸ ਮਜ਼ਦੂਰ ਨੂੰ ਮੂੰਹ ਖੋਲ੍ਹਣ ਦਾ ਜੇਰਾ ਹੋਇਆ ਸੀ। ਸੱਚ ਤਾਂ ਇਹ ਹੈ ਕਿ ਪਰੋਲਤਾਰੀ ਸੂਝ-ਬੂਝ ਰਖਣ ਵਾਲੇ ਮਜ਼ਦੂਰ ਸਾਡੀ ਫਿਲਮ ਨੂੰ ਆਪਣੀ ਹੀ ਗਿਣਨ ਲਗ ਪਏ ਸਨ। ਕਮਿਊਨਿਸਟ ਪਾਰਟੀ, ਟਰੇਡ ਯੂਨੀਅਨਾਂ ਤੇ ਕਿਸਾਨ ਸਭਾ ਦੀ ਹਦਾਇਤ ਹੇਠ ਸੈਂਕੜੇ ਕਿਸਾਨ, ਮਜ਼ਦੂਰ, ਤੀਵੀਂਆਂ, ਮਰਦ ਤੇ ਬੱਚੇ ਨਿੱਕੇ-ਨਿੱਕੇ ਪਾਰਟ ਕਰਨ ਲਈ ਬਿਲਾ-ਮੁਆਵਜ਼ਾ ਅੰਦਰੂਨੀ ਤੇ ਬੈਰੂਨੀ ਸ਼ੂਟਿੰਗ ਵਿਚ ਸ਼ਾਮਲ ਹੁੰਦੇ ਸਨ। ਬੰਗਾਲੀ ਕਿਸਾਨਾਂ ਦੇ ਪਿੰਡ ਛੱਡ ਕੇ ਸ਼ਹਿਰ ਵਲ ਪਰਵਾਸ ਕਰਨ ਦੇ ਸੀਨ ਵਿਚ ਹਜ਼ਾਰਾਂ ਕਿਸਾਨਾਂ ਨੇ ਭਾਗ ਲਿਆ ਸੀ, ਸਵੇਰੇ ਚਾਰ ਵਜੇ ਤੋਂ ਇਪਟਾ ਦੀਆਂ ਬੰਗਾਲਣ ਕੁੜੀਆਂ ਨੇ ਪੇਂਡੂ ਮਰਾਠਣਾਂ ਨੂੰ ਬੰਗਾਲੀ ਢੰਗ ਨਾਲ ਧੋਤੀ ਬੰਨ੍ਹਣਾ ਸਿਖਾਉਣਾ ਸ਼ੁਰੂ ਕਰ ਦਿੱਤਾ ਸੀ। ਚਾਰ ਦਿਨ ਤਕ ਕਾਪੜਨੇ ਪਿੰਡ ਦੇ ਕਿਸਾਨਾਂ ਨੇ ਨਾ ਕੇਵਲ ਸਾਨੂੰ ਪੈਲੀਆਂ ਵਿਚ ਊਧਮ ਮਚਾਉਣ ਦੀ ਛੁੱਟੀ ਦਿੱਤੀ ਰੱਖੀ ਸਗੋਂ ਪ੍ਰਾਹੁਣਿਆਂ ਵਾਂਗ ਖੁਆਇਆ ਪਿਆਇਆ ਵੀ।

ਪਰ ਅਫਸੋਸ, ਜਿਹੜੀਆਂ ਆਸਾਂ ਇਪਟਾ ਦੇ ਆਮ ਮੈਂਬਰਾਂ ਨੇ ਇਸ ਫਿਲਮੀ ਯੋਜਨਾ ਉਪਰ ਲਾਈਆਂ ਹੋਈਆਂ ਸਨ, ਆਗੂਆਂ ਦੀ ਨਾਇਤਫਾਕੀ ਕਾਰਨ ਮਿੱਟੀ ਵਿਚ ਮਿਲ ਗਈਆਂ। ਅੰਦਰੇ-ਅੰਦਰ ਸਾਡੇ ਭੇਦ-ਭਾਵ ਤਿੱਖੇ ਹੁੰਦੇ ਚਲੇ ਗਏ। ਮੌਕਾ-ਤਾੜੂਆਂ ਨੇ ਆਪਣੇ ਸੁਆਰਥ ਸਿੱਧ ਕਰਨ ਲਈ ਆਗੂਆਂ ਦੁਆਲੇ ਧੜੇ ਬੰਨ੍ਹਣੇ ਸ਼ੁਰੂ ਕਰ ਦਿਤੇ। ਛੋਟੇ-ਮੋਟੇ ਫਿਲਮੀ ਕੰਮ ਵੀ ਹਜ਼ਾਰਾਂ ਰੁਪਿਆਂ ਦਾ ਰੋਜ਼ ਲੈਣ-ਦੇਣ ਹੁੰਦਾ ਹੈ। ਉਹ ਵੀ ਕਈ ਸਾਥੀਆਂ ਦੀ ਇਖਲਾਕੀ ਪੱਧਰ ਨੂੰ ਡੇਗਣ ਦਾ ਕਾਰਨ ਬਣਿਆ। ਜਿਸ ਕੰਮ ਨੂੰ ਇਤਨੇ ਚਾਅ ਨਾਲ ਸ਼ੁਰੂ ਕੀਤਾ ਗਿਆ ਸੀ, ਉਹ ਅੰਤ ਇਕ ਵਬਾਲ ਬਣ ਕੇ ਰਹਿ ਗਿਆ। ਛੇਤੀ-ਛੇਤੀ ਐਕਟਿੰਗ ਮੁਕੰਮਲ ਕਰ ਕੇ ਅੱਬਾਸ ਲਾਹੌਰ ਚਲਾ ਗਿਆ, ਜਿਥੇ ਉਹਨੂੰ ਹੋਰ ਇਕ ਫਿਲਮ ਦਾ ਕਾਂਟਰੈਕਟ ਮਿਲ ਗਿਆ। ਪਿਛੇ 'ਧਰਤੀ ਕੇ ਲਾਲ' ਡੱਬਿਆਂ ਵਿਚ ਪਈ ਲਾਵਾਰਸ ਰੁਲਦੀ ਰਹੀ। ਕਿਸੇ ਨੂੰ ਨਹੀਂ ਸੀ ਪਤਾ ਕਿ ਉਸ ਦਾ ਕੀ ਕਰਨਾ ਹੈ।

ਅੰਤ, ਜਿਸ ਦਿਨ ਉਹ ਰਿਲੀਜ਼ ਹੋਈ, ਉਸੇ ਦਿਨ ਸ਼ਹਿਰ ਵਿਚ ਫਿਰਕੂ ਫਸਾਦ ਛਿੜ ਪਏ। ਕਰਫਿਊ ਲਗ ਗਿਆ। ਫਿਲਮ ਬਣਾਉਣਾ ਵੀ ਫਸਲ ਉਗਾਉਣ ਵਾਂਗ ਕਿਸਮਤ ਨਾਲ ਜੂਆ ਖੇਡਣ ਵਾਲੀ ਗੱਲ ਹੈ। ਕਿਸੇ ਵੀ ਪੜਾਅ ਉਤੇ, ਤੇ ਕਿਸੇ ਵੀ ਕਾਰਨ ਤਿੰਨ ਕਾਣੇ ਹੋ ਸਕਦੇ ਹਨ। ਫਸਾਦ ਤਾਂ ਬਹੁਤ ਦਿਨ ਨਾ ਰਹੇ ਪਰ ਲੋਕਾਂ ਵਿਚ ਸਹਿਮ ਬਣਿਆ ਰਿਹਾ, ਤੇ ਸਿਨੇਮਾ ਹਾਲ ਖਾਲੀ ਪਏ ਰਹੇ। ਉਸ ਅਠਵਾੜੇ ਰਿਲੀਜ਼ ਹੋਈਆਂ ਸਾਰੀਆਂ ਫਿਲਮਾਂ ਆਪ-ਮੁਹਾਰ ਫੇਲ੍ਹ ਹੋ ਗਈਆਂ।

ਪਰ ਵਪਾਰਕ ਨਾਕਾਮਯਾਬੀ ਦੇ ਬਾਵਜੂਦ 'ਧਰਤੀ ਕੇ ਲਾਲ' ਕਲਾ ਦੇ ਪੱਖ ਤੋਂ ਨਾਕਾਮਯਾਬ ਫਿਲਮ ਨਹੀਂ ਸੀ। ਜਿਸ ਨੇ ਉਸ ਨੂੰ ਵੇਖਿਆ ਹੈ, ਉਹੀ ਤਾਰੀਫ ਕਰਦਾ ਹੈ। ਦੇਸ਼ ਤੋਂ ਕਿਤੇ ਵਧ ਬਿਦੇਸ਼ਾਂ ਵਿਚ ਉਸ ਦੀ ਕਦਰ ਹੋਈ। ਇੰਗਲੈਂਡ ਦੀ ਮਸ਼ਹੂਰ ਪੁਸਤਕ-ਮਾਲਾ, 'ਪੈਨਗਵਿਨ' ਨੇ ਆਪਣੇ ਇਕ ਅੰਕ ਵਿਚ ਉਹਨੂੰ ਫਿਲਮ ਇਤਿਹਾਸ ਦੀ ਇਕ ਅਹਿਮ ਫਿਲਮ ਮੰਨਿਆ। ਸਾਰੇ ਸੋਵੀਅਤ ਯੂਨੀਅਨ ਵਿਚ ਉਸ ਫਿਲਮ ਦੀ ਬਾਕਾਇਦਾ ਨੁਮਾਇਸ਼ ਹੋਈ, ਤੇ ਕਈ ਦੇਸ਼ਾਂ ਨੇ ਆਪਣੀਆਂ ਫਿਲਮ ਲਾਇਬਰੇਰੀਆਂ ਵਿਚ ਉਹਨੂੰ ਥਾਂ ਦਿਤੀ। ਨਿਰਸੰਦੇਹ 'ਧਰਤੀ ਕੇ ਲਾਲ' ਵਿਚ ਖਾਮੀਆਂ ਦੀ ਭਰਮਾਰ ਸੀ ਪਰ ਕਈ ਖੂਬੀਆਂ ਵੀ ਐਸੀਆਂ ਸਨ ਜੋ ਫਿਲਮਾਂ ਵਿਚ ਘੱਟ ਕਿਤੇ ਵੇਖਣ ਵਿਚ ਆਉਂਦੀਆਂ ਹਨ। ਜਿਸ ਵੱਡੇ ਪੈਮਾਨੇ ਉਤੇ ਕਿਸਾਨਾਂ ਮਜ਼ਦੂਰਾਂ ਨੇ ਉਸ ਵਿਚ ਨਿਰਸੁਆਰਥ ਹੋ ਕੇ ਹਿੱਸਾ ਪਾਇਆ ਸੀ, ਉਹਨੇ ਵੱਡੇ ਤੋਂ ਵੱਡੇ ਪ੍ਰੋਡਿਊਸਰ ਨੂੰ ਵੀ ਦੰਦਾਂ ਵਿਚ ਉਂਗਲੀਆਂ ਪਾਉਣ ਉਤੇ ਮਜਬੂਰ ਕਰ ਦਿੱਤਾ ਸੀ। ਫਿਲਮ ਦੇ ਹਰ ਦ੍ਰਿਸ਼ ਵਿਚੋਂ ਸਚਿਆਈ, ਦਿਆਨਤਦਾਰੀ ਤੇ ਮਨੁੱਖੀ ਭਾਵਨਾ ਉਘੜ ਰਹੀ ਸੀ। ਇਕ ਪ੍ਰੋਡਿਊਸਰ ਨੇ ਫਿਲਮ ਵੇਖ ਕੇ ਮੈਨੂੰ ਕਿਹਾ ਸੀ, "ਤੁਸਾਂ ਤਾਂ ਯਥਾਰਥਵਾਦ ਵਿਚ ਰੂਸੀਆਂ ਨੂੰ ਵੀ ਮਾਤ ਕਰ ਛੱਡਿਆ ਏ!"


ਬਿਮਲ ਰਾਏ ਨੇ 'ਦੋ ਬਿੱਘਾ ਜ਼ਮੀਨ' ਅਤੇ ਸਤਿਆਜੀਤ ਰਾਏ ਨੇ 'ਪਥੇਰ ਪਾਂਚਾਲੀ' ਵਿਚ ਓਹੀ ਰਾਹ ਫੜਿਆ ਜਿਸ ਦੇ ਕੰਡੇ 'ਧਰਤੀ ਕੇ ਲਾਲ' ਨੇ ਸਾਫ ਕੀਤੇ ਸਨ ਪਰ ਅਫਸੋਸ, ਅੱਬਾਸ ਨੇ ਆਪ ਉਹ ਰਾਹ ਛੱਡ ਦਿਤਾ। ਉਸ ਪਿਛੋਂ ਅੱਬਾਸ ਨੇ ਕਿਤਨੀਆਂ ਹੀ ਹੋਰ ਫਿਲਮਾਂ ਬਣਾਈਆਂ ਪਰ ਘਟ-ਵਧ ਹੀ ਕਿਸੇ ਵਿਚੋਂ 'ਧਰਤੀ ਕੇ ਲਾਲ' ਵਾਲੀ ਵਾਸ਼ਨਾ ਆਈ ਹੈ, ਤੇ ਨਾ ਹੀ ਉਸ ਪਹਿਲੀ ਫਿਲਮ ਜਿਤਨਾ ਜੱਸ ਅੱਬਾਸ ਨੇ ਫੇਰ ਕਿਸੇ ਫਿਲਮ ਵਿਚੋਂ ਖੱਟਿਆ ਹੈ। ਜਿਸ ਹੱਦ ਤਕ ਅਸੀਂ ਮਿਲ ਕੇ ਤੁਰੇ, 'ਧਰਤੀ ਕੇ ਲਾਲ' ਇਕ ਕਾਮਯਾਬ ਪ੍ਰਯੋਗ ਸੀ। ਜੇ ਸਾਡੇ ਅੰਦਰ ਧੀਰਜ ਹੁੰਦਾ, ਨਿਰਮਾਣਤਾ ਹੁੰਦੀ, ਇਕ-ਦੂਜੇ ਪ੍ਰਤੀ ਸਨਮਾਨ ਹੁੰਦਾ, ਸੱਚੀ ਸਹਿਯੋਗਤਾ ਦਾ ਗਿਆਨ ਹੁੰਦਾ ਤਾਂ ਅਸੀਂ 'ਧਰਤੀ ਕੇ ਲਾਲ' ਨੂੰ ਸ਼ਾਹਕਾਰ ਫਿਲਮ ਹੀ ਨਹੀਂ ਸਾਂ ਬਣਾ ਸਕਦੇ ਸਗੋਂ ਇਕ ਐਸੀ ਸੰਸਥਾ ਵੀ ਕਾਇਮ ਕਰ ਸਕਦੇ ਸਾਂ ਜੋ ਦੇਸ਼ ਕਲਿਆਣ ਲਈ ਫਿਲਮਾਂ ਬਣਾਉਂਦੀ ਚਲੀ ਜਾਂਦੀ ਪਰ ਇਹ ਸਾਡੇ ਨਸੀਬਾਂ ਵਿਚ ਨਹੀਂ ਸੀ ਲਿਖਿਆ।

**(ਚੱਲਦਾ)**



ਫਿਲਮਸਾਜ਼ ਬਿਮਲ ਰਾਏ

*ਬਿਮਲ ਰਾਏ ਨੇ 'ਦੋ ਬਿੱਘਾ ਜ਼ਮੀਨ' ਅਤੇ ਸਤਿਆਜੀਤ ਰਾਏ ਨੇ 'ਪਥੇਰ ਪਾਂਚਾਲੀ' ਵਿਚ ਓਹੀ ਰਾਹ ਫੜਿਆ ਜਿਸ ਦੇ ਕੰਡੇ 'ਧਰਤੀ ਕੇ ਲਾਲ' ਨੇ ਸਾਫ ਕੀਤੇ ਸਨ ਪਰ ਅਫਸੋਸ, ਅੱਬਾਸ ਨੇ ਆਪ ਉਹ ਰਾਹ ਛੱਡ ਦਿਤਾ। ਉਸ ਪਿਛੋਂ ਅੱਬਾਸ ਨੇ ਕਿਤਨੀਆਂ ਹੀ ਹੋਰ ਫਿਲਮਾਂ ਬਣਾਈਆਂ ਪਰ ਘਟ-ਵਧ ਹੀ ਕਿਸੇ ਵਿਚੋਂ 'ਧਰਤੀ ਕੇ ਲਾਲ' ਵਾਲੀ ਵਾਸ਼ਨਾ ਆਈ ਹੈ, ਤੇ ਨਾ ਹੀ ਉਸ ਪਹਿਲੀ ਫਿਲਮ ਜਿਤਨਾ ਜੱਸ ਅੱਬਾਸ ਨੇ ਫੇਰ ਕਿਸੇ ਫਿਲਮ ਵਿਚੋਂ ਖੱਟਿਆ ਹੈ।*



ਫਿਲਮਸਾਜ਼ ਸਤਿਆਜੀਤ ਰੇਅ

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 35 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3315 Mount Everest dr San Jose ca 95127
2. 16765 oak view Cir Morgan hill ca 95037
3. 4732 Zinnia ct Livermore CA 94551
4. 1977 Westport St Manteca, CA, 95337
5. 24552, Karina Ct Hayward,CA,94542
6. 36738 Matiz Cmn Fremont, CA, 94536
7. 1465 Veteran St Manteca, CA, 95337
8. 1441 Divine Ln Tracy, CA, 95376
9. 415 W Cupertino Ave Mountain House, CA, 95391
10. 36401 Bridgepointe Dr Newark, CA, 94560
11. 27490 Mangrove rd Hayward CA 94544
12. 5177 Roycroft Way Fremont, CA, 94538
13. 2447 Remy Cantos Dr Tracy, CA, 95376
14. 1663 Dedini Ln Ripon CA 95366

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095